ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 13 | 07 April 2022 to 13 April 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਚੰਡੀਗੜ੍ਹ ਕਾਰਨ ਹਰਿਆਣਾ-ਪੰਜਾਬ ਵਿਚਾਲੇ ਵਿਵਾਦ ਛਿੜਿਆ

**✪ ਚੰਡੀਗੜ੍ਹ 'ਤੇ ਮਾਨ ਸਰਕਾਰ ਦੇ ਮਤੇ ਕਾਰਨ ਗਰਮਾਈ ਸਿਆਸਤ ✪ ਮੁੱਖ ਮੰਤਰੀ ਦੇ ਮਤੇ 'ਤੇ 'ਆਪ', ਕਾਂਗਰਸ, ਅਕਾਲੀ ਦਲ ਤੇ ਬਸਪਾ ਨੇ ਦਿੱਤੀ ਹਮਾਇਤ**

**ਚੰਡੀਗੜ੍ਹ/ਏ.ਟੀ.ਨਿਊਜ਼:-** ਰਾਜਧਾਨੀ ਚੰਡੀਗੜ੍ਹ 'ਤੇ ਸਰਦਾਰੀ ਦੀ ਲੜਾਈ ਵਿਚ ਹਰਿਆਣਾ ਤੇ ਪੰਜਾਬ ਇਕ ਵਾਰ ਫਿਰ ਆਹਮੋ-ਸਾਹਮਣੇ ਹਨ। ਪੰਜਾਬ ਵਿਧਾਨ ਸਭਾ ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਨੂੰ ਪੰਜਾਬ ਨੂੰ ਸੌਂਪਣ ਦਾ ਮਤਾ ਪਾਸ ਹੋਣ ਤੋਂ ਬਾਅਦ ਮੁੜ ਸਿਆਸੀ ਖਲਬਲੀ ਮੱਚ ਗਈ ਹੈ।ਪੰਜਾਬ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਆਪ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਨੇ ਚੰਡੀਗੜ੍ਹ ਸਮੇਤ ਸੂਬੇ ਦੇ ਹੋਰਨਾਂ ਬੁਨਿਆਦੀ ਮਸਲਿਆਂ 'ਤੇ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਸਾਂਝੀ ਲੜਾਈ ਲੜਨ ਦਾ ਐਲਾਨ ਕੀਤਾ ਹੈ। ਵਿਧਾਨ ਸਭਾ ਦੇ ਇੱਕ ਰੋਜ਼ਾ ਵਿਸ਼ੇਸ਼ ਸੈਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਦੇ ਮੁਲਾਜ਼ਮਾਂ 'ਤੇ ਕੇਂਦਰੀ ਸੇਵਾ ਨਿਯਮ ਲਾਗੂ ਕਰਨ ਦੇ ਫ਼ੈਸਲੇ ਖ਼ਿਲਾਫ਼ ਲਿਆਂਦੇ ਮਤੇ 'ਤੇ ਭਾਜਪਾ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਧਿਰਾਂ ਨੇ ਸਰਬਸੰਮਤੀ ਦਿਖਾਈ। ਵਿਧਾਨ ਸਭਾ ਵਿੱਚ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦੀ ਗਾਰੰਟੀ ਦਿੰਦੇ ਹਨ ਕਿ ਉਹ ਪੰਜਾਬ ਦੇ ਹੱਕਾਂ ਤੋਂ ਪਾਸਾ ਨਹੀਂ ਵੱਟਣਗੇ । ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਦੇ ਜਮਹੂਰੀ ਢਾਂਚੇ ਨੂੰ ਬਚਾਉਣ ਲਈ ਸਾਂਝੀ ਲੜਾਈ ਦੀ ਲੋੜ ਹੈ। ਇਸ ਲਈ ਸਿਆਸੀ ਧਿਰਾਂ ਗਿਲੇ ਸ਼ਿਕਵੇ ਭੁਲਾ ਕੇ ਪੰਜਾਬ ਦੇ ਹਿੱਤਾਂ ਲਈ ਇੱਕ ਮੰਚ 'ਤੇ ਇਕੱਠੀਆਂ ਹੋਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ, ਦਿੱਲੀ, ਪੱਛਮੀ ਬੰਗਾਲ ਵਰਗੇ ਰਾਜਾਂ ਵਿਚ ਬਦਲਾਖੋਰੀ ਦੀ ਰਾਜਨੀਤੀ ਤਹਿਤ ਕੰਮ ਕਰਕੇ ਰਾਜ ਸਰਕਾਰਾਂ ਨੂੰ ਕਮਜ਼ੋਰ ਕਰ ਰਹੀ ਹੈ। ਮੁੱਖ ਮੰਤਰੀ ਨੇ ਕੇਂਦਰ 'ਤੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸੰਘੀ ਢਾਂਚੇ ਨਾਲ ਛੇੜਛਾੜ ਕਰਕੇ ਸੂਬਿਆਂ ਦੀਆਂ ਸ਼ਕਤੀਆਂ ਖੋਹ ਕੇ ਦੇਸ਼ ਨੂੰ ਕਮਜ਼ੋਰ ਕਰਨ ਦੇ ਦੋਸ਼ ਵੀ ਲਾਏ।

ਕਾਂਗਰਸ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੰਮੂ ਕਸ਼ਮੀਰ ਅਤੇ ਪੰਜਾਬ ਜਿਨ੍ਹਾਂ ਦੋ ਸੂਬਿਆਂ ਵਿੱਚ ਘੱਟ ਗਿਣਤੀ ਫਿਰਕਿਆਂ ਦਾ ਦਬਦਬਾ ਹੈ, ਉਨ੍ਹਾਂ ਸੂਬਿਆਂ ਨੂੰ ਮੋਦੀ ਸਰਕਾਰ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਪਹਿਲਾਂ ਬੀਬੀਐੱਮਬੀ ਵਿੱਚ ਪੰਜਾਬ ਦੀ ਨੁਮਾਇੰਦਗੀ ਦਾ ਭੋਗ ਪਾਇਆ ਤੇ ਹੁਣ ਚੰਡੀਗੜ੍ਹ ਵਿੱਚ ਕੇਂਦਰੀ ਨਿਯਮ ਲਾਗੂ ਕਰਕੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫ਼ੈਸਲਾ ਗੈਰ ਜਮਹੂਰੀ ਤੇ ਤਾਨਾਸ਼ਾਹੀ ਹੈ ਜਿਸ ਖ਼ਿਲਾਫ਼ ਸਾਰੀਆਂ ਧਿਰਾਂ ਨੂੰ ਖੜੇ ਹੋਣ ਦੀ ਜ਼ਰੂਰਤ ਹੈ। ਪਰਗਟ ਸਿੰਘ ਨੇ ਇਸ ਮਤੇ ਨੂੰ ਕਿਸੇ ਸਿੱਟੇ ਤੱਕ ਪਹੁੰਚਾਉਣ ਦੀ ਗੱਲ ਕਹੀ। ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੰਦੀਪ ਜਾਖੜ, 'ਆਪ' ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਅਮਨ ਅਰੋੜਾ, ਪ੍ਰੋ. ਬਲਜਿੰਦਰ ਕੌਰ, ਜੈ ਕਿਸ਼ਨ ਰੋੜੀ ਤੇ ਜੀਵਨਜੋਤ ਕੌਰ, ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਆਲੀ ਤੇ ਬਸਪਾ ਵਿਧਾਇਕ ਨਛੱਤਰ ਪਾਲ ਨੇ ਵਿਚਾਰ ਰੱਖੇ।



### ਪੰਜਾਬ ਸਰਕਾਰ ਵੱਲੋਂ ਪੇਸ਼ ਮਤਾ ਅਰਥਹੀਣ : ਖੱਟਰ

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਤੇ ਦਾਅਵੇਦਾਰੀ ਲਈ ਪੰਜਾਬ ਅਸੈਂਬਲੀ ਵਿੱਚ ਪੇਸ਼ ਮਤੇ ਨੂੰ ਅਰਥਹੀਣ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਤੇ ਹਰਿਆਣਾ ਦਾ ਹੱਕ ਹਮੇਸ਼ਾ ਰਹੇਗਾ। ਖੱਟਰ ਨੇ ਕਿਹਾ ਕਿ ਚੰਡੀਗੜ੍ਹ ਵਿੱਚ ਕੇਂਦਰੀ ਸੇਵਾ ਨੇਮ ਲਾਗੂ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਨਾਲ ਚੰਡੀਗੜ੍ਹ ਦੇ ਮੁਲਾਜ਼ਮਾਂ ਨੂੰ ਹੀ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਦਰਮਿਆਨ ਜਦੋਂ ਕਦੇ ਵੀ ਗੱਲ ਹੋਵੇਗੀ, ਉਦੋਂ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਿਰਮਾਣ ਅਤੇ ਦੋਵਾਂ ਰਾਜਾਂ ਦਰਮਿਆਨ ਵਿਵਾਦਿਤ ਖੇਤਰ ਸਣੇ ਸਾਰੇ ਵਿਸ਼ਿਆਂ 'ਤੇ ਚਰਚਾ ਹੋਵੇਗੀ।

### ਚੰਡੀਗੜ੍ਹ ਦੇ ਹੱਕ ਵਿਚ ਨਹੀਂ- ਜਾਖੜ

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਚੰਡੀਗੜ੍ਹ ਦੇ ਮੁੱਦੇ 'ਤੇ ਵੱਡਾ ਤੰਜ ਕਸਦਿਆਂ ਕਿਹਾ ਕਿ ਚੰਡੀਗੜ੍ਹ ਨੂੰ ਮਰਿਆ ਹੋਇਆ ਮੁੱਦਾ ਹੈ। ਪੰਜਾਬ ਤੇ ਹਰਿਆਣਾ ਦਰਮਿਆਨ ਕਿਸਾਨ ਅੰਦੋਲਨ ਵਿਚ ਬਣਿਆ ਭਾਈਚਾਰਾ ਇਸ ਮਰੇ ਹੋਏ ਮੁੱਦੇ ਦੀ ਭੇਂਟ ਚੜ੍ਹ ਜਾਵੇਗਾ।

### ਚੰਡੀਗੜ੍ਹ ਤਾਂ ਬਹਾਨਾ, ਪੰਜਾਬ ਦੇ ਪਾਣੀਆਂ 'ਤੇ ਨਿਸ਼ਾਨਾ : ਸਿੱਧੂ

ਚੰਡੀਗੜ੍ਹ ਦੇ ਮੁੱਦੇ ਨੂੰ ਲੈ ਕੇ ਕਾਂਗਰਸ ਦੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਦੇ 27 ਪਿੰਡ ਉਜਾੜ ਕੇ ਬਣਾਇਆ ਗਿਆ ਚੰਡੀਗੜ੍ਹ ਪੰਜਾਬ ਦਾ ਸੀ ਤੇ ਪੰਜਾਬ ਦਾ ਹੀ ਰਹੇਗਾ। ਚੰਡੀਗੜ੍ਹ ਤਾਂ ਬਹਾਨਾ ਹੈ, ਪੰਜਾਬ ਦੇ ਦਰਿਆਈ ਪਾਣੀਆਂ 'ਤੇ ਨਿਸ਼ਾਨਾ ਹੈ।

## ਕੀ ਹੈ ਮਾਮਲਾ ਚੰਡੀਗੜ੍ਹ ਦਾ ?

ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਮਹਿਜ਼ ਜਜ਼ਬਾਤੀ ਮੁੱਦਾ ਹੀ ਨਹੀਂ ਸਗੋਂ ਇਸ ਦਾ ਇਤਿਹਾਸਕ ਤੇ ਸਭਿਆਚਾਰਕ ਮਹੱਤਵ ਹੈ। ਭਾਰਤ ਵਿਚ 1956 ਵਿਚ ਭਾਸ਼ਾਵਾਂ ਦੇ ਆਧਾਰ 'ਤੇ ਸੂਬੇ ਬਣਾਏ ਗਏ ਪਰ ਪੰਜਾਬ ਨੂੰ ਛੱਡ ਦਿੱਤਾ ਗਿਆ। ਪੰਜਾਬੀ ਸੂਬਾ ਲਹਿਰ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਨੇ ਕੀਤੀ ਤੇ ਇਸੇ ਕਾਰਨ ਉਸ ਨੇ ਪੰਜਾਬੀਆਂ ਦੇ ਦਿਲ ਵੀ ਜਿੱਤੇ ਤੇ ਸੱਤਾ ਵੀ ਹਾਸਿਲ ਕੀਤੀ। ਪਹਿਲੀ ਨਵੰਬਰ 1966 ਨੂੰ ਹੁਣ ਵਾਲਾ ਪੰਜਾਬ ਤਾਂ ਹੋਂਦ ਵਿਚ ਆਇਆ ਪਰ ਚੰਡੀਗੜ੍ਹ ਬਾਰੇ ਕੋਈ ਫ਼ੈਸਲਾ ਨਾ ਹੋ ਸਕਿਆ। ਇਸ ਮੰਗ ਨੂੰ ਮਨਵਾਉਣ ਲਈ ਦਰਸ਼ਨ ਸਿੰਘ ਫੇਰੂਮਾਨ ਨੇ ਕੁਰਬਾਨੀ ਦਿੱਤੀ। 1985 ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਫਿਰ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਦਾ ਫ਼ੈਸਲਾ ਕੀਤਾ ਗਿਆ ਪਰ ਉਸ ਨੂੰ ਅਮਲੀ ਰੂਪ ਨਾ ਦਿੱਤਾ ਗਿਆ। ਪੰਜਾਬੀਆਂ ਦੇ ਮਨ ਵਿਚ ਪੱਕੀ ਛਾਪ ਹੈ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ, ਇਹ ਗੱਲ ਉਨ੍ਹਾਂ ਦੇ ਮਾਨਸਿਕ ਸੰਸਾਰ ਦਾ ਅਟੁੱਟ ਅੰਗ ਹੈ। ਪੰਜਾਬ ਲਈ ਵੱਡਾ ਦੁਖਾਂਤ ਇਹ ਹੈ ਕਿ ਉਸ ਸੂਬੇ ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਤੇ ਵੰਡ ਦੀਆਂ ਦੁੱਖ-ਦੁਸ਼ਵਾਰੀਆਂ ਦਾ ਬੋਝ ਢੋਇਆ, ਨੂੰ ਅਜੇ ਤੀਕ ਆਪਣੀ ਰਾਜਧਾਨੀ ਨਹੀਂ ਮਿਲੀ, ਉਹ ਰਾਜਧਾਨੀ ਜਿਸ ਨੂੰ ਉਸ ਸੂਬੇ ਦੀ ਭੋਇੰ 'ਤੇ ਬਣਾਇਆ ਗਿਆ ਹੈ।ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੇ ਮਤੇ ਦੀ ਹਮਾਇਤ ਤਾਂ ਕੀਤੀ ਹੈ ਪਰ ਪੰਜਾਬੀਆਂ ਨੂੰ ਚੰਡੀਗੜ੍ਹ ਦੇ ਸਬੰਧ ਵਿਚ ਇਨ੍ਹਾਂ ਪਾਰਟੀਆਂ ਪ੍ਰਤੀ ਵੱਡਾ ਰੋਸ ਹੈ। ਇਹ ਪਾਰਟੀਆਂ ਕੇਂਦਰ ਅਤੇ ਸੂਬੇ, ਦੋਹਾਂ ਵਿਚ ਸੱਤਾ ਵਿਚ ਰਹੀਆਂ ਹਨ ਪਰ ਇਨ੍ਹਾਂ ਨੇ ਇਸ ਮੁੱਦੇ ਨੂੰ ਬਿਲਕੁਲ ਭੁਲਾਈ ਰੱਖਿਆ ਹੈ। ਕਿਸੇ ਮੁੱਦੇ ਨੂੰ ਭੁਲਾਉਣ ਦੀ ਸਿਆਸਤ ਉਸ ਭੂਗੋਲਿਕ ਖ਼ਿੱਤੇ ਦੇ ਸਮਾਜ ਦੇ ਮਨ ਵਿਚ ਨਾਸੂਰ ਪੈਦਾ ਕਰ ਸਕਦੀ ਹੈ। ਇਸ ਮਸਲੇ ਨੂੰ ਸੁਲਝਾਇਆ ਜਾਣਾ ਚਾਹੀਦਾ ਹੈ। ਹਰਿਆਣਾ ਨਵਾਂ ਪ੍ਰਾਂਤ ਹੈ ਅਤੇ ਉਸ ਨੂੰ ਆਪਣੀ ਰਾਜਧਾਨੀ ਬਣਾਉਣੀ ਚਾਹੀਦੀ ਹੈ। ਚੰਡੀਗੜ੍ਹ ਪੰਜਾਬੀਆਂ ਦੇ ਮਨ ਵਿਚ ਵੰਡ ਤੋਂ ਬਾਅਦ ਵਾਲੇ ਨਵੇਂ ਪੰਜਾਬ ਦੀ ਸਿਰਜਣਾ ਦਾ ਪ੍ਰਤੀਕ ਹੈ।ਸਿਆਸੀ ਮਾਹਿਰਾਂ ਅਨੁਸਾਰ ਚੰਡੀਗੜ੍ਹ ਦਾ ਮਸਲਾ ਇੰਨਾ ਜਟਿਲ ਹੋ ਗਿਆ ਹੈ ਕਿ ਇਸ ਨੂੰ ਕਾਹਲੀ ਵਿਚ ਸੁਲਝਾਇਆ ਨਹੀਂ ਜਾ ਸਕਦਾ। ਇਹ ਸਹੀ ਹੈ ਪਰ ਅਜਿਹੀ ਦਲੀਲ ਨਾਲ ਮਸਲੇ ਨੂੰ ਸੁਲਝਾਉਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜ਼ਰੂਰਤ ਮਜ਼ਬੂਤ ਸਿਆਸੀ ਇੱਛਾ-ਸ਼ਕਤੀ ਦੀ ਹੈ। ਕੇਂਦਰ ਸਰਕਾਰ ਨੇ ਕਈ ਦਹਾਕਿਆਂ ਤੋਂ ਪੰਜਾਬ ਨਾਲ ਨਿਆਂ ਨਹੀਂ ਕੀਤਾ। ਲਗਾਤਾਰ ਹੁੰਦਾ ਅਨਿਆਂ ਡੂੰਘੀਆਂ ਸਿਆਸੀ ਤੇ ਸਮਾਜਿਕ ਉਲਝਣਾਂ ਪੈਦਾ ਕਰ ਸਕਦਾ ਹੈ।

---

# ਸਰਕਾਰੀ ਬੰਗਲਿਆਂ ਵਿਚੋਂ ਪੱਖੇ-ਫਰਿਜਾਂ ਗਾਇਬ

**✪ 'ਆਪ' ਦੇ ਮੰਤਰੀ ਬੋਲੇ ਅਸੀਂ ਨੇਤਾ ਹਾਂ ਜਾਂ ਕੋਈ ਚੋਰ-ਡਾਕੂ ✪ ਸਾਬਕਾ ਵਿੱਤ ਮੰਤਰੀ, ਕਾਂਗਰਸ ਦੇ ਸਾਬਕਾ ਮੰਤਰੀ ਗੁਰਪ੍ਰੀਤ ਕਾਂਗੜ ਉਪਰ ਲੱਗੇ ਦੋਸ਼ ✪ ਸਾਬਕਾ ਮੰਤਰੀਆਂ ਦੀਆਂ ਸਰਕਾਰੀ ਕੋਠੀਆਂ ਵਿਚੋਂ ਗਾਇਬ ਹੋਏ ਸਾਮਾਨ ਦੀ ਜਾਂਚ ਕਰਾਵਾਂਗੇ : ਧਾਲੀਵਾਲ**

**ਚੰਡੀਗੜ੍ਹ/ਏ.ਟੀ.ਨਿਊਜ਼:-** ਪੰਜਾਬ ਵਿੱਚ ਸ਼ਰਮਨਾਕ ਹਾਰ ਮਗਰੋਂ ਕਾਂਗਰਸ ਦੇ ਸਾਬਕਾ ਮੰਤਰੀਆਂ ਨੂੰ ਸਰਕਾਰੀ ਕੋਠੀਆਂ ਖਾਲੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਸੀ। ਮੰਤਰੀਆਂ ਨੇ ਕੋਠੀਆਂ ਤਾਂ ਖਾਲੀ ਕਰ ਦਿੱਤੀਆਂ ਪਰ ਇਸ ਦੌਰਾਨ ਕੁਝ ਸਰਕਾਰੀ ਬੰਗਲਿਆਂ ਵਿੱਚੋਂ ਫਰਿੱਜ, ਡਾਈਨਿੰਗ ਟੇਬਲ, ਹੀਟਰ ਤੇ ਐਲਈਡੀ, ਕੁਰਸੀਆਂ, ਸੋਫੇ, ਪੱਖੇ ਆਦਿ ਗਾਇਬ ਮਿਲੇ। ਇਸ ਮਗਰੋਂ ਪੰਜਾਬ ਦੇ ਲੋਕ ਨਿਰਮਾਣ ਵਿਭਾਗ ਨੇ 24 ਮਾਰਚ ਨੂੰ ਆਪਣੀ ਇੱਕ ਰਿਪੋਰਟ ਦੇ ਆਧਾਰ 'ਤੇ ਵਿਧਾਨ ਸਭਾ ਸਕੱਤਰ ਨੂੰ ਪੱਤਰ ਲਿਖ ਕੇ ਇਸ ਦੀ ਸ਼ਿਕਾਇਤ ਕੀਤੀ ਹੈ, ਜਿਸ ਵਿੱਚ ਸਰਕਾਰੀ ਕਮਰਿਆਂ ਵਿੱਚ ਫਰਨੀਚਰ ਤੋਂ ਇਲਾਵਾ ਬਿਜਲੀ ਦੀਆਂ ਵਸਤੂਆਂ ਨਾ ਹੋਣ ਦੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਹਨ।

ਚੰਡੀਗੜ੍ਹ ਦੇ ਸੈਕਟਰ 2 ਸਥਿਤ ਸਰਕਾਰੀ ਕੋਠੀ ਨੰਬਰ 47 ਕਾਂਗਰਸ ਸਰਕਾਰ ਦੇ ਵਿੱਤ ਮੰਤਰੀ ਰਹੇ ਮਨਪ੍ਰੀਤ ਬਾਦਲ ਨੂੰ ਅਲਾਟ ਹੋਈ ਸੀ। ਇੱਥੋਂ ਇੱਕ ਡਾਈਨਿੰਗ ਟੇਬਲ, 10 ਡਾਇਨਿੰਗ ਚੇਅਰ ਤੇ ਇੱਕ-ਇੱਕ ਸਰਵਿਸ ਟਰਾਲੀ ਤੇ ਸੋਫ਼ਾ ਨਹੀਂ ਮਿਲਿਆ।

ਕਾਂਗਰਸ ਦੇ ਸਾਬਕਾ ਮੰਤਰੀ ਗੁਰਪ੍ਰੀਤ ਕਾਂਗੜ ਦੇ



ਘਰੋਂ 2 ਫਰਿੱਜ, ਇੱਕ ਐਲਈਡੀ, ਰੂਮ ਹੀਟਰ, ਹੀਟ ਕਨਵੇਕਟਰ, ਫਰਾਟਾ ਪੱਖਾ ਸਣੇ ਕੁਲ 4.75 ਲੱਖ ਦਾ ਸਾਮਾਨ ਗਾਇਬ ਮਿਲਿਆ ਹੈ। ਵਿਭਾਗ ਨੇ ਵਿਧਾਨ ਸਭਾ ਦੇ ਸਕੱਤਰ ਤੋਂ ਮੰਗ ਕੀਤੀ ਕਿ ਉਹ ਇਹ ਸਾਮਾਨ ਵਾਪਸ ਦਿਵਾਉਣ ਲਈ ਮੰਤਰੀ ਨੂੰ ਕਹਿਣ ਤਾਂ ਕਿ ਉਨ੍ਹਾਂ ਨੂੰ ਨੋ ਡਿਊ ਸਰਟੀਫਿਕੇਟ ਦਿੱਤਾ ਜਾ ਸਕੇ। ਇਸ ਮਾਮਲੇ ਵਿੱਚ ਸਾਬਕਾ ਮੰਤਰੀ ਗੁਰਪੀਤ ਕਾਂਗੜ ਨੇ ਕਿਹਾ ਹੈ ਕਿ ਅਜੇ ਸਾਮਾਨ ਸਰਕਾਰੀ ਰਿਹਾਇਸ਼ ਵਿਚ ਹੀ ਪਿਆ ਹੈ, ਉਨ੍ਹਾਂ ਨੇ ਖਾਲੀ ਨਹੀਂ ਕੀਤੀ ਹੈ।

# ਦਿੱਲੀ ਵਿੱਚ ਪ੍ਰਸ਼ਾਸਨ ਦੀ ਇਜਾਜ਼ਤ ਤੋਂ ਬਗੈਰ ਹੋਈ ਹਿੰਦੂ ਮਹਾਂਪੰਚਾਇਤ

**✪ ਲਾਲ ਕਿਲੇ 'ਤੇ ਭਗਵਾਂ ਝੰਡਾ ਲਹਿਰਾਉਣ ਦੀ ਗੱਲ ਕੀਤੀ ✪ ਮਹੰਤ ਯਤੀ ਨਰਸਿੰਘਾਨੰਦ ਵਲੋਂ ਹਿੰਦੂਆਂ ਨੂੰ ਮੁਸਲਮਾਨਾਂ ਖ਼ਿਲਾਫ ਹਥਿਆਰ ਚੁੱਕਣ ਦੀ ਅਪੀਲ**

**ਦਿੱਲੀ/ਏ.ਟੀ.ਨਿਊਜ਼ :-** ਦਿੱਲੀ ਦੇ ਬੁਰਾੜੀ ਵਿੱਚ ਬੀਤੇ ਐਤਵਾਰ ਨੂੰ ਮਹੰਤ ਯਤੀ ਨਰਸਿੰਘਾਨੰਦ ਮੰਚ ਤੋਂ ਖੁੱਲੇਆਮ ਹਿੰਦੂਆਂ ਨੂੰ ਜ਼ਿਆਦਾ ਬੱਚੇ ਪੈਦਾ ਕਰਨ ਅਤੇ ਹਥਿਆਰ ਚੁੱਕਣ ਦੀ ਅਪੀਲ ਕੀਤੀ।ਹਾਲਾਂਕਿ ਉੱਥੇ ਵੱਡੀ ਗਿਣਤੀ ਵਿੱਚ ਦਿੱਲੀ ਪੁਲਿਸ ਮੌਜੂਦ ਸੀ ਅਤੇ ਹਿੰਦੂ ਮਹਾਂਪੰਚਾਇਤ ਦੇ ਪ੍ਰੋਗਰਾਮ ਦੇ ਪ੍ਰਬੰਧਨ ਨੂੰ ਆਗਿਆ ਵੀ ਨਹੀਂ ਮਿਲੀ ਸੀ।

ਪੰਡਾਲ ਵਿੱਚ ਕਈ ਸੂਬਿਆਂ ਤੋਂ ਵੱਖ-ਵੱਖ ਹਿੰਦੂ ਸੰਗਠਨਾਂ ਨਾਲ ਜੁੜੇ ਵਰਕਰ ਪਹੁੰਚੇ ਸਨ। ਵਰਕਰਾਂ ਦੀ ਗਿਣਤੀ ਕਰੀਬ 500 ਸੀ। ਮੰਚ 'ਤੇ ਹਿੰਦੂ ਸੰਗਠਨਾਂ ਦੇ ਉਹ ਜਾਣੇ-ਪਛਾਣੇ ਚਿਹਰੇ ਸਨ ਜੋ ਪਿਛਲੇ ਕੁਝ ਮਹੀਨਿਆਂ ਤੋਂ ਸੁਰਖ਼ੀਆਂ ਵਿੱਚ ਹਨ। ਇਨ੍ਹਾਂ ਵਿੱਚ ਮਹੰਤ ਯਤੀ ਨਰਸਿੰਘਾਨੰਦ ਯਤੀ ਨਰਸਿੰਘਾਨੰਦ ਉਹੀ ਹਨ, ਜਿਨ੍ਹਾਂ ਨੂੰ ਜਨਵਰੀ ਨੂੰ 2022 ਵਿੱਚ ਮੁਸਲਮਾਨਾਂ ਦੇ ਖ਼ਿਲਾਫ਼ ਭੜਕਾਊ ਭਾਸ਼ਣ ਦੇਣ ਦੇ ਇਲਜ਼ਾਮ ਵਿੱਚ ਹਰਿਦੁਆਰ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।ਇਨ੍ਹਾਂ ਦੇ ਨਾਲ ਮੰਚ 'ਤੇ ਹਿੰਦੂ ਰੱਖਿਆ ਦਲ ਦੇ ਪ੍ਰਧਾਨ ਪਿੰਕੀ ਭਈਆ ਉਰਫ਼ ਭੂਪਿੰਦਰ ਤੋਮਰ ਵੀ ਮੌਜੂਦ ਸਨ। ਪਿੰਕੀ ਭਈਆ ਵੀ ਅਗਸਤ 2021 ਵਿੱਚ ਜੰਤਰ-ਮੰਤਰ 'ਤੇ ਭੜਕਾਊ ਭਾਸ਼ਣ ਦੇਣ ਦੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਹੋ ਚੁੱਕੇ ਹਨ।ਇਸ ਤੋਂ




ਇਲਾਵਾ ਸੁਦਰਸ਼ਨ ਨਿਊਜ਼ ਚੈਨਲ ਦੇ ਸੰਪਾਦਕ ਸੁਰੇਸ਼ ਚਵਹਾਨਕੇ, ਸੇਵ ਇੰਡੀਆ ਫਾਊਂਡੇਸ਼ਨ ਦੇ ਸੰਸਥਾਪਕ ਪ੍ਰੀਤ ਸਿੰਘ ਅਤੇ ਦੂਜੇ ਕਈ ਚਿਹਰੇ ਮੌਜੂਦ ਸਨ।ਹਿੰਦੂ ਮਹਾਪੰਚਾਇਤ ਦਾ ਪ੍ਰਬੰਧ ਸੇਵ ਇੰਡੀਆ ਫਾਊਂਡੇਸ਼ਨ ਨੇ ਕੀਤਾ ਸੀ। ਮਹਾਂਪੰਚਾਇਤ ਦੇ ਮੰਚ ਤੋਂ ਨੇਤਾਵਾਂ ਨੇ ਪੰਜ ਮੰਗਾਂ ਚੁੱਕੀਆਂ, ਮੰਚ ਦੇ ਪਿੱਛੇ ਲੱਗੇ ਵੱਡੇ ਪੋਸਟਰ ਵਿੱਚ ਇਹ ਪੰਜ ਮੰਗਾਂ ਲਿਖੀਆਂ ਹੋਈਆਂ ਸਨ,

# ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਗੁਰੂਘਰਾਂ ਨਾਲ ਸਬੰਧਤ ਮੁੱਦਿਆਂ ਅਤੇ ਪ੍ਰਚਾਰ ਲਈ ਹੋਈਆਂ ਵਿਚਾਰਾਂ

**ਫਰਿਜ਼ਨੋ, ਕੈਲੀਫੋਰਨੀਆਂ/ਕੁਲਵੰਤ ਧਾਲੀਆਂ/ ਨੀਟਾ ਮਾਛੀਕੇ**):- ਸੈਂਟਰਲ ਕੈਲੀਫੋਰਨੀਆ ਸਿੱਖ ਕੌਂਸਲ ਦੇ ਪ੍ਰਮੁੱਖ ਮੈਂਬਰਾਂ ਦੀ ਮਹੀਨੇਵਾਰ ਵਿਸ਼ੇਸ਼ ਮੀਟਿੰਗ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਸ. ਸੁਖਦੇਵ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੌਰਾਨ ਜਿੱਥੇ ਬੀਤੇ ਮਹੀਨੇ ਦੇ ਪ੍ਰੋਗਰਾਮ ਅਤੇ ਗਤੀਵਿਧੀਆਂ ਦਾ ਲੇਖਾ-ਜੋਖਾ ਕੀਤਾ ਗਿਆ ਉੱਥੇ ਸਿੱਖ ਸੰਗਤ ਨਾਲ ਜੁੜੇ ਮੁੱਦਿਆਂ ਅਤੇ ਗੁਰੂਘਰਾਂ ਵਿੱਚ ਆਉਣ ਵਾਲੇ ਮੁੱਖ ਪ੍ਰੋਗਰਾਮਾਂ ਬਾਰੇ ਵਿਚਾਰਾ ਹੋਈਆਂ। ਇਸੇ ਦੌਰਾਨ ਸਿੱਖ ਕੌਂਸ਼ਲ ਆਫ ਸੈਂਟਰਲ ਕੈਲੀਫੋਰਨੀਆਂ ਦੇ ਸਮੂਹ ਮੈਂਬਰਾਂ ਨੇ ਇਕ ਵਿਸ਼ੇਸ਼ ਮਤੇ ਰਾਹੀ 'ਫਰਿਜ਼ਨੋ ਦੇ ਸਿਟੀ ਕਾਲਜ' ਵਿੱਚ ਹੋਣ ਵਾਲੇ 'ਏਸ਼ੀਅਨ ਡੇ' ਸਮੇਂ ਕੌਂਸਲ ਵੱਲੋਂ ਸਿੱਖੀ ਦੀ ਪਹਿਚਾਣ ਲਈ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸੇ ਦੌਰਾਨ ਪੰਜਾਬੀਅਤ ਨਾਲ ਸੰਬੰਧਤ ਗਤੀਵਿਧੀਆਂ ਦਾ ਪ੍ਰਦਰਸ਼ਨ ਵੀ ਹੋਵੇਗਾ। ਇਸ ਤੋਂ ਇਲਾਵਾ ਸੈਲਮਾ ਗੁਰੂਘਰ ਵਿਖੇ 24 ਅਪ੍ਰੈਲ ਨੂੰ ਵਿਸਾਖੀ ਨਗਰ ਕੀਰਤਨ ਅਤੇ 1 ਮਈ ਨੂੰ ਬੱਚਿਆਂ ਦੇ ਵਿਸਾਖੀ ਮੇਲੇ ਦੌਰਾਨ ਸਿੱਖ ਕੌਂਸਲ ਆਫ ਕੈਲੀਫੋਰਨੀਆ ਹਮੇਸ਼ਾ ਵਾਂਗ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹੋਏ ਆਪਣਾ ਵਡਮੁੱਲਾ ਯੋਗਦਾਨ ਪਾਵੇਗੀ। ਯਾਦ



*ਸਿੱਖ ਕੌਂਸਲ ਦੇ ਹਾਜ਼ਰ ਮੈਂਬਰ ਯਾਦਗਾਰੀ ਫੋਟੋ ਸਮੇਂ।*

ਰਹੇ ਕਿ ਸਿੱਖ ਕੌਂਸਲ ਆਫ ਕੈਲੀਫੋਰਨੀਆ ਸੈਂਟਰਲ ਕੈਲੀਫੋਰਨੀਆ ਦੇ ਗੁਰੂਘਰਾਂ ਦੀ ਇਕ ਸਾਂਝੀ ਕਮੇਟੀ ਹੈ। ਜਿਸ ਵਿੱਚ ਹਰ ਗੁਰੂਘਰ ਵੱਲੋਂ ਆਪਣੇ ਮੈਂਬਰ ਸ਼ਾਮਲ ਕੀਤੇ ਜਾਂਦੇ ਹਨ। ਇਹ ਕਮੇਟੀ ਇਲਾਕੇ ਦੇ ਗੁਰੂਘਰਾਂ ਤੋਂ ਇਲਾਵਾ ਸਿੱਖੀ ਦੇ ਸਹੀ ਪ੍ਰਚਾਰ ਅਤੇ ਦੁਨੀਆ ਭਰ ਵਿੱਚ ਸਮੁੱਚੇ ਵੱਖ-ਵੱਖ ਭਾਇਚਾਰਿਆਂ ਲਈ ਸੰਕਟ ਸਮੇਂ ਮਦਦ ਲਈ ਉਪਰਾਲੇ ਕਰਦੀ ਰਹਿੰਦੀ ਹੈ।




# ਸਿੱਖ ਚੈਂਬਰ ਆਫ ਕਾਮਰਸ ਗਲੋਬਲ ਨੇ 8ਵੇਂ ਸਾਲਾਨਾ ਸਮਾਗਮ 'ਚ ਕਮਿਊਨਿਟੀ ਇਨਫਲੂਐਂਸਰਸ ਦਾ ਸਨਮਾਨ ਕੀਤਾ

## ਸਿੱਖ ਭਾਈਚਾਰੇ ਨਾਲ ਸਬੰਧਿਤ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਨੇ ਆਪਸੀ ਵਿਚਾਰਾਂ ਦੀ ਪਾਈ ਸਾਂਝ

**ਨਿਊਜਰਸੀ/ਏ.ਟੀ.ਨਿਊਜ਼ :-** ਸਿੱਖ ਚੈਂਬਰ ਆਫ ਕਾਮਰਸ ਗਲੋਬਲ (SCC) ਨੇ ਆਪਣੇ 8ਵੇਂ ਸਾਲਾਨਾ ਗਾਲਾ ਦੀ ਮੇਜ਼ਬਾਨੀ ਕੀਤੀ। ਜਿਸ ਵਿਚ ਦੇਸ਼-ਵਿਦੇਸ਼ ਵਿੱਚ ਰਹਿੰਦੇ ਸਿੱਖ ਭਾਈਚਾਰੇ ਦੇ ਉਨਾਂ ਅੱਠ ਲੀਡਰਾਂ ਨੂੰ ਸਨਮਾਨਿਤ ਕੀਤਾ ਗਿਆ ਜਿਨਾਂ ਦੇ ਸਕਾਰਾਤਮਕ ਪ੍ਰਭਾਵਾਂ ਨਾਲ ਸਿੱਖ ਕੌਮ ਦੇ ਮਾਣ ਵਿਚ ਵਾਧਾ ਹੋਇਆ ਹੈ। ਇਨਾਂ ਸ਼ਖਸੀਅਤਾਂ ਵਿੱਚ ਇੱਕ ਸਾਬਕਾ ਨਿਊ ਜਰਸੀ ਅਟਾਰਨੀ ਜਨਰਲ, ਇੱਕ ਯੂਐਸ ਆਰਮੀ ਲੈਫਟੀਨੈਂਟ ਕਰਨਲ ਕਾਂਸੀ ਸਟਾਰ ਪ੍ਰਾਪਤਕਰਤਾ, ਅਤੇ ਇੱਕ ਨਿਊ ਜਰਸੀ ਦੇ ਕਾਰਡੀਓਲੋਜਿਸਟ ਸ਼ਾਮਲ ਸਨ। ਜਿਨਾਂ ਨੇ ਬਲੈਕ ਲਾਈਵਜ਼ ਮੈਟਰ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਅਤੇ ਯੂਕਰੇਨੀ ਸ਼ਰਨਾਰਥੀਆਂ ਨੂੰ ਪੋਲੈਂਡ ਦੀ ਸਰਹੱਦ 'ਤੇ ਡਾਕਟਰੀ ਸੇਵਾਵਾਂ ਪ੍ਰਦਾਨ ਕੀਤੀਆਂ ਸਨ।

RiseTogether ਦੇ ਇਸ ਥੀਮ ਵਾਲੇ ਸਮਾਗਮ ਵਿੱਚ 400 ਤੋਂ ਵੱਧ ਲੋਕਾਂ ਨੇ







*SCC 8ਵੀਂ ਸਾਲਾਨਾ ਗਾਲਾ ਵਿੱਚ ਬੋਰਡ ਦੇ ਮੈਂਬਰ, ਸਪੀਕਰ ਅਤੇ ਹੋਰ ਵਿਸ਼ੇਸ਼ ਮਹਿਮਾਨ*

ਲੰਘੇ ਸ਼ੁੱਕਰਵਾਰ, 1 ਅਪ੍ਰੈਲ ਨੂੰ ਪਿਸਕੈਟਵੇ, ਨਿਊਜਰਸੀ ਦੇ ਦੀਵਾਨ ਵਿਚ ਹਾਜ਼ਰੀ ਭਰੀ। ਇਸ ਵਿੱਚ '40 ਸਾਲ ਤੋਂ ਘੱਟ ਉਮਰ ਦੇ' ਨੌਜਵਾਨ ਲੀਡਰਾਂ ਦਾ ਇੱਕ ਪੈਨਲ ਵੀ ਸ਼ਾਮਲ ਸੀ, ਜਿਨਾਂ ਨੇ ਆਪਣੀਆਂ ਨਿੱਜੀ ਅਤੇ ਪੇਸ਼ੇਵਰ ਯਾਤਰਾਵਾਂ ਬਾਰੇ ਗੱਲਬਾਤ ਕੀਤੀ। ਇਸ ਦੇ ਨਾਲ ਹੀ ਮੁੱਖ ਵਕਤਾ ਡਾ. ਮਨਦੀਪ ਰਾਏ, ਜੋ ਅੰਤਰਰਾਸਟਰੀ ਪੱਧਰ ਉੱਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਲੇਖਕ ਅਤੇ ਸਾਬਕਾ ਪ੍ਰਸਾਰਣ ਪੱਤਰਕਾਰ ਹਨ ਜਿਨਾਂ ਨੇ 150 ਤੋਂ ਵੱਧ ਦੇਸ਼ਾਂ ਦੀ ਆਪਣੀ ਯਾਤਰਾ ਤੋਂ ਪ੍ਰਾਪਤ ਖੋਜਾਂ ਨੂੰ ਹਾਜ਼ਰੀਨ ਮੈਂਬਰਾਂ ਨਾਲ ਸਾਂਝਾ ਕੀਤਾ ਅਤੇ ਇਸ ਦੇ ਨਾਲ ਹੀ ਉਨਾਂ ਨੇ ਆਪਣੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ, 'ਦ ਵੈਲਯੂਜ ਕੰਪਾਸ: ਵਟ 101 ਕੰਟਰੀਜ ਟੀਚ ਅਬਾਉਟ ਪਰਪਜ ਲਾਈਫ ਐਂਡ ਲੀਡਰਸ਼ਿਪ' ਵਿੱਚ ਦਰਜ ਕੀਤਾ ਹੈ। ਸਨਮਾਨਿਤ ਕੀਤੇ ਗਏ ਅੱਠ ਕਮਿਊਨਿਟੀ ਲੀਡਰ ਸਨ: ਗੁਰਬੀਰ ਗਰੇਵਾਲ-ਡਾਇਰੈਕਟਰ, ਯੂਐਸ ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਵਿਖੇ ਇਨਫੋਰਸਮੈਂਟ ਡਿਵੀਜ਼ਨ, ਅਤੇ ਨਿਊਜਰਸੀ ਦੇ 61ਵੇਂ ਅਟਾਰਨੀ ਜਨਰਲ ਡਾ. ਸਵੈਮਾਣ ਸਿੰਘ- ਨਿਊਜਰਸੀ ਦੇ ਜੈਕਸਨ ਵਿੱਚ 5 ਰਿਵਰਜ਼ ਹਾਰਟ ਐਸੋਸੀਏਸ਼ਨ ਦੇ ਸੰਸਥਾਪਕ ਅਤੇ ਪ੍ਰਧਾਨ, ਮੈਡੀਕਲ ਡਾਕਟਰ, ਖੋਜ ਵਿਗਿਆਨੀ ਅਤੇ ਮਨੁੱਖਤਾਵਾਦੀ ਰਵੀ ਅਰੋੜਾ-ਐਸਵੀਪੀ (ਮਾਸਟਰਕਾਰਡ), ਗਲੋਬਲ ਪਬਲਿਕ ਪਾਲਿਸੀ ਅਤੇ ਇੰਡੋ-ਪੈਸੀਫਿਕ ਪਾਲਿਸੀ ਆਪਰੇਸ਼ਨਸ ਸਪ੍ਰੀਤ ਕੌਰ-ਨਿਊ ਵੈਂਚਰਜ਼ ਅਫਸਰ ਤੇ ਅਮਰੀਕਾ ਦੇ ਸਕਾਊਟਸ ਗਰਲ ਵਿਚ ਮੁੱਖ ਰਣਨੀਤਕ ਭਾਈਵਾਲੀ ਡਾ. ਕਮਲ ਸਿੰਘ ਕਲਸੀ-ਐਲਟੀਸੀ, ਯੂਐਸਆਰ-ਐਮਰਜੈਂਸੀ ਮੈਡੀਸਨ ਫਿਜ਼ੀਸ਼ੀਅਨ ਅਤੇ ਕਾਂਸੀ ਸਟਾਰ ਮੈਡਲ ਪ੍ਰਾਪਤਕਰਤਾ ਜਸਵੀਰ ਗਿੱਲ-ਸੀਈਓ, ਅਲਰਟ ਐਂਟਰਪ੍ਰਾਈਜ਼, ਜੈਦੀਪ ਬਜਾਜ-ਜ਼ੈਡ ਐਸ ਐਸੋਸੀਏਟਸ ਦੇ ਚੇਅਰਮੈਨ ਜਸਵਿੰਦਰ ਚੱਢਾ- ਉਦਯੋਗਪਤੀ ਅਤੇ ਡੇਟਾ ਸਾਇੰਟਿਸਟ।

ਇਨਾਂ ਤੋਂ ਇਲਾਵਾ ਹੋਰ ਹਾਜ਼ਰੀਨ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਆਪਸੀ ਮੇਲ ਮਿਲਾਪ ਨਾਲ ਕਾਰੋਬਾਰੀਆਂ ਨਵੇਂ ਮੌਕਿਆਂ ਦੀ ਪਛਾਣ ਕਰਵਾਈ ਗਈ ਅਤੇ ਸਲਾਹਕਾਰ ਨੇ ਇਕ ਦੂਸਰੇ ਨਾਲ ਜੁੜ ਕੇ ਆਪਸੀ ਆਪਸੀ ਵਿਚਾਰਾਂ ਦੀ ਸਾਂਝ ਪਾਈ ਗਈ। ਗਾਲਾ ਦੇ ਇਸ ਸਮਾਗਮ ਵਿੱਚ ਹਾਜ਼ਰ ਲੋਕਾਂ ਜਿਸ ਵਿੱਚ ਹਾਈ ਸਕੂਲ ਅਤੇ ਕਾਲਜ ਦੇ ਵਿਦਿਆਰਥੀ ਵੀ ਸ਼ਾਮਲ ਸਨ। ਇਨਾਂ ਸਭਨਾਂ ਦਾ ਮੁੱਖ ਉਦੇਸ਼ ਸੀ ਸਿੱਖ ਕੌਮ ਦੇ ਉੱਤਮ ਲੀਡਰਾਂ ਦੇ ਵਿਚਾਰ ਸੁਣ ਕੇ ਅਤੇ ਉਨਾਂ ਤੋਂ ਸਲਾਹ ਲੈ ਕੇ ਜੀਵਨ ਅਤੇ ਅਗਵਾਈ ਬਾਰੇ ਸਿੱਖਣਾ ਅਤੇ ਕਿਵੇਂ ਸਿੱਖ ਕੌਮ ਦੀ ਨੁਮਾਇੰਦਗੀ ਕਰਨੀ ਹੈ। ਸੰਨੀ ਕੈਲਾ, ਜਿਸ ਨੇ 2021 ਵਿੱਚ ਸਿੱਖ ਅਮੈਰੀਕਨ ਚੈਂਬਰ ਆਫ ਕਾਮਰਸ (SACC) ਦੀ ਸ਼ੁਰੂਆਤ ਕੀਤੀ, ਨੇ ਕਿਹਾ, 'ਇਹ ਹਾਜ਼ਰੀਨ ਲਈ ਕਾਰੋਬਾਰੀ ਅਤੇ ਭਾਈਚਾਰੇ ਦੇ ਪ੍ਰਭਾਵਕਾਂ ਨੂੰ ਵਿਅਕਤੀਗਤ ਤੌਰ 'ਤੇ ਮਿਲਣ ਅਤੇ ਉਨਾਂ ਦੇ ਸ਼ਾਨਦਾਰ ਤਜ਼ਰਬਿਆਂ ਤੋਂ ਸਿੱਖਣ ਦਾ ਇੱਕ ਸ਼ਾਨਦਾਰ ਮੌਕਾ ਸੀ।' 1993 ਵਿੱਚ, ਭਾਰਤ ਵਿੱਚ ਮੇਰੀ ਸਫ਼ਲਤਾ ਵਿੱਚ ਮਦਦ ਕਰਨ ਲਈ ਕੋਈ ਸਹਿਯੋਗੀ ਸਮੂਹ ਨਹੀਂ ਸੀ। ਇਸ ਲਈ ਮੈਂ ਇੱਕ ਗਲੋਬਲ ਸਿੱਖ ਕਾਮਰਸ ਸੰਸਥਾ ਬਣਾਉਣ ਲਈ ਬਹੁਤ ਭਾਵੁਕ ਰਿਹਾ ਹਾਂ ਕਿਉਂਕਿ ਸੰਸਥਾਵਾਂ ਇੱਕ ਸਿਹਤਮੰਦ ਭਾਈਚਾਰੇ ਦੇ ਥੰਮ ਹਨ।ÒSCC ਬਾਰੇ ਸਿੱਖ ਚੈਂਬਰ ਆਫ਼ ਕਾਮਰਸ ਗਲੋਬਲ (SCC) ਇੱਕ ਗੈਰ-ਮੁਨਾਫ਼ਾ ਸੰਸਥਾ ਹੈ ਜਿਸ ਵਿੱਚ ਸਿੱਖ ਅਮਰੀਕੀ ਪੇਸ਼ੇਵਰਾਂ, ਕਾਰੋਬਾਰਾਂ, ਅਤੇ ਵਿਦਿਆਰਥੀਆਂ ਦੇ ਇੱਕ ਅੰਤਰ-ਸੈਕਸ਼ਨ ਸ਼ਾਮਲ ਹਨ।

2011 ਵਿੱਚ ਸਿੱਖ ਅਮਰੀਕੀ ਕਾਰੋਬਾਰਾਂ ਅਤੇ ਪੇਸ਼ੇਵਰਾਂ ਨੂੰ ਉੱਦਮ ਦੀ ਭਾਵਨਾ ਵਿੱਚ ਇੱਕਠੇ ਕਰਨ ਦੇ ਦ੍ਰਿਸ਼ਟੀਕੋਣ ਨਾਲ ਸਥਾਪਿਤ ਕੀਤਾ ਗਿਆ ਸੀ, ਇਸਦਾ ਮੁੱਖ ਟੀਚਾ ਪ੍ਰਭਾਵਸ਼ਾਲੀ ਵਪਾਰਕ ਨੈਟਵਰਕਿੰਗ ਲਈ ਇੱਕ ਸਥਾਨ ਪ੍ਰਦਾਨ ਕਰਨਾ ਹੈ, ਕਮਿਊਨਿਟੀ ਵਿੱਚ ਉੱਦਮਤਾ ਨੂੰ ਉਤਸ਼ਾਹਿਤ ਕਰਨਾ ਅਤੇ ਹੋਰ ਸਿੱਖ ਅਮਰੀਕੀ ਪੇਸ਼ੇਵਰਾਂ ਨੂੰ ਉਨਾਂ ਦੇ ਕਾਰੋਬਾਰਾਂ ਦੇ ਨਿਰੰਤਰ ਵਾਧੇ ਅਤੇ ਕਰੀਅਰ ਵਿੱਚ ਉਦੇਸ਼ ਪੂਰਨ ਨੀਤੀਆਂ ਨੂੰ ਲਾਗੂ ਕਰ ਕੇ ਉਨਾਂ ਦੀ ਮਦਦ ਕਰਨੀ ਸੀ।

# ਮੌਜੂਦਾ ਜੰਗ 'ਹਿੰਦ-ਪੰਜਾਬ' ਦੀ ਹੈ, ਪੰਜਾਬ-ਹਰਿਆਣਾ ਦੀ ਨਹੀਂ,

## ✪ ਸਾਨੂੰ ਆਪਣੇ ਕੌਮੀ ਰੁਤਬੇ ਦਾ ਖਿਆਲ ਰੱਖਣਾ ਚਾਹੀਦਾ: ਗਜਿੰਦਰ ਸਿੰਘ ਦਲ ਖਾਲਸਾ ✪ ਦੇਸ਼ ਦੇ ਵੱਖ ਵੱਖ ਰਾਜਾਂ ਵਿਚ ਮੁਸਲਮਾਨ ਪਰ ਪੰਜਾਬ ਅੰਦਰ ਸਿੱਖ ਇਨਾਂ ਦੇ ਨਿਸ਼ਾਨੇ ਤੇ ਹਨ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਦਲ ਖਾਲਸਾ ਦੇ ਜਲਾਵਤਨੀ ਆਗੂ ਭਾਈ ਗਜਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਜੰਗ 'ਹਿੰਦ-ਪੰਜਾਬ' ਦੀ ਹੈ, ਪੰਜਾਬ-ਹਰਿਆਣਾ ਦੀ ਨਹੀਂ, ਸਾਨੂੰ ਆਪਣੇ ਕੌਮੀ ਰੁਤਬੇ ਦਾ ਖਿਆਲ ਰੱਖਣਾ ਚਾਹੀਦਾ ਹੈ। ਉਨਾਂ ਕਿਹਾ ਕਿ ਪੰਜਾਬ ਅਸੈਂਬਲੀ ਵਿੱਚ ਚੰਡੀਗੜ੍ਹ ਉਤੇ ਹੱਕ ਜਿਤਾਉਣ ਵਾਲਾ ਮੱਤਾ ਪਾਸ ਹੋਣ ਤੋਂ ਬਾਦ, ਹਰਿਆਣਾ ਇੱਕ ਵਿਰੋਧੀ ਧਿਰ ਵਾਂਗ ਸਾਹਮਣੇ ਖੜਾ ਹੋ ਰਿਹਾ ਹੈ। ਇੱਥੇ ਇੱਕ ਗੱਲ ਸਾਡੇ ਸੋਚਣ/ਸਮਝਣ ਵਾਲੀ ਹੈ, ਜਦੋਂ ਅਸੀਂ ਪੰਜਾਬ ਦੇ ਕਿਸੇ ਹੱਕ ਦੀ ਗੱਲ ਕਰਦੇ ਹਾਂ, ਤਾਂ ਹਰਿਆਣਾ, ਜਾਂ ਹਿਮਾਚਲ ਵਿਰੋਧ ਵਿੱਚ ਆ ਖੜਦੇ ਹਨ। ਚੰਡੀਗੜ੍ਹ ਦਾ ਮਸਲਾ ਹੋਵੇ, ਜਾਂ ਭਾਖੜਾ ਡੈਮ ਦਾ ਮਸਲਾ ਹੋਵੇ, ਸਾਰੇ ਮਸਲੇ ਪੰਜਾਬ ਦੀ ਸਿੱਖ ਪਹਿਚਾਣ ਨਾਲ ਜੁੜੇ ਹੋਏ ਹਨ। ਹਿੰਦੁਸਤਾਨੀ ਸਟੇਟ ਦੀ ਸ਼ੁਰੂ ਤੋਂ ਇਹ ਨੀਤੀ ਰਹੀ ਹੈ ਕਿ ਸਿੱਖਾਂ ਨੂੰ ਛੋਟੀਆਂ ਛੋਟੀਆਂ ਲੜਾਈਆਂ ਵਿੱਚ ਉਲਝਾ ਕੇ ਰਖਿਆ ਜਾਵੇ ਤਾਂ ਜੋ ਉਹ ਆਪਣੀ ਅਸਲ ਮੰਜ਼ਿਲ ਵੱਲ ਧਿਆਨ ਕੇਂਦ੍ਰਿਤ ਨਾ ਕਰ ਸਕਣ। ਅਗਰ ਅਸੀਂ ਆਜ਼ਾਦ ਪੰਜਾਬ/ ਖਾਲਿਸਤਾਨ ਦੀ ਗੱਲ ਕਰੀਏ ਤਾਂ ਸਾਡੇ ਵਿਰੋਧ ਵਿੱਚ ਹਿੰਦ ਸਟੇਟ ਖੜਦੀ ਹੈ। ਇੰਝ



ਸਾਡੀ ਲੜਾਈ ਪੰਜਾਬ-ਹਰਿਆਣਾ ਦੀ ਨਹੀਂ, 'ਹਿੰਦ-ਪੰਜਾਬ' ਦੀ ਬਣਦੀ ਹੈ। ਇਸ ਕਰਕੇ ਅਸੀਂ ਹਰਿਆਣਾ, ਹਿਮਾਚਲ ਵਰਗੇ ਛੋਟੇ ਵਿਰੋਧੀਆਂ ਨਾਲ ਲੜਾਈ ਕਿਓਂ ਬਣਨ ਦੇਈਏ.? ਅਤੇ ਕਿਓਂ ਨਾ ਅਸੀਂ ਆਪਣੇ ਅਸਲ ਦੁਸ਼ਮਣ ਭਾਰਤੀ ਸਟੇਟ ਵਿਰੁੱਖ ਆਪਣੀ ਲੜਾਈ ਸੇਧਤ ਰੱਖੀਏ.?

ਇਸ ਗੱਲ ਵੀ ਧਿਆਨ ਰਖਿਆ ਜਾਏ ਕਿ ਸਾਡੀ ਬਰਾਬਰੀ ਹਿੰਦੁਸਤਾਨੀ ਸਟੇਟ ਨਾਲ ਹੈ, ਉਸ ਦੀ ਕਿਸੇ ਸੂਬੇਦਾਰੀ ਨਾਲ ਨਹੀਂ।

ਸਾਨੂੰ ਜੰਗ ਵਿੱਚ ਵੀ ਆਪਣੇ ਕੌਮੀ ਰੁਤਬੇ ਦਾ ਖਿਆਲ ਰੱਖਣਾ ਚਾਹੀਦਾ ਹੈ। ਉਨਾਂ ਨੂੰ ਪੁਛੇ ਗਏ ਸੁਆਲ ਕਿ ਹਰਿਆਣਾ ਅਤੇ ਹਿਮਾਚਲ ਦੀ ਪਿੱਠ ਕੌਣ ਥਾਪਰਦਾ ਹੈ ਤਾਂ ਉਨਾਂ ਬੇਬਾਕੀ ਨਾਲ ਕਿਹਾ "ਕੇਂਦਰ ਸਰਕਾਰ"। ਇਹ ਪੁੱਛੇ ਜਾਨ ਤੇ ਕਿ ਸੈਂਟਰ ਸਿੱਖਾਂ ਨੂੰ ਕੁਝ ਵੀ ਦੇਣਾ ਨਹੀਂ ਚਾਹੁੰਦੀ ਹੈ ਉਲਟਾ ਜੋ ਕੁਝ ਵੀ ਉਨਾਂ ਦੇ ਪੱਲੇ ਹੈ ਓਹ ਵੀ ਉਨਾਂ ਲੈ ਲੈਣਾ ਹੈ, ਉਨਾਂ ਕਿ ਇਹ ਸਪਸ਼ਟ ਹੈ ਕੇਂਦਰ ਸਿੱਖਾਂ ਨੂੰ ਵੱਧ ਤੋਂ ਵੱਧ ਕਮਜ਼ੋਰ ਕਰਣ ਦਾ ਹਰ ਯਤਨ ਕਰਦੀ ਰਹਿੰਦੀ ਹੈ। ਉਨਾਂ ਕਿਹਾ ਕਿ ਦੇਸ਼ ਦੇ ਵੱਖ ਵੱਖ ਰਾਜਾਂ ਵਿਚ ਭਾਵੇਂ ਮੁਸਲਮਾਨ ਹਿੰਦੂਤਵੀਆਂ ਦੇ ਨਿਸ਼ਾਨੇ ਤੇ ਹਨ ਪਰ ਪੰਜਾਬ ਵਿਚ ਸਿੱਖ ਵੀ ਉਨਾਂ ਦੇ ਨਿਸ਼ਾਨੇ ਤੇ ਹਨ ਇਹ ਨਹੀਂ ਭੁਲਣਾ ਚਾਹੀਦਾ, ਇਸ ਕਰਕੇ ਸਾਰੀ ਗ਼ੈਰ ਹਿੰਦੂ ਕੌਮਾ ਨੂੰ ਇੱਕਠੇ ਹੋ ਕੇ ਇਨਾਂ ਦਾ ਮੁਕਾਬਲਾ ਕਰਣਾ ਚਾਹੀਦਾ ਹੈ।

# ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਦਾ ਸੱਚ: ਜਾਂਚ ਕਮੇਟੀ ਵੱਲੋਂ ਜਾਰੀ ਕੀਤੀ ਗਈ ਤੱਥ ਖੋਜ ਰਿਪੋਰਟ

**ਅੰਮ੍ਰਿਤਸਰ ਟਾਈਮਜ਼ ਬਿਊਰੋ: ਚੰਡੀਗੜ੍ਹ:** ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਗੁਰਬਾਣੀ ਦੇ ਪ੍ਰਸਾਰਣ ਸਬੰਧੀ ਸਮੁੱਚੇ ਮੁੱਦਿਆਂ ਨੂੰ ਗੁਰਮਤਿ ਸਿਧਾਂਤਾਂ, ਕਾਨੂੰਨਾਂ ਅਤੇ ਵਿੱਤੀ ਪਹਿਲੂਆਂ ਦੇ ਸੰਦਰਭ ਵਿੱਚ ਘੋਖਣ ਲਈ ਸਿੱਖ ਸੰਗਤ ਵੱਲੋਂ ਬਣਾਈ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਣ ਦਾ ਸੱਚ ਸਿਰਲੇਖ ਨਾਲ ਆਪਣੀ ਰਿਪੋਰਟ ਪੇਸ਼ ਕੀਤੀ। ਇਹ ਰਿਪੋਰਟ ਮਨੁੱਖੀ ਅਧਿਕਾਰ ਕਾਰਕੁਨ ਪ੍ਰੋ: ਜਗਮੋਹਨ ਸਿੰਘ, ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਅਤੇ ਚੰਚਲ ਮਨੋਹਰ ਸਿੰਘ, ਲੇਖਕ ਅਤੇ ਵਿਸ਼ਲੇਸ਼ਕ ਅਜੈਪਾਲ ਸਿੰਘ ਬਰਾੜ ਅਤੇ ਨੌਜਵਾਨ ਪੱਤਰਕਾਰ ਬੀਬੀ ਹਰਸ਼ਰਨ ਕੌਰ ਅਤੇ ਪਰਮਜੀਤ ਸਿੰਘ ਗਾਜ਼ੀ ਨੇ ਸਿੱਖ ਸਰਵਉੱਚ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਭੇਜੇ ਜਾਣ ਤੋਂ ਬਾਅਦ ਜਾਰੀ ਕੀਤੀ ਗਈ।ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਰ ਕਰਨ ਅਤੇ ਲੋੜੀਂਦੀ ਕਾਰਵਾਈ ਲਈ।



ਸ੍ਰੀ ਹਰਿਮੰਦਰ ਸਾਹਿਬ ਤੋਂ
ਗੁਰਬਾਣੀ ਪ੍ਰਸਾਰਣ ਦਾ ਸੱਚੋ-ਸੱਚ

ਤੱਥ ਖੋਜ ਟੀਮ ਨੇ ਗੁਰਬਾਣੀ ਦੇ ਪ੍ਰਸਾਰਣ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਦੇ ਦਸਤਾਵੇਜ਼ਾਂ ਅਤੇ ਸਮਝੌਤਿਆਂ ਦੀ ਜਾਂਚ ਕੀਤੀ ਅਤੇ ਇਹ ਸਾਰੇ ਰਿਪੋਰਟ ਨਾਲ ਨੱਥੀ ਕਰ ਕੇ ਜਨਤਕ ਕਰ ਦਿੱਤੇ ਗਏ ਹਨ। ਤੱਥਾਂ 'ਤੇ ਆਧਾਰਿਤ ਇਹ ਰਿਪੋਰਟ ਜ਼ੋਰਦਾਰ ਢੰਗ ਨਾਲ ਇਹ ਮੰਨਦੀ ਹੈ ਕਿ ਗੁਰਬਾਣੀ ਪ੍ਰਸਾਰਣ 'ਤੇ ਮੌਜੂਦਾ ਅਜਾਰੇਦਾਰੀ ਪਕੜ ਨੂੰ ਨਿਰਸਵਾਰਥ, ਸਰਬ-ਸਾਂਝੀਵਾਲ ਸੰਗਤ-ਅਧਾਰਿਤ ਸਮੂਹਿਕ ਪ੍ਰਣਾਲੀ, ਕਾਰਜਪ੍ਰਣਾਲੀ ਅਤੇ ਪ੍ਰਬੰਧਨ ਨਾਲ ਬਦਲਿਆ ਜਾਣਾ ਚਾਹੀਦਾ ਹੈ।

**Download This Report in Punjabi – https://smarturl.it/punjabireport Download English Translation of This Report – https://smarturl.it/englishreport Download Annexures – https://smarturl.it/annexures Download All Above Files as a Single PDF - https://smarturl.it/combilesreport**

# ਨਿਊਯਾਰਕ ਵਿਚ ਬਜ਼ੁਰਗ ਸਿੱਖ 'ਤੇ ਨਸਲੀ ਹਮਲਾ

**ਨਿਊਯਾਰਕ/ਏ.ਟੀ.ਨਿਊਜ਼ :-** ਨਿਊਯਾਰਕ ਦੇ ਰਿਚਮੰਡ ਹਿੱਲ ਕਵੀਨਜ਼ ਵਿਚ ਗੁਰੂ ਘਰ ਸਿੱਖ ਕਲਚਰਲ ਸੋਸਾਇਟੀ ਦੇ ਰਸਤੇ 'ਤੇ ਬੀਤੇ ਦਿਨ ਐਤਵਾਰ ਦੀ ਸਵੇਰ ਨੂੰ ਗੁਰਦੁਆਰੇ ਜਾ ਰਹੇ ਇਕ ਬਜ਼ੁਰਗ ਸਿੱਖ ਨਿਰਮਲ ਸਿੰਘ 'ਤੇ ਹਮਲਾ ਹੋਇਆ। ਇਹ ਹਮਲਾ ਉਦੋਂ ਕੀਤਾ ਗਿਆ ਜਦੋਂ ਉਹ ਪੈਦਲ ਹੀ ਜਾ ਰਿਹਾ ਸੀ। ਕਿਸੇ ਅਣਪਛਾਤੇ ਵਿਅਕਤੀ ਨੇ ਪਿੱਛੇ ਤੋਂ ਆ ਕੇ ਉਸ ਦੇ ਮੂੰਹ 'ਤੇ ਮਾਰਿਆ। ਇਸ ਸੰਬੰਧ ਵਿਚ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੂ ਪਬਲਿਕ ਪਾਲਿਸੀ ਦੇ ਚੇਅਰਮੈਨ ਹਰਪ੍ਰੀਤ ਸਿੰਘ



ਤੂਰ ਨੇ ਪੀੜਤ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਕਿਉਂਕਿ ਪੀੜਤ ਨੂੰ ਅੰਗਰੇਜ਼ੀ ਨਹੀਂ ਆਉਂਦੀ। ਨਿਰਮਲ ਸਿੰਘ ਐਤਵਾਰ ਸਵੇਰੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵੱਲ ਨੂੰ ਜਾ ਰਿਹਾ ਸੀ, ਜਦੋਂ ਇੱਕ ਵਿਅਕਤੀ ਨੇ ਉਸ ਦੇ ਕੋਲ ਆ ਕੇ ਉਸ ਦੇ ਨੱਕ 'ਤੇ ਮੁੱਕਾ ਮਾਰਿਆ, ਜਿਸ ਕਾਰਨ ਉਹ ਜ਼ਮੀਨ 'ਤੇ ਡਿੱਗ ਗਿਆ। ਤੂਰ ਦਾ ਮੰਨਣਾ ਹੈ ਕਿ 70 ਸਾਲ ਦੀ ਉਮਰ ਦੇ ਬਜ਼ੁਰਗ 'ਤੇ ਉਸ ਦੀ ਦਿੱਖ ਕਾਰਨ ਹਮਲਾ ਹੋਇਆ ਹੈ। ਸਿਰਫ਼ ਇਸ ਲਈ ਕਿ ਸਿੱਖ ਵੱਖਰੇ ਦਿਖਾਈ ਦਿੰਦੇ ਹਨ। ਤੂਰ ਨੇ ਕਿਹਾ ਕਿ ਇਹ ਹਰ ਕਿਸੇ 'ਤੇ ਇਕ ਹਮਲਾ ਹੈ, ਨਾ ਕਿ ਸਿਰਫ਼ ਉਸ ਵਿਅਕਤੀ 'ਤੇ ਅਤੇ ਇਸ ਨੂੰ ਰੋਕਣਾ ਚਾਹੀਦਾ ਹੈ।ਪੀੜਤ ਨਿਰਮਲ ਸਿੰਘ 95ਵੇਂ ਐਵੇਨਿਊ ਅਤੇ ਲੇਫਰਟਸ ਬੁਲੇਵਾਰਡ ਰਿਚਮੰਡ ਹਿੱਲ (ਕਵੀਨਜ) ਨੇੜੇ ਸਵੇਰੇ 7:00 ਵਜੇ ਦੇ ਕਰੀਬ ਉਸ ਇਲਾਕੇ ਤੁਰਕੇ ਜਾ ਰਿਹਾ ਸੀ ਜਿੱਥੇ ਹਮਲਾ ਹੋਇਆ ਸੀ। ਇਹ ਥਾਂ ਦੱਖਣੀ ਰਿਚਮੰਡ ਹਿੱਲ ਦਾ ਇਲਾਕਾ ਹੈ ਜੋ ਗੁਰੂ ਘਰ ਸਿੱਖ ਕਲਚਰਲ ਸੁਸਾਇਟੀ ਤੋਂ ਥੋੜੀ ਦੂਰੀ 'ਤੇ ਹੈ ਜਿੱਥੇ ਉਹ ਇਸ ਸਮੇਂ ਰਹਿ ਰਿਹਾ ਹੈ।

ਬਾਕੀ ਸਫ਼ਾ 29 'ਤੇ

# ਅਮਰੀਕੀ ਪ੍ਰਤੀਨਿਧ ਸਭਾ ਵੱਲੋਂ ਸਿੱਖਾਂ ਦੇ ਪਵਿੱਤਰ ਦਿਹਾੜੇ ਵਿਸਾਖੀ ਮੌਕੇ 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਾਨਤਾ ਦਿਵਾਉਣ ਲਈ ਮਤਾ ਪੇਸ਼

**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ:-** ਅਮਰੀਕੀ ਪ੍ਰਤੀਨਿਧ ਸਭਾ ਵੱਲੋਂ ਸਿੱਖਾਂ ਦੇ ਪਵਿੱਤਰ ਦਿਹਾੜੇ ਵਿਸਾਖੀ ਮੌਕੇ 14 ਅਪ੍ਰੈਲ ਨੂੰ 'ਰਾਸ਼ਟਰੀ ਸਿੱਖ ਦਿਵਸ' ਵਜੋਂ ਮਾਨਤਾ ਦਿਵਾਉਣ ਲਈ ਮਤਾ ਪੇਸ਼ ਕੀਤਾ ਗਿਆ ਹੈ, ਜਿਸ ਨਾਲ ਹਰ ਸਾਲ ਅਮਰੀਕਾ ਭਰ 'ਚ ਇਹ ਦਿਨ ਸਿੱਖ ਕੌਮ ਲਈ ਸਮਰਪਿਤ ਹੋਵੇਗਾ। ਇਸ ਸਬੰਧੀ ਮਤਾ ਮੁੱਖ ਤੌਰ 'ਤੇ ਕਾਂਗਰਸਵੁਮੈਨ ਮੈਰੀ ਸਕੈਲਨ ਨੇ ਪੇਸ਼ ਕੀਤਾ, ਜਦਕਿ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਕੋ-ਚੇਅਰ ਕਾਂਗਰਸਮੈਨ ਜੌਹਨ ਗੈਰਾਮੰਡੀ ਅਤੇ ਕਾਂਗਰਸਮੈਨ ਡੇਵਿਡ ਵਾਲਾਡਾਓ ਨੇ ਹਮਾਇਤ ਦਿੱਤੀ। ਇਨਾਂ ਤੋਂ ਇਲਾਵਾ ਕਾਂਗਰਸਵੁਮੈਨ ਬਾਸ, ਕਾਂਗਰਸਮੈਨ ਟੌਕੋ, ਕਾਂਗਰਸਮੈਨ ਫਿਜ਼ ਪੈਟਰਿਕ, ਕਾਂਗਰਸਮੈਨ ਮਿਊਜ਼ਰ, ਕਾਂਗਰਸਮੈਨ ਸਵਾਲ ਵੈੱਲ, ਕਾਂਗਰਸਮੈਨ ਕ੍ਰਿਸ਼ਨਾਮੂਰਤੀ, ਕਾਂਗਰਸਮੈਨ ਨੌਰਕਰੌਸ, ਕਾਂਗਰਸਮੈਨ ਕਿਮ, ਕਾਂਗਰਸਮੈਨ ਨੀਲ, ਕਾਂਗਰਸਮੈਨ ਬਰੈਂਡਨ ਬੋਇਲ ਵੀ ਮਤਾ ਪੇਸ਼ ਕਰਨ ਵਾਲਿਆਂ 'ਚ ਸ਼ਾਮਲ ਸਨ। ਸਿੱਖ ਭਾਈਚਾਰੇ ਵਿਚ ਇਹ ਮਤਾ ਪੇਸ਼ ਹੋਣ ਨਾਲ ਖੁਸ਼ੀ ਦਾ ਮਹੌਲ ਹੈ।



ਅਮਰੀਕੀ ਪ੍ਰਤੀਨਿਧ ਸਭਾ ਵੱਲੋਂ ਵਿਸਾਖੀ ਨੂੰ 'ਰਾਸ਼ਟਰੀ ਸਿੱਖ ਦਿਹਾੜੇ' ਵਜੋਂ ਮਨਾਉਣ ਲਈ ਮਤਾ ਪੇਸ਼ ਕਰਨ ਦੌਰਾਨ ਹਾਜ਼ਰ ਅਮਰੀਕੀ ਆਗੂ ਅਤੇ ਸਿੱਖ ਸ਼ਖਸੀਅਤਾਂ।

ਅਮਰੀਕਨ ਸਿੱਖ ਕਾਕਸ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ ਅਤੇ ਸ. ਹਰਪ੍ਰੀਤ ਸਿੰਘ ਸੰਧੂ ਨੇ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਮਤੇ ਦੇ ਪੇਸ਼ ਹੋਣ ਨਾਲ ਅਮਰੀਕਾ ਵਿਚ ਸਿੱਖ ਕੌਮ ਦੀ ਪਛਾਣ ਬਣਨ 'ਚ ਸਹਾਇਤਾ ਮਿਲੇਗੀ। ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਸ. ਹਿੰਮਤ ਸਿੰਘ, ਸ. ਹਰਜਿੰਦਰ ਸਿੰਘ, ਸਿੱਖ ਕਾਕਸ ਕਮੇਟੀ ਦੇ ਸ. ਜੁਗਰਾਜ ਸਿੰਘ, ਯਾਦਵਿੰਦਰ ਸਿੰਘ ਅਤੇ ਇਕਤਿਦਾਰ ਚੀਮਾ ਨੇ ਵੀ ਇਸ ਮਤੇ ਨੂੰ ਪੇਸ਼ ਕਰਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ। ਇਨਾਂ ਆਗੂਆਂ ਨੇ ਦੱਸਿਆ ਕਿ ਪੇਸ਼ ਕੀਤੇ ਗਏ ਮਤੇ ਵਿਚ ਹਾਊਸ ਨੂੰ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਵਿਚ ਕਿਹਾ ਗਿਆ ਕਿ ਸਿੱਖ ਭਾਈਚਾਰਾ ਭਾਰਤ ਦੇ ਪੰਜਾਬ ਪ੍ਰਾਂਤ ਨਾਲ ਸਬੰਧਤ ਹੈ ਅਤੇ ਇਸ ਕੌਮ ਨੇ 100 ਸਾਲ ਤੋਂ ਵੱਧ ਸਮਾਂ ਪਹਿਲਾਂ ਅਮਰੀਕਾ ਵਿਚ ਪਰਵਾਸ ਕਰਨਾ ਸ਼ੁਰੂ ਕਰ ਕੀਤਾ ਸੀ ਅਤੇ ਇਸ ਕੌਮ ਨੇ ਅਮਰੀਕਾ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਸਿੱਖ ਕੌਮ ਵੱਲੋਂ ਵੈਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਮਨਾਈ ਜਾਂਦੀ ਹੈ, ਜੋ ਕਿ ਆਮ ਤੌਰ 'ਤੇ 14 ਅਪ੍ਰੈਲ ਨੂੰ ਹੁੰਦੀ ਹੈ। ਇਸ ਦਿਨ ਸੰਨ 1699 'ਚ ਸਿੱਖਾਂ ਦੇ ਦਸਵੇਂ ਗੁਰੂ ਵੱਲੋਂ ਜ਼ੁਲਮ ਨਾਲ ਲੜਨ ਲਈ ਸਿੱਖ ਪੰਥ ਦੀ ਸਥਾਪਨਾ ਕੀਤੀ ਗਈ ਸੀ।

ਸਰਬਸੰਮਤੀ ਨਾਲ ਪ੍ਰਤੀਨਿਧ ਸਭਾ ਵੱਲੋਂ ਅਮਰੀਕਾ ਦੇ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਅਤੇ ਸਿੱਖ ਭਾਈਚਾਰੇ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਦਾ ਸਨਮਾਨ ਕਰਨ ਲਈ 'ਰਾਸ਼ਟਰੀ ਸਿੱਖ ਦਿਵਸ' ਮਨਾਉਣ ਦਾ ਸਮਰਥਨ ਕੀਤਾ ਗਿਆ ਹੈ। ਅਮਰੀਕਾ ਲਈ ਸਿੱਖ ਕੌਮ ਵੱਲੋਂ ਪਾਏ ਗਏ ਸਦੀਵੀ ਯੋਗਦਾਨ ਦਾ ਸਨਮਾਨ ਕਰਨ ਲਈ ਇਹ ਦਿਨ ਢੁਕਵਾਂ ਗਿਣਿਆ ਗਿਆ।

# ਸਿੱਖਾਂ 'ਤੇ ਨਸਲੀ ਹਮਲੇ ਕਾਰਨ ਜਥੇਦਾਰ ਚਿੰਤਤ

**ਤਲਵੰਡੀ ਸਾਬੋ/ਏ.ਟੀ.ਨਿਊਜ਼ :-** ਦੇਸ਼ ਅਤੇ ਵਿਦੇਸ਼ ਵਿੱਚ ਸਿੱਖਾਂ ਉੱਤੇ ਹੋ ਰਹੇ ਨਸਲੀ ਹਮਲਿਆਂ 'ਤੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਚਿੰਤਾ ਜ਼ਾਹਿਰ ਕੀਤੀ ਹੈ। ਜਥੇਦਾਰ ਹਰਪ੍ਰੀਤ ਸਿੰਘ ਨੇ ਦਿੱਲੀ ਵਿੱਚ ਇੱਕ ਸਿੱਖ ਨੌਜਵਾਨ ਨੂੰ ਕ੍ਰਿਪਾਨ ਪਹਿਨ ਕੇ ਮੈਟਰੋ ਵਿੱਚ ਸਫ਼ਰ ਕਰਨ ਤੋਂ ਰੋਕਣ ਬਾਰੇ ਕਿਹਾ ਕਿ ਭਾਰਤ ਵਿੱਚ ਸਿੱਖਾਂ ਦੇ ਧਾਰਮਿਕ ਕਕਾਰਾਂ ਨੂੰ ਮੁੱਦਾ ਬਣਾ ਕੇ ਪ੍ਰੇਸ਼ਾਨ ਕਰਨਾ ਇਹ ਦਰਸਾਉਂਦਾ ਹੈ ਕਿ ਇਸ ਪਿੱਛੇ ਜ਼ਰੂਰ ਕੋਈ ਡੂੰਘੀ ਚਾਲ ਹੈ। ਉਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਸਿੱਖ ਪਛਾਣ ਇੱਕ ਮਸਲਾ ਹੈ, ਜਿਸ ਨੂੰ ਹੱਲ ਕਰਨ ਦੀ ਲੋੜ ਹੈ।

ਬੀਤੇ ਦਿਨੀਂ ਨਿਊਯਾਰਕ ਵਿੱਚ ਇੱਕ ਸਿੱਖ ਬਜ਼ੁਰਗ 'ਤੇ ਹੋਏ ਨਸਲੀ ਹਮਲੇ ਦੀ ਨਿਖੇਧੀ ਕਰਦਿਆਂ ਜਥੇਦਾਰ ਨੇ ਕਿਹਾ ਕਿ ਵਿਦੇਸ਼ਾਂ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਨੂੰ ਇਸ ਘਟਨਾ ਖ਼ਿਲਾਫ਼ ਆਵਾਜ਼ ਉਠਾਉਣ ਦੇ ਨਾਲ-ਨਾਲ ਸਿੱਖ ਪਛਾਣ ਉਭਾਰਨ ਲਈ ਵਿਸ਼ੇਸ਼ ਯਤਨ ਕਰਨੇ



ਚਾਹੀਦੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮੋਹਣ ਸਿੰਘ ਬੰਗੀ, ਭਾਈ ਈਸ਼ਰ ਸਿੰਘ ਹੈਦਰਾਬਾਦ ਵਾਲੇ, ਭਾਈ ਗਿਆਨ ਸਿੰਘ ਬੁੰਗਾ ਮਸਤੂਆਣਾ ਹਾਜ਼ਰ ਸਨ।

**ਪੀਲੀਭੀਤ ਜ਼ਿਲੇ ਵਿੱਚ ਅਗਨ ਭੇਟ ਹੋਏ ਪਾਵਨ ਸਰੂਪ ਸਬੰਧੀ ਚਿੰਤਾ ਪ੍ਰਗਟਾਈ**

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਵਿਚ ਬਿਜਲੀ ਉਪਕਰਨਾਂ ਦੀ ਸਹੀ ਵਰਤੋਂ ਨਾ ਹੋਣ ਕਾਰਨ ਪਾਵਨ ਸਰੂਪ ਅਗਨ ਭੇਟ ਹੋਣ ਦੀਆਂ ਦੁਖਦਾਈ ਘਟਨਾਵਾਂ ਵਾਪਰ ਰਹੀਆਂ ਹਨ। ਉਨਾਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਆਗੂਆਂ ਨੂੰ ਆਪਣੀ ਜ਼ਿੰਮੇਵਾਰੀ ਸੁਹਿਰਦਤਾ ਨਾਲ ਨਿਭਾਉਣ ਲਈ ਕਿਹਾ ਹੈ। ਉਨਾਂ ਯੂ.ਪੀ. ਦੇ ਪੀਲੀਭੀਤ ਜ਼ਿਲੇ ਦੇ ਮਜੌਲਾ ਸਥਿਤ ਗੁਰਦੁਆਰਾ ਸ੍ਰੀ ਸਿੰਘ ਸਭਾ ਵਿਖੇ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਪਾਵਨ ਸਰੂਪ ਅਗਨ ਭੇਟ ਹੋਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਘਟਨਾ ਨਾਲ ਸਿੱਖ ਹਿਰਦਿਆਂ ਨੂੰ ਠੇਸ ਪੁੱਜੀ ਹੈ। ਉਨਾਂ ਕਿਹਾ ਕਿ ਨਿੱਤ ਦਿਨ ਅਜਿਹਾ ਹਾਦਸੇ ਵਾਪਰ ਰਹੇ ਹਨ ਜੋ ਚਿੰਤਾ ਦਾ ਵਿਸ਼ਾ ਹੈ।

# ਮਾਮਲਾ ਦਿੱਲੀ ਵਿੱਚ ਮੈਟਰੋ ਸਟੇਸ਼ਨ 'ਤੇ ਸਿੱਖ ਨੂੰ ਕ੍ਰਿਪਾਨ ਪਾ ਕੇ ਜਾਣ ਤੋਂ ਰੋਕਣ ਦਾ

## ਸ਼੍ਰੋਮਣੀ ਕਮੇਟੀ ਨੇ ਕੀਤਾ ਵਿਰੋਧ




**ਅੰਮ੍ਰਿਤਸਰ/ਏ.ਟੀ.ਨਿਊਜ਼ :-** ਦਿੱਲੀ ਵਿੱਚ ਇਕ ਮੈਟਰੋ ਸਟੇਸ਼ਨ ਤੇ ਇਕ ਅੰਮ੍ਰਿਤਧਾਰੀ ਨੌਜਵਾਨ ਨੂੰ ਕ੍ਰਿਪਾਨ ਸਮੇਤ ਅੰਦਰ ਜਾਣ ਤੋਂ ਰੋਕਣ ਦੇ ਮਾਮਲੇ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਇਸ ਘਟਨਾ ਨੂੰ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਕਰਾਰ ਦਿੱਤਾ ਹੈ ਤੇ ਸਬੰਧਤ ਕਰਮਚਾਰੀ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅੰਦਰ ਦੇਸ਼ ਦੇ ਹਰ ਨਾਗਰਿਕ ਨੂੰ ਆਪਣੀਆਂ ਧਾਰਮਿਕ ਮਾਨਤਾਵਾਂ 'ਤੇ ਪਹਿਰਾ ਦੇਣ ਦੀ ਖੁੱਲ ਹੈ ਪਰ ਇਸ ਦੇ ਬਾਵਜੂਦ ਸਿੱਖਾਂ ਦੇ ਧਾਰਮਿਕ ਚਿੰਨਾਂ 'ਤੇ ਸਵਾਲ ਉਠਾਏ ਜਾ ਰਹੇ ਹਨ। ਉਨਾਂ ਕਿਹਾ ਕਿ ਹਾਲ ਹੀ ਵਿਚ ਨਾਗਰਿਕ ਹਵਾਬਾਜ਼ੀ ਮੰਤਰਾਲੇ ਵੱਲੋਂ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕ੍ਰਿਪਾਨ ਪਹਿਣ ਕੇ ਜਾਣ 'ਤੇ ਪਾਬੰਧੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਵਿਰੋਧ ਮਗਰੋਂ ਮੰਤਰਾਲੇ ਨੇ ਵਾਪਸ ਲਿਆ ਸੀ। ਉਨਾਂ ਕਿਹਾ ਕਿ ਹੁਣ ਦਿੱਲੀ ਦੇ ਇਕ ਮੈਟਰੋ ਸਟੇਸ਼ਨ 'ਤੇ ਅੰਮ੍ਰਿਤਧਾਰੀ ਨੌਜਵਾਨ ਨੂੰ ਇਕ ਪੁਲਿਸ ਮੁਲਾਜ਼ਮ ਵੱਲੋਂ ਕ੍ਰਿਪਾਨ ਉਤਾਰ ਕੇ ਉਸ ਦਾ ਸਾਈਜ਼ ਚੈੱਕ ਕਰਵਾਉਣ ਲਈ ਮਜਬੂਰ ਕੀਤਾ ਹੈ। ਉਨਾਂ ਕਿਹਾ ਕਿ ਦਿੱਲੀ ਵਿਖੇ ਵੱਡੀ ਗਿਣਤੀ ਸਿੱਖ ਵਸਦੇ ਹਨ ਤੇ ਸਿੱਖਾਂ ਦੇ ਧਾਰਮਿਕ ਚਿੰਨਾਂ ਬਾਰੇ ਰਾਜਧਾਨੀ ਦੇ ਕਿਸੇ ਵੀ ਨਾਗਰਿਕ ਨੂੰ ਭੁਲੇਖਾ ਨਹੀਂ ਹੈ। ਉਨਾਂ ਕਿਹਾ ਕਿ ਇਹ ਜਾਣਬੁੱਝ ਕੇ ਕੀਤਾ ਗਿਆ ਹੈ ਤੇ ਮੁਲਜ਼ਮ ਪੁਲਿਸ ਵਾਲੇ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨਾਂ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਗ੍ਰਹਿ ਮੰਤਰਾਲੇ ਤੇ ਦਿੱਲੀ ਸਰਕਾਰ ਨੂੰ ਪੱਤਰ ਭੇਜਿਆ ਜਾਵੇਗਾ।

# ਆਪ ਸਰਕਾਰ ਪੰਜਾਬ ਵਿਚ ਕਾਇਮ ਕਰੇਗੀ ਗੈਂਗਸਟਰ ਵਿਰੋਧੀ ਟਾਸਕ ਫੋਰਸ

## ਏਡੀਜੀਪੀ ਰੈਂਕ ਦਾ ਅਧਿਕਾਰੀ ਕਰੇਗਾ ਏਜੀਟੀਐੱਫ ਦੀ ਅਗਵਾਈ

**ਚੰਡੀਗੜ੍ਹ/ਏ.ਟੀ.ਨਿਊਜ਼ :-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿੱਚ ਗੈਂਗਸਟਰਾਂ ਦੇ ਨੈੱਟਵਰਕ ਦਾ ਸਫਾਇਆ ਕਰਕੇ ਨਾਗਰਿਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਪੁਲਿਸ ਮੁਖੀ ਵੀ.ਕੇ. ਭਾਵੜਾ ਨੂੰ ਏਡੀਜੀਪੀ ਰੈਂਕ ਦੇ ਅਧਿਕਾਰੀ ਦੀ ਅਗਵਾਈ ਹੇਠ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ.ਜੀ.ਟੀ.ਐਫ.) ਗਠਿਤ ਕਰਨ ਦੇ ਨਿਰਦੇਸ਼ ਦਿੱਤੇ ਹਨ।

ਪੰਜਾਬ ਪੁਲਿਸ ਤੇ ਸਿਵਲ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਸੰਗਠਿਤ ਅਪਰਾਧ ਦੇ ਖਾਤਮੇ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੁਲਿਸ ਤੰਤਰ ਵਿੱਚ ਲੋਕਾਂ ਦਾ ਭਰੋਸਾ ਬਹਾਲ ਕਰਨ ਲਈ ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਯਕੀਨੀ ਬਣਾਉਣਾ ਹੀ ਸਰਕਾਰ ਦੀ ਮੁੱਖ ਤਰਜੀਹ ਹੈ। ਉਨਾਂ ਨਸ਼ਿਆਂ ਦੇ ਵਪਾਰ ਅਤੇ ਕਬੱਡੀ ਜਗਤ ਵਿੱਚ ਪਹਿਲਾਂ ਹੀ ਆਪਣੇ ਪੈਰ ਪਾਸਾਰ ਚੁੱਕੇ ਇਸ ਗੱਠਜੋੜ ਨੂੰ ਤੋੜਨ ਲਈ ਪੁਲਿਸ ਫੋਰਸ ਨੂੰ ਫੰਡਾਂ ਤੋਂ ਇਲਾਵਾ ਲੋੜੀਂਦਾ ਸਟਾਫ਼, ਨਵੀਨਤਮ ਸਾਜ਼ੋ-ਸਾਮਾਨ ਅਤੇ ਸੂਚਨਾ ਤਕਨਾਲੋਜੀ ਮੁਹੱਈਆ ਕਰਵਾਉਣ ਦਾ ਭਰੋਸਾ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਏ.ਜੀ.ਟੀ.ਐੱਫ. ਦੇਸ਼ ਵਿੱਚ ਅਜਿਹੀਆਂ ਵਿਸ਼ੇਸ਼ ਯੂਨਿਟਾਂ ਦੀ ਤਰਜ਼ 'ਤੇ ਖੁਫੀਆ ਜਾਣਕਾਰੀ ਹਾਸਲ ਕਰਨਾ, ਕਾਰਵਾਈਆਂ ਕਰਨ, ਐੱਫਆਈਆਰ ਦਰਜ ਕਰਨ ਅਤੇ ਜਾਂਚ ਤੇ ਮੁਕੱਦਮਾ ਚਲਾਉਣ ਦਾ ਕੰਮ ਕਰੇਗੀ।

# ਅਡਾਨੀ 100 ਅਰਬ ਡਾਲਰ ਦੀ ਜਾਇਦਾਦ ਦਾ ਮਾਲਕ ਵਿਸ਼ਵ ਦੇ ਸਿਖਰਲੇ 10 ਅਮੀਰਾਂ ਵਿਚ ਸ਼ਾਮਲ



**ਮੁੰਬਈ/ਏ.ਟੀ.ਨਿਊਜ਼ :-** ਭਾਰਤੀ ਕਾਰੋਬਾਰੀ ਗੌਤਮ ਅਡਾਨੀ ਐਲਨ ਮਸਕ ਅਤੇ ਜੈਫ਼ ਬੇਜ਼ੋਸ ਨਾਲ 100 ਅਰਬ ਡਾਲਰ ਕਲੱਬ ਵਿਚ ਪ੍ਰਵੇਸ਼ ਕਰ ਗਏ ਹਨ। ਇਹ ਖੁਲਾਸਾ ਤਾਜ਼ਾ ਜਾਰੀ ਇਕ ਰਿਪੋਰਟ ਵਿਚ ਕੀਤਾ ਗਿਆ। ਵਿਸ਼ਵ ਦੇ ਅਮੀਰਾਂ ਦੀ ਰੋਜ਼ਾਨਾ ਰੈਂਕਿੰਗ ਦੇਣ ਵਾਲੇ ਬਲੂਮਬਰਗ ਬਿਲੀਅਨਰ ਇੰਡੈਕਸ ਦੇ ਅਨੁਸਾਰ ਅਡਾਨੀ ਦੀ ਜਾਇਦਾਦ 100 ਅਰਬ ਡਾਲਰ ਨੂੰ ਛੂਹ ਗਈ ਹੈ। 100 ਅਰਬ ਡਾਲਰ ਦੀ ਜਾਇਦਾਦ ਨਾਲ ਅਡਾਨੀ ਨੇ 11ਵੇਂ ਸਥਾਨ 'ਤੇ ਕਾਬਜ਼ ਮੁਕੇਸ਼ ਅੰਬਾਨੀ ਨੂੰ ਪਛਾੜ ਕੇ ਵਿਸ਼ਵ ਦੇ ਅਮੀਰ ਵਿਅਕਤੀਆਂ ਦੀ ਸੂਚੀ ਵਿਚ 10ਵਾਂ ਸਥਾਨ ਪੱਕਾ ਕਰ ਲਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.
They do not purport to reflect the opinions or views of the Owner or its members.
All legal disputes must be handled in the courts of State of Punjab in India.

# ਚੰਡੀਗੜ੍ਹ 'ਤੇ ਹੱਕ ਜਤਾਉਣ ਵਾਲਾ ਮਤਾ ਹਰਿਆਣਾ ਵਲੋਂ ਸਰਬਸੰਮਤੀ ਨਾਲ ਪਾਸ

## ✪ ਵਿਧਾਨ ਸਭਾ ਵਿਚ ਐੱਸ.ਵਾਈ.ਐੱਲ. ਨਹਿਰ ਬਣਾਉਣ ਤੇ ਹਿੰਦੀ ਭਾਸ਼ਾਈ ਇਲਾਕੇ ਦੇਣ ਸੰਬੰਧੀ ਮਤਿਆਂ 'ਤੇ ਵੀ ਲਗਾਈ ਮੋਹਰ ✪ ਐਸ.ਵਾਈ.ਐਲ. ਦਾ ਪਾਣੀ ਨਿਸ਼ਚਿਤ ਤੌਰ 'ਤੇ ਹਰਿਆਣਾ ਨੂੰ ਮਿਲੇਗਾ

**ਚੰਡੀਗੜ੍ਹ** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵਲੋਂ ਚੰਡੀਗੜ੍ਹ 'ਤੇ ਹਰਿਆਣਾ ਦਾ ਹੱਕ ਹੋਣ ਬਾਰੇ ਪੇਸ਼ ਮਤੇ ਨੂੰ ਹਰਿਆਣਾ ਵਿਧਾਨ ਸਭਾ ਵਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ । ਇਸ ਸਬੰਧ ਵਿਚ ਬੁਲਾਏ ਇਕ ਦਿਨਾਂ ਵਿਸ਼ੇਸ਼ ਇਜਲਾਸ ਦੌਰਾਨ ਪੂਰੇ ਸਦਨ ਨੇ ਮੁੱਖ ਮੰਤਰੀ ਦੇ ਇਸ ਮਤੇ ਦਾ ਖੁੱਲ ਕੇ ਸਮਰਥਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਚੰਡੀਗੜ੍ਹ 'ਤੇ ਹਰਿਆਣਾ ਦਾ ਹੀ ਅਧਿਕਾਰ ਹੈ। ਇਸ ਦੌਰਾਨ ਸਾਰੇ ਵਿਧਾਇਕਾਂ ਨੇ ਸਤਲੁਜ ਯਮੁਨਾ ਲਿੰਕ (ਐੱਸ.ਵਾਈ.ਐੱਲ.) ਨਹਿਰ ਜਲਦੀ ਬਣਾਉਣ ਤੇ ਹਿੰਦੀ ਭਾਸ਼ਾਈ ਇਲਾਕੇ ਹਰਿਆਣਾ ਨੂੰ ਦੇਣ ਸਬੰਧੀ ਮਤਿਆਂ 'ਤੇ ਵੀ ਮੋਹਰ ਲਗਾਈ । ਇਸ ਦੇ ਨਾਲ ਹੀ ਪੰਜਾਬ ਸਰਕਾਰ ਵਲੋਂ ਹਾਲ ਹੀ ਵਿਚ 1 ਅਪ੍ਰੈਲ ਨੂੰ ਵਿਧਾਨ ਸਭਾ ਇਜਲਾਸ ਵਿਚ ਪਾਸ ਕੀਤੇ ਗਏ ਮਤੇ ਦੀ ਨਿੰਦਾ ਕੀਤੀ ਗਈ। ਇਸ ਮੌਕੇ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ ਹਰਿਆਣਾ ਦੇ ਬੁਨਿਆਦੀ ਮਸਲਿਆਂ ਲਈ ਇਕਜੁੱਟਤਾ ਨਾਲ ਸਾਂਝੀ ਲੜਾਈ ਲੜਨ ਦਾ ਐਲਾਨ ਕੀਤਾ। ਇਜਲਾਸ ਵਿਚ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਉਸ ਮਤੇ ਨੂੰ ਇਕ ਤਰਾਂ ਨਾਲ ਰੱਦ ਕਰ ਦਿੱਤਾ ਗਿਆ, ਜਿਸ ਵਿਚ ਚੰਡੀਗੜ੍ਹ ਨੂੰ ਤੁਰੰਤ ਪੰਜਾਬ ਵਿਚ ਸ਼ਾਮਿਲ ਕਰਨ ਦੀ ਮੰਗ ਕੀਤੀ ਗਈ ਸੀ । 3 ਘੰਟੇ ਤੱਕ ਵਿਧਾਨ ਸਭਾ ਵਿਚ ਚੱਲੀ ਬਹਿਸ ਦੌਰਾਨ ਸੱਤਾ ਤੇ ਵਿਰੋਧੀ ਧਿਰ ਦੇ 25 ਦੇ ਕਰੀਬ ਵਿਧਾਇਕਾਂ ਨੇ ਇਸ ਪ੍ਰਸਤਾਵ ਦੇ ਸਮਰਥਨ ਵਿਚ ਆਪਣੇ ਵਿਚਾਰ ਰੱਖੇ । ਮਤੇ 'ਤੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵੰਡ ਲਈ 23 ਅਪ੍ਰੈਲ 1966 ਵਿਚ ਬਣਾਏ ਗਏ ਸ਼ਾਹ ਕਮਿਸ਼ਨ ਨੇ ਤਾਂ ਖਰੜ ਖੇਤਰ ਦੇ ਹਿੰਦੀ ਭਾਸ਼ਾ ਵਾਲੇ ਪਿੰਡ ਤੇ ਚੰਡੀਗੜ੍ਹ ਹਰਿਆਣਾ ਨੂੰ ਦੇਣ ਲਈ ਕਿਹਾ ਸੀ, ਪਰ 9 ਜੂਨ 1966 ਵਿਚ ਕੇਂਦਰੀ ਕੈਬਨਿਟ ਦੀ ਬੈਠਕ ਵਿਚ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਐਲਾਨ ਦਿੱਤਾ ਗਿਆ ਤੇ ਇਸ ਨੂੰ ਦੋਵਾਂ ਸੂਬਿਆਂ ਦਾ ਰਾਜਧਾਨੀ ਬਣਾ ਦਿੱਤਾ ਗਿਆ, ਪਰ ਇਸ ਤੋਂ ਬਾਅਦ ਹੋਏ ਵੱਖ-ਵੱਖ ਸਮਝੌਤਿਆਂ ਵਿਚ ਵੀ ਇਸ ਦਾ ਕੋਈ ਹੱਲ ਨਹੀਂ ਨਿਕਲਿਆ ।

ਮੁੱਖ ਮੰਤਰੀ ਨੇ ਕਿਹਾ ਕਿ ਸਤਲੁਜ ਯਮੁਨਾ ਲਿੰਕ ਨਹਿਰ ਦਾ ਪਾਣੀ ਨਿਸ਼ਚਿਤ ਤੌਰ 'ਤੇ ਹਰਿਆਣਾ ਨੂੰ ਮਿਲੇਗਾ ਕਿਉਂਕਿ ਇਸ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਲੜਾਈ ਲੜੀ ਜਾ ਰਹੀ ਹੈ ਤੇ ਜਲਦ ਹੀ ਸੁਪਰੀਮ ਕੋਰਟ ਵਲੋਂ ਐਸ.ਵਾਈ.ਐਲ. ਦੇ ਫੈਸਲੇ 'ਤੇ ਐਗਜ਼ੀਕਿਊਸ਼ਣ ਆਰਡਰ ਲਿਆ ਜਾਵੇਗਾ ਤਾਂ ਜੋ ਨਹਿਰ ਬਣਾਉਣ ਦੀ ਜ਼ਿੰਮੇਵਾਰੀ ਕੇਂਦਰ, ਪੰਜਾਬ ਜਾਂ ਕਿਸੇ ਹੋਰ ਸੰਸਥਾ ਨੂੰ ਮਿਲ ਸਕੇ। ਉਨਾਂ ਕਿਹਾ ਕਿ ਐਸ.ਵਾਈ.ਐਲ. ਦੇ ਨਿਰਮਾਣ ਰਾਹੀਂ ਹਰਿਆਣਾ ਦਾ ਰਾਵੀ ਤੇ ਬਿਆਸ ਦਰਿਆਵਾਂ ਦੇ ਪਾਣੀ ਵਿਚੋਂ ਹਿੱਸਾ ਲੈਣ ਦਾ ਅਧਿਕਾਰ ਇਤਿਹਾਸਕ, ਕਾਨੂੰਨੀ ਤੇ ਸੰਵਿਧਾਨਕ ਤੌਰ 'ਤੇ ਲੰਬੇ ਚਿਰ ਤੋਂ ਸਥਾਪਿਤ ਹੈ ।

**ਕੰਦੂਖੇੜਾ ਨੂੰ ਕੋਸ਼ਿਸ਼ਾਂ ਤੋਂ ਬਾਅਦ ਪੰਜਾਬ ਵਿਚ ਸ਼ਾਮਿਲ ਕੀਤਾ ਸੀ**

ਮੁੱਖ ਮੰਤਰੀ ਨੇ ਕਿਹਾ ਕਿ ਵੰਡ ਵੇਲੇ ਪੰਜਾਬ ਨੇ ਹਿੰਦੀ ਭਾਸ਼ਾਈ ਪਿੰਡ ਕੰਦੂਖੇੜਾ ਨੂੰ ਪੰਜਾਬੀ ਭਾਸ਼ਾਈ ਬਣਾ ਕੇ ਆਪਣੇ ਵਿਚ ਸ਼ਾਮਿਲ ਕਰ ਲਿਆ ਸੀ। ਉਸ ਵੇਲੇ ਉਸ ਪਿੰਡ ਦੇ ਲੋਕਾਂ ਨੂੰ ਪਤਾ ਨਹੀਂ ਕੀ-ਕੀ ਵਾਅਦੇ ਕੀਤੇ ਗਏ, ਪਰ ਅੱਜ ਵੱਖ-ਵੱਖ ਅਖਬਾਰਾਂ ਦੀਆਂ ਰਿਪੋਰਟਾਂ ਵਿਚ ਕਿਹਾ ਜਾ ਰਿਹਾ ਹੈ ਕਿ ਉਸ ਪਿੰਡ ਦੇ ਲੋਕਾਂ ਨੂੰ ਹਾਲੇ ਤੱਕ ਕੁਝ ਨਹੀਂ ਮਿਲਿਆ।

**ਐਮ.ਬੀ. ਵਿਚ ਪੁਰਾਣੀ ਵਿਵਸਥਾ ਸਥਾਪਤ ਕੀਤੀ ਜਾਵੇ : ਖੱਟਰ**

ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਭਾਖੜਾ-ਬਿਆਸ ਪ੍ਰਬੰਧ ਬੋਰਡ (ਬੀ.ਬੀ.ਐਮ.ਬੀ.) ਵਿਚ ਹਰਿਆਣਾ-ਪੰਜਾਬ ਦੀ ਮੈਂਬਰਸ਼ਿਪ ਪਹਿਲਾਂ ਵਾਂਗ ਰਹਿਣੀ ਚਾਹੀਦੀ ਹੈ ।ਇਸ ਸੰਬੰਧ ਵਿਚ ਉਨਾਂ ਕੇਂਦਰ ਨੂੰ ਤਿੰਨ ਪੱਤਰ ਲਿਖੇ ਹਨ । ਉਨਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਹਾਲ ਹੀ 'ਚ ਬੀ.ਬੀ.ਐਮ.ਬੀ. ਵਿਚ ਪਹਿਲਾਂ ਵਾਲੇ ਮੈਂਬਰਾਂ ਦੀ ਨਿਯੁਕਤੀ ਸੰਬੰਧੀ ਲਿਆ ਫ਼ੈਸਲਾ ਪੰਜਾਬ ਪੁਨਰਗਠਨ ਆਰਡੀਨੈਂਸ-1966 ਦੀ ਭਾਵਨਾ ਖਿਲਾਫ ਹੈ। ਕੇਂਦਰ ਸਰਕਾਰ ਵਲੋਂ ਬੀ.ਬੀ.ਐਮ.ਬੀ. ਨੂੰ ਬਿਜਲੀ ਵਿਭਾਗ ਦੀ ਬਜਾਏ ਸਿੰਚਾਈ ਵਿਭਾਗ ਵਿਚ ਲੈਣਾ ਚਾਹੀਦਾ ਹੈ ।

## ਪੰਜਾਬੀ ਸ਼ਖਸੀਅਤਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਬੇਟੇ ਫੈਡਰਿਕ ਦਲੀਪ ਸਿੰਘ ਦੇ ਘਰ ਉਨਾਂ ਦੇ ਪਰਿਵਾਰ ਨੂੰ ਕੀਤਾ ਯਾਦ



ਮਹਾਰਾਣੀ ਜਿੰਦ ਕੌਰ ਦੀ ਕਬਰ ਦਾ ਪੱਥਰ ਅਤੇ ਫ਼ੈਡਰਿਕ ਦਲੀਪ ਸਿੰਘ ਦੇ ਘਰ ਦੇ ਬਾਹਰ ਹਾਜ਼ਰ ਸ਼ਖ਼ਸੀਅਤਾਂ।

**ਲੰਡਨ/ਏ.ਟੀ.ਨਿਊਜ਼** :- ਮਹਾਰਾਜਾ ਦਲੀਪ ਸਿੰਘ ਤੇ ਉਨਾਂ ਦੇ ਬੱਚਿਆਂ ਨੂੰ ਯੂ.ਕੇ. ਦੇ ਸ਼ਹਿਰ ਥੈਟਫੋਰਡ ਵਿਖੇ ਫੈਡਰਿਕ ਦਲੀਪ ਸਿੰਘ ਦੇ ਉਸ ਘਰ ਵਿਚ ਯਾਦ ਕੀਤਾ ਗਿਆ, ਜਿਸ ਨੂੰ ਉਹ ਸਥਾਨਕ ਕੌਂਸਲ ਨੂੰ ਅਜਾਇਬ ਘਰ ਬਣਾਉਣ ਲਈ ਦਾਨ ਕਰ ਗਏ ਸਨ ।ਸੇਂਟ ਐਂਡਰਿਊ ਐਂਡ ਸੇਂਟ ਪੈਟਰਿਕ ਚਰਚ ਐਲਵੀਡਨ ਵਿਖੇ ਅਤੇ ਥੈਟਫੋਰਡ ਦੇ ਸੈਂਟਰ ਵਿਚ ਸਥਾਪਿਤ ਮਹਾਰਾਜਾ ਦਲੀਪ ਸਿੰਘ ਦੀ ਯਾਦਗਰ 'ਤੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉੱਘੇ ਗਾਇਕ ਤੇ ਲੇਖਕ ਬੀਰ ਸਿੰਘ ਨੇ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਸਾਰੀ ਉਮਰ ਆਪਣੇ ਪੰਜਾਬ ਦੇ ਲੋਕਾਂ ਨੂੰ ਮਿਲਣ ਲਈ ਪੰਜਾਬ ਵਾਪਸ ਜਾਣ ਲਈ ਜੱਦੋ-ਜਹਿਦ ਕਰਦਾ ਰਿਹਾ ਤੇ ਅੱਜ ਪੰਜਾਬੀ ਉਨਾਂ ਨੂੰ ਮਿਲਣ ਲਈ ਇੱਥੇ ਆ ਰਹੇ ਹਨ। ਉਨਾਂ ਕਿਹਾ ਕਿ ਕਿਸੇ ਵੀ ਵਿਅਕਤੀ ਵਿਸ਼ੇਸ਼ ਜਾਂ ਕੌਮ ਪਾਸੋਂ ਉਸ ਦੀ ਬੋਲੀ, ਵਿਰਸਾ ਅਤੇ ਸੱਭਿਆਚਾਰ ਖੋਹ ਲਵੋ, ਉਹ ਖ਼ੁਦ-ਬ-ਖ਼ੁਦ ਖਤਮ ਹੋ ਜਾਵੇਗਾ ।ਅਜਿਹਾ ਕੁਝ ਹੀ ਪੰਜਾਬ ਦੇ ਆਖਰੀ ਬਾਦਸ਼ਾਹ ਨਾਲ ਹੋਇਆ । ਮੇਅਰ ਮਾਈਕ ਬਰਿੰਡੇਲ, ਬਰੈਕਲੈਂਡ ਕੌਂਸਲ ਚੇਅਰਮੈਨ ਰੋਏਬਰੇਮ, ਸਿੱਖ ਇਤਿਹਾਸਕਾਰ ਪੀਟਰ ਬੈਂਸ ਨੇ ਕੈਥਰੀਨ ਦਲੀਪ ਸਿੰਘ ਸਮੇਤ ਇਤਿਹਾਸਕ ਤੱਥਾਂ ਬਾਰੇ ਜਾਣਕਾਰੀ ਸਾਂਝੀ ਕੀਤੀ । ਇਸ ਮੌਕੇ ਗੈਵਿਨ ਬੈਂਸ, ਇੰਦੀ ਸੰਧੂ, ਸ਼ਮਿੰਦਰ ਸਿੰਘ ਬੇਦੀ, ਜਗਦੇਵ ਸਿੰਘ ਵਿਰਦੀ, ਤਜਿੰਦਰ ਚੇਤਲ, ਕੌਂਸਲਰ ਸਟੂਅਰਟ ਰਾਈਟ, ਓਲੀਵਰ ਬੋਨ ਆਦਿ ਹਾਜ਼ਰ ਸਨ । ਪੀਟਰ ਬੈਂਸ ਨੇ ਇਸ ਮੌਕੇ ਮਹਾਰਾਣੀ ਜਿੰਦ ਕੌਰ ਦੇ ਨਾਮ ਵਾਲਾ 150 ਸਾਲ ਤੱਕ ਅਣਗੌਲੇ ਰਹੇ, ਉਨਾਂ ਦੀ ਕਬਰ 'ਤੇ ਲੱਗੇ ਪੱਥਰ ਨੂੰ ਪ੍ਰਾਪਤ ਕਰਨ ਦੀ ਵਿਥਿਆ ਬਾਰੇ ਜਾਣਕਾਰੀ ਦਿੱਤੀ ।

## ਵਿਸਾਖੀ ਮੌਕੇ ਬੰਦੀ ਸਿੰਘਾਂ ਨੂੰ ਰਿਹਾਅ ਕਰੋ

### ਸ਼੍ਰੋਮਣੀ ਕਮੇਟੀ ਨੇ ਪ੍ਰੋ. ਭੁੱਲਰ ਬਾਰੇ ਮਾਮਲਾ ਉਠਾਇਆ



**ਅੰਮ੍ਰਿਤਸਰ/ਏ.ਟੀ.ਨਿਊਜ਼** :- ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਤੇ ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲਾਂ ਵਿਚ ਕੈਦ ਸਿੰਘਾਂ ਨੂੰ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਰਿਹਾਅ ਕਰਨ ਦੀ ਮੰਗ ਕੀਤੀ ਹੈ। ਉਨਾਂ ਆਖਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਕ ਦਿਹਾੜੇ ਮੌਕੇ ਭਾਰਤ ਸਰਕਾਰ ਵੱਲੋਂ ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਸੀ, ਜੋ ਅਜੇ ਤੱਕ ਅਮਲ ਵਿਚ ਨਹੀਂ ਆਇਆ। ਉਨਾਂ ਕਿਹਾ ਕਿ ਸਿੱਖ ਕੌਮ ਵੱਲੋਂ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦਾ ਦਿਹਾੜਾ 14 ਅਪ੍ਰੈਲ ਨੂੰ ਮਨਾਇਆ ਜਾ ਰਿਹਾ ਹੈ। ਇਸ ਮੌਕੇ ਭਾਰਤ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਦੀ ਪਹਿਲ ਕਦਮੀ ਕਰਨੀ ਚਾਹੀਦੀ ਹੈ। ਉਨਾਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਿਚ ਅੜਿੱਕਾ ਬਣੀ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਵੀ ਸਵਾਲਾਂ ਦੇ ਘੇਰੇ ਵਿਚ ਲੈਂਦਿਆਂ ਕਿਹਾ ਕਿ ਕੇਜਰੀਵਾਲ ਸਿੱਖਾਂ ਨੂੰ ਕਦੇ ਵੀ ਇਨਸਾਫ ਨਹੀਂ ਦੇ ਸਕਦਾ। ਉਨਾਂ ਕਿਹਾ ਕਿ ਕੇਜਰੀਵਾਲ ਜੇਕਰ ਸਿੱਖ ਹਮਾਇਤੀ ਹੁੰਦਾ ਤਾਂ ਉਹ ਪ੍ਰੋ. ਭੁੱਲਰ ਦੀ ਰਿਹਾਈ ਵਿਚ ਹਾਂ ਪੱਖੀ ਫੈਸਲਾ ਲੈਂਦਾ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਖੁਦ ਬੰਦੀ ਸਿੱਖਾਂ ਦੀ ਰਿਹਾਈ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਪ੍ਰੋ. ਭੁੱਲਰ, ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਹੋਰ ਸਿੱਖ ਕੈਦੀ ਜੋ ਲਗਭਗ 30-30 ਸਾਲ ਦੇ ਵੱਧ ਸਮੇਂ ਤੋਂ ਜੇਲਾਂ ਵਿਚ ਬੰਦ ਹਨ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ।

# ਪਾਕਿ ਸੰਸਦ ਹੋਈ ਭੰਗ-ਮੁੜ ਹੋਣਗੀਆਂ ਚੋਣਾਂ

## ✪ ਬਿਨਾਂ ਵੋਟਿੰਗ ਦੇ ਇਮਰਾਨ ਖ਼ਿਲਾਫ਼ ਬੇਭਰੋਸਗੀ ਮਤਾ ਰੱਦ ✪ ਵਿਰੋਧੀ ਧਿਰ ਪਹੁੰਚੀ ਸੁਪਰੀਮ ਕੋਰਟ ✪ ਇਮਰਾਨ ਬੋਲਿਆ ਵਿਦੇਸ਼ ਵਿਚ ਰਚੀ ਗਈ ਸੀ ਸਰਕਾਰ ਡੇਗਣ ਦੀ ਸਾਜਿਸ਼



**ਅੰਮ੍ਰਿਤਸਰ/ਏ.ਟੀ.ਨਿਊਜ਼** :- ਪਾਕਿਸਤਾਨ ਦੇ ਸੰਕਟ ਵਿਚ ਫਸੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਰਾਸ਼ਟਰਪਤੀ ਵਲੋਂ ਸੰਸਦ ਨੂੰ ਭੰਗ ਕਰਨ ਦੀ ਪ੍ਰਵਾਨਗੀ ਪ੍ਰਾਪਤ ਕਰਕੇ ਵਿਰੋਧੀਆਂ ਨੂੰ ਪਲਟਾ ਮਾਰਿਆ ਹੈ। ਉਨਾਂ ਦੇ ਇਸ ਕਦਮ ਨੂੰ ਵਿਰੋਧੀ ਪਾਰਟੀਆਂ ਵਲੋਂ ਅਸੰਵਿਧਾਨਕ ਕਰਾਰ ਦਿੱਤਾ ਗਿਆ ਤੇ ਉਹ ਇਸ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਜਾਣਗੀਆਂ , ਇਸ ਨੇ ਰਾਜ ਪਲਟੇ ਦੇ ਖਦਸ਼ੇ ਵਾਲੇ ਦੇਸ਼ ਨੂੰ ਹੋਰ ਸਿਆਸੀ ਅਤੇ ਸੰਵਿਧਾਨਕ ਸੰਕਟ ਵਿਚ ਪਾ ਦਿੱਤਾ ਹੈ । ਖ਼ਾਨ ਨੂੰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੇ ਗੱਠਜੋੜ ਵਲੋਂ ਲਿਆਂਦੇ ਬੇਭਰੋਸਗੀ ਮਤੇ ਨੂੰ ਹਾਰ ਜਾਣ ਦੀ ਉਮੀਦ ਸੀ ਪਰ ਕ੍ਰਿਕਟਰ ਤੋਂ ਸਿਆਸਤਦਾਨ ਬਣੇ 69 ਸਾਲਾ ਇਮਰਾਨ ਖ਼ਾਨ ਨੂੰ ਹੈਰਾਨੀਜਨਕ ਰਾਹਤ ਮਿਲੀ ਜਦੋਂ ਡਿਪਟੀ ਸਪੀਕਰ ਕਾਸਿਮ ਸੂਰੀ ਵਲੋਂ ਬੇਭਰੋਸਗੀ ਵੋਟ ਨੂੰ ਅਸੰਵਿਧਾਨਕ ਕਰਾਰ ਦੇ ਕੇ ਖ਼ਾਰਜ ਕਰ ਦਿੱਤਾ । ਖ਼ਾਨ, ਜਿਸ ਨੇ 342 ਮੈਂਬਰੀ ਨੈਸ਼ਨਲ ਅਸੈਂਬਲੀ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਬਹੁਮਤ ਗੁਆ ਦਿੱਤਾ ਸੀ, ਨੇ ਰਾਸ਼ਟਰ ਨੂੰ ਸੰਖੇਪ ਸੰਬੋਧਨ ਕਰਦਿਆਂ ਕਿਹਾ ਕਿ ਉਨਾਂ ਨੇ ਸਦਨ ਨੂੰ ਭੰਗ ਕਰਨ ਤੇ ਨਵੇਂ ਸਿਰੇ ਤੋਂ ਚੋਣਾਂ ਕਰਵਾਉਣ ਦੀ ਸਿਫ਼ਾਰਸ਼ ਕੀਤੀ ਹੈ । ਉਨਾਂ ਕਿਹਾ ਕਿ ਰਾਸ਼ਟਰ ਨੂੰ ਨਵੀਆਂ ਚੋਣਾਂ ਲਈ ਤਿਆਰ ਰਹਿਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਤਤਕਾਲ ਚੋਣਾਂ ਦੀ ਸਿਫਾਰਸ਼ ਕਰ ਕੇ ਵਿਰੋਧੀ ਧਿਰ ਨੂੰ ਹੈਰਾਨ ਕਰ ਦਿੱਤਾ ਹੈ । ਸਰਕਾਰ ਦੇ ਇਸ ਫ਼ੈਸਲੇ ਵਿਰੁੱਧ ਵਿਰੋਧੀ ਧਿਰਾਂ ਸੁਪਰੀਮ ਕੋਰਟ ਪਹੁੰਚ ਗਈਆਂ ਹਨ ਤੇ ਪਾਕਿ ਦੇ ਚੀਫ਼ ਜਸਟਿਸ ਨੇ ਮਾਮਲੇ ਦੀ ਸੁਣਵਾਈ ਲਈ ਵਿਸ਼ੇਸ਼ ਬੈਂਚ ਕਾਇਮ ਕੀਤਾ ਹੈ। ਵਿਰੋਧੀ ਪਾਰਟੀਆਂ ਵਲੋਂ ਸਪੀਕਰ ਅਸਦ ਕੈਸਰ ਵਿਰੁੱਧ ਬੇਭਰੋਸਗੀ ਮਤਾ ਦਾਇਰ ਕਰਨ ਤੋਂ ਬਾਅਦ

ਬਾਕੀ ਸਫ਼ਾ 29 'ਤੇ

## ਕੈਨੇਡਾ ਚ' ਲੰਘੇ ਸਾਲ ਦੋ ਬੱਚਿਆਂ ਦੀ ਹੋਈ ਮੌਤ ਦੇ ਦੋਸ਼ੀ ਨੂੰ ਅਦਾਲਤ ਨੇ 6 ਸਾਲ ਲਈ ਗੱਡੀ ਚਲਾਉਣ ਤੇ ਰੋਕ



**ਨਿਊਯਾਰਕ/ ਉਨਟਾਰੀਓ (ਰਾਜ ਗੋਗਨਾ/ ਕੁਲਤਰਨ ਪਧਿਆਣਾ)**:ਬੀਤੇਂ ਦਿਨ ਕੈਨੇਡਾ ਦੇ ਉਨਟਾਰੀਓ ਦੇ ਸ਼ਹਿਰ ਵਾੱਨ ਚ ਲੰਘੇ ਸਾਲ 2021ਚ' ਹੋਏ ਇਕ ਦਰਦਨਾਇਕ ਹਾਦਸੇ ਚ' ਜਿਸ ਚ' ਦੋ ਬੱਚੇ ਆਪਣੇ ਡਰਾਇਵ ਵੇਅ ਚ' ਖੇਡ ਰਹੇ ਸਨ ਇੰਨਾਂ ਦੋ ਬੱਚੇ ਜਿੰਨਾਂ ਦੇ ਨਾਂ ਜੈਕਸ ਚੌਧਰੀ (4) ਸਾਲ ਅਤੇ ਅਨਾਇਆ(10) ਸਾਲ ਨੂੰ ਇਕ ਕਾਰ ਐਕਸੀਡੈਂਟ ਚ ਮਾਰਨ ਦੇ ਦੋਸ਼ ਹੇਠ ਇੱਕ ਨਾਬਾਲਗ ਨੇ ਜਿਸਦੀ ਹਾਦਸੇ ਸਮੇਂ ਉਮਰ ਤਕਰੀਬਨ 16 ਸਾਲ ਦੇ ਕਰੀਬ ਸੀ। ਜਿਸ ਨੂੰ ਅਦਾਲਤ ਨੇ ਇੱਕ ਸਾਲ ਦੀ ਉਪਨ ਕਸਟਡੀ ਦੀ ਸਜਾ ਅਤੇ 6 ਸਾਲ ਲਈ ਗੱਡੀ ਚਲਾਉਣ ਉਤੇ ਰੋਕ ਦੀ ਸਜਾ ਸੁਣਾਈ ਗਈ ਹੈ । ਜਿਕਰਯੋਗ ਹੈ ਕਿ ਇਸ ਨਾਬਾਲਗ ਨੇ ਆਪਣੇ ਪਿਤਾ ਦੀ ਮਰਸਡੀਜ ਗੱਡੀ ਘਰੇਲੂ ਖੇਤਰ ਚ 40 ਕਿਲੋਮੀਟਰ ਦੇ ਜੋਨ ਚ 100 ਕਿਲੋਮੀਟਰ ਦੀ ਰਫਤਾਰ ਨਾਲ ਚਲਾ ਰਿਹਾ ਸੀ ਜਦੋ ਗੱਡੀ ਕਰਵ ਨਾਲ ਟਕਰਾ ਇੰਨਾਂ ਬੱਚਿਆ ਚ ਜਾ ਵੱਜੀ ਸੀ।

## ਲੁਧਿਆਣਾ ਵਿੱਚ ਹੋਈ ਗੁਟਕਾ ਸਾਹਿਬ ਜੀ ਦੀ ਬੇਅਦਬੀ

**ਲੁਧਿਆਣਾ/ਏ.ਟੀ.ਨਿਊਜ਼** :- ਦਰੇਸੀ ਥਾਣੇ ਤੋਂ ਕੁਝ ਹੀ ਦੂਰੀ 'ਤੇ ਸਥਿਤ ਨਿਊ ਮਾਧੋਪੁਰੀ ਇਲਾਕੇ 'ਚ ਸ਼ਨਿੱਚਰਵਾਰ ਸ਼ਾਮ ਗਲੀ ਵਿੱਚੋਂ ਗੁਟਕਾ ਸਾਹਿਬ ਦੇ ਪੰਨੇ ਖਿਲਰੇ ਹੋਏ ਮਿਲੇ ਹਨ। ਸੂਚਨਾ ਮਿਲਦੇ ਹੀ ਪੁਲਿਸ ਦੇ ਉਚ ਅਧਿਕਾਰੀਆਂ ਸਣੇ ਥਾਣਾ ਦਰੇਸੀ ਦੀ ਪੁਲਿਸ ਮੌਕੇ 'ਤੇ ਪੁੱਜ ਗਈ। ਇਸ ਦੇ ਨਾਲ ਹੀ ਸਿੱਖ ਜਥੇਬੰਦੀਆਂ ਨੇ ਗਲੀ ਵਿਚ ਖਿੱਲਰੇ ਸ਼੍ਰੀ ਗ੍ਰੰਥ ਸਾਹਿਬ ਜੀ ਦੇ ਪੰਨੇ ਚੁੱਕ ਕੇ ਪੁਲਿਸ ਦੇ ਸਪੁਰਦ ਕੀਤੇ ਹਨ। ਥਾਣਾ ਦਰੇਸੀ ਦੀ ਪੁਲਿਸ ਨੇ ਇਸ ਮਾਮਲੇ ਵਿਚ ਅਣਪਛਾਤੇ ਵਿਅਕਤੀ ਦੇ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੇਸ ਦਰਜ ਕੀਤਾ ਹੈ। ਐੱਸ ਐੱਚਓ ਸਬ ਇੰਸਪੈਕਟਰ ਜਗਦੀਪ ਸਿੰਘ ਨੇ ਦੱਸਿਆ ਕਿ ਸੀਸੀਟੀਵੀ ਕੈਮਰੇ ਦੀ ਫੁਟੇਜ ਚੈੱਕ ਕੀਤੀ ਗਈ ਸੀ, ਪਰ ਉਸ 'ਚ ਕੁਝ ਪਤਾ ਨਹੀਂ ਲੱਗ ਸਕਿਆ।

# ਮਾਮਲਾ ਗਾਇਬ ਹੋਏ 328 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ

## ✪ ਸ਼੍ਰੋਮਣੀ ਕਮੇਟੀ ਨੂੰ ਹਾਈਕੋਰਟ ਤੋਂ ਝਟਕਾ-ਬਰਖ਼ਾਸਤ 3 ਮੁਲਾਜ਼ਮਾਂ ਨੂੰ ਵਾਪਸ ਨੌਕਰੀ 'ਤੇ ਰੱਖੋ ✪ ਕਮੇਟੀ ਨੇ ਮੁਲਾਜ਼ਮਾਂ ਦੀ ਬਹਾਲੀ ਤੋਂ ਬਾਅਦ ਮੁੜ ਬਰਖ਼ਾਸਤ ਕਰ ਕੇ ਪੜਤਾਲ ਸ਼ੁਰੂ : ਧਾਮੀ

**ਅੰਮ੍ਰਿਤਸਰ/ਏ.ਟੀ.ਨਿਊਜ਼:-** ਗੁਰੂ ਗ੍ਰੰਥ ਸਾਹਿਬ ਜੀ ਦੇ 328 ਸਰੂਪ ਲਾਪਤਾ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਫਾਰਗ ਕੀਤੇ ਗਏ ਤਿੰਨ ਮੁਲਾਜ਼ਮਾਂ ਨੂੰ ਹਾਈਕੋਰਟ ਵਲੋਂ ਰਾਹਤ ਮਿਲਣ ਉਪਰੰਤ ਇਹ ਮੁਲਾਜ਼ਮ ਆਪਣੀ ਡਿਊਟੀ 'ਤੇ ਹਾਜ਼ਰ ਹੋਣ ਲਈ ਸ਼੍ਰੋਮਣੀ ਕਮੇਟੀ ਦਫ਼ਤਰ ਪਹੁੰਚੇ ਜਿਥੇ ਉਨ੍ਹਾਂ ਨੇ ਹਾਈਕੋਰਟ ਵਲੋਂ ਆਏ ਫ਼ੈਸਲੇ ਦੀ ਕਾਪੀ ਕਮੇਟੀ ਅਧਿਕਾਰੀਆਂ ਨੂੰ ਸੌਂਪੀ। ਸਵੇਰ ਤੋਂ ਸ਼ਾਮ ਤੱਕ ਉਕਤ ਮੁਲਾਜ਼ਮਾਂ ਬਿਨਾਂ ਡਿਊਟੀ 'ਤੇ ਰੱਖੇ ਜਾਣ ਕਰਕੇ ਇਹ ਮੁਲਾਜ਼ਮ ਖਾਲੀ ਹੱਥੀ ਆਪਣੇ ਘਰਾਂ ਨੂੰ ਪਰਤੇ। ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਕਿਹਾ ਗਿਆ ਹੈ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਬਰਖਾਸਤ ਕਰਕੇ ਮਾਮਲੇ ਦੀ ਫਿਰ ਤੋਂ ਜਾਂਚ ਸ਼ੁਰੂ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਾਈਕੋਰਟ ਵਲੋਂ ਤਿੰਨਾਂ ਮੁਲਾਜ਼ਮਾਂ ਨੂੰ ਬਹਾਲ ਕਰ ਦਿੱਤਾ ਗਿਆ ਸੀ ਤੇ ਨਾਲ ਹੀ ਮਾਮਲੇ ਦੀ ਮੁੜ ਪੜਤਾਲ ਲਈ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਨੂੰ ਮੁੜ ਬਰਖਾਸਤ ਕਰ ਦਿੱਤਾ ਗਿਆ ਹੈ। ਉੱਧਰ ਇਸ ਸੰਬੰਧ ਵਿਚ ਮੁਲਾਜ਼ਮ ਗੁਰਬਚਨ ਸਿੰਘ ਨੇ ਦੱਸਿਆ ਕਿ ਉਹ ਹਾਈਕੋਰਟ ਦੇ ਆਦੇਸ਼ਾਂ ਲੈ ਕੇ ਸ਼੍ਰੋਮਣੀ ਕਮੇਟੀ ਦਫ਼ਤਰ ਪਹੁੰਚੇ ਤੇ ਡਿਊਟੀ ਲਈ ਹਾਜ਼ਰ ਹੋਏ ਸਨ ਜਿਥੇ ਉਨ੍ਹਾਂ ਕੋਲੋਂ ਆਰਡਰਾਂ ਦੀ ਕਾਪੀ ਤਾਂ ਕਮੇਟੀ ਅਧਿਕਾਰੀਆਂ ਵਲੋਂ ਪ੍ਰਾਪਤ ਕਰ ਲਈ ਗਈ ਹੈ ਪਰ ਉਨ੍ਹਾਂ ਨੂੰ ਅਜੇ ਡਿਊਟੀ 'ਤੇ ਨਹੀਂ ਲਗਾਇਆ ਗਿਆ। ਵਰਨਣਯੋਗ ਹੈ ਕਿ ਸਾਲ 2020 ਵਿਚ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੋਂ ਬਾਅਦ ਵਿਸ਼ੇਸ਼ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਸੀ ਕਿ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪ ਗਾਇਬ ਹਨ।ਇਸ ਮਾਮਲੇ ਸੰਬੰਧੀ 21 ਅਗਸਤ 2020 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਹੁਕਮ ਜਾਰੀ ਕੀਤੇ ਸਨ ਕਿ ਇਸ ਮਾਮਲੇ ਵਿਚ ਦੋਸ਼ੀ ਪਾਏ ਜਾਣ ਵਾਲੇ ਸਾਰੇ ਮੁਲਾਜ਼ਮਾਂ ਖ਼ਿਲਾਫ ਕਾਨੂੰਨੀ ਅਤੇ ਵਿਭਾਗੀ ਕਾਰਵਾਈ ਕੀਤੀ ਜਾਵੇ। ਹੁਕਮਾਂ ਦੀ ਪਾਲਣਾ ਕਰਦਿਆਂ ਸ਼੍ਰੋਮਣੀ ਕਮੇਟੀ ਨੇ 27 ਅਗਸਤ 2020 ਨੂੰ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਉਕਤ ਮੁਲਾਜ਼ਮ ਗੁਰਬਚਨ ਸਿੰਘ, ਬਾਜ ਸਿੰਘ ਅਤੇ ਦਲਬੀਰ ਸਿੰਘ ਮੁਲਾਜ਼ਮਾਂ ਨੂੰ ਬਰਖ਼ਾਸਤ ਕੀਤਾ ਸੀ। ਇਨ੍ਹਾਂ ਕਥਿਤ ਦੋਸ਼ੀਆਂ ਨੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਵਿਰੁੱਧ ਸਤੰਬਰ 2020 ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਰਿੱਟ ਪਟੀਸ਼ਨ ਦਾਇਰ ਕੀਤੀ ਸੀ।

### ਸ਼੍ਰੋਮਣੀ ਕਮੇਟੀ ਦੀ ਮਾੜੀ ਕਾਰਗੁਜ਼ਾਰੀ ਸਾਹਮਣੇ ਆਈ : ਢੀਂਡਸਾ

ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਬਰਖਾਸਤ ਕੀਤੇ ਤਿੰਨ ਮੁਲਾਜ਼ਮਾਂ ਨੂੰ ਮੁੜ ਬਹਾਲ ਕਰਨ ਦੇ ਹਾਈਕੋਰਟ ਦੇ ਫ਼ੈਸਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਮਾੜੀ ਕਾਰਗੁਜ਼ਾਰੀ ਖੁੱਲ ਕੇ ਸਾਹਮਣੇ ਆ ਗਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸ਼੍ਰੋਮਣੀ ਕਮੇਟੀ ਵਲੋਂ ਇਸ ਮਾਮਲੇ ਵਿਚ ਕੁਝ ਮੁਲਾਜ਼ਮਾਂ ਨੂੰ ਬਰਖਾਸਤ ਕਰਕੇ ਪੱਲਾ ਝਾੜ ਲਿਆ ਗਿਆ ਸੀ, ਜਦਕਿ ਮਾਮਲੇ ਦੇ ਅਸਲ ਦੋਸ਼ੀਆਂ ਦੀ ਹਾਲੇ ਤੱਕ ਪਛਾਣ ਨਹੀਂ ਹੋ ਸਕੀ।

# ਫ਼ਰੀਦਕੋਟ ਵਿੱਚ ਤਿੰਨ ਮਸਜਿਦਾਂ ਦੀ ਉਸਾਰੀ 'ਤੇ ਭਾਰਤੀ ਏਜੰਸੀਆਂ ਦੀ ਨਜ਼ਰ

## ✪ ਕੇਰਲਾ ਦੀ ਸੰਸਥਾ ਨੇ ਮੁਹੱਈਆ ਕਰਵਾਏ ਫੰਡ ✪ ਕਸ਼ਮੀਰ ਨਾਲ ਸਬੰਧਤ ਦੋ ਵਿਅਕਤੀਆਂ ਨੇ ਉਸਾਰੀ ਕਰਵਾਈ

**ਚੰਡੀਗੜ੍ਹ/ਏ.ਟੀ.ਨਿਊਜ਼ :-** ਕੇਰਲ ਦੀ ਇੱਕ ਗੈਰ-ਸਰਕਾਰੀ ਸੰਸਥਾ- 'ਰਿਲੀਫ ਐਂਡ ਚੈਰੀਟੇਬਲ ਫਾਊਂਡੇਸ਼ਨ' ਵੱਲੋਂ ਫ਼ਰੀਦਕੋਟ ਜ਼ਿਲ੍ਹੇ ਵਿੱਚ ਘੱਟੋ-ਘੱਟ ਤਿੰਨ ਮਸਜਿਦਾਂ ਦੀ ਉਸਾਰੀ ਲਈ ਫੰਡ ਮੁਹੱਈਆ ਕਰਵਾਉਣ ਦੇ ਮਾਮਲੇ ਨੇ ਸੁਰੱਖਿਆ ਏਜੰਸੀਆਂ ਦਾ ਧਿਆਨ ਖਿੱਚਿਆ ਹੈ। ਇਸ ਸੰਸਥਾ ਦੀ ਪੰਜਾਬ ਵਿੱਚ ਕੋਈ ਇਕਾਈ ਨਹੀਂ ਹੈ। ਵਿਦੇਸ਼ ਰਹਿੰਦੇ ਵਿਅਕਤੀਆਂ ਜਾਂ ਸੰਸਥਾਵਾਂ ਵੱਲੋਂ ਮਸਜਿਦਾਂ ਦੀ ਉਸਾਰੀ ਲਈ ਦਿੱਤੇ ਗਏ ਇਹ ਫੰਡ ਬਾਰਾਮੂਲਾ ਜ਼ਿਲ੍ਹੇ ਨਾਲ ਸਬੰਧਤ ਦੋ ਕਸ਼ਮੀਰੀ ਵਸਨੀਕਾਂ ਵੱਲੋਂ ਮੁਹੱਈਆ ਕਰਵਾਏ ਗਏ, ਜਿਨ੍ਹਾਂ ਉਸਾਰੀ ਕਾਰਜ ਦੀ ਨਿਗਰਾਨੀ ਕੀਤੀ ਤੇ ਬਿੱਲਾਂ ਦਾ ਭੁਗਤਾਨ ਕੀਤਾ। ਇਹ ਮਸਜਿਦਾਂ ਸਾਲ 2015-17 ਦੇ ਅਰਸੇ ਦੌਰਾਨ ਬਣੀਆਂ ਹਨ ਤੇ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ ਤੋਂ 40 ਤੋਂ 70 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਰਿਪੋਰਟ ਮੁਤਾਬਕ ਆਰਸੀਐੱਫਆਈ ਨੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਸਥਿਤ ਇਨ੍ਹਾਂ ਮਸਜਿਦਾਂ ਦੀ ਉਸਾਰੀ ਲਈ 70 ਕਰੋੜ ਦੇ ਕੌਮਾਂਤਰੀ ਫੰਡ ਮੁਹੱਈਆ ਕਰਵਾਏ। ਸੂਤਰਾਂ ਮੁਤਾਬਕ ਮੰਤਰਾਲੇ ਨੇ ਅਗਸਤ 2021 ਵਿੱਚ ਫੰਡਿੰਗ ਬੰਦ ਕਰ ਦਿੱਤੀ ਹੈ। ਪੰਜਾਬ ਪੁਲੀਸ ਅਤੇ ਦੂਜੀਆਂ ਸੁਰੱਖਿਆ ਏਜੰਸੀਆਂ ਨੇ ਵੀ ਇਸ ਮਸਲੇ 'ਤੇ ਫ਼ਿਕਰਮੰਦੀ ਜ਼ਾਹਰ ਕੀਤੀ ਹੈ। ਸੂਤਰਾਂ ਦੀ ਰਿਪੋਰਟ ਮੁਤਾਬਕ ਆਰਸੀਐੱਫਆਈ ਵੱਲੋਂ ਦਿੱਤੇ ਗਏ ਸ਼ੱਕੀ ਫੰਡਾਂ ਰਾਹੀਂ ਫ਼ਰੀਦਕੋਟ ਵਿੱਚ ਤਿੰਨ ਮਸਜਿਦਾਂ ਦੀ ਉਸਾਰੀ ਕੀਤੀ ਗਈ ਹੈ। ਸੂਤਰਾਂ ਮੁਤਾਬਕ ਫ਼ਿਰੋਜ਼ਪੁਰ, ਤਰਨ ਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਤੇ ਪਠਾਨਕੋਟ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ 200 ਤੋਂ ਵੱਧ ਮਸਜਿਦਾਂ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਨਵੀਆਂ ਬਣੀਆਂ ਹਨ। ਉਨ੍ਹਾਂ ਲਈ ਸਰਹੱਦ ਦੇ ਨੇੜਿਓਂ 10 ਕਿਲੋਮੀਟਰ ਦੇ ਘੇਰੇ ਵਿੱਚ ਫੰਡਿੰਗ ਹੋਣੀ ਵੀ ਜਾਂਚ ਦਾ ਵਿਸ਼ਾ ਹੈ। ਆਰਸੀਐੱਫਆਈ ਨੇ ਫੋਨ, ਵਟਸਐਪ ਤੇ ਈ-ਮੇਲ ਰਾਹੀਂ ਮਸਜਿਦਾਂ ਦੀ ਫੰਡਿੰਗ ਸਬੰਧੀ 'ਦਿ ਟ੍ਰਿਬਿਊਨ' ਵੱਲੋਂ ਪੁੱਛੇ ਸੁਆਲਾਂ ਦਾ ਕੋਈ ਜੁਆਬ ਨਹੀਂ ਦਿੱਤਾ ਹੈ। ਆਰਸੀਐੱਫਆਈ ਦੇ ਇੱਕ ਬੁਲਾਰੇ ਜਿਸਨੇ ਆਪਣੀ ਪਛਾਣ ਸਲੀਮ ਉਸਤਾਦ ਵਜੋਂ ਦੱਸੀ ਹੈ, ਨੇ ਕਈ ਫੋਨ ਕਾਲਾਂ ਮਗਰੋਂ ਮੰਨਿਆ ਕਿ ਸੰਸਥਾ ਦੀ ਪੰਜਾਬ ਵਿੱਚ ਕੋਈ ਇਕਾਈ ਨਹੀਂ ਹੈ। ਉਸ



ਨੇ ਕਿਹਾ ਕਿ ਲਾਏ ਗਏ ਦੋਸ਼ਾਂ ਦਾ ਵਿਸਤਾਰ 'ਚ ਜੁਆਬ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਉਸ ਨੇ ਜ਼ੋਰ ਦਿੰਦਿਆਂ ਕਿਹਾ ਕਿ ਆਰਸੀਐੱਫਆਈ ਸਮਾਜਿਕ ਭਲਾਈ ਦੇ ਕੰਮ ਕਰਦੀ ਹੈ, ਜੋ ਕੇਂਦਰ ਸਰਕਾਰ ਵੱਲੋਂ ਕੌਮਾਂਤਰੀ ਫੰਡਿੰਗ 'ਤੇ ਲਾਏ ਅਸਥਾਈ ਪਾਬੰਦੀ ਕਾਰਨ ਪ੍ਰਭਾਵਿਤ ਹੋ ਰਹੇ ਰਹੇ ਹਨ।

### ਗੈਰ-ਫ਼ਿਰਕੂ ਸੰਸਥਾ ਹੋਣ ਦਾ ਦਾਅਵਾ

ਆਰਸੀਐੱਫਆਈ ਦੀ ਵੈੱਬਸਾਈਟ ਮੁਤਾਬਕ ਇਹ ਇੱਕ ਗੈਰ-ਫ਼ਿਰਕੂ ਸੰਸਥਾ ਹੈ, ਜੋ ਸਾਲ 2000 ਵਿੱਚ ਹੇਠਲੇ ਪੱਧਰ 'ਤੇ ਪਿਛਲੇ ਵਰਗਾਂ ਦਾ ਸਮਾਜਿਕ-ਸੱਭਿਆਚਾਰਕ ਪੱਧਰ ਉੱਚਾ ਚੁੱਕਣ ਦੇ ਟੀਚੇ ਨਾਲ ਬਣਾਈ ਗਈ ਸੀ। ਇਸ ਨੇ ਆਪਣੇ ਕਿਸੇ ਟੀਚੇ ਵਜੋਂ ਮਸਜਿਦਾਂ ਦੀ ਉਸਾਰੀ ਸਬੰਧੀ ਜ਼ਿਕਰ ਨਹੀਂ ਕੀਤਾ। ਇਸ ਨੇ ਦਾਅਵਾ ਕੀਤਾ,'ਆਰਸੀਐੱਫਆਈ ਦਾ ਮਕਸਦ ਮੁਲਕ ਵਿੱਚ ਵੱਖ-ਵੱਖ ਥਾਵਾਂ 'ਤੇ ਰਹਿ ਰਹੇ ਦੱਬੇ-ਕੁਚਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਹੈ। ਇਹ ਸੰਸਥਾ ਕੌਮੀ ਤੇ ਕੌਮਾਂਤਰੀ ਫੰਡਿੰਗ ਏਜੰਸੀਆਂ, ਲੋਕਾਂ ਦੇ ਯੋਗਦਾਨ ਤੇ ਵਿਅਕਤੀਗਤ ਦਾਨ ਦੇਣ ਵਾਲਿਆਂ ਦੀ ਮਦਦ ਨਾਲ ਪਹਿਲਾਂ ਹੀ ਮੁਲਕ ਦੇ 24 ਰਾਜਾਂ ਵਿੱਚ 2.35 ਮਿਲੀਅਨ ਲੋਕਾਂ ਤੱਕ ਸਿੱਧੇ ਤੌਰ 'ਤੇ ਜੁੜ ਚੁੱਕੀ।

# ਚਾਰ ਰੋਜ਼ਾ ਮੁਫ਼ਤ ਗੱਤਕਾ ਕੋਚਿੰਗ ਕੈਂਪ 14 ਅਪ੍ਰੈਲ ਤੋਂ ਚੰਡੀਗੜ੍ਹ 'ਚ

## ਕੈਂਪ 'ਚ ਸ਼ਾਮਲ ਹੋਣ ਲਈ ਗੱਤਕੇਬਾਜ 7 ਅਪ੍ਰੈਲ ਤੱਕ ਭੇਜਣ ਅਰਜ਼ੀਆਂ

**ਚੰਡੀਗੜ੍ਹ:** ਜੂਨ ਮਹੀਨੇ ਹੋ ਰਹੀਆਂ ਖੇਲੋ ਇੰਡੀਆ ਯੂਥ ਗੇਮਜ਼ ਤੋਂ ਪਹਿਲਾਂ ਰੈਫਰੀਆਂ ਨੂੰ ਗੱਤਕਾ ਨਿਯਮਾਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ 14 ਅਪ੍ਰੈਲ ਤੋਂ 17 ਅਪ੍ਰੈਲ, 2022 ਤੱਕ ਸੈਣੀ ਭਵਨ, ਸੈਕਟਰ-24 ਚੰਡੀਗੜ੍ਹ ਵਿਖੇ ਮੁਫ਼ਤ ਗੱਤਕਾ ਰੈਫਰੀ-ਕਮ-ਕੋਚਿੰਗ ਕੈਂਪ ਲਗਾਇਆ ਜਾ ਰਿਹਾ ਹੈ।

ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ (ਐਨ.ਜੀ.ਏ.ਆਈ.) ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਨੇ ਇੱਥੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੇਂਦਰੀ ਖੇਡ ਮੰਤਰਾਲੇ ਨੇ 4 ਜੂਨ ਤੋਂ 13 ਜੂਨ, 2022 ਤੱਕ ਪੰਚਕੂਲਾ, ਹਰਿਆਣਾ ਵਿਖੇ ਖੇਲੋ ਇੰਡੀਆ ਰਾਸ਼ਟਰੀ ਯੁਵਕ ਖੇਡਾਂ ਕਰਵਾਉਣ ਦਾ ਐਲਾਨ ਕੀਤਾ ਹੈ। ਇਸ ਕੌਮੀ ਟੂਰਨਾਮੈਂਟ ਤੋਂ ਪਹਿਲਾਂ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਕੌਂਸਲ (ਇਸਮਾਕ) ਦੇ ਸਹਿਯੋਗ ਨਾਲ ਐਨ.ਜੀ.ਏ.ਆਈ. ਵੱਲੋਂ ਗੱਤਕਾ ਨਿਯਮਾਂ ਦੀ ਸਿਖਲਾਈ ਦੇਣ ਲਈ ਇਸ ਕੈਂਪ ਨੂੰ ਇੱਕ ਛੋਟੀ ਮਿਆਦ ਦੇ ਰਿਫਰੈਸ਼ਰ ਕੋਰਸ ਵਜੋਂ ਆਯੋਜਿਤ ਕੀਤਾ ਜਾ ਰਿਹਾ ਹੈ।



ਹੋਰ ਜਾਣਕਾਰੀ ਦਿੰਦੇ ਹੋਏ ਗੱਤਕਾ ਪ੍ਰਮੋਟਰ ਗਰੇਵਾਲ ਨੇ ਦੱਸਿਆ ਕਿ ਖੇਲੋ ਇੰਡੀਆ ਟੂਰਨਾਮੈਂਟ ਮੌਕੇ ਗੱਤਕਾ ਮੁਕਾਬਲੇ ਕਰਵਾਉਣ ਲਈ ਚੁਣੇ ਗਏ ਰੈਫਰੀਆਂ ਤੋਂ ਇਲਾਵਾ 20 ਸਾਲ ਤੋਂ ਵੱਧ ਉਮਰ ਦੇ ਅਤੇ ਘੱਟੋ-ਘੱਟ ਪੰਜ ਸਾਲ ਦਾ ਤਜ਼ਰਬਾ ਰੱਖਣ ਵਾਲੇ ਗੱਤਕੇਬਾਜ਼ ਵੀ ਇਸ ਕੈਂਪ ਵਿੱਚ ਹਿੱਸਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਐਨ.ਜੀ.ਏ.ਆਈ. ਵੱਲੋਂ ਕੈਂਪਰਾਂ ਨੂੰ ਠਹਿਰਣ ਅਤੇ ਲੰਗਰ ਤੋਂ ਇਲਾਵਾ ਟੀ-ਸ਼ਰਟਾਂ ਅਤੇ ਸਰਟੀਫਿਕੇਟ ਮੁਫ਼ਤ ਦਿੱਤੇ ਜਾਣਗੇ। ਇਸ ਤੋਂ ਇਲਾਵਾ ਚੁਣੇ ਗਏ ਰੈਫਰੀਆਂ ਨੂੰ ਸਮਾਰਟ ਆਈਡੀ ਕਾਰਡ ਵੀ ਜਾਰੀ ਕੀਤੇ ਜਾਣਗੇ।

ਉਨ੍ਹਾਂ ਨੇ ਯੋਗ ਉਮੀਦਵਾਰਾਂ ਨੂੰ 7 ਅਪ੍ਰੈਲ ਤੱਕ ਇਸ ਨੂੰ ਆਖਰੀ ਮਿਤੀ ਮੰਨਦੇ ਹੋਏ ਮੇਲ ਆਈਡੀ NGAIndia@yahoo.com 'ਤੇ ਆਪਣੇ ਸਾਰੇ ਵੇਰਵੇ ਭੇਜਣ ਲਈ ਕਿਹਾ ਹੈ। ਇਸ ਤੋਂ ਬਾਅਦ ਕਿਸੇ ਵੀ ਕੀਮਤ 'ਤੇ ਦਾਖਲਾ ਨਹੀਂ ਦਿੱਤਾ ਜਾਵੇਗਾ। ਗਰੇਵਾਲ ਨੇ ਕਿਹਾ ਕਿ ਇਸ ਕੈਂਪ ਜਾਂ ਸਥਾਨ ਬਾਰੇ ਕੋਈ ਵੀ ਜਾਣਕਾਰੀ/ਮੱਦਦ ਮੋਬਾਈਲ ਨੰਬਰ 79861-04610 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਬੀਸੀ ਸਰਕਾਰ ਨੇ ਅਪ੍ਰੈਲ ਨੂੰ ਦਲਿਤਾਂ ਦੇ ਇਤਿਹਾਸ ਦਾ ਮਹੀਨਾ ਐਲਾਨਿਆ



**ਐਬਟਸਫੋਰਡ/ਏ.ਟੀ.ਨਿਊਜ਼ :** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਅਪ੍ਰੈਲ ਨੂੰ ਜਿੱਥੇ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਇਆ ਜਾਂਦਾ ਹੈ, ਉੱਥੇ ਹੁਣ ਸੂਬਾ ਸਰਕਾਰ ਨੇ ਅਪ੍ਰੈਲ ਮਹੀਨੇ ਨੂੰ ਦਲਿਤਾਂ ਦੇ ਇਤਿਹਾਸ ਦੇ ਮਹੀਨੇ ਵਜੋਂ ਵੀ ਐਲਾਨਨਾਮਾ ਜਾਰੀ ਕੀਤਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਲੈਫਟੀਨੈਂਟ ਗਵਰਨਰ ਜੇਨਿਟ ਆਸਟਿਨ ਤੇ ਅਟਾਰਨੀ ਜਨਰਲ ਡੇਵਿਡ ਈਬੀ ਵਲੋਂ ਜਾਰੀ ਕੀਤੇ ਗਏ ਇਸ ਐਲਾਨਨਾਮੇ ਵਿਚ ਅਪ੍ਰੈਲ ਮਹੀਨੇ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ, ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ, ਲੋਕ ਕਵੀ ਸੰਤ ਰਾਮ ਉਦਾਸੀ ਅਤੇ ਮਹਾਂਰਾਸ਼ਟਰ ਦੇ ਉੱਘੇ ਦਲਿਤ ਆਗੂ ਜਯੋਤੀ ਰਾਓ ਫੂਲੇ ਨੂੰ ਸਮਰਪਿਤ ਕੀਤਾ ਗਿਆ ਹੈ। ਕੈਨੇਡਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਕਿਸੇ ਸੂਬੇ ਦੀ ਸਰਕਾਰ ਵਲੋਂ ਭਾਰਤ ਦੇ ਵੱਖ-ਵੱਖ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਦਲਿਤ ਭਾਈਚਾਰੇ ਨਾਲ ਸਬੰਧਤ 4 ਸ਼ਖ਼ਸੀਅਤਾਂ ਨੂੰ ਸਰਕਾਰੀ ਤੌਰ 'ਤੇ ਮਾਨਤਾ ਦਿੱਤੀ ਗਈ ਹੋਵੇ। ਐਲਾਨਨਾਮੇ ਵਿਚ ਇਹ ਕਿਹਾ ਗਿਆ ਹੈ ਕਿ ਇਨ੍ਹਾਂ ਵਲੋਂ ਬਰਾਬਰਤਾ ਅਤੇ ਸਮਾਜਿਕ ਨਿਆਂ ਅਤੇ ਦੱਬੇ-ਕੁਚਲੇ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਬਦਲੇ ਹਮੇਸ਼ਾ ਯਾਦ ਰੱਖਿਆ ਜਾਵੇਗਾ।

# ਸਰਕਾਰ ਲਿਆਏਗੀ ਨਵਾਂ ਇਮੀਗ੍ਰੇਸ਼ਨ ਕਾਨੂੰਨ

## ✪ 1983 ਦੇ ਇਮੀਗ੍ਰੇਸ਼ਨ ਕਾਨੂੰਨ ਵਿਚ ਬਦਲਾਅ ਕਰੇਗੀ ✪ ਧੋਖਾਧੜੀ ਕਰਨ ਵਾਲੇ ਵਿਚੋਲੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਪ੍ਰਬੰਧ ਹੋਵੇਗਾ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਸਰਕਾਰ ਵਿਦੇਸ਼ਾਂ ਵਿਚ ਕੰਮ ਕਰਨ ਵਾਲੇ ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਦੇ ਪੁਖਤਾ ਇੰਤਜ਼ਾਮ ਕਰ ਰਹੀ ਹੈ। ਇਸ ਦੇ ਲਈ 1983 ਦੇ ਇਮੀਗ੍ਰੇਸ਼ਨ ਕਾਨੂੰਨ ਵਿਚ ਬਦਲਾਅ ਕਰ ਕੇ ਧੋਖਾਧੜੀ ਕਰਨ ਵਾਲੇ ਵਿਚੋਲੀਆਂ ਤੇ ਪਲੇਸਮੈਂਟ ਏਜੰਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਵਿਵਸਥਾ ਕੀਤੀ ਜਾ ਰਹੀ ਹੈ। ਇਹੋ ਨਹੀਂ, ਵਿਦੇਸ਼ੀ ਧਰਤੀ 'ਤੇ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨ ਵਾਲੇ ਜਾਂ ਜੇਲ ਦੀ ਸਜ਼ਾ ਭੁਗਤਣ ਵਾਲੇ ਪਰਵਾਸੀ ਭਾਰਤੀਆਂ ਨੂੰ ਕਾਨੂੰਨੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਵੇਗੀ। ਸਰਕਾਰ ਦੀ ਕੋਸ਼ਿਸ਼ ਇਸੇ ਸਾਲ ਨਵਾਂ ਇਮੀਗ੍ਰੇਸ਼ਨ ਕਾਨੂੰਨ ਸੰਸਦ ਤੋਂ ਪਾਸ ਕਰਾਉਣ ਦੀ ਹੈ।

ਪੂਰੀ ਦੁਨੀਆ ਵਿਚ ਲਗਭਗ ਦੋ ਕਰੋੜ ਪਰਵਾਸੀ ਭਾਰਤੀ ਰਹਿ ਰਹੇ ਹਨ ਤੇ ਹਰ ਸਾਲ ਲੱਖਾਂ ਭਾਰਤੀ ਕੰਮ ਦੀ ਭਾਲ ਵਿਚ ਵਿਦੇਸ਼ ਜਾ ਰਹੇ ਹਨ। ਪਰ ਕਾਨੂੰਨੀ ਤੇ ਪ੍ਰਸ਼ਾਸਨਿਕ ਢਾਂਚਾ ਨਾ ਹੋਣ ਕਾਰਨ ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕਾਂ ਨੂੰ ਵਿਦੇਸ਼ੀ ਧਰਤੀ 'ਤੇ ਮਾੜੇ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿਚ ਵਿਦੇਸ਼ ਜਾਣ ਤੋਂ ਬਾਅਦ ਸੇਵਾ ਸ਼ਰਤਾਂ ਵਿਚ ਬਦਲਾਅ, ਜ਼ਿਆਦਾ ਕੰਮ ਤੇ ਘੱਟ ਤਨਖ਼ਾਹ, ਸਾਰੇ ਦਸਤਾਵੇਜ਼ ਜ਼ਬਤ ਕਰ ਕੇ ਜ਼ਬਰਦਸਤੀ ਕੰਮ ਕਰਨ ਲਈ ਮਜਬੂਰ ਕਰਨਾ, ਫ਼ਰਜ਼ੀ ਕੇਸ ਬਣਾ ਕੇ ਕਾਨੂੰਨੀ ਕਾਰਵਾਈ ਵਰਗੀਆਂ ਸ਼ਿਕਾਇਤਾਂ ਆਮ ਹਨ। ਇਸ ਵਿਚ ਕੰਮ ਦੇਣ ਵਾਲੀਆਂ ਵਿਦੇਸ਼ੀ ਕੰਪਨੀਆਂ ਦੇ ਨਾਲ-ਨਾਲ ਵਿਚੋਲੀਆਂ ਤੇ ਪਲੇਸਮੈਂਟ ਏਜੰਸੀਆਂ ਦੀ ਮਿਲੀਭੁਗਤ ਦੀਆਂ ਸ਼ਿਕਾਇਤਾਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ। ਪਰ ਸਖ਼ਤ ਕਾਨੂੰਨੀ ਵਿਵਸਥਾ ਦੀ ਘਾਟ ਵਿਚ ਵਿਚੋਲੀਆਂ, ਪਲੇਸਮੈਂਟ ਏਜੰਸੀਆਂ ਅਤੇ ਕੰਮ ਦੇਣ ਵਾਲੀਆਂ ਵਿਦੇਸ਼ੀ ਕੰਪਨੀਆਂ 'ਤੇ ਕੋਈ ਕਾਰਵਾਈ ਨਹੀਂ ਹੋ ਰਹੀ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਨਵਾਂ ਇਮੀਗ੍ਰੇਸ਼ਨ ਕਾਨੂੰਨ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੇ ਨਾਲ-ਨਾਲ ਪਰਵਾਸੀ ਭਾਰਤੀਆਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨ ਦਾ ਪੁਖ਼ਤਾ ਢਾਂਚਾ ਤਿਆਰ ਕਰਨ ਦਾ ਰਾਹ ਵੀ ਪੱਧਰਾ ਕਰੇਗਾ।

ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਨਵੇਂ ਇਮੀਗ੍ਰੇਸ਼ਨ ਕਾਨੂੰਨ 'ਚ ਤਿੰਨ ਪੱਧਰੀ ਢਾਂਚਾ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤਹਿਤ ਬਿਊਰੋ ਆਫ ਇਮੀਗ੍ਰੇਸ਼ਨ ਪਾਲਿਸੀ ਐਂਡ ਪਲਾਨਿੰਗ ਬਣਾਇਆ ਜਾਵੇਗਾ ਜਿਹੜਾ ਪਰਵਾਸੀ ਭਾਰਤੀਆਂ ਦੇ ਹਿੱਤਾਂ ਲਈ ਨੀਤੀ ਬਣਾਉਣ ਦਾ ਕੰਮ ਕਰੇਗਾ। ਇਸ ਦੇ ਨਾਲ ਹੀ ਇਹ ਭਾਰਤੀ ਕਾਮਿਆਂ ਦੇ ਵਿਦੇਸ਼ ਜਾਣ ਦੇ ਪੈਟਰਨ, ਕੁਸ਼ਲ ਕਾਮਿਆਂ ਦੀ ਲੋੜ ਤੇ ਭਾਰਤੀ ਕਾਮਿਆਂ ਵਿਚ ਇਸ ਦੀ ਕਮੀ ਤੇ ਵੱਡੀ ਗਿਣਤੀ ਵਿਚ ਕਾਮਿਆਂ ਦੀ ਲੋੜ ਵਾਲੀਆਂ ਥਾਵਾਂ ਦੀ ਪਛਾਣ ਕਰੇਗਾ ਤੇ ਇਸ ਦੇ ਮੁਤਾਬਕ ਜ਼ਰੂਰੀ ਕੌਸ਼ਲ ਸਿਖਲਾਈ ਦੀਆਂ



ਨੀਤੀਆਂ ਬਣਾਏਗਾ। ਇਸ ਦੇ ਹੇਠਾਂ ਬਿਊਰੋ ਆਫ ਇਮੀਗ੍ਰੇਸ਼ਨ ਐਡਮਿਨਸਟ੍ਰੇਸ਼ਨ ਬਣਾਇਆ ਜਾਵੇਗਾ। ਇਸ 'ਤੇ ਪਰਵਾਸੀ ਭਾਰਤੀਆਂ ਲਈ ਬਣਨ ਵਾਲੀਆਂ ਸਾਰੀਆਂ ਨੀਤੀਆਂ ਲਾਗੂ ਕਰਨ ਦੀ ਜ਼ਿੰਮੇਵਾਰੀ ਹੋਵੇਗੀ। ਪਲੇਸਮੈਂਟ ਏਜੰਸੀਆਂ ਤੇ ਕੰਮ ਦੇਣ ਵਾਲੀਆਂ ਕੰਪਨੀਆਂ 'ਤੇ ਨਜ਼ਰ ਰੱਖਣ ਤੇ ਨਕੇਲ ਕੱਸਣ ਦੇ ਨਾਲ-ਨਾਲ ਮੌਜੂਦਾ ਤੇ ਭਵਿੱਖ 'ਚ ਜਾਣ ਵਾਲੇ ਪਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰਾਖੀ ਤੇ ਸਹਾਇਤਾ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਇਸ ਦੀ ਹੋਵੇਗੀ। ਤੀਜੇ ਪੱਧਰ 'ਤੇ ਪੂਰੇ ਦੇਸ਼ ਵਿਚ ਬਹੁਤ ਸਾਰੀਆਂ ਨੋਡਲ ਕਮੇਟੀਆਂ ਬਣਨਗੀਆਂ ਜਿਹੜੀਆਂ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਨਵੇਂ ਕਾਨੂੰਨ ਲਾਗੂ ਕਰਨ ਵਿਚ ਮਦਦ ਕਰਨਗੀਆਂ। ਨਾਲ ਹੀ ਇਹ ਨੋਡਲ ਕਮੇਟੀਆਂ ਧੋਖਾਧੜੀ ਕਰਨ ਵਾਲੇ ਵਿਚੋਲੀਆਂ ਤੇ ਪਲੇਸਮੈਂਟ ਏਜੰਸੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਯਕੀਨੀ ਬਣਾਉਣਗੀਆਂ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੂਰਾ ਢਾਂਚਾ ਤਿਆਰ ਹੋਣ ਤੋਂ ਬਾਅਦ ਪਰਵਾਸੀ ਭਾਰਤੀਆਂ ਨਾਲ ਧੋਖਾਧੜੀ ਕਰਨ ਵਾਲਿਆਂ ਦੇ ਨਾਲ-ਨਾਲ ਮਨੁੱਖੀ ਤਸਕਰਾਂ 'ਤੇ ਵੀ ਸ਼ਿਕੰਜਾ ਕੱਸਿਆ ਜਾ ਸਕੇਗਾ।

ਤਜਵੀਜ਼ਸ਼ੁਦਾ ਕਾਨੂੰਨ ਵਿਚ ਸਾਰੇ ਦੇਸ਼ਾਂ ਵਿਚ ਫੈਲੇ ਭਾਰਤੀ ਦੂਤਘਰਾਂ ਵਿਚ ਸਹਾਇਤਾ ਕੇਂਦਰ ਤੇ ਵੈਲਫੇਅਰ ਕਮੇਟੀਆਂ ਬਣਾਉਣ ਦੀ ਵੀ ਵਿਵਸਥਾ ਕੀਤੀ ਗਈ ਹੈ। ਇਹ ਕਮੇਟੀਆਂ ਪਰਵਾਸੀ ਭਾਰਤੀਆਂ ਦੀ ਲੋੜ ਮੁਤਾਬਕ, ਕਾਨੂੰਨੀ ਤੋਂ ਲੈ ਕੇ ਮੈਡੀਕਲ ਤਕ ਸਾਰੇ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਾਉਣਗੀਆਂ। ਇਸ ਦੇ ਨਾਲ ਹੀ ਕਮੇਟੀਆਂ ਸਬੰਧਤ ਦੇਸ਼ ਵਿਚ ਪਰਵਾਸੀ ਭਾਰਤੀਆਂ ਦੀ ਭਲਾਈ ਲਈ ਕਈ ਤਰ੍ਹਾਂ ਦੇ ਪ੍ਰੋਗਰਾਮ ਵੀ ਸ਼ੁਰੂ ਕਰ ਸਕਦੀਆਂ ਹਨ।

# ਸਿਆਸੀ ਖੁੰਦਕ ਕਾਰਨ ਲੀਡਰਾਂ 'ਤੇ ਦਰਜ ਹੋਏ 437 ਝੂਠੇ ਕੇਸ, ਜਾਂਚ ਰਿਪੋਰਟ ਵਿਚ ਖ਼ੁਲਾਸਾ

## ਭਗਵੰਤ ਮਾਨ ਸਰਕਾਰ ਝੂਠੇ ਕੇਸਾਂ ਨੂੰ ਰੱਦ ਕਰੇਗੀ

**ਚੰਡੀਗੜ੍ਹ/ਏ.ਟੀ.ਨਿਊਜ਼ :-** ਪੰਜਾਬ 'ਚ ਸਿਆਸੀ ਖਹਿਬਾਜ਼ੀ ਦੇ ਕਾਰਨ ਕਰੀਬ 438 ਆਗੂਆਂ ਖ਼ਿਲਾਫ਼ ਝੂਠੇ ਕੇਸ ਦਰਜ ਹੋਏ ਹਨ। ਇਸ ਦਾ ਖ਼ੁਲਾਸਾ ਇਕ ਜਾਂਚ ਰਿਪੋਰਟ 'ਚ ਹੋਇਆ ਹੈ। ਇਨ੍ਹਾਂ ਦਰਜ ਮੁਕੱਦਮਿਆਂ ਵਿਚ ਆਪ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੇ ਨਾਂ ਸ਼ਾਮਲ ਹਨ। ਫਿਲਹਾਲ ਜਾਂਚ ਕਮਿਸ਼ਨ ਵੱਲੋਂ ਸਰਕਾਰ ਨੂੰ ਰਿਪੋਰਟ ਸੌਂਪ ਦਿੱਤੀ ਗਈ ਹੈ। ਸੂਬੇ ਦੀ ਨਵੀਂ ਸਰਕਾਰ ਇਸ ਰਿਪੋਰਟ ਬਾਰੇ ਕਾਨੂੰਨੀ ਰਾਏ ਲੈ ਰਹੀ ਹੈ।

ਇਸ ਤੋਂ ਬਾਅਦ ਇਨ੍ਹਾਂ ਦਰਜ ਮਾਮਲਿਆਂ ਬਾਰੇ ਕੋਈ ਫ਼ੈਸਲਾ ਲਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਧੱਕੇ ਨਾਲ ਝੂਠੇ ਕੇਸ ਦਰਜ ਕਰਨ ਦੇ ਮਾਮਲੇ ਵਿਚ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵੱਡਾ ਕਦਮ ਚੁੱਕਣ ਜਾ ਰਹੀ ਹੈ। ਸਿਆਸੀ ਦਬਾਅ, ਨਿੱਜੀ




ਦੁਸ਼ਮਣੀ ਜਾਂ ਕਿਸੇ ਹੋਰ ਕਾਰਨ ਦਰਜ ਕੀਤੇ ਗਏ ਝੂਠੇ ਕੇਸਾਂ ਨੂੰ ਰੱਦ ਕਰਨ ਲਈ ਸਰਕਾਰ ਵਿਸ਼ੇਸ਼ ਕਮਿਸ਼ਨ ਬਣਾਏਗੀ।

ਇਸ ਤਹਿਤ ਪਿਛਲੇ 10 ਸਾਲਾਂ ਦੌਰਾਨ ਦਰਜ ਹੋਏ ਸ਼ੱਕੀ ਮਾਮਲਿਆਂ ਦੀ ਜਾਂਚ ਕੀਤੀ ਜਾਵੇਗੀ ਭਗਵੰਤ ਮਾਨ ਨੇ ਕਿਹਾ ਹੈ ਕਿ ਜੇਕਰ ਲੋੜ ਪਈ ਤਾਂ 10 ਸਾਲ ਤੋਂ ਵੀ ਜ਼ਿਆਦਾ ਪੁਰਾਣੇ ਮਾਮਲਿਆਂ ਦੀ ਵੀ ਜਾਂਚ ਕੀਤੀ ਜਾ ਸਕਦੀ ਹੈ। ਜਾਂਚ ਤੋਂ ਬਾਅਦ ਕਮਿਸ਼ਨ ਨੂੰ ਕੇਸ ਖਾਰਜ ਕਰਨ ਦਾ ਅਧਿਕਾਰ ਹੋਵੇਗਾ। ਕਮਿਸ਼ਨ ਜਾਂਚ ਲਈ ਕਿਸੇ ਵੀ ਵਿਭਾਗ ਤੋਂ ਰਿਕਾਰਡ ਤਲਬ ਕਰ ਸਕਦਾ ਹੈ। ਮੁੱਖ ਮੰਤਰੀ ਦੀ ਗੁਜਰਾਤ ਤੋਂ ਚੰਡੀਗੜ੍ਹ ਵਾਪਸੀ ਪਿਛੋਂ ਸ਼ਾਇਦ ਇਕ ਜਾਂਚ ਕਮਿਸ਼ਨ ਗਠਿਤ ਕੀਤਾ ਜਾਏ। ਇਹ ਕਮਿਸ਼ਨ ਇਸ ਗੱਲ ਦੀ ਜਾਂਚ ਕਰੇਗਾ ਕਿ ਪਿਛਲੇ 10-15 ਸਾਲਾਂ ਦੌਰਾਨ ਕਿਹੜੇ-ਕਿਹੜੇ ਵਿਅਕਤੀਆਂ ਵਿਰੁੱਧ ਝੂਠੇ ਮੁਕੱਦਮੇ ਦਰਜ ਹੋਏ ਹਨ।

# ਪੰਜਾਬ ਵਿਚ ਹੀ ਬਣਦਾ ਚਿੱਟਾ ?

## ਮੁੱਖ ਮੰਤਰੀ ਭਗਵੰਤ ਮਾਨ ਦੇ ਦਾਅਵੇ ਮਗਰੋਂ ਭਾਜਪਾ ਆਗੂ ਸਿਰਸਾ ਔਖੇ

**ਚੰਡੀਗੜ੍ਹ/ਏ.ਟੀ.ਨਿਊਜ਼:-** ਪੰਜਾਬ ਵਿਚ ਨਸ਼ੇ ਦੇ ਮਾਮਲੇ ਨੂੰ ਲੈ ਕੇ ਇੱਕ ਵਾਰ ਫਿਰ ਸਿਆਸਤ ਗਰਮਾ ਰਹੀ ਹੈ। ਬੀਜੇਪੀ ਨੇਤਾ ਮਨਜਿੰਦਰ ਸਿਰਸਾ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸਵਾਲ ਚੁੱਕੇ ਹਨ। ਸਿਰਸਾ



ਨੇ ਪੁੱਛਿਆ ਹੈ ਕਿ ਕੀ ਭਗਵੰਤ ਮਾਨ ਨੇ ਪਾਕਿਸਤਾਨ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਕੀ ਅਰਵਿੰਦ ਕੇਜਰੀਵਾਲ ਭਗਵੰਤ ਮਾਨ 'ਤੇ ਪਾਕਿਸਤਾਨ ਦੇ ਹੱਕ ਵਿਚ ਸਟੈਂਡ ਲੈਣ ਲਈ ਦਬਾਅ ਪਾ ਰਹੇ ਹਨ ? ਦਰਅਸਲ ਪੰਜਾਬ ਸਰਕਾਰ ਨੇ ਚੰਡੀਗੜ੍ਹ ਨੂੰ ਲੈ ਕੇ ਵਿਸ਼ੇਸ਼ ਸੈਸ਼ਨ ਬੁਲਾਇਆ ਸੀ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿੱਚ ਹੀ ਚਿੱਟਾ (ਨਸ਼ਾ) ਬਣਨ ਦੀ ਗੱਲ ਕੀਤੀ ਸੀ ਜਿਸ 'ਤੇ ਹੁਣ ਸਿਰਸਾ ਨੇ ਇਹ ਸਵਾਲ ਕੀਤਾ ਹੈ।

ਮਾਨ ਨੇ ਵਿਧਾਨ ਸਭਾ ਵਿੱਚ ਕਿਹਾ ਸੀ ਕਿ ਨਸ਼ੇ ਮੰਨ ਲਓ ਕਿ ਉਹ ਸਰਹੱਦ ਪਾਰ (ਪਾਕਿਸਤਾਨ) ਤੋਂ ਆਏ ਹਨ। ਰਾਜਸਥਾਨ ਪੰਜਾਬ ਨਾਲੋਂ ਢਾਈ ਗੁਣਾ ਵੱਡਾ ਹੈ। ਜੰਮੂ-ਕਸ਼ਮੀਰ ਦੀ ਅੱਧੀ ਤੋਂ ਵੱਧ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ। ਇਹ ਇੱਥੇ ਹੀ ਬਣਦਾ ਹੈ, ਇੱਥੇ ਵਾਲੇ ਹੀ ਨੇ, ਉਨ੍ਹਾਂ ਨੂੰ ਜਲਦੀ ਹੀ ਸਾਹਮਣੇ ਲਿਆਂਦਾ ਜਾਏਗਾ।

ਭਾਜਪਾ ਆਗੂ ਸਿਰਸਾ ਨੇ ਕਿਹਾ ਕਿ ਇਹ ਗੱਲ ਮੰਨਣਯੋਗ ਨਹੀਂ ਹੈ ਕਿ ਭਗਵੰਤ ਮਾਨ ਪਾਕਿਸਤਾਨ ਨੂੰ ਨਸ਼ਾ ਤਸਕਰੀ ਤੋਂ ਕਲੀਨ ਚਿੱਟ ਦੇ ਰਹੇ ਹਨ। ਉਹ ਕਹਿ ਰਿਹਾ ਹੈ ਕਿ ਇੱਥੇ ਚਿੱਟਾ ਬਣਦਾ। ਉਸ ਦਾ ਕਹਿਣਾ ਹੈ ਕਿ ਪੰਜਾਬ ਵਿਚ ਨਸ਼ਾ ਕੀਤਾ ਜਾ ਰਿਹਾ ਹੈ, ਜਦਕਿ ਪੂਰੀ ਦੁਨੀਆ ਜਾਣਦੀ ਹੈ ਕਿ ਇਹ ਸਭ ਪਾਕਿਸਤਾਨ ਨੇ ਕੀਤਾ ਹੈ।ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਦਾ ਮਾਮਲਾ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਚਰਨਜੀਤ ਚੰਨੀ ਦੇ ਮੁੱਖ ਮੰਤਰੀ ਹੁੰਦਿਆਂ ਵੀ ਡ੍ਰੋਨਾਂ ਤੋਂ ਹੈਰੋਇਨ ਸਪਲਾਈ ਕਰਨ ਦੇ ਮਾਮਲੇ ਆਏ ਸੀ। ਇਹ ਡਰੋਨ ਪਾਕਿਸਤਾਨ ਤੋਂ ਆਏ ਸਨ। ਜਿਸ ਤੋਂ ਬਾਅਦ ਕੇਂਦਰ ਸਰਕਾਰ ਨੇ ਬੀਐੱਸਐੱਫ ਦੀ ਰੇਂਜ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤੀ।

# ਪੰਜਾਬ 'ਚ ਡੀਜੇ 'ਤੇ ਨਹੀਂ ਵਜਣਗੇ ਸ਼ਰਾਬ, ਬੰਦੂਕਾਂ ਤੇ ਸਭਿਆਚਾਰ ਨੂੰ ਮਲੀਨ ਕਰਨ ਵਾਲੇ ਗਾਣੇ

## ✪ ਪੁਲਿਸ ਡੀਜੇ ਵਾਲਿਆਂ 'ਤੇ ਨਜ਼ਰ ਰੱਖੇਗੀ ✪ ਪੰਜਾਬ ਸਰਕਾਰ ਦਾ ਹੁਕਮ ਸ਼ਲਾਘਾਯੋਗ : ਮੀਕਾ

**ਚੰਡੀਗੜ੍ਹ/ਏ.ਟੀ.ਨਿਊਜ਼ :-** ਅਸ਼ਲੀਲ ਤੇ ਗੰਨ ਕਲਚਰ ਨੂੰ ਉਤਸ਼ਾਹਤ ਕਰਨ ਵਾਲੇ ਗੀਤ ਹੁਣ ਵਿਆਹਾਂ ਤੇ ਹੋਰ ਜਨਤਕ ਸਮਾਗਮਾਂ ਵਿਚ ਨਹੀਂ ਚੱਲ ਸਕਣਗੇ। ਪੰਜਾਬ ਪੁਲਿਸ ਨੇ ਇਹ ਕਦਮ ਅਸ਼ਲੀਲਤਾ ਤੇ ਗੰਨ ਕਲਚਰ ਨੂੰ ਰੋਕਣ ਲਈ ਕੀਤਾ ਹੈ। ਪੰਜਾਬ ਵਿਚ ਹੁਣ ਵਿਆਹ ਸਮਾਗਮਾਂ, ਪਾਰਟੀਆਂ ਵਿਚ ਡੀਜੇ ਵਾਲੇ ਭੜਕਾਊ, ਅਸ਼ਲੀਲ, ਸ਼ਰਾਬ ਅਤੇ ਹਥਿਆਰਾਂ ਵਾਲੇ ਗਾਣੇ ਨਹੀਂ ਵਜਾ ਸਕਣਗੇ। ਸੂਬੇ ਦੇ ਏਡੀਜੀਪੀ ਲਾਅ ਐਂਡ ਆਰਡਰ ਨੇ ਸਮੂਹ ਪੁਲਿਸ ਕਮਿਸ਼ਨਰਾਂ, ਐੱਸਐੱਸਪੀਜ਼ ਨੂੰ ਇਸ ਬਾਰੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਨਿਰਦੇਸ਼ਾਂ ਵਿਚ ਐੱਸਐੱਸਪੀ ਨੂੰ ਆਪਣੇ ਥਾਣਾ ਮੁਖੀਆਂ ਨੂੰ ਡੀਜੇ ਵਾਲਿਆਂ 'ਤੇ ਨਜ਼ਰ ਰੱਖਣ ਲਈ ਕਿਹਾ ਗਿਆ ਹੈ ਤਾਂਕਿ ਗੰਨ ਕਲਚਰ ਅਤੇ ਸ਼ਰਾਬ ਨੂੰ ਉਤਸ਼ਾਹਤ ਕਰਨ ਵਾਲੇ ਗਾਣੇ ਨਾ ਵੱਜਣ। ਇਹ ਦੱਸਿਆ ਗਿਆ ਕਿ ਪੰਜਾਬ ਤੇ





ਹਰਿਆਣਾ ਹਾਈਕੋਰਟ ਨੇ ਇਸ ਸਬੰਧੀ ਇਕ ਫ਼ੈਸਲਾ ਦਿੱਤਾ ਸੀ, ਜਿਸ ਵਿਚ ਹਥਿਆਰ, ਗੰਨ ਤੇ ਸ਼ਰਾਬ ਕਲਚਰ ਨੂੰ ਉਤਸ਼ਾਹਤ ਕਰਨ ਵਾਲੇ ਗੀਤ ਨਾ ਚਲਾਉਣ ਬਾਰੇ ਕਿਹਾ ਗਿਆ ਸੀ। ਇਸ ਦੇ ਬਾਵਜੂਦ ਨਿਰਦੇਸ਼ਾਂ ਦਾ ਪਾਲਣ ਨਹੀਂ ਹੋ ਰਿਹਾ ਹੈ। ਇਸ ਲਈ ਇਨ੍ਹਾਂ 'ਤੇ ਤੁਰੰਤ ਰੋਕ ਲਗਾਈ ਜਾਵੇ।

ਬਾਲੀਵੁੱਡ ਦੇ ਪ੍ਰਸਿੱਧ ਗਾਇਕ ਮੀਕਾ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਜੋ ਹਥਿਆਰਾਂ, ਅਸ਼ਲੀਲਤਾ ਆਦਿ ਨੂੰ ਬੜਾਵਾ ਦੇਣ ਵਾਲੇ ਗੀਤਾਂ 'ਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ, ਉਹ ਸ਼ਲਾਘਾਯੋਗ ਹਨ। ਮੀਕਾ ਨੇ ਕਿਹਾ ਕਿ ਭਗਵੰਤ ਮਾਨ ਤੇ ਉਨ੍ਹਾਂ (ਮੀਕਾ) ਨੇ ਬਹੁਤ ਸਾਰੇ ਸ਼ੋਅ ਇਕੱਠੇ ਕੀਤੇ ਹਨ, ਜਿਸ ਕਰਕੇ ਉਹ ਭਗਵੰਤ ਮਾਨ ਨੂੰ ਬਹੁਤ ਨੇੜੇ ਤੋਂ ਜਾਣਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਛੇਤੀ ਹੀ ਭਗਵੰਤ ਮਾਨ ਨੂੰ ਮਿਲਣਗੇ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਉਨ੍ਹਾਂ ਦੇ ਕਾਰਜਾਂ ਵਿਚ ਸਾਥ ਦੇਣ ਦੀ ਗੱਲ ਕਰਨਗੇ।

# ਨਿਊਯਾਰਕ ਸਿਟੀ ਦੇ ਟਾਈਮਜ਼ ਸਕੁਏਅਰ ਵਿਖੇ ਲੱਗੀ ਸਹਿਜਪਾਲ ਸਿੰਘ ਦੀ ਫ਼ੋਟੋ

**ਚੰਡੀਗੜ੍ਹ/ਏ.ਟੀ.ਨਿਊਜ਼:-** ਸਿੱਖ ਨੌਜਵਾਨ ਸਹਿਜਪਾਲ ਸਿੰਘ ਜੋ ਲੁਧਿਆਣਾ ਦਾ ਵਸਨੀਕ ਹੈ। ਉਸ ਨੇ ਆਪਣੀ ਤਕਨੀਕੀ ਸਿੱਖਿਆ ਥਾਪਰ ਯੂਨੀਵਰਸਿਟੀ ਤੋਂ ਪਾਸ ਕਿਤੀ । ਸਹਿਜਪਾਲ ਸਿੰਘ ਪੰਜਾਬ ਦੇ ਉਨ੍ਹਾਂ ਚੁਣੇ ਹੋਏ ਲੋਕਾਂ ਵਿੱਚ ਸ਼ਾਮਿਲ ਹੋਇਆ ਹੈ ਜਿਨ੍ਹਾਂ ਨੇ ਮੋਰਗਨ ਸਟੈਨਲੀ ਦੀ ਤਕਨੀਕੀ ਵਿਕਾਸ ਦੀ ਪ੍ਰੀਖਿਆ ਵਿੱਚ



ਉੱਚ ਅਸਥਾਨ ਹਾਸਿਲ ਕੀਤਾ ਅਤੇ ਹੁਣ ਉਸ ਕੰਪਨੀ ਵਿੱਚ ਤਕਨੀਕੀ ਖ਼ੋਜ ਵਿਭਾਗ ਵਿੱਚ ਨੌਕਰੀ ਕਰ ਰਿਹਾ, ਜਿਹੜੇ ਦੁਨੀਆ ਲਈ ਨਵੀਂ ਤਕਨੀਕ ਦੀ ਖੋਜ ਕਰਦੇ ਹਨ। ਸਹਿਜਪਾਲ ਸਿੰਘ ਨੇ ਸੋਸ਼ਲ ਮੀਡੀਆ 'ਤੇ ਆਪਣੀ ਖੁਸ਼ੀ ਨੂੰ ਸਾਂਝਾ ਕਰਦੇ ਕਿਹਾ ਕਿ ਮੇਰੀ ਤਸਵੀਰ ਨੂੰ ਮੋਰਗਨ ਸਟੈਨਲੀ ਵਿਖੇ ਟੈਕਨਾਲੋਜੀ ਐਨਾਲਿਸਟ ਪ੍ਰੋਗਰਾਮ ਨੂੰ ਸਫਲਤਾਪੂਰਵਕ ਪੂਰਾ ਕਰਨ ਤੋਂ ਬਾਅਦ 1585, ਟਾਈਮਜ਼ ਸਕੁਏਅਰ, ਨਿਊਯਾਰਕ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਸੀ।

# ਚੈਨਲ ਪ੍ਰਾਈਮ ਏਸ਼ੀਆ ਵਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਭੇਟ ਕੀਤੇ ਜਾਂਦੇ ਚੰਦੋਆ ਸਾਹਿਬ ਬਾਰੇ ਕੀਤੀ ਹੋਛੀ ਟਿੱਪਣੀ

**✪ ਪੱਤਰਕਾਰ ਜਤਿੰਦਰ ਪੰਨੂੰ ਬੋਲਿਆ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਰੋਜ਼ਾਨਾ ਚੜ੍ਹਾਏ ਜਾਣ ਵਾਲੇ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਦੇ ਸੈੱਟ ਬਾਹਰ ਦੁਕਾਨਦਾਰ ਨੂੰ ਮੁੜ ਵੇਚੇ ਜਾਂਦੇ ਨੇ ✪ ਸ਼੍ਰੋਮਣੀ ਕਮੇਟੀ ਨੇ ਡੀਸੀਪੀ ਨੂੰ ਉਕਤ ਚੈਨਲ ਦੇ ਪ੍ਰਬੰਧਕ, ਪੱਤਰਕਾਰ ਤੇ ਕੈਮਰਾਮੈਨ ਵਿਰੁੱਧ ਕਾਰਵਾਈ ਕਰਨ ਲਈ ਦਿੱਤਾ ਸ਼ਿਕਾਇਤ ਪੱਤਰ ✪ ਦਰਬਾਰ ਸਾਹਿਬ ਵਿਖੇ ਚੜ੍ਹਾਏ ਜਾਣ ਵਾਲੇ ਚੰਦੋਆ ਸਾਹਿਬ ਦਾ ਪੂਰਾ ਰਿਕਾਰਡ ਹੁੰਦਾ ਹੈ ਸ਼੍ਰੋਮਣੀ ਕਮੇਟੀ ਕੋਲ**

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਬੀਤੇ ਦਿਨ ਇਕ ਚੈਨਲ ਪ੍ਰਾਈਮ ਏਸ਼ੀਆ ਵਲੋਂ ਸ੍ਰੀ ਦਰਬਾਰ ਸਾਹਿਬ ਅੰਦਰ ਸੰਗਤਾਂ ਵਲੋਂ ਭੇਟ ਕੀਤੇ ਜਾਣ ਵਾਲੇ ਚੰਦੋਆ ਸਾਹਿਬ ਬਾਰੇ ਇਕ ਵਿਚਾਰ ਚਰਚਾ ਵਿਚ ਕੀਤੀ ਗਈ ਟਿੱਪਣੀ ਖ਼ਿਲਾਫ਼ ਸਖ਼ਤ ਕਦਮ ਚੁੱਕਦੇ ਹੋਏ ਮੈਨੇਜਰ ਸ੍ਰੀ ਦਰਬਾਰ ਸਾਹਿਬ ਸੁਲੱਖਣ ਸਿੰਘ ਭੰਗਾਲੀ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਵਲੋਂ ਅੰਮ੍ਰਿਤਸਰ ਡੀ.ਸੀ.ਪੀ. ਪਰਮਿੰਦਰ ਸਿੰਘ ਭੰਡਾਲ ਨੂੰ ਉਕਤ ਚੈਨਲ ਦੇ ਪ੍ਰਬੰਧਕ, ਪੱਤਰਕਾਰ ਜਤਿੰਦਰ ਪੰਨੂੰ ਅਤੇ ਕੈਮਰਾਮੈਨ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕਾਰਵਾਈ ਕਰਨ ਲਈ ਸ਼ਿਕਾਇਤ ਪੱਤਰ ਦਿੱਤਾ ਗਿਆ ਹੈ। ਯਾਦ ਰਹੇ ਕਿ ਇਸ ਚੈਨਲ ਦੇ ਪੱਤਰਕਾਰ ਜਤਿੰਦਰ ਪੰਨੂੰ ਨੇ ਕਿਹਾ ਸੀ ਕਿ ਦਰਬਾਰ ਸਾਹਿਬ ਵਿਖੇ ਰੋਜ਼ਾਨਾ ਚੜ੍ਹਾਏ ਜਾਣ ਵਾਲੇ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਦੇ ਸੈੱਟ ਬਾਹਰ ਦੁਕਾਨਦਾਰ ਨੂੰ ਮੁੜ ਵੇਚੇ ਜਾਂਦੇ ਹਨ। ਡੀਸੀਪੀ. ਨਾਲ ਗੱਲਬਾਤ ਕਰਦੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਉਕਤ ਚੈਨਲ 'ਤੇ ਇਕ ਵੀਡੀਓ ਰਾਹੀਂ ਸ਼੍ਰੋਮਣੀ ਕਮੇਟੀ ਵਿਰੁੱਧ ਬੇਬੁਨਿਆਦ ਦੋਸ਼ ਲਗਾਏ ਹਨ ਅਤੇ ਝੂਠਾ ਪ੍ਰਚਾਰ ਕਰਕੇ ਸੰਸਥਾ ਦੇ ਅਕਸ ਨੂੰ ਵੱਡੀ ਸੱਟ ਮਾਰੀ ਗਈ ਹੈ। ਉਨ੍ਹਾਂ ਕਿਹਾ ਕਿ ਚੈਨਲ ਨੇ ਬਿਨਾਂ ਸਚਾਈ ਜਾਣਿਆ ਹਰਿਮੰਦਰ ਸਾਹਿਬ ਦੇ ਪ੍ਰਬੰਧ ਨੂੰ ਦੁਨੀਆ ਭਰ ਵਿਚ ਬਦਨਾਮ ਕਰਨ ਦਾ ਯਤਨ ਕੀਤਾ ਹੈ, ਜਿਸ ਨਾਲ ਦੇਸ਼ ਦੁਨੀਆ ਦੀਆਂ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਜਿਸ ਨੂੰ ਧਿਆਨ ਵਿਚ ਰੱਖ ਕੇ ਚੈਨਲ ਪ੍ਰਬੰਧਕ, ਪੱਤਰਕਾਰਾਂ ਖ਼ਿਲਾਫ਼ ਪਰਚਾ ਦਰਜ ਕਰਕੇ ਕਾਰਵਾਈ ਕੀਤੀ ਜਾਵੇ। ਦਰਬਾਰ ਸਾਹਿਬ ਵਿਖੇ ਰੋਜ਼ਾਨਾ ਚੜ੍ਹਾਏ ਜਾਣ ਵਾਲੇ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਦੇ ਸੈੱਟ ਬਾਹਰ ਦੁਕਾਨਦਾਰ ਨੂੰ ਮੁੜ. ਵੇਚਣ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਭਖਿਆ ਹੋਣ ਕਾਰਨ ਇਸ ਦੀਆਂ ਚਰਚਾਵਾਂ ਨੇ ਜ਼ੋਰ ਫੜਿਆ ਹੋਇਆ ਹੈ। ਇਸ ਵਿਸ਼ੇਸ਼ ਰਿਪੋਰਟ ਵਿਚ ਇਸ ਦੇ ਤੱਥ ਪੇਸ਼ ਕੀਤੇ ਗਏ ਹਨ। ਸ੍ਰੀ ਦਰਬਾਰ ਸਾਹਿਬ ਵਿਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀ ਅਥਾਹ ਸ਼ਰਧਾ ਹੈ ਤੇ ਸੰਗਤਾਂ ਵੱਲੋਂ ਗੁਰੂ ਘਰ ਵਿਖੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਉੱਥੇ ਸਜਾਏ ਜਾਣ ਵਾਲੇ ਚੰਦੋਆ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਸ਼ੋਭਿਤ ਹੋਣ ਵਾਲੇ ਰੁਮਾਲਾ ਸਾਹਿਬ ਦਾ ਸੈੱਟ ਰੋਜ਼ਾਨਾ ਹੀ ਨਵਾਂ ਚੜ੍ਹਾਇਆ ਜਾਂਦਾ ਹੈ। ਇਹ ਸੈੱਟ ਚੜ੍ਹਾਉਣ ਲਈ ਸੰਗਤਾਂ ਨੂੰ ਲੰਮਾ ਸਮਾਂ ਆਪਣੀ ਵਾਰੀ ਦੀ ਉਡੀਕ ਵੀ ਕਰਨੀ ਪੈਂਦੀ ਹੈ। ਰਾਤ ਸਮਾਪਤੀ ਤੋਂ ਬਾਅਦ ਸੁੱਕੀ ਸੇਵਾ ਦਰਮਿਆਨ ਪਹਿਲਾਂ ਸੁਸ਼ੋਭਿਤ ਕੀਤਾ ਚੰਦੋਆ ਸਾਹਿਬ ਬਦਲ ਕੇ ਨਵਾਂ ਚੰਦੋਆ ਸਾਹਿਬ ਸੁਸ਼ੋਭਿਤ ਕੀਤਾ ਜਾਂਦਾ ਹੈ। ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸ ਚੰਦੋਆ ਸਾਹਿਬ ਦੇ ਨਾਲ ਦਾ ਸੈੱਟ ਰੁਮਾਲਾ ਸਾਹਿਬ ਵੀ ਸੁਸ਼ੋਭਿਤ ਕੀਤਾ ਜਾਂਦਾ ਹੈ। ਚੰਦੋਆ ਸਾਹਿਬ ਦਾ ਸੈੱਟ ਚੜ੍ਹਾਉਣ ਵਾਲੀ ਸੰਗਤ ਦਰਬਾਰ ਸਾਹਿਬ ਵਿਖੇ ਸੈੱਟ ਭੇਟ ਕਰਦੀ ਹੈ ਤੇ ਇਸ ਸੈੱਟ ਨੂੰ ਚੜ੍ਹਾਉਣ ਤੇ ਸੰਭਾਲਣ ਦੀ ਜ਼ਿੰਮੇਵਾਰੀ ਫਰਾਸ਼ ਦੀ ਹੁੰਦੀ ਹੈ।

### ਸੰਗਤਾਂ ਕਿਸ ਤਰਾਂ ਚੜ੍ਹਾਉਂਦੀਆਂ ਹਨ ਚੰਦੋਆ ਸਾਹਿਬ ਦਾ ਸੈੱਟ

ਦੇਸ਼-ਵਿਦੇਸ਼ ਦੀਆਂ ਸੰਗਤਾਂ ਸ਼ਰਧਾ ਮੁਤਾਬਕ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਦੀ ਸੇਵਾ ਕਰਦੀਆਂ ਹਨ। ਸੰਗਤਾਂ ਨੂੰ ਇਹ ਸੈੱਟ ਬਾਜ਼ਾਰ ਵਿਚ ਸਥਿਤ ਕੁਝ ਦੁਕਾਨਾਂ ਰਾਹੀਂ ਹੀ ਤਿਆਰ ਕਰਵਾਉਣੇ ਪੈਂਦੇ ਹਨ। ਸੱਚਖੰਡ ਦਰਬਾਰ ਸਾਹਿਬ ਦੇ ਨਾਲ ਲੱਗਦੇ ਬਜ਼ਾਰਾਂ ਵਿਚ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਤਿਆਰ ਕਰਨ ਵਾਲੀਆਂ ਕੁਝ ਦੁਕਾਨਾਂ ਹਨ ਅਤੇ ਇਸ ਕੰਮ ਵਿਚ ਕੁਝ ਕਾਰੀਗਰਾਂ ਨੂੰ ਮੁਹਾਰਤ ਹਾਸਲ ਹੈ। ਸੰਗਤਾਂ ਨੂੰ ਦੁਕਾਨਦਾਰ ਕੱਪੜਾ, ਰੰਗ ਤੇ ਹੋਣ ਵਾਲੀ ਕਢਾਈ ਦੇ ਕੰਮ ਬਾਰੇ ਦੱਸ ਕੇ ਜਿਸ ਤਰਾਂ ਦਾ ਕੱਪੜਾ ਤੇ ਕਢਾਈ ਸੰਗਤ ਨੂੰ ਪਸੰਦ ਹੁੰਦੀ ਹੈ, ਉਸ ਹਿਸਾਬ ਨਾਲ ਦੁਕਾਨਦਾਰ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਦੀ ਕੀਮਤ ਤੈਅ ਕਰਦੇ ਹਨ।

### ਚੰਦੋਆ ਸਾਹਿਬ ਚੜ੍ਹਾਉਣ ਲਈ ਕਿਸ ਤਰਾਂ ਮਿਲਦੀ ਹੈ ਤਰੀਕ

ਸੱਚਖੰਡ ਸ੍ਰੀ ਦਰਬਾਰ ਸਾਹਿਬ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਚੜ੍ਹਾਉਣ ਲਈ ਤਰੀਕ ਸਬੰਧੀ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਚੰਦੋਆ ਸਾਹਿਬ ਚੜ੍ਹਾਉਣ ਲਈ ਉਨ੍ਹਾਂ ਤੱਕ ਪਹੁੰਚ ਕੀਤੀ ਜਾਂਦੀ ਹੈ। ਦੁਕਾਨਦਾਰ ਪਾਸੋਂ ਸੰਗਤਾਂ ਸੈੱਟ ਪਸੰਦ ਕਰਕੇ ਤਿਆਰ ਕਰਵਾਉਣ ਲਈ ਇਕ ਬਿੱਲ ਹਾਸਲ ਕਰਦੀਆਂ ਹਨ। ਬਿੱਲ ਤੋਂ ਪਤਾ ਲੱਗਦਾ ਹੈ ਕਿ ਸੰਗਤ ਨੇ ਚੰਦੋਆ ਸਾਹਿਬ ਤਿਆਰ ਕਰਵਾਉਣ ਲਈ ਆਰਡਰ ਦੇ ਦਿੱਤਾ ਹੈ। ਸੰਗਤ ਦੇ ਬਿੱਲ ਨਾਲ ਸ਼ਨਾਖ਼ਤੀ ਕਾਰਡ ਲਗਾ ਕੇ ਅਗਲੇ ਦਿਨਾਂ ਵਿਚ ਆਉਣ ਵਾਲੀ ਖ਼ਾਲੀ ਤਰੀਕ ਦੇ ਦਿੱਤੀ ਜਾਂਦੀ ਹੈ, ਦਿੱਤੀ ਹੋਈ ਤਰੀਕ 'ਤੇ ਸੰਗਤ ਚੰਦੋਆ ਸਾਹਿਬ ਲੈ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਪੁੱਜਦੀ ਹੈ ਤੇ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਦਾ ਸੈੱਟ ਭੇਟ ਕਰਦੀ ਹੈ। ਸਮਾਪਤੀ ਤੋਂ ਬਾਅਦ ਪਹਿਲਾ ਸੁਸ਼ੋਭਿਤ ਹੋਇਆ ਚੰਦੋਆ ਸਾਹਿਬ ਉਤਾਰ ਕੇ ਸੰਗਤ ਦੀ ਹਾਜ਼ਰੀ ਵਿਚ ਨਵਾਂ ਚੰਦੋਆ ਸਾਹਿਬ ਸੁਸ਼ੋਭਿਤ ਕਰ ਦਿੱਤਾ ਜਾਂਦਾ ਹੈ ਤੇ ਰੁਮਾਲਾ ਸਾਹਿਬ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਗੁਰੂ ਸਾਹਿਬ ਨੂੰ ਸੁਸ਼ੋਭਿਤ ਕਰ ਦਿੱਤਾ ਜਾਂਦਾ ਹੈ। ਇਨ੍ਹਾਂ ਸੈੱਟਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਦਰਬਾਰ ਸਾਹਿਬ ਦੇ ਫਰਾਸ਼ ਦੀ ਹੁੰਦੀ ਹੈ।



### ਕਿਸ ਤਰਾਂ ਹੁੰਦੀ ਹੈ ਚੰਦੋਆ ਸਾਹਿਬ ਦੇ ਸੈੱਟ ਦੀ ਸੰਭਾਲ

ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਫਰਾਸ਼ ਭਾਈ ਸਤਨਾਮ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਚੰਦੋਆ ਸਾਹਿਬ ਦਾ ਸੈੱਟ ਚੜ੍ਹਾਉਣ ਦੀ ਤਰੀਕ ਮੈਨੇਜਰ ਵੱਲੋਂ ਹੀ ਦਿੱਤੀ ਜਾਂਦੀ ਹੈ। ਸੰਗਤਾਂ ਦਰਬਾਰ ਸਾਹਿਬ ਵਿਖੇ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਦਾ ਸੈੱਟ ਭੇਟ ਕਰਦੀਆਂ ਹਨ ਅਤੇ ਸੰਗਤਾਂ ਦੀ ਮੌਜੂਦਗੀ ਵਿਚ ਚੰਦੋਆ ਸਾਹਿਬ ਸੁਸ਼ੋਭਿਤ ਕਰਨ ਤੋਂ ਬਾਅਦ ਸੰਗਤਾਂ ਨੂੰ ਉਹ ਫਰਾਸ਼ ਦੇ ਦਫ਼ਤਰ ਲੈ ਕੇ ਆਉਂਦੇ ਹਨ ਅਤੇ ਉਨ੍ਹਾਂ ਵੱਲੋਂ ਸੈੱਟ ਦਾ ਵੇਰਵਾ ਰਜਿਸਟਰ ਵਿਚ ਦਰਜ ਕਰਕੇ ਸਬੰਧਿਤ ਪਰਿਵਾਰ ਨੂੰ ਰਸੀਦ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੰਗਤ ਦਾ ਨਾਂ, ਪਤਾ ਤੇ ਮੋਬਾਇਲ ਨੰਬਰ ਰਸੀਦ ਉੱਪਰ ਲਿਖਿਆ ਜਾਂਦਾ ਹੈ। ਤਰੀਕ ਤੇ ਰਸੀਦ ਨੰਬਰ ਉਸੇ ਚੰਦੋਆ ਸਾਹਿਬ ਸੈੱਟ 'ਤੇ ਮੋਹਰ ਨਾਲ ਲਗਾ ਦਿੱਤਾ ਜਾਂਦਾ ਹੈ।

### ਕਿੱਥੇ ਜਾਂਦੇ ਹਨ ਸੁਸ਼ੋਭਿਤ ਹੋਣ ਵਾਲੇ ਚੰਦੋਆ ਸਾਹਿਬ

ਭਾਈ ਸਤਨਾਮ ਸਿੰਘ ਨੇ ਦੱਸਿਆ ਕਿ ਜਿਸ ਤਰਾਂ ਚੰਦੋਆ ਸਾਹਿਬ ਚੜ੍ਹਾਉਣ ਵਾਲੀ ਸੰਗਤ ਨੂੰ ਰਸੀਦ ਕੱਟ ਕੇ ਦਿੱਤੀ ਜਾਂਦੀ ਹੈ, ਉਸੇ ਨੰਬਰ ਦੇ ਆਧਾਰ 'ਤੇ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਦੇ ਸੈੱਟ ਦੀ ਪਛਾਣ ਹੁੰਦੀ ਹੈ। ਉਨ੍ਹਾਂ ਕਿਹਾ ਕਿ ਦੂਰ-ਦੁਰਾਡੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਸਥਾਨਕ ਗੁਰਦੁਆਰਾ ਸਾਹਿਬ ਲਈ ਚੰਦੋਆ ਸਾਹਿਬ ਦੀ ਮੰਗ ਕਰਦੀਆਂ ਹਨ। ਇਹ ਮੰਗ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਤੇ ਕਮੇਟੀਆਂ ਵੱਲੋਂ ਉਨ੍ਹਾਂ ਦੇ ਲੈਟਰਹੈੱਡ 'ਤੇ ਕੀਤੀ ਜਾਂਦੀ ਹੈ ਜਿਸ ਦੀ ਸਿਫ਼ਾਰਸ਼ ਸ਼੍ਰੋਮਣੀ ਕਮੇਟੀ ਮੈਂਬਰ ਵੱਲੋਂ ਕੀਤੀ ਜਾਂਦੀ ਹੈ। ਉਸ ਉਪਰੰਤ ਦਫ਼ਤਰੀ ਕਾਰਵਾਈ ਸ਼ੁਰੂ ਹੁੰਦੀ ਹੈ ਤੇ ਪ੍ਰਧਾਨ ਸਾਹਿਬ ਦੀ ਆਗਿਆ ਤੋਂ ਬਾਅਦ ਸੈਕਸ਼ਨ ਪਚਾਸੀ ਬ੍ਰਾਂਚ ਵੱਲੋਂ ਇਕ ਦਫ਼ਤਰੀ ਚਿੱਠੀ ਕੱਢੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰਾਂ ਚੰਦੋਆ ਸਾਹਿਬ ਚੜ੍ਹਾਉਣ ਵਾਲਿਆਂ ਨੂੰ ਇੰਤਜ਼ਾਰ ਕਰਨਾ ਪੈਂਦਾ ਹੈ, ਉਸੇ ਤਰਾਂ ਸੁਸ਼ੋਭਿਤ ਹੋਏ ਚੰਦੋਆ ਸਾਹਿਬ ਲੈਣ ਵਾਲੇ ਗੁਰਦੁਆਰਾ ਪ੍ਰਬੰਧਕ ਤੇ ਕਮੇਟੀਆਂ ਨੂੰ ਵੀ ਇੰਤਜ਼ਾਰ ਕਰਨਾ ਪੈਂਦਾ ਹੈ।

### ਹਰੇਕ ਚੰਦੋਆ ਸਾਹਿਬ ਦਾ ਰਿਕਾਰਡ ਹੈ ਮੌਜੂਦ ਮੈਨੇਜਰ

ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਕਿਹਾ ਕਿ ਹਰੇਕ ਚੰਦੋਆ ਸਾਹਿਬ ਦਾ ਰਿਕਾਰਡ ਦਫ਼ਤਰ ਸ਼੍ਰੋਮਣੀ ਕਮੇਟੀ ਸ੍ਰੀ ਦਰਬਾਰ ਸਾਹਿਬ ਵਿਖੇ ਮੌਜੂਦ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਤਰੀਕ ਦੇਣ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਰਜਿਸਟਰ ਵਿਚ ਸਾਰਾ ਰਿਕਾਰਡ ਮੌਜੂਦ ਹੁੰਦਾ ਹੈ। ਉਸ ਤੋਂ ਬਾਅਦ ਸਾਰਾ ਰਿਕਾਰਡ ਫਰਾਸ਼ ਕੋਲ ਮੌਜੂਦ ਹੁੰਦਾ ਹੈ। ਫਰਾਸ਼ ਹਰੇਕ ਚੰਦੋਆ ਸਾਹਿਬ ਦੀ ਕੱਟੀ ਹੋਈ ਰਸੀਦ ਮੁਤਾਬਕ ਇਹ ਰਿਕਾਰਡ ਸੰਭਾਲਦਾ ਹੈ। ਜਿਵੇਂ ਕਿ ਚੰਦੋਆ ਸਾਹਿਬ ਚੜ੍ਹਾਉਣ ਵਾਲੇ ਦਾ ਰਿਕਾਰਡ ਮੌਜੂਦ ਹੁੰਦਾ ਹੈ, ਉਸੇ ਤਰਾਂ ਸੁਸ਼ੋਭਿਤ ਹੋਣ ਤੋਂ ਬਾਅਦ ਜਿਸ ਗੁਰਦੁਆਰਾ ਸਾਹਿਬ ਨੂੰ ਚੰਦੋਆ ਸਾਹਿਬ ਦਾ ਸੈੱਟ ਦਿੱਤਾ ਗਿਆ ਹੈ, ਉਸ ਦਾ ਰਿਕਾਰਡ ਵੀ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਕੋਲ ਮੌਜੂਦ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰੀਕ 'ਤੇ ਚੜ੍ਹਿਆ ਹੋਇਆ ਚੰਦੋਆ ਸਾਹਿਬ ਉਸ ਤੋਂ ਬਾਅਦ ਕਿਸ ਗੁਰਦੁਆਰੇ ਨੂੰ ਦੇ ਦਿੱਤਾ ਗਿਆ, ਉਸ ਦਾ ਰਿਕਾਰਡ ਅੱਜ ਵੀ ਸ੍ਰੀ ਦਰਬਾਰ ਸਾਹਿਬ ਦੇ ਰਿਕਾਰਡ ਵਿਚ ਦਰਜ ਹੈ। ਮੈਨੇਜਰ ਭੰਗਾਲੀ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਗੁੰਮਰਾਹਕੁਨ ਅਫ਼ਵਾਹਾਂ ਤੋਂ ਸੁਚੇਤ ਰਹਿਣ ਤੇ ਜੇਕਰ ਕਿਸੇ ਨੂੰ ਵੀ ਸ਼ੱਕ ਹੈ ਤਾਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨਾਲ ਸੰਪਰਕ ਕਰਕੇ ਆਪਣੇ ਸ਼ੱਕ ਦੂਰ ਕਰ ਕੀਤਾ ਜਾ ਸਕਦਾ ਹੈ।

---

# ਭਾਰਤ ਵਿਚ ਵਾਪਰ ਰਹੇ ਨੇ ਨਿੱਤ ਨਵੇਂ ਘੁਟਾਲੇ

**✪ ਪਿਛਲੇ ਸੱਤ ਸਾਲਾਂ ਦੌਰਾਨ ਹਰ ਰੋਜ਼ ਔਸਤਨ 100 ਕਰੋੜ ਰੁਪਏ ਦੀਆਂ ਬੈਂਕ ਧੋਖਾਧੜੀਆਂ ਸਾਹਮਣੇ ਆਈਆਂ ✪ ਸਭ ਤੋਂ ਵੱਧ ਘੁਟਾਲੇ ਮਹਾਰਾਸ਼ਟਰ, ਦਿੱਲੀ, ਤੇਲੰਗਾਨਾ, ਗੁਜਰਾਤ ਤੇ ਤਾਮਿਲਨਾਡੂ ਵਿਚ ਸਾਹਮਣੇ ਆਏ**

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਰਤ ਵਿਚ ਨਿੱਤ ਕੋਈ ਨਵਾਂ ਘੁਟਾਲਾ ਸਾਹਮਣੇ ਆ ਜਾਂਦਾ ਹੈ। ਨਿੱਤ ਨਵੇਂ ਰਿਕਾਰਡ ਟੁੱਟ ਰਹੇ ਹਨ। ਇਸ ਆਧੁਨਿਕ ਯੁੱਗ ਵਿਚ ਹੁਣ ਆਨਲਾਈਨ ਤੇ ਬੈਂਕ ਧੋਖਾਧੜੀਆਂ ਵੀ ਵੱਡੇ ਪੱਧਰ 'ਤੇ ਸਾਹਮਣੇ ਆਉਣ ਲੱਗ ਪਈਆਂ ਹਨ। ਭਾਰਤੀ ਰਿਜ਼ਰਵ ਬੈਂਕ ਦੇ ਅੰਕੜਿਆਂ ਮੁਤਾਬਕ ਪਿਛਲੇ ਸੱਤ ਸਾਲਾਂ ਦੌਰਾਨ ਹਰ ਰੋਜ਼ ਔਸਤਨ 100 ਕਰੋੜ ਰੁਪਏ ਦੀਆਂ ਬੈਂਕ ਧੋਖਾਧੜੀਆਂ ਸਾਹਮਣੇ ਆਈਆਂ ਹਨ। ਮੀਡੀਆ ਰਿਪੋਰਟਾਂ ਅਨੁਸਾਰ ਅਜਿਹੇ ਸਭ ਤੋਂ ਵੱਧ ਘੁਟਾਲੇ ਮਹਾਰਾਸ਼ਟਰ, ਦਿੱਲੀ, ਤੇਲੰਗਾਨਾ, ਗੁਜਰਾਤ ਤੇ ਤਾਮਿਲਨਾਡੂ ਵਿਚ ਸਾਹਮਣੇ ਆਏ ਹਨ। ਇਨ੍ਹਾਂ ਸਿਰਫ਼ ਪੰਜ ਰਾਜਾਂ ਵਿਚ ਹੀ 2 ਲੱਖ ਕਰੋੜ ਰੁਪਏ ਤੋਂ ਵੱਧ ਦੇ ਬੈਂਕ ਫਰਾਡ ਹੋਏ ਹਨ। ਆਰਬੀਆਈ ਵੱਲੋਂ ਨਿੱਤ ਆਨਲਾਈਨ ਠੱਗਾਂ ਤੋਂ ਸਾਵਧਾਨ ਰਹਿਣ ਅਤੇ ਕਈ ਤਰਾਂ ਦੀਆਂ ਚੌਕਸੀਆਂ ਵਰਤਣ ਲਈ ਵੀ ਕਿਹਾ ਜਾਂਦਾ ਹੈ। ਜੇ ਅਜਿਹੀ ਕੋਈ ਠੱਗੀ ਹੋ ਜਾਂਦੀ ਹੈ ਤਾਂ ਛੇਤੀ ਤੋਂ ਛੇਤੀ ਉਸ ਦੀ ਸ਼ਿਕਾਇਤ ਭਾਰਤੀ ਰਿਜ਼ਰਵ ਬੈਂਕ ਕੋਲ ਕਰਨੀ ਚਾਹੀਦੀ ਹੈ। ਉਸ ਹਾਲਤ ਵਿਚ ਪੀੜਤ ਦੀ ਰਕਮ ਬਚਣ ਦੀ ਵੱਡੀ ਸੰਭਾਵਨਾ ਬਣੀ ਰਹਿੰਦੀ ਹੈ। ਜੇ ਪੀੜਤ



ਨੇ ਆਪ ਹੀ ਸਾਰੇ ਪਾਸਵਰਡ ਧੋਖੇਬਾਜ਼ਾਂ ਨੂੰ ਦਿੱਤੇ ਹੋਣ ਤਾਂ ਉਸ ਸੂਰਤ ਵਿਚ ਰਕਮ ਵਾਪਸ ਮਿਲਣ ਦੇ ਆਸਾਰ ਮੱਧਮ ਪੈ ਜਾਂਦੇ ਹਨ। ਆਮ ਤੌਰ 'ਤੇ ਇਹ ਵੀ ਵੇਖਿਆ ਗਿਆ ਹੈ ਕਿ ਜਦੋਂ ਕਿਸੇ ਅਹਿਮ ਸ਼ਖ਼ਸੀਅਤ ਨਾਲ ਅਜਿਹੀ ਕੋਈ ਧੋਖਾਧੜੀ ਹੁੰਦੀ ਹੈ ਤਦ ਤਾਂ ਸਾਈਬਰ ਕ੍ਰਾਈਮ ਦੇ ਅਧਿਕਾਰੀ ਤੁਰੰਤ ਦੋਸ਼ੀਆਂ ਨੂੰ ਫੜਨ ਲਈ ਪੱਬਾਂ ਭਾਰ ਹੋ ਜਾਂਦੇ ਹਨ ਤੇ ਜਦੋਂ ਆਮ ਵਿਅਕਤੀ ਕਦੇ ਕਿਸੇ ਆਨਲਾਈਨ ਧੋਖਾਧੜੀ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਦੀ ਕਿਤੇ ਸੁਣਵਾਈ ਨਹੀਂ ਹੁੰਦੀ। ਜੇ ਅਜਿਹੇ ਮਾਮਲੇ ਦੀ ਪੈਰਵੀ ਖ਼ੁਦ ਭਾਰਤੀ ਰਿਜ਼ਰਵ ਬੈਂਕ ਕੋਲ ਆਨਲਾਈਨ ਕਰੇ ਤਾਂ ਉਸ ਦੇ ਵਧੀਆ ਤੇ ਹਾਂ-ਪੱਖੀ ਨਤੀਜੇ ਸਾਹਮਣੇ ਆ ਸਕਦੇ ਹਨ। ਕਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੇ ਵਟਸਐਪ ਜਾਂ ਈਮੇਲ ਸੁਨੇਹਿਆਂ ਦਾ ਜਵਾਬ ਕਦੇ ਨਾ ਦਿਉ ਜਿਨ੍ਹਾਂ ਵਿਚ ਲਿਖਿਆ ਹੁੰਦਾ ਹੈ ਕਿ 'ਤੁਸੀਂ ਇੰਨੇ ਲੱਖ ਜਾਂ ਕਰੋੜ ਰੁਪਏ ਦੀ ਲਾਟਰੀ ਜਿੱਤ ਲਈ ਹੈ। ਇਹ ਚੈੱਕ ਲੈਣ ਲਈ ਤੁਹਾਨੂੰ ਇੰਨੇ ਰੁਪਏ ਦੇਣੇ ਹੋਣਗੇ।' ਕਦੇ ਅਜਿਹੇ ਕਿਸੇ ਸੁਨੇਹੇ ਵਿਚ ਲਿਖਿਆ ਹੁੰਦਾ ਹੈ ਕਿ ਇਕ ਅਫ਼ਰੀਕਨ ਦੇਸ਼ ਵਿਚੋਂ ਮੋਟੀ ਗ਼ੈਰ-ਕਾਨੂੰਨੀ ਰਕਮ ਤੁਹਾਡੇ ਖਾਤੇ ਵਿਚ ਟ੍ਰਾਂਸਫਰ ਹੋਣ ਵਾਲੀ ਹੈ। ਕਦੇ ਸੁਨੇਹਾ ਆਉਂਦਾ ਹੈ ਕਿ ਤੁਹਾਨੂੰ ਵਿਦੇਸ਼ ਵਿਚ ਨੌਕਰੀ ਮਿਲ ਗਈ ਹੈ ਤੇ ਆਫਰ ਲੈਟਰ ਲੈਣ ਲਈ ਇੰਨੀ ਰਕਮ ਜਮਾ ਕਰਵਾਈ ਜਾਵੇ। ਅਜਿਹੇ ਠੱਗ ਇੰਜ ਭੋਲੇ-ਭਾਲੇ ਲੋਕਾਂ ਨਾਲ ਆਨਲਾਈਨ ਠੱਗੀਆਂ ਮਾਰਨ ਦਾ ਕਾਰੋਬਾਰ ਕਰਦੇ ਹਨ। ਜੇ ਤੁਸੀਂ ਅਜਿਹੇ ਕਿਸੇ ਆਨਲਾਈਨ ਠੱਗ ਨੂੰ ਜਾਣਦੇ ਹੋ ਤਾਂ ਉਸ ਬਾਰੇ ਤੁਰੰਤ ਸਾਈਬਰ ਸੈੱਲ ਕੋਲ ਰਿਪੋਰਟ ਕਰੋ।

# ਪੀਟੀਸੀ ਦਾ ਐਮ ਡੀ ਰਬਿੰਦਰ ਨਰਾਇਣ ਪੁਲਿਸ ਹਿਰਾਸਤ ਵਿਚ

**ਪੀਟੀਸੀ ਮਿਸ ਪੰਜਾਬਣ ਮੁਕਾਬਲੇ ਬਾਰੇ ਇਕ ਲੜਕੀ ਵੱਲੋਂ ਦਰਜ ਕਰਵਾਈ ਸੀ ਐੱਫ ਆਈ ਆਰ**

**ਜਲੰਧਰ/ਏ.ਟੀ.ਨਿਊਜ਼ :-** ਰਬਿੰਦਰ ਨਰਾਇਣ ਪੰਜਾਬ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ। ਉਨ੍ਹਾਂ ਤੋਂ ਪੀਟੀਸੀ ਮਿਸ ਪੰਜਾਬਣ ਮੁਕਾਬਲੇ ਬਾਰੇ ਇਕ ਲੜਕੀ ਵੱਲੋਂ ਦਰਜ ਕਰਵਾਈ ਐੱਫ ਆਈ ਆਰ ਦੇ ਸਬੰਧ ਵਿਚ ਪੁੱਛ ਗਿੱਛ ਕੀਤੀ ਜਾ ਰਹੀ ਹੈ। ਰਬਿੰਦਰ ਨਾਰਾਇਣ ਨੂੰ ਗੁੜਗਾਓਂ ਵਿਚਲੀ ਰਿਹਾਇਸ਼ ਤੋਂ ਹਿਰਾਸਤ ਵਿੱਚ ਲਿਆ ਗਿਆ।



ਜ਼ਿਕਰਯੋਗ ਹੈ ਕਿ ਇਕ ਮਿਸ ਪੰਜਾਬ ਪ੍ਰਤੀਯੋਗੀ ਵੱਲੋਂ ਦਰਜ ਕਰਵਾਈ ਗਈ ਇਕ ਐਫਆਈਆਰ ਬਾਰੇ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਹੈ। ਉਸ ਨੇ ਦੋਸ਼ ਲਾਇਆ ਸੀ ਕਿ ਉਸ ਨੂੰ ਇਕ ਹੋਟਲ ਦੇ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ ਤੇ ਪੀਟੀਸੀ ਸਟਾਫ਼ ਨੇ ਉਸ ਨਾਲ ਦੁਰਵਿਵਹਾਰ ਕੀਤਾ।

### ਪੀਟੀਸੀ ਹਰ ਸਾਲ ਕਰਵਾਉਂਦਾ ਹੈ ਸੁੰਦਰਤਾ ਮੁਕਾਬਲੇ

ਇਸ ਘਟਨਾਕ੍ਰਮ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਪੀਟੀਸੀ ਨੈੱਟਵਰਕ ਦੇ ਬੁਲਾਰੇ ਨੇ ਕਿਹਾ ਇਹ ਇੱਕ ਰਾਜਨੀਤੀ ਤੋਂ ਪ੍ਰੇਰਿਤ ਕਦਮ ਹੈ। ਇਸ ਮਾਮਲੇ ਵਿੱਚ ਬਣਾਈ ਗਈ ਐਸਆਈਟੀ ਪਹਿਲਾਂ ਹੀ ਐਮਡੀ ਰਬਿੰਦਰ ਨਾਰਾਇਣ ਦੇ ਬਿਆਨ ਦਰਜ ਕਰ ਚੁੱਕੀ ਹੈ। ਉਨ੍ਹਾਂ ਨੇ ਜਾਂਚ ਵਿੱਚ ਸਹਿਯੋਗ ਦਿੱਤਾ ਹੈ ਤੇ ਸਾਰੇ ਡੀਵੀਆਰ ਪੁਲਿਸ ਕੋਲ ਹਨ। ਇਸ ਤੋਂ ਇਲਾਵਾ ਮੁੱਖ ਮੁਲਜ਼ਮ ਨੈਂਸੀ ਘੁੰਮਣ ਅਤੇ ਭੁਪਿੰਦਰ ਸਿੰਘ ਦਾ ਪੀਟੀਸੀ ਨੈੱਟਵਰਕ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਕਦੇ ਵੀ ਸਾਡੇ ਨਾਲ ਜੁੜੇ ਨਹੀਂ ਸਨ।

# 'ਦ ਕਸ਼ਮੀਰ ਫਾਈਲਜ਼' ਦਾ ਭਗਵਾਂ ਸਰਕਾਰੀ ਪ੍ਰਚਾਰ

ਅੱਜ ਕੱਲ ਮੌਜੂਦਾ ਪ੍ਰਧਾਨ ਮੰਤਰੀ ਤੀਜੇ ਦਰਜੇ ਦੇ ਫ਼ਿਲਮਕਾਰ ਦੀ ਅਧੂਰਾ ਸੱਚ ਤੇ ਤੱਥਾਂ ਨੂੰ ਤੋੜ-ਮਰੋੜ ਕੇ ਬਣਾਈ ਗਈ ਬਦਅਮਨੀ ਫੈਲਾਉਣ ਵਾਲੀ ਫ਼ਿਲਮ 'ਦ ਕਸ਼ਮੀਰ ਫਾਈਲਜ਼' ਦਾ ਪ੍ਰਚਾਰ ਕਰ ਰਹੇ ਹਨ। ਜਿਸ ਤਰਾਂ ਪ੍ਰਧਾਨ ਮੰਤਰੀ ਦੀਆਂ ਰੈਲੀਆਂ ਲਈ ਬੱਸਾਂ ਰਾਹੀਂ ਭੀੜ ਇਕੱਠੀ ਕੀਤੀ ਜਾਂਦੀ ਹੈ ਅਤੇ ਉਸ ਲਈ ਨਾਸ਼ਤਾ-ਭੋਜਨ ਆਦਿ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਉਸੇ ਤਰਾਂ ਇਸ ਫ਼ਿਲਮ ਨੂੰ ਦਿਖਾਉਣ ਲਈ ਵੀ ਸੱਤਾਧਾਰੀ ਪਾਰਟੀ ਅਤੇ ਉਸ ਨਾਲ ਜੁੜੇ ਤਮਾਮ ਵੱਡੇ-ਛੋਟੇ ਸੰਗਠਨਾਂ ਵਲੋਂ ਆਮ ਲੋਕਾਂ ਨੂੰ ਬਾਕਾਇਦਾ ਬੱਸਾਂ ਵਿਚ ਭਰ ਕੇ ਸਿਨੇਮਾ ਹਾਲ ਤੱਕ ਲਿਜਾਇਆ ਜਾ ਰਿਹਾ ਹੈ। ਦੂਰ-ਦੁਰਾਡੇ ਦੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਫ਼ਿਲਮ ਦੇਖਣ ਲਈ ਨੇੜਲੇ ਸ਼ਹਿਰਾਂ ਵਿਚ ਬੁਲਾਇਆ ਜਾ ਰਿਹਾ ਹੈ। ਲੋਕ ਜਲੂਸ ਦੀ ਸ਼ਕਲ ਵਿਚ ਭਾਜਪਾ ਅਤੇ ਆਰ.ਐਸ.ਐਸ. ਦੇ ਝੰਡੇ ਲਹਿਰਾਉਂਦੇ ਹੋਏ ਵੀ ਫ਼ਿਲਮ ਦੇਖਣ ਜਾ ਰਹੇ ਹਨ।

ਫ਼ਿਲਮ ਦੇਖ ਕੇ ਸਿਨੇਮਾ ਹਾਲ ਤੋਂ ਬਾਹਰ ਨਿਕਲ ਰਹੇ ਲੋਕਾਂ ਦੇ ਵੀਡੀਓ ਦੱਸ ਰਹੇ ਹਨ ਕਿ ਉਹ ਭਾਰਤ ਮਾਤਾ ਦੀ ਜੈ ਅਤੇ ਭਾਜਪਾ ਜ਼ਿੰਦਾਬਾਦ ਦੇ ਨਾਲ-ਨਾਲ ਮੋਦੀ-ਮੋਦੀ ਦੇ ਨਾਅਰੇ ਵੀ ਲਗਾ ਰਹੇ ਹਨ ਅਤੇ ਆਪਣਾ ਸੰਤੁਲਨ ਗਵਾ ਕੇ ਇਸਲਾਮੀ ਭਾਈਚਾਰੇ ਨੂੰ ਗੰਦੀਆਂ-ਗੰਦੀਆਂ ਗਾਲ਼ਾਂ ਵੀ ਕੱਢ ਰਹੇ ਹਨ, ਬਦਲਾ ਲੈਣ ਦੇ ਨਾਅਰੇ ਲਗਾ ਰਹੇ ਹਨ।

ਪਿਛਲੇ ਕੁਝ ਸਾਲਾਂ ਤੋਂ ਧਰਮ-ਨਿਰਪੱਖਤਾ, ਸਰਵ ਧਰਮ ਸਦਭਾਵਨਾ ਜਾਂ ਭਾਈਚਾਰੇ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਬੇਇੱਜ਼ਤ ਕਰਨ ਦਾ ਰਿਵਾਜ ਸ਼ੁਰੂ ਹੋਇਆ ਹੈ। ਇਹ ਫ਼ਿਲਮ ਵੀ ਇਹੀ ਕਰ ਰਹੀ ਹੈ। ਹਿੰਦੂ ਅੱਤਵਾਦ ਤੋਂ ਹਟ ਕੇ ਕੋਈ ਹੋਰ ਸੋਚ ਰੱਖਣ ਵਾਲਿਆਂ ਨੂੰ ਇਹ ਫ਼ਿਲਮ ਕਸ਼ਮੀਰ ਵਿਚ ਸਰਗਰਮ ਪਾਕਿਸਤਾਨ ਦੇ ਪਾਲੇ ਹੋਏ ਜਿਹਾਦੀਆਂ ਦੇ ਨਾਲ ਇਕ ਪਾਲੇ ਵਿਚ ਖੜਾ ਕਰ ਦਿੰਦੀ ਹੈ। ਫ਼ਿਲਮ ਦੇ ਨਜ਼ਰੀਏ ਵਿਚ ਧਰਮ-ਨਿਰਪੱਖ ਹੋਣਾ ਜਾਂ ਦੂਜਿਆਂ ਧਰਮਾਂ ਪ੍ਰਤੀ ਸਨਮਾਨ ਦਾ ਭਾਵ ਰੱਖਣਾ ਅੱਤਵਾਦੀ ਹੋਣ ਤੇ ਆਪਣੇ ਧਰਮ ਨਾਲ ਗ਼ੱਦਾਰੀ ਕਰਨ ਵਾਂਗ ਹੈ। ਫ਼ਿਲਮ ਸਾਫ਼-ਸਾਫ਼ ਸੰਦੇਸ਼ ਦਿੰਦੀ ਹੈ ਕਿ ਜੇਕਰ ਤੁਸੀਂ ਹੁਣ ਵੀ ਫ਼ਿਰਕੂ ਨਾ ਹੋਏ ਤਾਂ ਤੁਸੀਂ ਖ਼ਤਰੇ ਵਿਚ ਹੋ, ਤੁਹਾਡਾ ਮੁਸਲਿਮ ਗੁਆਂਢੀ ਤੁਹਾਡੇ ਮਕਾਨ-ਦੁਕਾਨ 'ਤੇ ਕਬਜ਼ਾ ਕਰ ਸਕਦਾ ਹੈ ਅਤੇ ਤੁਹਾਡੀ ਜਾਨ ਤੱਕ ਲੈ ਸਕਦਾ ਹੈ। ਇਸ ਤੋਂ ਬਚਣ ਲਈ ਤੁਹਾਡਾ ਫ਼ਿਰਕੂ ਹੋਣਾ ਬੇਹੱਦ ਜ਼ਰੂਰੀ ਹੈ।

'ਦ ਕਸ਼ਮੀਰ ਫਾਈਲਜ਼' ਜਿਸ ਮਕਸਦ ਨਾਲ ਬਣਾਈ ਗਈ ਹੈ, ਉਸ ਵਿਚ ਉਹ ਪੂਰੀ ਤਰਾਂ ਸਫਲ ਰਹੀ ਹੈ, ਪਰ ਸਵਾਲ ਹੈ ਕਿ, ਕੀ ਕਸ਼ਮੀਰ ਫਾਈਲਜ਼ ਨੂੰ ਸਿਨੇਮਾ ਕਿਹਾ ਜਾ ਸਕਦਾ ਹੈ ? ਦਰਅਸਲ 'ਦ ਕਸ਼ਮੀਰ ਫਾਈਲਜ਼' ਕਸ਼ਮੀਰੀ ਪੰਡਤਾਂ ਦੇ ਬਹਾਨੇ ਇਕ ਖ਼ਾਸ ਭਾਈਚਾਰੇ ਖ਼ਿਲਾਫ਼ ਨਫ਼ਰਤ ਪੈਦਾ ਕਰਨ ਦਾ ਇਕ ਰਾਜਨੀਤਕ ਔਜ਼ਾਰ ਹੈ, ਜੋ ਭਗਵੇਂ ਸੱਤਾਧਾਰੀਆਂ ਵਲੋਂ ਚਲਾਇਆ ਜਾ ਰਿਹਾ ਹੈ।

ਫ਼ਿਲਮ ਬਣਾਉਣ ਵਾਲਿਆਂ ਨੂੰ ਸਰਕਾਰ ਤੋਂ ਸ਼ਾਬਾਸ਼ੀ ਤਾਂ ਮਿਲ ਹੀ ਰਹੀ ਹੈ, ਖ਼ੁਦ ਪ੍ਰਧਾਨ ਮੰਤਰੀ ਆਪਣੀ ਪਾਰਟੀ ਦੇ ਸੰਸਦੀ ਦਲ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਫ਼ਿਲਮਕਾਰ ਦੀ, ਫ਼ਿਲਮ ਵਿਚ ਕੰਮ ਕਰਨ ਵਾਲਿਆਂ ਦੀ ਅਤੇ ਫ਼ਿਲਮ ਦੇ ਵਿਸ਼ਾ-ਵਸਤੂ ਦੀ ਨਾ ਸਿਰਫ਼ ਮੰਤਰ-ਮੁਗਧ ਹੋ ਕੇ ਪ੍ਰਸੰਸਾ ਕਰ ਰਹੇ ਹਨ, ਸਗੋਂ ਫ਼ਿਲਮ ਦੀ ਤਾਰਕਿਕ ਆਲੋਚਨਾ ਕਰਨ ਵਾਲਿਆਂ ਦੀ, ਉਨਾਂ ਦੀਆਂ




ਚਿੰਤਾਵਾਂ ਅਤੇ ਸੱਦ-ਇਛਾਵਾਂ ਦਾ ਮਜ਼ਾਕ ਵੀ ਉਡਾ ਰਹੇ ਹਨ। ਫ਼ਿਲਮ ਨਾਲ ਰਿਕਾਰਡ ਤੋੜ ਕਮਾਈ ਵੀ ਹੋ ਰਹੀ ਹੈ। ਕੋਝੀ ਮਾਨਸਿਕਤਾ ਵਾਲੇ ਇਕ ਤੀਜੇ ਦਰਜੇ ਦੇ ਫ਼ਿਲਮਕਾਰ ਅਤੇ ਉਸ ਦੇ ਮੁੱਖ ਕਿਰਦਾਰ ਨੂੰ ਹੋਰ ਕੀ ਚਾਹੀਦਾ ਹੈ ?

ਸਮੁੱਚੀ ਦੁਨੀਆ ਦੇ ਇਤਿਹਾਸ ਵਿਚ ਸਿਰਫ਼ ਇਕ ਹੀ ਉਦਾਹਰਨ ਮਿਲਦੀ ਹੈ, ਜਦੋਂ ਕਿਸੇ ਚੁਣੀ ਹੋਈ ਸਰਕਾਰ ਨੇ ਆਪਣੀ ਜਨਤਾ ਨੂੰ ਨਫ਼ਰਤ ਫੈਲਾਉਣ ਵਾਲੀ ਫ਼ਿਲਮ ਦੇਖਣ ਲਈ ਪ੍ਰੇਰਿਤ ਕੀਤਾ ਹੋਵੇ, ਉਹ ਸੀ ਨਾਜ਼ੀ ਜਰਮਨੀ ਦੀ ਸਰਕਾਰ। ਹਿਟਲਰ ਦੀ ਨਾਜ਼ੀ ਪਾਰਟੀ ਨੇ 1933 ਵਿਚ ਜਰਮਨੀ ਵਿਚ ਆਪਣੀ ਸਰਕਾਰ ਤਹਿਤ ਫ਼ਿਲਮ ਵਿਭਾਗ ਦੀ ਸਥਾਪਨਾ ਕੀਤੀ ਸੀ। ਉਸ ਦਾ ਮੁੱਖ ਕੰਮ 'ਜਨਤਕ ਸਿੱਖਿਆ ਤੇ ਗਿਆਨ ਲਈ ਅਨੁਕੂਲ' ਫ਼ਿਲਮਾਂ ਬਣਾਉਣਾ ਅਤੇ ਲੋਕਾਂ ਨੂੰ ਦਿਖਾਉਣਾ ਸੀ। ਪਰ ਅਜਿਹੀਆਂ ਫ਼ਿਲਮਾਂ ਦਾ ਮੁੱਖ ਉਦੇਸ਼ ਜਾਤੀ ਅਤੇ ਨਸਲੀ 'ਸਫ਼ਾਈ' ਸੀ, ਉਸ ਦੌਰ ਵਿਚ ਡਾਕੂਮੈਂਟਰੀ, ਨਿਊਜ਼ ਰੀਲ, ਛੋਟੀ ਫ਼ਿਲਮ ਅਤੇ ਫ਼ੀਚਰ ਫ਼ਿਲਮ ਮਿਲਾ ਕੇ ਲਗਭਗ ਇਕ ਹਜ਼ਾਰ ਫ਼ਿਲਮਾਂ ਬਣਾਈਆਂ ਗਈਆਂ ਸਨ। ਨਾਜ਼ੀ ਫ਼ਿਲਮ ਵਿਭਾਗ ਵਲੋਂ ਬਣਾਈ ਯਹੂਦੀ ਵਿਰੋਧੀ ਫ਼ਿਲਮ 'ਦ ਐਟਰਨਲ ਜਿਊਸ' ਤੇ 'ਜੂਡ ਸਸ' ਨੂੰ 1940 ਵਿਚ ਰਿਲੀਜ਼ ਕੀਤਾ ਗਿਆ ਸੀ।ਜਿਸ ਤਰਾਂ ਸਾਡੇ ਇੱਥੇ ਮੱਧ ਪ੍ਰਦੇਸ਼ ਸਰਕਾਰ ਵਲੋਂ ਪੁਲਿਸ ਕਰਮੀਆਂ ਅਤੇ ਸਰਕਾਰੀ ਕਰਮਚਾਰੀਆਂ ਨੂੰ ਫ਼ਿਲਮ ਦੇਖਣ ਲਈ ਛੁੱਟੀ ਦਿੱਤੀ ਜਾ ਰਹੀ ਹੈ, ਉਸੇ ਤਰਾਂ ਹੌਲੋਕਾਸਟ ਦੇ ਮੁੱਖ ਕਰਤਾ-ਧਰਤਾ ਅਤੇ ਹਿਟਲਰ ਦੇ ਪ੍ਰਮੁੱਖ ਸਹਿਯੋਗੀ ਹੇਨਰਿਕ ਹਿਮਲਰ ਨੇ ਵੀ ਆਪਣੇ ਉਥੋਂ ਦੀ ਪੁਲਿਸ ਸਮੇਤ ਦੂਜੇ ਕਰਮਚਾਰੀਆਂ ਨੂੰ ਯਹੂਦੀ ਵਿਰੋਧੀ ਫ਼ਿਲਮਾਂ ਦੇਖਣ ਦਾ ਫ਼ਰਮਾਨ ਜਾਰੀ ਕੀਤਾ ਸੀ।

**ਸੱਚੋ ਸੱਚ ਦਸ ਵੇ ਜੋਗੀਆ**

ਨਾਜ਼ੀ ਜਰਮਨੀ ਵਿਚ ਖ਼ਾਸ ਵਿਚਾਰਧਾਰਾ 'ਤੇ ਆਧਾਰਿਤ ਨਫ਼ਰਤ ਫੈਲਾਉਣ ਵਾਲੀਆਂ ਅਜਿਹੀਆਂ ਫ਼ਿਲਮਾਂ ਦੇ ਨਿਰਮਾਣ ਲਈ ਘੱਟ ਵਿਆਜ 'ਤੇ ਕਰਜ਼ ਉਪਲਬਧ ਕਰਵਾਉਣ ਲਈ ਇਕ 'ਫ਼ਿਲਮ ਕ੍ਰੈਡਿਟ ਬੈਂਕ' ਦੀ ਸਥਾਪਨਾ ਵੀ ਕੀਤੀ ਗਈ ਸੀ ਅਤੇ ਅਜਿਹੀਆਂ ਫ਼ਿਲਮਾਂ ਨੂੰ ਕਰ ਮੁਕਤ ਵੀ ਕੀਤਾ ਗਿਆ ਸੀ। ਨਾਜ਼ੀ ਸਰਕਾਰ ਵਲੋਂ ਅਜਿਹੀਆਂ ਫ਼ਿਲਮਾਂ ਨੂੰ ਪੁਰਸਕਾਰ ਵੀ ਦਿੱਤੇ ਜਾਂਦੇ ਸਨ। ਦਰਅਸਲ ਹਿਟਲਰ ਖ਼ੁਦ ਖ਼ੁਦ ਵੀ ਫ਼ਿਲਮਾਂ ਦੇ ਮਨੋਵਿਗਿਆਨਕ ਪ੍ਰਭਾਵ ਬਾਰੇ ਸਮਝ ਰੱਖਦਾ ਸੀ। ਆਪਣੀ ਆਤਮਕਥਾ 'ਮੀਨ ਕੈਮਫ' ਵਿਚ ਉਸ ਨੇ ਲਿਖਿਆ ਹੈ ਕਿ ਲੋਕਾਂ ਨੂੰ ਲਿਖੇ ਜਾਂ ਛਪੇ ਹੋਏ ਸ਼ਬਦਾਂ ਦੀ ਬਜਾਏ ਫ਼ਿਲਮਾਂ ਨਾਲ ਜੋੜਨਾ ਜ਼ਿਆਦਾ ਸੌਖਾ ਹੈ। ਹਿਟਲਰ ਅਤੇ ਉਸ ਦਾ ਪ੍ਰਚਾਰ ਮੰਤਰੀ ਜੋਸੇਫ਼ ਗਾਇਬਲਸ ਲਗਾਤਾਰ 'ਤੇ ਆਪਣੇ ਘਰ ਵਿਚ ਫ਼ਿਲਮਾਂ ਦੇਖਦੇ ਸਨ ਅਤੇ ਅਕਸਰ ਉਨਾਂ ਫ਼ਿਲਮਾਂ ਦੇ ਜਾਂ ਫ਼ਿਲਮ ਨਿਰਮਾਣ ਬਾਰੇ ਚਰਚਾ ਕਰਦੇ ਸਨ।

ਸਾਫ਼ ਨਜ਼ਰ ਆਉਂਦਾ ਹੈ ਕਿ ਫ਼ਿਲਮਾਂ ਨਾਜ਼ੀ ਜਰਮਨੀ 'ਚ ਨਫ਼ਰਤ ਫੈਲਾਉਣ ਦਾ ਸਭ ਤੋਂ ਮਹੱਤਵਪੂਰਨ ਮਾਧਿਅਮ ਸਨ ਅਤੇ ਅੱਜ ਭਾਰਤ ਵਿਚ ਵੀ ਉਸੇ ਤਰਜ਼ 'ਤੇ ਨਫ਼ਰਤ ਫੈਲਾਉਣ ਲਈ ਉਸੇ ਮਾਧਿਅਮ ਨੂੰ ਵਰਤਿਆ ਜਾ ਰਿਹਾ ਹੈ।

### ਸਿੱਧੂ ਨੂੰ ਮੁੜ ਮਿਲੇਗੀ ਪੰਜਾਬ ਕਾਂਗਰਸ ਦੀ ਸਰਦਾਰੀ ?

ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਕਰਾਰੀ ਹਾਰ ਮਗਰੋਂ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਇੱਕ ਵਾਰ ਫਿਰ ਸਰਗਰਮ ਨਜ਼ਰ ਆ ਰਹੇ ਹਨ। ਨਵਜੋਤ ਸਿੱਧੂ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਲੈ ਕੇ ਆਪ ਪਾਰਟੀ ਦੀ ਸਰਕਾਰ 'ਤੇ ਲਗਾਤਾਰ ਸਵਾਲ ਚੁੱਕ ਰਹੇ ਹਨ। ਇਸ ਤੋਂ ਇਲਾਵਾ ਸਿੱਧੂ ਨੇ ਪਾਰਟੀ ਦੀ ਮੁੜ ਉਸਾਰੀ ਦੇ ਯਤਨਾਂ ਤਹਿਤ ਅੰਮ੍ਰਿਤਸਰ ਵਿੱਚ ਕਾਂਗਰਸੀ ਆਗੂਆਂ



ਨਾਲ ਮੀਟਿੰਗ ਵੀ ਕੀਤੀ ਹੈ। ਜਾਣਕਾਰੀ ਮੁਤਾਬਕ ਨਵਜੋਤ ਸਿੱਧੂ ਦੀ ਮੀਟਿੰਗ ਵਿੱਚ ਸਾਬਕਾ ਸੰਸਦ ਮੈਂਬਰ ਤੇ ਸਾਬਕਾ ਵਿਧਾਇਕ ਵੀ ਸ਼ਾਮਲ ਹੋਏ ਹਨ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਅੰਮ੍ਰਿਤਸਰ ਨਗਰ ਨਿਗਮ ਵਿੱਚ ਕਾਂਗਰਸ ਦੇ ਆਗੂ ਇੱਕਜੁੱਟ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਦੱਸ ਦਈਏ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਪ ਪਾਰਟੀ ਦੇ ਸਾਬਕਾ ਆਗੂ ਤੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਸਿੱਧੂ ਦਾ ਸਮਰਥਨ ਕੀਤਾ ਸੀ। ਗਾਂਧੀ ਅਜੇ ਵੀ ਸਿੱਧੂ ਦੇ ਨਾਲ ਹਨ ਤੇ ਉਹ ਵੀ ਸਿੱਧੂ ਵੱਲੋਂ ਅੰਮ੍ਰਿਤਸਰ ਵਿੱਚ ਬੁਲਾਈ ਗਈ ਮੀਟਿੰਗ ਵਿੱਚ ਸ਼ਾਮਲ ਹੋਏ। ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਨਵਜੋਤ ਸਿੱਧੂ ਦੇ ਅਸਤੀਫੇ ਦੀ ਮੰਗ ਕੀਤੀ ਸੀ ਪਰ ਪਿਛਲੇ ਦੋ ਹਫ਼ਤਿਆਂ ਤੋਂ ਸਿੱਧੂ ਲਗਾਤਾਰ ਵੱਖ-ਵੱਖ ਜ਼ਿਲਿਆਂ ਵਿੱਚ ਜਾ ਕੇ ਕਾਂਗਰਸੀ ਵਰਕਰਾਂ ਨਾਲ ਮੀਟਿੰਗਾਂ ਕਰ ਰਹੇ ਹਨ। ਕਿਆਸ ਲਗਾਏ ਜਾ ਰਹੇ ਹਨ ਕਿ ਸਿੱਧੂ ਮੁੜ ਸੂਬਾ ਕਾਂਗਰਸ ਪ੍ਰਧਾਨ ਦੀ ਕੁਰਸੀ ਹਾਸਲ ਕਰਨਾ ਚਾਹੁੰਦੇ ਹਨ। ਇਸ ਤੋਂ ਇਲਾਵਾ ਸਿੱਧੂ ਦੀ ਨਜ਼ਰ ਸਤੰਬਰ ਵਿਚ ਹੋਣ ਵਾਲੀਆਂ ਉਪ ਚੋਣਾਂ 'ਤੇ ਵੀ ਹੈ। ਭਗਵੰਤ ਮਾਨ ਦੇ ਅਸਤੀਫੇ ਤੋਂ ਬਾਅਦ ਸੰਗਰੂਰ ਲੋਕ ਸਭਾ ਸੀਟ 'ਤੇ 6 ਮਹੀਨਿਆਂ ਦੇ ਅੰਦਰ ਜ਼ਿਮਨੀ ਚੋਣ ਹੋਣੀ ਹੈ। ਇਸ ਸੀਟ 'ਤੇ ਸਿੱਧੂ ਵੀ ਦਾਅਵਾ ਪੇਸ਼ ਕਰ ਸਕਦੇ ਹਨ।

### ਬਦਲਾਅ ਦੀ ਰਾਜਨੀਤੀ ਕਾਰਨ ਭਾਜਪਾ ਘਬਰਾਹਟ ਵਿਚ

ਪੰਜ ਸੂਬਿਆਂ ਦੀਆਂ ਚੋਣਾਂ ਤੋਂ ਬਾਅਦ ਕੇਂਦਰ ਸਰਕਾਰ ਦੇ ਕਈ ਮੰਤਰੀਆਂ ਦੇ ਨਾਲ ਹੀ ਕਈ ਸੂਬਿਆਂ ਵਿਚ ਭਾਜਪਾ ਦੇ ਸੂਬੇਦਾਰਾਂ ਦੀ ਚਿੰਤਾ ਵੀ ਵਧੀ ਹੈ, ਕਿਉਂਕਿ ਕਿਹਾ ਜਾ ਰਿਹਾ ਹੈ ਕਿ ਗੁਜਰਾਤ ਵਰਗਾ ਤਜਰਬਾ ਕੇਂਦਰ ਦੇ ਨਾਲ ਹੀ ਕੁਝ ਸੂਬਿਆਂ ਵਿਚ ਵੀ ਕੀਤਾ ਜਾ ਸਕਦਾ ਹੈ। ਇਸ ਸਾਲ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਲੋਕ ਸਭਾ ਦੇ ਨਾਲ ਹਰਿਆਣਾ ਵਿਚ ਵਿਧਾਨ ਸਭਾ ਦੀਆਂ ਚੋਣਾਂ ਹਨ। ਇਨਾਂ ਦੋਵਾਂ ਸੂਬਿਆਂ ਵਿਚ ਬਦਲਾਅ ਦੀ ਚਰਚਾ ਹੈ। ਭਾਜਪਾ ਦੇ ਇਕ ਜਾਣਕਾਰ ਨੇਤਾ ਦਾ ਕਹਿਣਾ ਹੈ ਕਿ ਹਰਿਆਣਾ ਵਿਚ ਭਾਜਪਾ ਮਨੋਹਰ ਲਾਲ ਖੱਟਰ ਦੇ ਚਿਹਰੇ 'ਤੇ ਚੋਣਾਂ ਨਹੀਂ ਲੜੇਗੀ। ਉਨਾਂ ਦੀ ਥਾਂ ਨਵਾਂ ਚਿਹਰਾ ਲਿਆਂਦਾ ਜਾਵੇਗਾ। ਉੱਥੇ ਹੀ ਗੁਜਰਾਤ ਵਿਚ ਪ੍ਰਯੋਗ ਦੀ ਸਭ ਤੋਂ ਵੱਧ ਸੰਭਾਵਨਾ ਦੇਖੀ ਜਾ ਰਹੀ ਹੈ। ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਵਿਚ ਜ਼ਿਆਦਾ ਸਮਾਂ ਨਹੀਂ ਬਚਿਆ, ਫਿਰ ਵੀ ਬਦਲਾਅ ਦੀ ਸੰਭਾਵਨਾ ਜਤਾਈ ਜਾ ਰਹੀ ਹੈ ਤਾਂ ਕਰਨਾਟਕਾ ਵਿਚ ਵੀ ਕੁਝ ਫੇਰਬਦਲ ਦੀ ਚਰਚਾ ਹੈ। ਜੇਕਰ ਮੁੱਖ ਮੰਤਰੀ ਨਹੀਂ ਵੀ ਬਦਲਿਆ ਜਾਂਦਾ ਤਾਂ ਵੀ ਕੈਬਨਿਟ ਵਿਚ ਫੇਰਬਦਲ ਤੇ ਸੰਗਠਨ ਵਿਚ ਵੀ ਵੱਡਾ ਬਦਲਾਅ ਹੋਵੇਗਾ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਲੈ ਕੇ ਪਿਛਲੇ ਅੱਠ ਸਾਲਾਂ ਤੋਂ ਕਿਆਸ ਅਰਾਈਆਂ ਚੱਲ ਰਹੀਆਂ ਹਨ, ਪਰ ਇਕ ਵਾਰ ਚੋਣਾਂ ਹਾਰ ਕੇ ਬਾਹਰ ਹੋਣ ਤੋਂ ਬਾਅਦ ਵੀ ਉਨਾਂ ਨੇ ਵਾਪਸੀ ਕੀਤੀ। ਰਾਜਸਥਾਨ ਵਿਚ ਪਾਰਟੀ ਦੇ ਅੰਦਰ ਸਭ ਤੋਂ ਜ਼ਿਆਦਾ ਖਿੱਚੋਤਾਣ ਚੱਲ ਰਹੀ ਹੈ। ਭਾਜਪਾ ਹਾਈਕਮਾਨ ਦੇ ਸਾਹਮਣੇ ਦੁਬਿਧਾ ਹੈ ਕਿ ਫਿਰ ਵਸੁੰਧਰਾ ਰਾਜੇ 'ਤੇ ਦਾਅ ਲਗਾਇਆ ਜਾਵੇ ਜਾਂ ਨਵਾਂ ਨੇਤਾ ਅੱਗੇ ਕੀਤਾ ਜਾਵੇ। ਛੇਤੀ ਹੀ ਇਸ ਬਾਰੇ ਫ਼ੈਸਲਾ ਹੋਵੇਗਾ। ਬਿਹਾਰ ਨੂੰ ਲੈ ਕੇ ਵੀ ਕਈ ਫ਼ਾਰਮੂਲਿਆਂ 'ਤੇ ਚਰਚਾ ਚੱਲ ਰਹੀ ਹੈ।

## ਭਾਜਪਾ ਦੀ ਮਦਦਗਾਰ ਮਾਇਆਵਤੀ

ਬਸਪਾ ਦੀ ਨੇਤਾ ਮਾਇਆਵਤੀ ਭਾਜਪਾ ਉਤੇ ਚਾਹੇ ਜਿੰਨੇ ਮਰਜ਼ੀ ਹਮਲੇ ਕਰੇ, ਪਰ ਉਸ ਦੀ ਮਦਦ ਕਰਨਾ ਬੰਦ ਨਹੀਂ ਕਰੇਗੀ। ਉਨਾਂ ਨੇ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਈ ਤਰਾਂ ਨਾਲ ਭਾਜਪਾ ਦੀ ਮਦਦ ਕੀਤੀ। ਉਹ ਚੋਣਾਂ ਦੌਰਾਨ ਚੁੱਪ-ਚਾਪ ਬੈਠੀ ਰਹੀ ਤੇ ਆਪਣਾ ਵੋਟ ਆਧਾਰ ਭਾਜਪਾ ਵੱਲ ਤਬਦੀਲ ਹੋਣ ਦਿੱਤਾ। ਉਨਾਂ ਨੇ ਸਮਾਜਵਾਦੀ ਪਾਰਟੀ ਦੇ ਮੁਕਾਬਲੇ ਜ਼ਿਆਦਾ ਮੁਸਲਿਮ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ ਅਤੇ ਸੌ ਤੋਂ ਜ਼ਿਆਦਾ ਸੀਟਾਂ 'ਤੇ ਸਪਾ ਦੇ ਉਮੀਦਵਾਰਾਂ ਦੀ ਜਾਤੀ ਦੇ ਹੀ ਉਮੀਦਵਾਰ ਉਤਾਰ ਕੇ ਵੋਟਾਂ ਵੰਡਣ ਦਾ ਬੰਦੋਬਸਤ ਕੀਤਾ। ਹੁਣ ਉਹ ਕਹਿ ਰਹੀ ਹੈ ਕਿ ਭਾਜਪਾ ਨੇ ਉਨਾਂ ਦੇ ਲੋਕਾਂ ਵਿਚ ਝੂਠਾ ਪ੍ਰਚਾਰ ਕਰ ਦਿੱਤਾ ਹੈ ਕਿ ਭੈਣਜੀ ਨੂੰ ਰਾਸ਼ਟਰਪਤੀ ਬਣਾਇਆ ਜਾਵੇਗਾ। ਉਹ ਕਦੇ ਵੀ ਇਸ ਤਰਾਂ ਦਾ ਪ੍ਰਸਤਾਵ ਸਵੀਕਾਰ



ਨਹੀਂ ਕਰੇਗੀ। ਇਹ ਵੱਖਰੀ ਗੱਲ ਹੈ ਕਿ ਅਜਿਹਾ ਕੋਈ ਪ੍ਰਸਤਾਵ ਭਾਜਪਾ ਨੇ ਉਨਾਂ ਨੂੰ ਨਾ ਦਿੱਤਾ ਸੀ ਅਤੇ ਨਾ ਹੀ ਦੇਣ ਦਾ ਕੋਈ ਇਰਾਦਾ ਹੈ। ਫ਼ਿਲਹਾਲ, ਚੋਣਾਂ ਤੋਂ ਬਾਅਦ ਆਪਣੀ ਪਹਿਲੀ ਸਮੀਖਿਆ ਬੈਠਕ ਵਿਚ ਭਾਜਪਾ 'ਤੇ ਹਮਲਾ ਕਰਨ ਦੇ ਨਾਲ-ਨਾਲ ਉਨਾਂ ਨੇ ਅਖਿਲੇਸ਼ ਯਾਦਵ ਦੇ ਅਸਤੀਫ਼ੇ ਨਾਲ ਖ਼ਾਲੀ ਹੋਈ ਆਜ਼ਮਗੜ ਲੋਕ ਸਭਾ ਸੀਟ 'ਤੇ ਉਮੀਦਵਾਰ ਦਾ ਐਲਾਨ ਕਰ ਦਿੱਤਾ। ਇਸ ਸੀਟ 'ਤੇ ਅਜੇ ਉਪ ਚੋਣਾਂ ਦਾ ਐਲਾਨ ਨਹੀਂ ਹੋਇਆ, ਪਰ ਮਾਇਆਵਤੀ ਨੇ ਆਪਣੀ ਪਾਰਟੀ ਦੇ ਦੋ ਵਾਰ ਵਿਧਾਇਕ ਰਹੇ ਸ਼ਾਹ ਆਲਮ ਉਰਫ਼ ਗੁੱਡੂ ਜਮਾਲੀ ਨੂੰ ਉਮੀਦਵਾਰ ਬਣਾਇਆ ਹੈ। ਚੋਣਾਂ ਤੋਂ ਪਹਿਲਾਂ ਉਨਾਂ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਸੀ। ਹੁਣ ਪਾਰਟੀ ਵਿਚ ਵਾਪਸ ਸ਼ਾਮਿਲ ਕਰਕੇ ਉਨਾਂ ਨੂੰ ਸਿੱਧਾ ਲੋਕ ਸਭਾ ਦਾ ਉਮੀਦਵਾਰ ਬਣਾ ਦਿੱਤਾ। ਇਸ ਦਾ ਸਿੱਧਾ ਮਕਸਦ ਮੁਸਲਿਮ ਵੋਟਾਂ ਸਪਾ ਤੋਂ ਦੂਰ ਕਰਨਾ ਹੈ। ਬਸਪਾ ਦੇ ਮੁਸਲਿਮ ਉਮੀਦਵਾਰ ਨਾਲ ਭਾਜਪਾ ਨੂੰ ਮਦਦ ਮਿਲੇਗੀ।

# ਹਿਟਲਰ ਕਦੋਂ ਮਰੇਗਾ ?



**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਹਿਟਲਰ ਮਰਿਆ ਨਹੀਂ, ਇਹ ਤੁਹਾਨੂੰ ਕਿਤੇ ਵੀ ਦਿਖਾਈ ਦੇਵੇਗਾ। ਅਸੀਂ ਸਿੱਖ ਇਸ ਹਿਟਲਰ ਨੂੰ 1984 ਦੇ ਸਿੱਖ ਸੰਤਾਪ ਦੌਰਾਨ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੇ ਰੂਪ ਵਿਚ ਦੇਖ ਚੁੱਕੇ ਹਾਂ। ਇਹ ਮਨੁੱਖਤਾ ਵਿਰੋਧੀ ਵਿਨਾਸ਼ ਦੀ ਰਾਜਨੀਤੀ ਹੈ। ਜਰਮਨੀ ਦੀਆਂ ਬਹੁਤ ਸਾਰੀਆਂ ਰਾਤਾਂ ਵਿੱਚੋਂ 9-10 ਨਵੰਬਰ 1938 ਦੀ ਰਾਤ ਅਜਿਹੀ ਸੀ ਜੋ ਅੱਜ ਤੱਕ ਨਹੀਂ ਬੀਤੀ। ਨਾ ਹੀ ਉੱਥੇ ਤੇ ਨਾ ਹੀ ਸੰਸਾਰ ਵਿੱਚ ਕਿਤੇ ਵੀ। ਉਸ ਰਾਤ ਨੂੰ ਕ੍ਰਿਸਟਲ ਨਾਈਟ ਕਿਹਾ ਜਾਂਦਾ ਹੈ। ਉਸ ਰਾਤ ਦੀ ਆਵਾਜ਼ ਅੱਜ ਵੀ ਸੁਣਾਈ ਦਿੰਦੀ ਹੈ। ਜਰਮਨੀ ਵਿਚ ਯਹੂਦੀਆਂ ਦਾ ਕਤਲੇਆਮ ਕਰਨ ਦੀ ਹਿਟਲਰ ਦੀ ਯੋਜਨਾ ਉਸ ਰਾਤ ਪੂਰੇ ਜਰਮਨੀ ਵਿਚ ਪੂਰੀ ਤਿਆਰੀ ਨਾਲ ਜ਼ਮੀਨ ’ਤੇ ਉਤਰ ਗਈ ਸੀ। ਯਹੂਦੀਆਂ ਤੋਂ ਸਭ ਕੁਝ ਖੋਹ ਕੇ ਉਨਾਂ ਨੂੰ ਜਰਮਨੀ ਤੋਂ ਬਾਹਰ ਕੱਢਣ ਦੀਆਂ ਤਿਆਰੀਆਂ ਹੋ ਚੁੱਕੀਆਂ ਸਨ। ਹਿਟਲਰ ਵਲੋਂ ਯਹੂਦੀਆਂ ਵਿਰੁੱਧ ਕਈ ਸਾਲਾਂ ਤੋਂ ਜਰਮਨੀ ਨਸਲ ਵਲੋਂ ਪ੍ਰਚਾਰ ਕਰਵਾਇਆ ਜਾ ਰਿਹਾ ਸੀ। ਸੰਨ 1938 ਤੋਂ ਪਹਿਲਾਂ ਦੇ ਸਾਲਾਂ ਵਿਚ ਵੀ ਅਜਿਹੀਆਂ ਛੋਟੀਆਂ-ਛੋਟੀਆਂ ਅਤੇ ਭਿਆਨਕ ਘਟਨਾਵਾਂ ਵਾਪਰਦੀਆਂ ਰਹੀਆਂ ਸਨ। ਇਨਾਂ ਘਟਨਾਵਾਂ ਦਾ ਸਮਰਥਨ ਕਰਨ ਲਈ ਜਰਮਨੀ ਨਸਲ ਨੂੰ ਮਾਨਸਿਕ ਤੌਰ ’ਤੇ ਤਿਆਰ ਕੀਤਾ ਜਾ ਰਿਹਾ ਸੀ, ਜਿਨਾਂ ਨੇ ਇਸ ਪ੍ਰਚਾਰ ਨੂੰ ਸਾਕਾਰ ਕਰਨ ਲਈ ਜਲਾਦ ਬਣਨਾ ਸੀ। ਹੁਣ ਤੱਕ ਇਹ ਲੋਕ ਹਿਟਲਰ ਦੀਆਂ ਵੱਖ-ਵੱਖ ਤਰਾਂ ਦੀਆਂ ਫੌਜਾਂ ਅਤੇ ਸੰਗਠਨਾਂ ਵਿੱਚ ਸ਼ਾਮਲ ਹੋ ਕੇ ਹੇਲ ਹਿਟਲਰ ਮਤਲਬ ਹਿਟਲਰ ਜਿੰਦਾਬਾਦ ਬੋਲਣ ਵਿੱਚ ਮਾਣ ਮਹਿਸੂਸ ਕਰ ਰਹੇ ਸਨ। ਹਰੇਕ ਜਰਮਨੀ ਬਸ਼ਿੰਦਾ ਹਿਟਲਰ ਦਾ ਸ਼ਰਧਾਲੂ ਬਣ ਗਿਆ ਸੀ ਉਹ ਯਹੂਦੀ ਨਸਲ ਲਈ ਜ਼ਹਿਰੀ ਹੋ ਗਿਆ ਸੀ। ਹਿਟਲਰ ਨੂੰ ਖੁੱਲ ਕੇ ਬੋਲਣ ਦੀ ਵੀ ਲੋੜ ਨਹੀਂ ਸੀ, ਉਸ ਦੇ ਚਹੇਤੇ ਜਰਮਨੀਆਂ ਨੇ ਯਹੂਦੀਆਂ ਨੂੰ ਮਾਰਨ ਦੀ ਜ਼ਿੰਮੇਵਾਰੀ ਸੰਭਾਲ ਲਈ। ਹਿਟਲਰ ਦੀ ਵਿਚਾਰਧਾਰਾ ਨੇ ਲੋਕਾਂ ਨੂੰ ਆਟੋ ਮੋਡ ’ਤੇ ਲਿਆਂਦਾ, ਉਸ ਦੇ ਸੰਕੇਤ ਮਿਲਦੇ ਹੀ ਕਤਲ ਸ਼ੁਰੂ ਹੋ ਗਏ। ਹਿਟਲਰ ਦਾ ਖ਼ੂਨੀ ਪ੍ਰਚਾਰਕ ਪ੍ਰਬੰਧਕ ਗੋਏਬਲਜ਼ ਉਸ ਤੱਕ ਯਹੂਦੀਆਂ ਖ਼ਿਲਾਫ਼ ਹਿੰਸਾ ਦੀਆਂ ਖ਼ਬਰਾਂ ਪਹੁੰਚਾ ਰਿਹਾ ਸੀ। ਉਨਾਂ ਰਿਪੋਰਟਾਂ ’ਤੇ ਉਸ ਦੀ ਚੁੱਪ ਅਤੇ ਕਈ ਵਾਰ ਮੁਹਿੰਮ ਨੂੰ ਤੇਜ਼ ਕਰਨ ਦੇ ਜ਼ੁਬਾਨੀ ਹੁਕਮ ਸਰਕਾਰੀ ਤੰਤਰ ਨੂੰ ਇਹ ਸੰਕੇਤ ਦੇ ਰਹੇ ਸਨ ਕਿ ਕਤਲੇਆਮ ਜਾਰੀ ਰਹਿਣਾ ਚਾਹੀਦਾ ਹੈ। ਹਿਟਲਰ ਦੀ ਇਸ ਫੌਜ ਦਾ ਨਾਂ ਸੀਐਸਐਸ, ਜਿਸ ਦੇ ਨੌਜਵਾਨਾਂ ਨੂੰ ਜਰਮਨੀ ਲਈ ਸੁਪਨੇ ਦਿਖਾਏ ਸਨ। ਸੁਪਰ ਪਾਵਰ ਜਰਮਨੀ, ਯੂਰਪ ਦਾ ਰਾਜਾ ਜਰਮਨੀ। ਜਰਮਨ ਜਰਮਨੀਆਂ ਲਈ। ਇਹ ਮਹਾਂਸ਼ਕਤੀ ਬਣਨ ਦਾ ਹਿਟਲਰੀ ਸੁਪਨਾ ਮੁੜ ਪਰਤ ਆਇਆ ਹੈ। ਅਜੋਕੇ ਸਮੇਂ ਅਮਰੀਕਾ, ਰੂਸ, ਚੀਨ, ਇੰਗਲੈਂਡ ਅਤੇ ਫਰਾਂਸ ਦੇ ਨੇਤਾਵਾਂ ਨੇ ਆਪਣੇ ਦੇਸ਼ ਨੂੰ ਦੁਬਾਰਾ ਸੁਪਰ ਪਾਵਰ ਬਣਾਉਣ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਕਈ ਦੇਸ਼ਾਂ ਵਿਚ ਨਸਲੀ ਹਿੰਸਾ ਵਰਤ ਰਹੀ ਹੈ।

ਅਗਲੇ ਦਸ ਸਾਲਾਂ ਵਿੱਚ ਅਸੀਂ ਇੱਕ ਬਹੁਤ ਹੀ ਸੰਵੇਦਨਸ਼ੀਲ ਟਕਰਾਅ ਦਾ ਸਾਹਮਣਾ ਕਰਨ ਜਾ ਰਹੇ ਹਾਂ। ਇਹ ਸਿਰਫ਼ ਕੌਮਾਂ ਦਾ ਸੰਘਰਸ਼ ਨਹੀਂ ਹੈ, ਸਗੋਂ ਇਹ ਮਜਹਬਾਂ ਪੱਛਮੀ ਦੇਸ਼ਾਂ ਤੇ ਏਸ਼ੀਅਨ ਦੇਸ਼ਾਂ, ਮਾਰਕਸਵਾਦੀ ਵਿਚਾਰਧਾਰਾ ਦਾ ਸੰਘਰਸ਼ ਵੀ ਹੈ। ਇਹ ਇਕ ਦੂਜੇ ਨੂੰ ਜਿਉਂਦਾ ਦੇਖਣਾ ਨਹੀਂ ਚਾਹੁੰਦੇ।ਵਨਸਵੰਨਤਾ ਤੇ ਸਾਂਝੀਵਾਲਤਾ ਦਾ ਖਾਨਾ ਇਹਨਾਂ ਵਿਚੋਂ ਗੈਰ ਹਾਜ਼ਰ ਹੈ।ਇਹ ਵਨਸਵੰਨਤਾ ਤੇ ਸਰਬੱਤ ਦੇ ਭਲੇ ਦੀ ਰੀਤ ਕਬੂਲਣ ਦੀ ਗੈਰ ਹਾਜ਼ਰੀ ਵਿਸ਼ਵ ਜੰਗ ਤੇ ਦੰਗਿਆਂ, ਨਸਲਕੁਸ਼ੀ ਦਾ ਕਾਰਣ ਬਣੇਗੀ। ਇਹ ਆਪੋ ਆਪਣੇ ਰਾਸ਼ਟਰਵਾਦ ਦੀ ਉਚਤਾ ਦਾ ਭਰਮ ਮਨੁੱਖਤਾ ਨੂੰ ਜਿਉਂਦਾ ਨਹੀਂ ਰਹਿਣ ਦੇਵੇਗਾ। ਹਿਟਲਰ ਨੂੰ ਇਹੀ ਭਰਮ ਜਿਉਂਦਾ ਰਖ ਰਹੇ ਹਨ।ਇਹ ਸਵਾਲ ਕਈ ਸਾਲਾਂ ਤੋਂ ਸਾਡੇ ਸਾਹਮਣੇ ਹੈ।

ਇਹ ਜ਼ਹਿਰੀਲੇ, ਨਸਲੀ ਤੇ ਫਿਰਕੂ ਭਾਸ਼ਣ ਅੱਜ ਵੀ ਦੁਨੀਆਂ ਭਰ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਦਿੱਤੇ ਜਾ ਰਹੇ ਹਨ। ਕਸ਼ਮੀਰ ਫਾਈਲ ਫਿਲਮ ਇਸ ਦੀ ਭਾਰਤ ਵਿਚ ਉਦਾਹਰਣ ਹੈ ਕਿ ਕੌਣ ਫਿਰਕਾਪ੍ਰਸਤੀ ਭੜਕਾ ਰਿਹਾ ਹੈ। ਐਸ ਐਸ ਦੇ ਨੇਤਾ ਹਿਟਲਰ ਨੇ ਸੰਗਠਨ ਦੇ ਨੇਤਾਵਾਂ ਨੂੰ 9 ਤੋਂ 19 ਨਵੰਬਰ 1938 ਨੂੰ ਇੱਕ ਹੀ ਭਾਸ਼ਣ ਜਾਰੀ ਰਖਿਆ ਕਿ ਯਹੂਦੀਆਂ ਦੇ ਖਿਲਾਫ ਹਿੰਸਾ ਲਈ ਤਿਆਰ ਹੋ ਜਾਵੋ। ਇਹੀ ਹਿਟਲਰ ਦਾ ਸਭਿਆਚਾਰ ਵਖ ਵਖ ਦੇਸ਼ਾਂ ਵਿਚ ਹੁਣ ਵੀ ਚਲ ਰਿਹਾ। ਇਸ ਗਲ ਦਾ ਅਸੀਂ ਵੀ ਸ਼ਿਕਾਰ ਹਾਂ। ਅਸੀਂ ਫਾਸ਼ੀਵਾਦ ਵਿੱਚ ਇਤਿਹਾਸ ਦੇ ਜ਼ੁਲਮਾਂ ਨੂੰ ਅਖੋਂ ਪਰੋਖੇ ਕਰ ਦਿੰਦੇ ਹਾਂ, ਪਰ ਇਨਾਂ ਇਤਿਹਾਸ ਦੇ ਸੰਦੂਕਾਂ ਨੂੰ ਖੋਲ ਕੇ ਵੇਖੋ, ਤੁਹਾਡੇ ਉੱਤੇ ਨਸਲਕੁਸ਼ੀ ਦੀ ਸ਼ਿਕਾਰ ਹੋਈ ਮਨੁੱਖਤਾ ਦੇ ਪਿੰਜਰ ਡਿੱਗਣਗੇ। ਹਿਟਲਰ ਦੇ ਸਮੇਂ ਦੌਰਾਨ ਜੋ ਹੋਇਆ ਉਹ ਅੱਜ ਵੀ ਹੋ ਰਿਹਾ । ਬਹੁਤ ਕੁਝ ਪਹਿਲਾਂ ਨਾਲੋਂ ਵਧੇਰੇ ਸੂਖਮ ਅਤੇ ਸਭਿਅਕ ਤਰੀਕੇ ਨਾਲ ਕੀਤਾ ਜਾ ਰਿਹਾ ਹੈ।ਬਹੁਤ ਸਾਰੇ ਤਰਕ ਝੂਠ ਨੂੰ ਸੱਚ ਬਨਾਉਣ ਲਈ ਘੜੇ ਜਾ ਰਹੇ ਹਨ। ਸਿੱਖ ਨਸਲਕੁਸ਼ੀ ਦਾ ਇਨਸਾਫ ਅਦਾਲਤਾਂ ਵਿਚ ਲਟਕ ਜਾਣਾ ਇਸ ਗਲ ਦਾ ਸਬੂਤ ਹੈ ਕਿ ਫਿਰਕੂ ਵਹਿਸ਼ਤ ਜੀਉਂਦੀ ਹੈ।ਰੂਸ ਤੇ ਯੂਕਰੇਨ ਦੀ ਜੰਗ ਇਸ ਸੰਦਰਭ ਵਿਚ ਵਾਚੀ ਜਾ ਸਕਦੀ ਹੈ।



7 ਨਵੰਬਰ 1938 ਦੀ ਰਾਤ ਨੂੰ ਪੈਰਿਸ ਵਿਚ ਜਰਮਨੀ ਦੇ ਤੀਜੇ ਲੀਗੇਸ਼ਨ ਸੈਕਟਰੀ, ਅਰਨਸਟ ਵੌਮ ਰਾਥ  ਕਤਲ ਪੋਲਿਸ਼ ਮੂਲ ਦੇ ਯਹੂਦੀ ਵਲੋਂ ਕੀਤਾ ਜਾਂਦਾ ਹੈ। ਇਹ ਘਟਨਾ ਹਿਟਲਰ ਤੇ ਗੋਏਬਲਜ਼ ਦੇ ਤਿਆਰ-ਬਰ-ਤਿਆਰ ਹਿੰਸਕ ਭਗਤਾਂ ਨੂੰ ਇੱਕ ਬਹਾਨਾ ਦਿੰਦੀ ਹੈ, ਜਿਵੇਂ ਕਿ ਭਾਰਤ ਵਿੱਚ ਨਵੰਬਰ 1984 ਕਤਲੇਆਮ ਵਿੱਚ ਇੰਦਰਾ ਦੇ ਕਤਲ ਇੱਕ ਬਹਾਨਾ ਘੜਿਆ ਗਿਆ ਸੀ, ਗੁਜਰਾਤ ਵਿਚ ਮੁਸਲਮਾਨਾਂ ਨੂੰ ਹਿੰਦੂਆਂ ਦੇ ਕਾਤਲ ਦਰਸਾਇਆ ਗਿਆ। ਇਤਿਹਾਸ ਦਸਦਾ ਹੈ ਕਿ ਪੂਰੇ ਜਰਮਨੀ ਵਿਚ ਯਹੂਦੀਆਂ ਦੇ ਘਰ ਸਾੜੇ  ਗਏ। ਗੋਏਬਲਜ਼ ਨੇ ਇਹ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਕਾਤਲ ਦੇ ਬਹਾਨੇ ਸਾਰੀ ਘਟਨਾ ਨੂੰ ਯਹੂਦੀਆਂ ਦੇ ਖਿਲਾਫ ਕਰ ਦਿੱਤਾ ਗਿਆ।ਯਾਦ ਰਹੇ ਕਿ ਯਹੂਦੀਆਂ ਨੂੰ ਪਹਿਲਾਂ ਹੀ ਸਰਕਾਰੀ ਪ੍ਰਚਾਰ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਉਸ ਨੂੰ ਖਲਨਾਇਕ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਇਹ ਹਿਟਲਰ ਵਲੋਂ ਚਲੀਆਂ ਪਾਗਲ ਹਵਾਵਾਂ ਸਨ ਜਿਸਨੇ ਚੰਗਿਆੜੀ ਨੂੰ ਜਵਾਲਾ ਮੁਖੀ ਬਣਾ ਦਿਤਾ। ਗੋਏਬਲਜ਼ ਨੇ ਹਿਟਲਰ ਦੇ ਹੁਕਮਾਂ ਨੂੰ ਅਮਲੀ ਰੂਪ ਦੇਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਅਗਲੇ ਦਿਨ ਜਰਮਨੀ ਵਿਚ ਜੋ ਵਾਪਰਿਆ, ਉਸ ਦਾ ਅੱਜ ਵੀ ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਹ ਕਿਤੇ ਵੀ ਵਾਪਰ ਸਕਦਾ ਹੈ। ਕਿਉਂਕਿ ਹਿਟਲਰ ਅਜੇ ਮਰਿਆ ਨਹੀਂ। ਗੋਇਬਲਜ ਤਿਆਰ ਸੀ ਕਿ ਹੁਣ ਆਪਣੇ ਸਮਰਥਕਾਂ ਦੀ ਫੌਜ ਨੂੰ ਵਰਤਣ ਦਾ ਸਮਾਂ ਆ ਗਿਆ ਸੀ ਜੋ ਹਿਟਲਰ ਨੇ ਪਿਛਲੇ ਸੱਤ-ਅੱਠ ਸਾਲਾਂ ਤੋਂ ਤਿਆਰ ਕੀਤੀ ਸੀ। ਉਸ ਫ਼ੌਜ ਨੂੰ ਖੁੱਲਾ ਛੱਡ ਦਿੱਤਾ ਗਿਆ ਸੀ। ਪੁਲਿਸ ਨੂੰ ਪਰੇ ਹੋਣ ਲਈ ਕਿਹਾ ਗਿਆ ਸੀ, ਪਰ ਜਿੱਥੇ ਯਹੂਦੀਆਂ ਦੀਆਂ ਦੁਕਾਨਾਂ ਨੂੰ ਸਾੜਿਆ ਜਾਣਾ ਸੀ।ਸਾਰਾ ਕੰਮ ਇਸ ਤਰਾਂ ਕੀਤਾ ਗਿਆ ਕਿ ਹਰ ਕੋਈ ਮਹਿਸੂਸ ਕਰੇ ਕਿ ਇਹ ਲੋਕਾਂ ਦਾ ਕੁਦਰਤੀ ਗੁੱਸਾ ਹੈ। ਇਸ ਵਿੱਚ ਸਰਕਾਰ ਅਤੇ ਪੁਲਿਸ ਦਾ ਕੋਈ ਕਸੂਰ ਨਹੀਂ ਹੈ। ਲੋਕ ਰੋਹ ਦੇ ਨਾਂ ’ਤੇ ਖੇਡੀ ਗਈ ਖ਼ੂਨੀ ਖੇਡ ਦਾ ਸ਼ੈਤਾਨੀ ਰੰਗ ਅੱਜ ਤੱਕ ਇਤਿਹਾਸ ਵਿਚੋਂ ਨਹੀਂ ਉਤਰਿਆ। ਇਹ ਉਹ ਦੌਰ ਸੀ ਜਦੋਂ ਯੂਰਪ ਵਿੱਚ ਆਧੁਨਿਕਤਾ ਆਪਣੀ ਜਵਾਨੀ ਦੇ ਜ਼ੋਰਾਂ ’ਤੇ ਸੀ ਅਤੇ ਜਮਹੂਰੀਅਤ ਦਾ ਜਲੂਸ ਨਿਕਲ ਰਿਹਾ ਸੀ। ਗੋਏਬਲਜ਼ ਨੇ ਆਪਣੀ ਡਾਇਰੀ ਵਿੱਚ ਲਿਖਿਆ, ‘ਮੈਂ ਓਲਡ ਟਾਊਨ ਹਾਲ ਵਿੱਚ ਇੱਕ ਪਾਰਟੀ ਪ੍ਰੋਗਰਾਮ ਵਿੱਚ ਜਾਂਦਾ ਹਾਂ ਤਾਂ ਉੱਥੇ ਜਰਮਨੀਆਂ ਦੀ ਬਹੁਤ ਸਾਰੀ ਭੀੜ ਇਕੱਠੀ ਹੋਈ ਹੈ। ਇਸ ਦੀ ਜਾਣਕਾਰੀ ਮੈਂ ਹਿਟਲਰ ਨੂੰ ਦਿੰਦਾ ਹਾਂ। ਹਿਟਲਰ ਦਾ ਹੁਕਮ ਹੈ ਯਹੂਦੀਆਂ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਹੋਣ ਦਿਉ। ਪੁਲਿਸ ਨੂੰ ਪਿੱਛੇ ਹਟਾ ਦਿਉ। ਯਹੂਦੀਆਂ ਨੂੰ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨ ਦਿਓ ਮੈਂ ਤੁਰੰਤ ਪੁਲਿਸ ਅਤੇ ਪਾਰਟੀ ਨੂੰ ਹੁਕਮ ਦਿੰਦਾ ਹਾਂ। ਫਿਰ ਮੈਂ ਪਾਰਟੀ ਪ੍ਰੋਗਰਾਮ ਵਿਚ ਥੋੜੇ ਸਮੇਂ ਲਈ ਬੋਲਦਾ ਹਾਂ। ਖ਼ੂਬ ਤਾਰੀਫ ਹੁੰਦੀ ਹੈ। ਇਸ ਤੋਂ ਤੁਰੰਤ ਬਾਅਦ ਮੈਂ ਫ਼ੋਨ ਵੱਲ ਜਾਂਦਾ ਹਾਂ ਤਾਂ ਜੋ ਹਿਟਲਰ ਨੂੰ ਸੁਨੇਹਾ ਦਿਤਾ ਜਾ ਸਕੇ ਕਿ ਉਸਦੇ ਹੁਕਮ ਉਪਰ ਕਾਰਵਾਈ ਸ਼ੁਰੂ ਹੋਣ ਵਾਲੀ ਹੈ।  ਹੁਣ ਜਰਮਨ ਦੇ ਲੋਕ ਆਪਣਾ ਕੰਮ ਕਰਨਗੇ।’ ਗੋਏਬਲਜ਼ ਦੇ ਫੁਰਮਾਨ ਤੁਸੀਂ ਭਾਰਤ ਸਮੇਤ ਦੁਨੀਆ ਭਰ ਦੇ ਅਖਬਾਰਾਂ ਵਿਚ ਛਪਦੇ ਸਾਰੇ ਸਿਆਸੀ ਲੇਖਾਂ ਵਿਚ ਸੁਣ ਸਕਦੇ ਹੋ। ਤੁਹਾਨੂੰ ਹਰ ਪਾਸੇ ਗੋਇਬਲਜ ਚੀਕਦੇ ਦਿਖਣਗੇ। ਗੋਏਬਲਜ਼ ਦੀ ਵਹਿਸ਼ੀ ਸੋਚ ਕਾਰਨ ਉਸ ਸਮੇਂ ਜਰਮਨੀ ਵਿੱਚ, ਲੋਕ ਖੁਦ ਦਰਿੰਦਿਆਂ ਦੀ ਭੀੜ ਬਣ ਗਏ ਅਤੇ ਗੋਏਬਲਜ਼ ਅਤੇ ਹਿਟਲਰ ਦੇ ਕੰਮ ਕਰਨ ਲੱਗੇ। ਹਿਟਲਰ ਤੇ ਗੋਇਬਲਜ ਵਲੋਂ ਜੋ ਹੁਕਮ ਨਹੀਂ  ਦਿੱਤੇ ਉਸ ਤੋਂ ਵਹਿਸ਼ੀ ਕਾਰਜ ਭੀੜਾਂ ਨੇ  ਕੀਤੇ। ਭੀੜਾਂ ਦੇ ਹਿੰਸਕ ਕਾਰਮਨਾਮਿਆਂ ਕਾਰਨ ਹਿਟਲਰ ਖੁਸ਼ ਸੀ। ਉਸਦੀ ਕਬਰਾਂ ਵਰਗੀ ਚੁਪ ਵਿਚ ਭੂਤਾਂ ਦਾ ਗਿੱਧਾ ਪੈਂਦਾ ਦਿਖਾਈ ਦੇ ਰਿਹਾ ਸੀ। ਭੀੜਾਂ ਨਫਰਤ ਵਿਚ ਪਾਗਲ ਹੋ ਜਾਣ ਤਾਂ ਘੁਗ ਵਸਦੀਆਂ ਬਸਤੀਆਂ ਨੂੰ ਸ਼ਮਸ਼ਾਨ ਘਾਟ ਬਣਾ ਦਿੰਦੀਆਂ ਹਨ। ਹਰ ਇੰਤਜ਼ਾਮ ਕੀਤਾ ਗਿਆ ਕਿ ਹਿਟਲਰ ਜਿੱਥੇ ਵੀ ਜਾਵੇ, ਪ੍ਰੈਸ ਉਸ ਤੋਂ ਯਹੂਦੀਆਂ ਵਿਰੁੱਧ ਹਿੰਸਾ ਬਾਰੇ ਸਵਾਲ ਨਾ ਕਰੇ। ਹਿਟਲਰ ਚੁੱਪ ਰਹਿਣਾ ਚਾਹੁੰਦਾ ਸੀ ਤਾਂ ਕਿ ਦੁਨੀਆ ਵਿਚ ਉਸ ਦਾ ਅਕਸ ਖਰਾਬ ਨਾ ਹੋਵੇ। ਯਹੂਦੀਆਂ ਵਿਰੁੱਧ ਹਿੰਸਾ ਦੇ ਦੌਰ ਦਾ ਤੀਜਾ ਪੜਾਅ ਸ਼ੁਰੂ ਸੀ। 1933 ਦੀ ਸ਼ੁਰੂਆਤ ਤੱਕ, ਜਰਮਨੀ ਵਿੱਚ 50,000 ਯਹੂਦੀ ਵਪਾਰੀ ਸਨ। ਜੁਲਾਈ 1938 ਤੱਕ ਸਿਰਫ਼ 9000 ਰਹਿ ਗਏ ਸਨ। 1938 ਦੀ ਬਸੰਤ ਅਤੇ ਸਰਦੀਆਂ ਦੇ ਵਿਚਾਲੇ, ਉਨਾਂ ਨੂੰ ਜਰਮਨੀ ਵਿਚੋਂ ਬਾਹਰ ਧੱਕਣ ਦੀ ਹਿਟਲਰੀ ਯੋਜਨਾ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਫਰਵਰੀ 1938 ਤੱਕ ਮਿਊਨਿਖ ਸ਼ਹਿਰ ਵਿੱਚ 1690 ਯਹੂਦੀ ਵਪਾਰੀ ਸਨ, ਜੋ ਜਰਮਨੀਆਂ ਦੀ ਦਹਿਸ਼ਤ ਕਾਰਣ ਸਿਰਫ਼ 660 ਹੀ ਰਹਿ ਗਏ ਹਨ। ਜਰਮਨੀਆਂ ਨੇ ਯਹੂਦੀਆਂ ਦੁਆਰਾ ਬਣਾਏ ਗਏ ਬੈਂਕਾਂ ਉੱਤੇ ਕਬਜ਼ਾ ਕਰ ਲਿਆ ਗਿਆ। ਯਹੂਦੀ ਡਾਕਟਰਾਂ ਅਤੇ ਵਕੀਲਾਂ ਦਾ ਆਰਥਿਕ ਬਾਈਕਾਟ ਕੀਤਾ ਗਿਆ। ਆਰਥਿਕ ਬਾਈਕਾਟ ਕਰਨ ਦੇ ਤੱਤ ਅੱਜ ਦੇ ਸਮਾਜ  ਵਿੱਚ ਵੀ ਮੌਜੂਦ ਹਨ। ਕੀ ਤੁਹਾਨੂੰ ਨਹੀਂ ਜਾਪਦਾ ਕਿ ਹਿਟਲਰ ਹਾਲੇ ਮਰਿਆ ਨਹੀਂ। ਇਹ ਹਰ ਥਾਂ ਮੌਤ ਦੇ ਦੇਵਤੇ ਦੇ ਰੂਪ ਵਿਚ ਅਵਤਾਰ ਧਾਰ ਰਿਹਾ ਹੈ।

ਯਹੂਦੀਆਂ ਦੇ ਪੂਜਾ ਘਰ ਢਾਹੇ ਜਾਣ ਲੱਗੇ। ਕਬਰਸਤਾਨਾਂ ’ਤੇ ਹਮਲੇ ਹੋਏ। 9 ਨਵੰਬਰ ਦੀ ਰਾਤ ਨੂੰ, ਨਾਜ਼ੀ ਫੌਜ ਦੁਆਰਾ ਮਿਊਨਿਖ ਸਿਨਾਗੌਗ ਨੂੰ ਸਾੜ ਦਿੱਤਾ ਗਿਆ ਸੀ।ਜਰਮਨ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੇ ਵੀ ਨਫ਼ਰਤ ਫੈਲਾਉਣ ਵਿੱਚ ਭੂਮਿਕਾ ਨਿਭਾਈ। ਉਹ ਕਲਾਸ ਰੂਮ ਵਿੱਚ ਯਹੂਦੀਆਂ ਦੇ ਚਰਿੱਤਰ ਅਤੇ ਮਨੋਵਿਗਿਆਨਕ ਵਿਸ਼ਲੇਸ਼ਣ ਪੜਾ ਰਿਹਾ ਸੀ, ਜਿਸ ਤਰਾਂ ਅੱਜ ਕੱਲ ਸੋਸ਼ਲ ਮੀਡੀਆ ਵਿੱਚ ਸਿੱਖਾਂ ਤੇ ਮੁਸਲਮਾਨਾਂ ਦਾ ਚਰਿੱਤਰ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਜਰਮਨ ਨੌਕਰਸ਼ਾਹ ਅਜਿਹੇ ਬਿੱਲ ਤਿਆਰ ਕਰ ਰਹੇ ਸਨ ਤਾਂ ਜੋ ਯਹੂਦੀਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਤੇ ਉਨਾਂ ਨੂੰ ਸ਼ਹਿਰੀ ਅਧਿਕਾਰਾਂ ਤੋਂ ਵਾਂਝਾ ਕੀਤਾ ਜਾਵੇ।

ਜਿਹੜੇ ਲੋਕ ਯਹੂਦੀਆਂ ਦੇ ਸਮਰਥਨ ਵਿੱਚ ਬੋਲ ਰਹੇ ਸਨ, ਪੁਲਿਸ ਉਨਾਂ ਨੂੰ ਚੁੱਕ ਕੇ ਲੈ ਜਾ ਰਹੀ ਸੀ। ਹਿਟਲਰ ਨੇ ਗੋਏਬਲਜ਼ ਨੂੰ ਦਸ ਸਾਲਾਂ ਦੇ ਅੰਦਰ ਜਰਮਨੀ ਨੂੰ ਯਹੂਦੀਆਂ ਤੋਂ ਮੁਕਤ ਕਰਨ ਦਾ ਹੁਕਮ ਦਿੱਤਾ। ਵਹਿਸ਼ੀ ਹੋਏ ਜਰਮਨੀ ਸਾੜ ਫੂਕ, ਕਤਲ ਸਭ ਕੁਝ ਕਰ ਰਹੇ ਸਨ, ਹਿਟਲਰ ਸਰਕਾਰ ਤਮਾਸ਼ਬੀਨ ਬਣੀ ਬੈਠੀ ਸੀ।।ਗੋਏਬਲਜ਼ ਯਹੂਦੀ ਮੁਕਤ ਜਰਮਨੀ ਲਈ ਯਤਨ ਤੇਜ਼ੀ ਨਾਲ ਕਰ ਰਿਹਾ ਸੀ। ਬਰਲਿਨ ਵਿੱਚ ਯਹੂਦੀਆਂ ਨੂੰ ਜਨਤਕ ਪਾਰਕਾਂ ਵਿੱਚ ਦਾਖਲ ਹੋਣ ਤੋਂ ਰੋਕ ਦਿਤਾ ਗਿਆ ਸੀ। ਜਰਮਨੀਆਂ ਨੇ ਯਹੂਦੀਆਂ ਦੀਆਂ ਦੁਕਾਨਾਂ ਤੋਂ ਸਾਮਾਨ ਖਰੀਦਣਾ ਬੰਦ ਕਰ ਦਿੱਤਾ। ਯਹੂਦੀ ਇੱਕ ਮਿਸ਼ਰਤ ਅਬਾਦੀ ਦੇ ਨਾਲ ਰਹਿੰਦੇ ਸਨ। ਉਥੋਂ ਉਜਾੜ ਕੇ ਸ਼ਹਿਰ ਤੋਂ ਬਾਹਰ ਵੱਖਰੀ ਬਸਤੀ ਬਣਾ ਕੇ ਵਸਾਉਣ ਦੀ ਯੋਜਨਾ ਬਣਾਈ ਗਈ। ਇਸ ਲਈ ਧਨੀ ਯਹੂਦੀਆਂ ਤੋਂ ਵੀ ਪੈਸੇ ਮੰਗੇ ਗਏ ਸਨ। ਕੋਸ਼ਿਸ਼ ਇਹ ਸੀ ਕਿ ਯਹੂਦੀਆਂ ਨੂੰ ਹਰ ਥਾਂ ਵੱਖਰੇ ਤੌਰ ’ਤੇ ਦੇਖਿਆ ਜਾਵੇ ਤਾਂ ਜੋ ਉਨਾਂ ਨੂੰ ਮਾਰਨ ਲਈ ਆਉਣ ਵਾਲੀ ਭੀੜ ਨੂੰ ਪਛਾਣਨ ਵਿਚ ਕੋਈ ਗਲਤੀ ਨਾ ਹੋਵੇ। ਬੀਮਾ ਕੰਪਨੀਆਂ ਨੂੰ ਕਿਹਾ ਗਿਆ ਸੀ ਕਿ ਉਹ ਯਹੂਦੀਆਂ ਦੇ ਘਰਾਂ ਅਤੇ ਦੁਕਾਨਾਂ ਦੇ ਨੁਕਸਾਨ ਦੀ ਭਰਪਾਈ ਨਾ ਕਰਨ। ਯਹੂਦੀ ਹਰ ਪੱਖੋਂ ਅਲੱਗ-ਥਲੱਗ ਸਨ।

ਜਰਮਨੀ ਦਾ ਪੁਲਿਸ ਹੈੱਡਕੁਆਰਟਰ ਇਸ ਕਤਲੇਆਮ ਲਈ ਨੋਡਲ ਏਜੰਸੀ ਬਣ ਗਿਆ। 9-10 ਨਵੰਬਰ ਦੀ ਰਾਤ ਨੂੰ ਯਹੂਦੀਆਂ ਦੇ ਘਰ ਸਾੜੇ ਜਾਣ ਲੱਗੇ। ਐਸਐਸ ਲੋਕ ਜੰਗਲ ਦੀ ਅੱਗ ਵਾਂਗ ਫੈਲ ਗਏ। ਬਰਲਿਨ ਵਿੱਚ 15 ਪ੍ਰਾਰਥਨਾ ਸਥਾਨਾਂ ਨੂੰ ਸਾੜ ਦਿੱਤਾ ਗਿਆ ਸੀ। ਹਿਟਲਰ ਨੇ ਹੁਕਮ ਦਿੱਤਾ ਕਿ 20 ਤੋਂ 30 ਹਜ਼ਾਰ ਯਹੂਦੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਨਵੰਬਰ 1938 ਦੀ ਉਸ ਰਾਤ ਸੈਂਕੜੇ ਯਹੂਦੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਔਰਤਾਂ ਅਤੇ ਬੱਚੇ ਬੁਰੀ ਤਰਾਂ ਜ਼ਖਮੀ ਹੋ ਗਏ। ਲਗਭਗ 100 ਧਾਰਮਿਕ ਸਥਾਨਾਂ ਨੂੰ ਤਬਾਹ ਕਰ ਦਿੱਤਾ ਗਿਆ ਸੀ। 8000 ਦੁਕਾਨਾਂ ਸੜ ਗਈਆਂ। ਅਣਗਿਣਤ ਅਪਾਰਟਮੈਂਟਾਂ ਨੂੰ ਤੋੜਿਆ ਗਿਆ। ਜਦੋਂ ਗੋਏਬਲਜ਼ ਉਸ ਰਾਤ ਆਪਣੇ ਹੋਟਲ ਦੇ ਕਮਰੇ ਤੋਂ ਇਹ ਦ੍ਰਿਸ਼ ਦੇਖਿਆ ਤਾਂ ਉਸਨੇ ਆਪਣੀ ਡਾਇਰੀ ਵਿੱਚ ਲਿਖਿਆ, ਸ਼ਾਬਾਸ਼, ਸ਼ਾਬਾਸ਼ !

ਇਹ ਨਸਲਵਾਦੀ ਰਾਜਨੀਤੀ ਅੱਜ ਵੀ ਦੁਨੀਆਂ ਵਿੱਚ ਹੋ ਰਹੀ ਹੈ। ਕਿਉਂ ਕਿ ਹਿਟਲਰ ਮਰਿਆ ਨਹੀਂ।

ਉਹ ਵਹਿਸ਼ਤ ਤੇ ਦਹਿਸ਼ਤ ਦਾ ਅਵਤਾਰ ਹੈ, ਮਰ ਕਿਵੇਂ ਸਕਦਾ ਹੈ ।

ਭੀੜਾਂ ਦੇ ਹਿੰਸਕ ਕਾਰਮਨਾਮਿਆਂ ਕਾਰਨ ਹਿਟਲਰ ਖੁਸ਼ ਸੀ। ਉਸਦੀ ਕਬਰਾਂ ਵਰਗੀ ਚੁੱਪ ਵਿਚ ਭੂਤਾਂ ਦਾ ਗਿੱਧਾ ਪੈਂਦਾ ਦਿਖਾਈ ਦੇ ਰਿਹਾ ਸੀ। ਭੀੜਾਂ ਨਫਰਤ ਵਿਚ ਪਾਗਲ ਹੋ ਜਾਣ ਤਾਂ ਘੁੱਗ ਵਸਦੀਆਂ ਬਸਤੀਆਂ ਨੂੰ ਸ਼ਮਸ਼ਾਨਘਾਟ ਬਣਾ ਦਿੰਦੀਆਂ ਹਨ। ਹਰ ਇੰਤਜ਼ਾਮ ਕੀਤਾ ਗਿਆ ਕਿ ਹਿਟਲਰ ਜਿੱਥੇ ਵੀ ਜਾਵੇ, ਪ੍ਰੈਸ ਉਸ ਤੋਂ ਯਹੂਦੀਆਂ ਵਿਰੁੱਧ ਹਿੰਸਾ ਬਾਰੇ ਸਵਾਲ ਨਾ ਕਰੇ। ਹਿਟਲਰ ਚੁੱਪ ਰਹਿਣਾ ਚਾਹੁੰਦਾ ਸੀ ਤਾਂ ਕਿ ਦੁਨੀਆ ਵਿਚ ਉਸ ਦਾ ਅਕਸ ਖਰਾਬ ਨਾ ਹੋਵੇ। ਯਹੂਦੀਆਂ ਵਿਰੁੱਧ ਹਿੰਸਾ ਦੇ ਦੌਰ ਦਾ ਤੀਜਾ ਪੜਾਅ ਸ਼ੁਰੂ ਸੀ। 1933 ਦੀ ਸ਼ੁਰੂਆਤ ਤੱਕ, ਜਰਮਨੀ ਵਿੱਚ 50,000 ਯਹੂਦੀ ਵਪਾਰੀ ਸਨ। ਜੁਲਾਈ 1938 ਤੱਕ ਸਿਰਫ਼ 9000 ਰਹਿ ਗਏ ਸਨ। 1938 ਦੀ ਬਸੰਤ ਅਤੇ ਸਰਦੀਆਂ ਦੇ ਵਿਚਾਲੇ, ਉਹਨਾਂ ਨੂੰ ਜਰਮਨੀ ਵਿਚੋਂ ਬਾਹਰ ਧੱਕਣ ਦੀ ਹਿਟਲਰੀ ਯੋਜਨਾ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਫਰਵਰੀ 1938 ਤੱਕ ਮਿਊਨਿਖ ਸ਼ਹਿਰ ਵਿੱਚ 1690 ਯਹੂਦੀ ਵਪਾਰੀ ਸਨ, ਜੋ ਜਰਮਨੀਆਂ ਦੀ ਦਹਿਸ਼ਤ ਕਾਰਨ ਸਿਰਫ਼ 660 ਹੀ ਰਹਿ ਗਏ ਹਨ। ਜਰਮਨੀਆਂ ਨੇ ਯਹੂਦੀਆਂ ਦੁਆਰਾ ਬਣਾਏ ਗਏ ਬੈਂਕਾਂ ਉੱਤੇ ਕਬਜ਼ਾ ਕਰ ਲਿਆ ਗਿਆ। ਯਹੂਦੀ ਡਾਕਟਰਾਂ ਅਤੇ ਵਕੀਲਾਂ ਦਾ ਆਰਥਿਕ ਬਾਈਕਾਟ ਕੀਤਾ ਗਿਆ। ਆਰਥਿਕ ਬਾਈਕਾਟ ਕਰਨ ਦੇ ਤੱਤ ਅੱਜ ਦੇ ਸਮਾਜ ਵਿੱਚ ਵੀ ਮੌਜੂਦ ਹਨ। ਕੀ ਤੁਹਾਨੂੰ ਨਹੀਂ ਜਾਪਦਾ ਕਿ ਹਿਟਲਰ ਹਾਲੇ ਮਰਿਆ ਨਹੀਂ। ਇਹ ਹਰ ਥਾਂ ਮੌਤ ਦੇ ਦੇਵਤੇ ਦੇ ਰੂਪ ਵਿਚ ਅਵਤਾਰ ਧਾਰ ਰਿਹਾ ਹੈ।

# ਯੂਕਰੇਨ ਜੰਗ ਵਿਚ ਲਾਹਾ ਖੱਟਣਗੇ ਸਰਮਾਏਦਾਰ ਦੇਸ਼

ਜਦੋਂ ਦੂਜੀ ਸੰਸਾਰ ਜੰਗ ਵਿਚ 7 ਦਸੰਬਰ 1941 ਨੂੰ ਜਪਾਨ ਨੇ ਅਮਰੀਕਾ ਉੱਤੇ ਹਮਲਾ ਕੀਤਾ ਤਾਂ ਅਮਰੀਕਾ ਵਿਚ ਸਰਮਾਏਦਾਰਾਂ ਦੇ ਅਖਬਾਰ 'ਵਾਲ ਸਟਰੀਟ ਜਰਨਲ' ਨੇ 8 ਦਸੰਬਰ ਦੇ ਆਪਣੇ ਅੰਕ ਵਿਚ ਲਿਖਿਆ- 'ਜਪਾਨ ਖਿਲਾਫ ਜੰਗ, ਜਾਣੀ ਅਮਰੀਕਾ ਵਿਚ ਸਨਅਤੀ ਇਨਕਲਾਬ।'

ਕਹਿਣ ਦਾ ਭਾਵ ਦੂਜੀ ਸੰਸਾਰ ਜੰਗ ਦੀ ਤਬਾਹੀ ਵਿਚੋਂ ਵੀ ਅਮਰੀਕਾ (ਸਮੇਤ ਬਾਕੀ ਸਰਮਾਏਦਾਰਾ ਮੁਲਕਾਂ) ਦੀ ਵੱਡੀ ਸਰਮਾਏਦਾਰੀ ਦਾ ਇੱਕ ਹਿੱਸਾ ਆਪਣੇ ਲਈ ਮੁਨਾਫ਼ੇ ਦੇ ਮੌਕੇ ਦੇਖ ਰਿਹਾ ਸੀ; ਭਾਵ, ਇੱਕ ਪਾਸੇ ਕਰੋੜਾਂ ਲੋਕ ਮਰ ਰਹੇ ਸਨ, ਉਜਾੜੇ ਜਾ ਰਹੇ ਸਨ; ਦੂਜੇ ਪਾਸੇ ਅਮਰੀਕਾ, ਜਰਮਨੀ ਤੇ ਹੋਰਾਂ ਸਾਮਰਾਜੀ ਮੁਲਕਾਂ ਦੇ ਵੱਡੇ ਸਰਮਾਏਦਾਰ ਆਪਣੇ ਲਈ ਵੱਧ ਤੋਂ ਵੱਧ ਮੁਨਾਫ਼ੇ ਟੋਲ ਰਹੇ ਸਨ। ਇਹੀ ਕੁਝ ਅਸੀਂ ਇਰਾਕ, ਅਫ਼ਗਾਨਿਸਤਾਨ, ਲੀਬੀਆ, ਯਮਨ ਆਦਿ ਉੱਤੇ ਥੋਪੀਆਂ ਸਾਮਰਾਜੀ ਜੰਗਾਂ ਦੌਰਾਨ ਦੇਖਿਆ ਤੇ ਹੁਣ ਯੂਕਰੇਨ ਅੰਦਰ ਵੀ ਦੇਖ ਰਹੇ ਹਾਂ।

ਯੂਕਰੇਨ ਪਿਛਲੇ ਦੋ-ਤਿੰਨ ਹਫਤਿਆਂ ਤੋਂ ਅਮਰੀਕਾ ਤੇ ਰੂਸ ਦੇ ਸਾਮਰਾਜੀਆਂ ਦੀ ਟੱਕਰ ਦਾ ਅਖਾੜਾ ਬਣਿਆ ਹੋਇਆ ਹੈ। ਹੁਣ ਤੱਕ ਇਸ ਜੰਗ ਵਿਚ ਲੱਖਾਂ ਲੋਕਾਂ ਨੂੰ ਹਿਜਰਤ ਕਰਨੀ ਪਈ ਹੈ ਤੇ ਹਜ਼ਾਰਾਂ ਮੌਤਾਂ ਹੋ ਚੁੱਕੀਆਂ ਹਨ ਪਰ ਲੋਕਾਂ ਦੀਆਂ ਤਬਾਹ ਹੁੰਦੀਆਂ ਜ਼ਿੰਦਗੀਆਂ ਤੋਂ ਸਰਮਾਏਦਾਰਾਂ ਦਾ ਇੱਕ ਹਿੱਸਾ ਪੂਰਾ ਲਾਹਾ ਖੱਟ ਰਿਹਾ ਹੈ। ਵੱਡੇ ਸਰਮਾਏਦਾਰ ਯੂਕਰੇਨ ਵਿਚ ਸੜਕਾਂ, ਇਮਾਰਤਾਂ ਤੇ ਹੋਰ ਢਾਂਚੇ ਦੇ ਨੁਕਸਾਨ ਵਿਚੋਂ ਵਾਧੂ ਨਫ਼ਾ ਦੇਖ ਰਹੇ ਹਨ। 24 ਫਰਵਰੀ ਨੂੰ ਜਦ ਰੂਸ ਨੇ ਯੂਕਰੇਨ ਉੱਤੇ ਹਮਲਾ ਕੀਤਾ ਤਾਂ ਮਹਿਜ਼ 12 ਘੰਟਿਆਂ ਦੇ ਅੰਦਰ ਹੀ 600 ਤੋਂ ਵੱਧ ਤੇਲ ਕੰਪਨੀਆਂ ਦੀ ਨੁਮਾਇੰਦਗੀ ਕਰਦੇ ਮੰਚ 'ਅਮਰੀਕੀ ਪੈਟਰੋਲੀਅਮ ਸੰਸਥਾ' ਨੇ ਆਪਣੇ ਟਵਿੱਟਰ ਖਾਤੇ ਉੱਤੇ ਯੂਕਰੇਨ ਦੇ ਮੱਦੇਨਜ਼ਰ ਇਹ ਬਿਆਨ ਦਿੱਤਾ ਕਿ ਯੂਰੋਪ ਵਿਚ ਊਰਜਾ ਦੇ ਪੈਦਾ ਹੋਣ ਵਾਲੇ ਸੰਕਟ ਨੂੰ ਪੂਰਨ ਦੇ ਰਾਹ ਵਿਚ ਉਨਾਂ ਲਈ ਅਮਰੀਕਾ ਦੇ ਵਾਤਾਵਰਨ ਸਬੰਧੀ ਨੇਮ ਰੁਕਾਵਟ ਹਨ ਜਿਨਾਂ ਨੂੰ ਜਲਦ ਹਟਾਇਆ ਜਾਣਾ ਚਾਹੀਦਾ ਹੈ। ਅੱਗੇ ਇਸ ਸੰਸਥਾ ਨੇ ਆਪਣੀਆਂ ਮੰਗਾਂ ਪੇਸ਼ ਕੀਤੀਆਂ ਜਿਨਾਂ ਵਿਚ ਮੁੱਖ ਸਨ :- ਸਰਕਾਰੀ ਜਗਾ ਤੇ ਆਪਣੇ ਤੇਲ ਪ੍ਰਾਜੈਕਟ ਲਾਉਣ ਦੀ ਤੁਰੰਤ ਪ੍ਰਵਾਨਗੀ ਦਿੱਤੀ ਜਾਵੇ, ਸਮੁੰਦਰ ਵਿਚ ਅਗਲੇ ਪੰਜ ਸਾਲਾਂ ਲਈ ਵੱਡੇ ਪ੍ਰਾਜੈਕਟ ਠੇਕੇ 'ਤੇ ਦਿੱਤੇ ਜਾਣ ਅਤੇ ਉਨਾਂ ਦੇ ਤੇਲ ਪ੍ਰਾਜੈਕਟਾਂ ਦੇ ਰਾਹ ਵਿਚ ਆਉਂਦੀਆਂ ਸਭ ਕਾਨੂੰਨੀ-ਪ੍ਰਬੰਧਕੀ ਅੜਾਉਣੀਆਂ ਹਟਾਈਆਂ ਜਾਣ।

ਮਤਲਬ, ਜਿਸ ਤਰਾਂ ਕੋਰੋਨਾ ਬੰਦਿਸ਼ਾਂ ਦਾ ਲਾਹਾ ਲੈ ਕੇ ਵੱਡੇ ਸਰਮਾਏਦਾਰਾਂ ਨੇ ਆਪਣੇ ਲਈ ਮੁਆਫ਼ਿਕ ਮੰਗਾਂ ਮਨਵਾਈਆਂ ਸਨ, ਉਸੇ ਤਰਾਂ ਹੁਣ ਯੂਕਰੇਨ ਜੰਗ ਦਾ ਸਹਾਰਾ ਲੈ ਕੇ ਉਹੀ ਕੰਮ ਕਰ ਰਹੇ ਹਨ।

ਇਨਾਂ ਤੇਲ ਕੰਪਨੀਆਂ ਨੇ ਆਪਣੇ ਹੱਕ ਵਿਚ ਹਮਾਇਤ ਜੁਟਾਉਣ ਲਈ ਅਮਰੀਕੀ ਕਾਂਗਰਸ ਅੰਦਰ ਕਈ ਸੈਨੇਟਰਾਂ ਨੂੰ ਵੀ ਖਰੀਦ ਲਿਆ ਹੈ ਜਿਹੜੇ ਵਾਰ ਵਾਰ ਮੀਡੀਆ ਅਤੇ ਸਰਕਾਰ ਅੰਦਰ ਇਸ ਗੱਲ ਦਾ ਦਬਾਅ ਬਣਾ ਰਹੇ ਹਨ ਕਿ ਰੂਸ ਦੇ ਤੇਲ, ਗੈਸ ਉੱਤੇ ਬੰਦਿਸ਼ਾਂ ਲਾਈਆਂ ਜਾਣ ਤਾਂ ਜੋ ਯੂਰੋਪ ਦਾ ਜ਼ਰਖੇਜ਼ ਮੈਦਾਨ ਅਮਰੀਕੀ ਤੇਲ-ਗੈਸ ਕੰਪਨੀਆਂ ਲਈ ਵਧਾਇਆ ਜਾ ਸਕੇ। ਜ਼ਿਕਰਯੋਗ ਹੈ ਕਿ ਮੌਜੂਦਾ ਸਮੇਂ ਯੂਰੋਪ ਵੱਡੀ ਹੱਦ ਤੱਕ ਰੂਸ ਦੀਆਂ ਤੇਲ-ਗੈਸ ਬਰਾਮਦਾਂ ਉੱਤੇ ਨਿਰਭਰ ਹੈ ਅਤੇ ਹੁਣ ਰੂਸ ਉੱਤੇ ਬੰਦਿਸ਼ਾਂ ਦੇ ਮੱਦੇਨਜ਼ਰ ਅਮਰੀਕੀ ਤੇ ਹੋਰਾਂ ਪੱਛਮੀ ਮੁਲਕਾਂ ਦੀਆਂ ਕੰਪਨੀਆਂ ਯੂਰਪ ਦੇ ਬਾਜ਼ਾਰ ਨੂੰ ਲਲਚਾਈਆਂ ਨਜ਼ਰਾਂ ਨਾਲ ਦੇਖ ਰਹੀਆਂ ਹਨ। ਇਹੀ ਕਾਰਨ ਹੈ ਕਿ ਤੇਲ-ਗੈਸ ਦੀਆਂ ਅਮਰੀਕੀ ਕੰਪਨੀਆਂ ਸ਼ੈਵਰੌਨ, ਐਕਸੌਨ ਮੋਬਿਲ, ਹਾਲੀਬਰਟਨ ਆਦਿ ਦੇ ਸ਼ੇਅਰਾਂ ਦੀ ਕੀਮਤ 24 ਫਰਵਰੀ ਤੋਂ ਬਾਅਦ ਇਕਦਮ ਸ਼ੂਟ ਵੱਟ ਗਈ।

ਉਂਝ, ਗੱਲ ਸਿਰਫ਼ ਊਰਜਾ ਕੰਪਨੀਆਂ ਤੱਕ ਸੀਮਤ ਨਹੀਂ ਰਹੀ। ਤੇਲ ਕੰਪਨੀਆਂ ਦੇ ਨਾਲ ਨਾਲ ਜੰਗ ਵਿਚ ਵਰਤੇ ਜਾਣ ਵਾਲੇ ਹਥਿਆਰਾਂ ਤੇ ਹੋਰ ਸਾਜ਼ੋ-ਸਮਾਨ ਬਣਾਉਣ ਵਾਲੀਆਂ ਕੰਪਨੀਆਂ ਵੀ ਯੂਕਰੇਨ ਜੰਗ ਤੋਂ ਆਪਣੇ ਲਈ ਮਨ-ਮੁਆਫ਼ਿਕ ਲਾਹਾ ਖੱਟਣਾ ਚਾਹੁੰਦੀਆਂ ਹਨ। ਯੂਕਰੇਨ ਉੱਤੇ ਰੂਸੀ ਹਮਲੇ ਤੋਂ ਦੋ ਦਿਨਾਂ ਮਗਰੋਂ ਹੀ ਅਮਰੀਕੀ ਸਦਰ ਜੋਅ ਬਾਇਡਨ ਨੇ 35 ਕਰੋੜ ਡਾਲਰ ਦੇ ਹਥਿਆਰ ਯੂਕਰੇਨ ਨੂੰ ਜਾਰੀ ਕਰ ਦਿੱਤੇ।

ਅਮਰੀਕਾ ਦੀ ਪਿਛਲੇ ਕੁਝ ਮਹੀਨਿਆਂ ਵਿਚ ਯੂਕਰੇਨ ਨੂੰ ਭੇਜੀ ਇਹ ਤੀਜੀ ਵੱਡੀ ਖੇਪ ਸੀ। ਪਿਛਲੇ ਇੱਕ ਸਾਲ ਵਿਚ ਅਮਰੀਕਾ ਯੂਕਰੇਨ ਨੂੰ ਸੁਰੱਖਿਆ 'ਇਮਦਾਦ' ਵਜੋਂ 1 ਅਰਬ ਡਾਲਰ ਦੇ ਹਥਿਆਰ ਵੇਚ ਚੁੱਕਾ ਹੈ। ਉੱਧਰ ਇਨਾਂ ਦਿਨਾਂ ਵਿਚ ਹੀ ਜਰਮਨੀ ਨੇ ਵੀ ਦੂਜੀ ਸੰਸਾਰ ਜੰਗ ਤੋਂ ਮਗਰੋਂ ਵੱਡਾ ਫੈਸਲਾ ਕਰਦਿਆਂ ਆਪਣੀ ਫੌਜ ਉੱਤੇ 100 ਅਰਬ ਯੂਰੋ ਖਰਚਣ ਦਾ ਐਲਾਨ ਕਰ ਦਿੱਤਾ ਹੈ। ਇਸ ਖ਼ਬਰ ਨੇ ਵੀ ਹਥਿਆਰ ਸਨਅਤਕਾਰਾਂ ਦੀਆਂ ਵਾਛਾਂ ਖਿੜਾ ਦਿੱਤੀਆਂ।

'ਸਟਾਕਹੋਮ ਕੌਮਾਂਤਰੀ ਅਮਨ ਖੋਜ ਸੰਸਥਾ' ਦੀ 2021 ਦੀ ਸਾਲਾਨਾ ਰਿਪੋਰਟ ਮੁਤਾਬਕ ਸੰਸਾਰ ਵਿਚ ਹਥਿਆਰਾਂ ਦੇ ਵਪਾਰ ਦੇ 90% ਤੋਂ ਵੱਧ ਹਿੱਸੇ ਉੱਤੇ ਸਿਰਫ 10 ਕੰਪਨੀਆਂ ਦੀ ਇਜਾਰੇਦਾਰੀ ਹੈ। ਇਸ ਵਿਚੋਂ ਵੀ ਸਿਰਫ ਅਮਰੀਕਾ, ਰੂਸ, ਫਰਾਂਸ, ਜਰਮਨੀ ਤੇ ਚੀਨ ਦਾ ਹਿੱਸਾ 76% ਹੈ ਜਿਸ ਵਿਚ ਇਕੱਲੇ ਅਮਰੀਕਾ ਦਾ 37% ਤੇ ਰੂਸ ਦਾ 20% ਨਾਲ ਦੂਜੇ ਨੰਬਰ ਉੱਤੇ ਹਿੱਸਾ ਹੈ। ਯੂਕਰੇਨ ਉੱਤੇ ਰੂਸੀ ਹਮਲੇ ਨੇ ਹਥਿਆਰ ਬਣਾਉਣ ਵਾਲੇ ਇਨਾਂ ਸਰਮਾਏਦਾਰਾਂ ਨੂੰ ਸੁਨਹਿਰਾ ਮੌਕਾ ਦੇ ਦਿੱਤਾ ਹੈ। ਅਮਰੀਕਾ ਵਿਚ ਮੀਡੀਆ ਰਿਪੋਰਟਾਂ ਮੁਤਾਬਕ ਸੰਸਾਰ ਦੀਆਂ ਦੋ ਸਭ ਤੋਂ ਵੱਡੀਆਂ ਅਮਰੀਕੀ ਹਥਿਆਰ ਕੰਪਨੀਆਂ ਰੇਥੀਓਨ ਤੇ ਲੌਕਹੀਡ ਮਾਰਟਿਨ ਜਨਵਰੀ ਮਹੀਨੇ ਦੇ ਅਖੀਰਲੇ ਦਿਨਾਂ ਵਿਚ ਹੀ ਆਪਣੇ ਨਿਵੇਸ਼ਕਾਂ ਦੀ ਮਿਲਣੀ ਵਿਚ ਯੂਕਰੇਨ ਤਣਾਅ ਨੂੰ ਆਪਣੀ ਕੰਪਨੀ ਲਈ ਸੁਨਹਿਰੀ ਮੌਕਾ ਦੱਸ ਰਹੇ ਸਨ।

ਫ਼ੀਚਰ

ਅਜਿਹਾ ਨਹੀਂ ਕਿ ਸਿਰਫ ਹਥਿਆਰ ਵੇਚ ਕੇ ਜਾਂ ਊਰਜਾ ਖੇਤਰ ਵਿਚੋਂ ਇੱਕ ਧਿਰ ਦਾ ਬਾਈਕਾਟ ਕਰਵਾ ਕੇ ਦੂਜੀ ਧਿਰ ਦੇ ਸਰਮਾਏਦਾਰ ਮੁਨਾਫ਼ੇ ਕਮਾਉਣਾ ਚਾਹੁੰਦੇ ਹਨ। ਇਰਾਕ, ਅਫ਼ਗਾਨਿਸਤਾਨ ਦਾ ਤਜਰਬਾ ਦੱਸਦਾ ਹੈ ਕਿ ਜਦੋਂ ਪੂਰੀ ਤਰਾਂ ਮੁਲਕ ਤਹਿਸ-ਨਹਿਸ ਹੋ ਜਾਂਦਾ ਹੈ ਤਦ ਉਸ ਮੁਲਕ ਦੀ 'ਉਸਾਰੀ' ਦੇ ਨਾਂ ਉੱਤੇ ਵੱਡੇ ਵੱਡੇ ਠੇਕੇ ਵੀ ਇਨਾਂ ਸਰਮਾਏਦਾਰਾਂ ਨੂੰ ਹੀ ਦਿੱਤੇ ਜਾਂਦੇ ਹਨ। ਯੂਕਰੇਨ ਦੇ ਮਾਮਲੇ ਵਿਚ ਹੁਣ ਵਧੇਰੇ ਸੰਭਾਵਨਾ ਉੱਥੇ ਰੂਸ ਪੱਖੀ ਸਰਕਾਰ ਬਿਠਾਏ ਜਾਣ ਦੀ ਹੈ ਇਸ ਲਈ ਯੂਕਰੇਨ ਦੀ 'ਮੁੜ-ਉਸਾਰੀ' ਦਾ ਠੇਕਾ ਵੱਡੀ ਪੱਧਰ ਉੱਤੇ ਰੂਸੀ ਸਰਮਾਏਦਾਰਾਂ ਨੂੰ ਮਿਲਣਾ ਹੈ। ਇਸ ਤਬਾਹੀ ਵਿਚੋਂ ਸਰਮਾਏਦਾਰ ਕਿਵੇਂ ਮੁਨਾਫ਼ਾ ਕਮਾਉਂਦੇ ਹਨ, ਇਹ ਅਸੀਂ ਉੱਪਰ ਦੇਖਿਆ, ਆਓ ਹੁਣ ਇਰਾਕ ਤੇ ਅਫ਼ਗਾਨਿਸਤਾਨ ਦੀਆਂ ਮਿਸਾਲਾਂ ਰਾਹੀਂ ਸਮਝੀਏ ਕਿ 'ਮੁੜ-ਉਸਾਰੀ' ਦੇ ਨਾਂ ਉੱਤੇ ਇਹ ਸਾਮਰਾਜੀ ਲੁੱਟ ਕਿਵੇਂ ਕੀਤੀ ਜਾਂਦੀ ਹੈ।

2001 ਤੋਂ ਅਮਰੀਕਾ ਦੀ ਅਗਵਾਈ ਵਿਚ ਪੱਛਮੀ ਦੀ ਸ਼ੁਰੂ ਕੀਤੀ ਅਖੌਤੀ 'ਦਹਿਸ਼ਤਗਰਦੀ ਵਿਰੋਧੀ ਜੰਗ' ਦੇ 20 ਸਾਲਾਂ ਦਾ ਕੱਚਾ ਚਿੱਠਾ ਅੱਜ ਸਾਡੇ ਸਭ ਦੇ ਸਾਹਮਣੇ ਹੈ ਕਿ ਕਿਵੇਂ ਇਸ ਜੰਗ ਰਾਹੀਂ ਇਨਾਂ ਸਾਮਰਾਜੀਆਂ ਨੇ ਲੱਖਾਂ ਹੀ ਬੇਕਸੂਰ ਲੋਕਾਂ ਨੂੰ ਸਿੱਧੀ ਜੰਗ ਵਿਚ ਮਾਰਿਆ ਤੇ ਲੱਖਾਂ ਹੋਰਾਂ ਨੂੰ ਆਰਥਿਕ ਬੰਦਿਸ਼ਾਂ ਦੀ ਭੇਟ ਚਾੜ੍ਹਿਆ। ਵੀਹ ਸਾਲ ਬਾਅਦ ਇਰਾਕ ਤੇ ਅਫ਼ਗਾਨਿਸਤਾਨ ਪਹਿਲਾਂ ਤੋਂ ਵੀ ਬਦਤਰ ਹਾਲਤ ਵਿਚ ਛੱਡ ਕੇ ਅਮਰੀਕਾ ਉੱਥੋਂ ਤੁਰਦਾ ਬਣਿਆ ਪਰ ਇਸ ਜੰਗ ਦਾ ਸਭ ਤੋਂ ਵੱਧ ਫਾਇਦਾ ਜੇ ਕਿਸੇ ਨੇ ਖੱਟਿਆ ਤਾਂ ਉਹ ਸਨ ਵੱਡੇ ਸਰਮਾਏਦਾਰ ਜਿਨਾਂ ਨੇ ਪਹਿਲਾਂ ਇਨਾਂ ਦੋ ਮੁਲਕਾਂ ਨੂੰ ਤਬਾਹ ਕਰਨ ਲਈ ਹਥਿਆਰ ਵੇਚੇ ਤੇ ਮਗਰੋਂ 'ਮੁੜ-ਉਸਾਰੀ' ਦੇ ਨਾਂ ਉੱਤੇ ਵੱਡੇ ਠੇਕੇ ਹਾਸਲ ਕੀਤੇ। ਇਨਾਂ ਵੱਡੇ ਸਰਮਾਏਦਾਰਾਂ ਵਿਚ ਅਮਰੀਕੀ ਕੰਪਨੀਆਂ ਕੇਲੌਗ, ਹਾਲੀਬਰਟਨ, ਬੇਖਤੇਤ ਗਰੁੱਪ ਜਿਹੇ 70 ਤੋਂ ਵੱਧ ਸਰਮਾਏਦਾਰ ਸਨ ਜਿਨਾਂ ਨੂੰ ਜਾਰਜ ਬੁਸ਼ ਤੇ ਮਗਰੋਂ ਬਰਾਕ ਓਬਾਮਾ ਦੇ ਕਾਰਜਕਾਲ ਵਿਚ 'ਮੁੜ-ਉਸਾਰੀ' ਦੇ ਠੇਕੇ ਦਿੱਤੇ ਗਏ। ਇਨਾਂ ਵੀਹਾਂ ਸਾਲਾਂ ਵਿਚ ਖਰਚ ਹੋਏ 8 ਖ਼ਰਬ ਡਾਲਰ ਦਾ ਵੱਡਾ ਹਿੱਸਾ ਟਰੱਕਾਂ, ਲੜਾਕੂ ਜਹਾਜ਼ਾਂ, ਤੇਲ ਕੰਪਨੀਆਂ, ਹਥਿਆਰਾਂ ਤੇ ਸਬੰਧਿਤ ਸਾਜ਼ੋ-ਸਮਾਨ, ਬੁਨਿਆਦੀ ਢਾਂਚਾ ਕੰਪਨੀਆਂ ਨੂੰ ਅਦਾ ਕੀਤਾ ਗਿਆ। 2020 ਤੱਕ ਇੱਕ ਸਮੇਂ ਅਫ਼ਗਾਨਿਸਤਾਨ ਵਿਚ ਮੌਜੂਦ ਇਨਾਂ ਸਾਰੇ ਠੇਕੇਦਾਰਾਂ, ਵਿਚੋਲੀਆਂ ਦੀ ਗਿਣਤੀ 22562 ਸੀ ਜਿਹੜੀ ਅਮਰੀਕੀ ਫੌਜੀਆਂ ਦੀ ਗਿਣਤੀ ਤੋਂ ਵੀ ਵੱਧ ਸੀ। ਜ਼ਾਹਰ ਹੈ, ਸਾਰੇ ਇਸ ਵੱਡੀ ਰਕਮ ਵਿਚੋਂ ਆਪੋ-ਆਪਣਾ ਹਿੱਸਾ ਖਾਣ ਲਈ ਬੈਠੇ ਸਨ।

ਪਿਛਲੇ ਵੀਹ ਸਾਲਾਂ ਵਿਚ ਇਨਾਂ ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤ ਬਾਕੀ ਸ਼ੇਅਰ ਬਾਜ਼ਾਰ ਦੀ ਔਸਤ ਨਾਲ਼ੋਂ 60% ਵਧੇਰੇ ਵਧੀ। ਪੈਂਟਾਗਨ ਦੇ ਰੱਖਿਆ ਠੇਕੇਦਾਰਾਂ ਲਈ ਰਾਖਵੇਂ ਰੱਖੇ 480 ਅਰਬ ਡਾਲਰ ਦਾ ਤੀਜਾ ਹਿੱਸਾ ਤਾਂ ਸਿਰਫ ਸਿਖਰਲੀਆਂ ਪੰਜ ਕੰਪਨੀਆਂ ਲੌਕਹੀਡ ਮਾਰਟਿਨ, ਰੇਥੀਓਨ, ਬੋਇੰਗ, ਨੌਰਥਰੋਪ ਗਰੁੱਮਨ ਤੇ ਜਨਰਲ ਡਾਇਨਾਮਿਕਸ ਕੋਲ਼ ਹੀ ਗਿਆ। ਇਸ ਤੋਂ ਬਿਨਾਂ ਸੰਸਾਰ ਭਰ ਵਿਚ ਮੌਜੂਦ ਹਜ਼ਾਰਾਂ ਹੀ ਛੋਟੇ-ਵੱਡੇ ਉਪ-ਠੇਕੇਦਾਰਾਂ ਨੇ ਫੌਜੀ ਸਾਜ਼ੋ-ਸਮਾਨ ਵੇਚ ਕੇ ਪੈਸਾ ਕਮਾਇਆ; ਤੇ ਕਿਉਂਕਿ ਪੈਂਟਾਗਨ ਸੰਸਾਰ ਦਾ ਇਕੱਲਾ ਸਭ ਤੋਂ ਵੱਡਾ ਤੇਲ ਖਰੀਦਦਾਰ ਹੈ, ਇਸ ਲਈ ਤੇਲ ਕੰਪਨੀਆਂ ਵੀ ਇਸ ਜੰਗ ਦੀਆਂ ਮੁੱਖ ਲਾਭਪਾਤਰੀ ਸਨ।

ਕਹਿਣ ਦੀ ਲੋੜ ਨਹੀਂ 'ਮੁੜ-ਉਸਾਰੀ' ਦੇ ਨਾਂ ਤੇ ਲੁਟਾਇਆ ਇਹ ਸਰਕਾਰੀ ਪੈਸਾ ਵੱਡੀ ਪੱਧਰ ਤੇ ਅਜਾਈਂ ਖਰਚਿਆ ਗਿਆ। ਪੈਂਟਾਗਨ ਦੇ ਹੀ ਅਧਿਕਾਰੀਆਂ ਨੇ ਇਸ ਖਰਚ ਵਿਚ ਬੇਅੰਤ ਭ੍ਰਿਸ਼ਟਾਚਾਰ ਤੇ ਜਾਅਲੀ ਖਰਚਿਆਂ ਦਾ ਰਿਕਾਰਡ ਦਰਜ ਕੀਤਾ। ਇਸੇ ਲਈ ਖਰਬਾਂ ਰੁਪਏ ਦੇ ਇਸ ਖਰਚੇ ਵਿਚੋਂ ਇਰਾਕ, ਅਫ਼ਗਾਨਿਸਤਾਨ ਅੰਦਰ ਜ਼ਮੀਨੀ ਪੱਧਰ ਤੇ ਅੱਜ ਕੁਝ ਵੀ ਨਜ਼ਰ ਨਹੀਂ ਆਉਂਦਾ।

### ਮਨੁੱਖ ਦੋਖੀ ਢਾਂਚੇ ਖਿਲਾਫ ਜੰਗ ਦੀ ਲੋੜ

ਇਹ ਲੋਕ ਦੋਖੀ ਪ੍ਰਬੰਧ ਲੋਕਾਂ ਦੀਆਂ ਲਾਸ਼ਾਂ ਤੋਂ ਲਾਹਾ ਖੱਟਣ ਦਾ ਘਿਨਾਉਣਾ ਕਾਰਜ ਇਰਾਕ, ਅਫ਼ਗਾਨਿਸਤਾਨ, ਮੱਧ-ਪੂਰਬ ਤੋਂ ਬਾਅਦ ਹੁਣ ਯੂਕਰੇਨ ਵਿਚ ਰਚ ਰਿਹਾ ਹੈ। ਅਸਲ ਵਿਚ ਇਸ ਸਰਮਾਏਦਾਰਾ ਢਾਂਚੇ ਦੀ ਬੁਨਿਆਦ ਮੁਨਾਫ਼ੇ ਤੇ ਟਿਕੀ ਹੈ। ਇਸ ਲਈ ਇਹ ਢਾਂਚਾ ਜਿੱਥੇ ਜਿਊਂਦੇ-ਜਾਗਦੇ ਮਜ਼ਦੂਰਾਂ ਦੀ ਲੁੱਟ ਉੱਤੇ ਨਿਰਭਰ ਹੈ, ਉੱਥੇ ਮੋਇਆਂ ਤੋਂ ਵੀ ਮੁਨਾਫ਼ਾ ਕਮਾਉਣ ਦਾ ਕੋਈ ਮੌਕਾ ਨਹੀਂ ਜਾਣ ਦਿੰਦਾ। ਮੁਨਾਫ਼ੇ ਤੇ ਟਿਕਿਆ ਇਹ ਪ੍ਰਬੰਧ ਗਲ-ਵੱਢ ਮੁਕਾਬਲੇ ਦਾ ਪ੍ਰਬੰਧ ਹੈ। ਵੱਖ ਵੱਖ ਸਰਮਾਏਦਾਰਾਂ ਵਿਚਕਾਰ ਚਲਦਾ ਗਹਿਗੱਚ ਮੁਕਾਬਲਾ ਵਡੇਰੇ ਪੱਧਰ 'ਤੇ ਸਰਮਾਏਦਾਰਾ ਮੁਲਕਾਂ ਦਰਮਿਆਨ ਮੁਕਾਬਲੇ ਵਿਚ ਤਬਦੀਲ ਹੋ ਜਾਂਦਾ ਹੈ। ਇਸੇ ਕਾਰਨ ਕਦੇ ਇੱਕ ਤੇ ਕਦੇ ਦੂਜੇ ਮੁਲਕ ਦੇ ਕਿਰਤੀ ਲੋਕ ਇਨਾਂ ਸਾਮਰਾਜੀ ਤਾਕਤਾਂ ਦੇ ਮੁਕਾਬਲੇ ਦਾ ਸ਼ਿਕਾਰ ਬਣਦੇ ਹਨ। ਜਿੱਥੇ ਅੱਜ ਯੂਕਰੇਨ ਅੰਦਰ ਜੰਗ ਛੇੜ ਕੇ ਸਾਮਰਾਜੀ ਮੁਲਕਾਂ ਦੀਆਂ ਕੰਪਨੀਆਂ ਮੁਨਾਫ਼ਾ ਖੱਟ ਰਹੀਆਂ ਹਨ, ਉੱਥੇ ਇਸ ਜੰਗ ਦੇ 'ਜਿੱਤਣ' ਮਗਰੋਂ ਇਹੀ ਕੰਪਨੀਆਂ ਫਿਰ ਤੋਂ ਮੁਨਾਫ਼ਾ ਖੱਟਣਗੀਆਂ ਉਹ ਭਾਵੇਂ ਕੁਦਰਤੀ ਸਰੋਤਾਂ ਤੇ ਕਬਜ਼ਾ ਕਰਕੇ ਹੋਵੇ ਜਾਂ ਫਿਰ 'ਮੁੜ-ਉਸਾਰੀ' ਦੇ ਨਾਂ ਤੇ। ਇਸ ਲਈ ਯੂਕਰੇਨ ਸਣੇ ਕੁੱਲ ਦੁਨੀਆ ਤੋਂ ਜੰਗਾਂ ਖਤਮ ਕਰਨ ਦਾ ਸਵਾਲ ਇਸ ਮੁਨਾਫਾ ਆਧਾਰਤ ਸਰਮਾਏਦਾਰਾ-ਸਾਮਰਾਜੀ ਢਾਂਚੇ ਨੂੰ ਖਤਮ ਕਰਨ ਨਾਲ ਜੁੜਿਆ ਹੋਇਆ ਹੈ। ਯੂਕਰੇਨ ਜਿਹੀਆਂ ਜੰਗਾਂ ਨੂੰ ਖਤਮ ਕਰਨ ਲਈ ਇੱਕ ਹੋਰ ਜੰਗ, ਭਾਵ ਇਸ ਪ੍ਰਬੰਧ ਖਿਲਾਫ ਜੰਗ ਦੀ ਲੋੜ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

ਅੰਮ੍ਰਿਤਸਰ ਟਾਈਮਜ਼
AMRITSAR TIMES

07 ਅਪ੍ਰੈਲ 2022 ਤੋਂ 13 ਅਪ੍ਰੈਲ 2022

# ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ

ਅਕਾਲ ਪੁਰਖ ਦੀ ਮੌਜ ਵਿਚ ਸਤਿਗੁਰਾਂ ਵਲੋਂ ਪ੍ਰਗਟ ਕੀਤੇ ਖਾਲਸੇ ਦਾ ਸਰਬੱਤ ਦੇ ਭਲੇ ਲਈ ਸੰਘਰਸ਼ ਸਦੀਵੀ ਹੈ। ਲੰਘੀ ਸਦੀ ਦੇ ਆਖਰੀ ਦਹਾਕਿਆਂ ਵਿਚ ਜੋ ਜੰਗ ਦੇਸ ਪੰਜਾਬ ਉੱਤੋਂ ਗੁਰੂ ਖਾਲਸਾ ਪੰਥ ਦੇ ਸੇਵਕਾਂ ਨੇ ਦਿੱਲੀ ਦਰਬਾਰ ਨਾਲ ਲੜੀ ਉਸ ਵਿਚ ਜਿੱਥੇ ਜੁਝਾਰੂਆਂ ਨੇ ਇਤਿਹਾਸ ਵਿਚ ਦਰਜ ਸ਼ਹਾਦਤਾਂ ਦੇ ਜਲੌਅ ਨੂੰ ਅਜੋਕੇ ਸਮੇਂ ਵਿਚ ਮੁੜ ਪ੍ਰਚੰਡ ਕੀਤਾ ਹੈ ਓਥੇ ਹਕੂਮਤ ਦੀ ਕੈਦ ਵਿਚ ਪਏ ਸਿੰਘਾਂ ਨੇ ਸਿਰੜ ਤੇ ਸਿਦਕ ਦਾ ਜਲਵਾ ਸਾਰੇ ਸੰਸਾਰ ਅੱਗੇ ਮੁੜ ਉਜਾਗਰ ਕੀਤਾ ਹੈ। ਜਿੱਥੇ ਬੰਦੀ ਸਿੰਘਾਂ ਨੇ ਪੰਥ ਦੀ ਸੇਵਾ ਵਿਚ ਸਿਦਕ ਉੱਤੇ ਨਿਭਦਿਆਂ ਲੰਮੀਆਂ ਕੈਦਾਂ ਕੱਟੀਆਂ ਹਨ ਅਤੇ ਅੱਜ ਵੀ ਕੱਟ ਰਹੇ ਹਨ ਓਥੇ ਗੁਰੂ ਖਾਲਸਾ ਪੰਥ, ਸਿੱਖ ਜਗਤ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤ ਨੇ ਸਦਾ ਬੰਦੀ ਸਿੰਘਾਂ ਦੀ ਚੜ੍ਹਦੀਕਲਾ ਅਤੇ ਰਿਹਾਈ ਦੀ ਅਰਦਾਸ ਕੀਤੀ ਹੈ। ਸਿੱਖਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਕਾਨੂੰਨੀ, ਸਿਆਸੀ, ਜਨਤਕ ਅਤੇ ਹਰ ਪੱਧਰ ਉੱਤੇ ਯਤਨ ਕੀਤੇ ਹਨ ਅਤੇ ਅੱਜ ਵੀ ਇਹ ਯਤਨ ਜਾਰੀ ਹਨ। ਇੰਡੀਆ ਦੇ ਕਾਨੂੰਨ ਵਿਚ ਅਜਿਹਾ ਪ੍ਰਬੰਧ ਹੈ ਕਿ ਸੂਬਾ ਸਰਕਾਰਾਂ ਫੌਜਦਾਰੀ ਜ਼ਾਬਤੇ (ਕ੍ਰਿਮਿਨਲ ਪ੍ਰੋਸੀਜਰ ਕੋਡ) ਦੀਆਂ ਧਾਰਾਵਾਂ 432/433 ਤਹਿਤ ਕਿਸੇ ਉਮਰ ਕੈਦੀ ਦੀ ਪੱਕੀ ਰਿਹਾਈ ਕਰ ਸਕਦੀਆਂ ਹਨ। ਇਸੇ ਤਰਾਂ ਸੂਬਿਆਂ ਦੇ ਗਵਰਨਰ ਤੇ ਇੰਡੀਆ ਦਾ ਰਾਸ਼ਟਰਪਤੀ ਕ੍ਰਮਵਾਰ ਇੰਡੀਆ ਦੇ ਸੰਵਿਧਾਨ ਦੀ ਧਾਰਾ 161 ਅਤੇ 72 ਅਧੀਨ ਕਿਸੇ ਵੀ ਕੈਦੀ ਦੀ ਸਜ਼ਾ ਰੱਦ, ਘੱਟ ਜਾਂ ਮਾਫ ਕਰ ਸਕਦੇ ਹਨ। ਇਸ ਸਬੰਧੀ ਲਿਆ ਗਿਆ ਫੈਸਲਾ 'ਸਿਆਸੀ ਇੱਛਾ ਸ਼ਕਤੀ' ਉਤੇ ਹੀ ਨਿਰਭਰ ਕਰਦਾ ਹੈ।

ਸਿਆਸੀ ਇੱਛਾ ਸ਼ਕਤੀ ਦੀ ਵਰਤੋਂ ਵਿਚ ਵਿਤਕਰੇਬਾਜ਼ੀ ਦੀ ਇਕ ਮਿਸਾਲ ਇਹ ਹੈ ਕਿ ਕੁਝ ਪੁਲਿਸ ਵਾਲਿਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਦੋਸ਼ੀ ਪਾਏ ਜਾਣ ਉੱਤੇ ਅਦਾਲਤ ਨੇ ਉਮਰ ਕੈਦ ਦੀ ਸਜਾ ਸੁਣਾਈ। ਪਰ ਇਹਨਾ ਉਮਰ ਕੈਦੀ ਪੁਲਿਸ ਅਫਸਰਾਂ ਦੀ ਰਿਹਾਈ ਪੰਜਾਬ ਸਰਕਾਰ ਨੇ 4/5 ਸਾਲਾਂ ਬਾਅਦ ਹੀ ਕਰ ਦਿੱਤੀ ਪਰ ਬੰਦੀ ਸਿੰਘਾਂ ਅਤੇ ਹੋਰ ਸਿਆਸੀ ਕੈਦੀਆਂ ਦੀ ਰਿਹਾਈ ਲਈ ਇਹ ਇੱਛਾ ਸ਼ਕਤੀ 25/30 ਸਾਲ ਬਾਅਦ ਵੀ ਨਹੀਂ ਵਰਤੀ ਜਾਂਦੀ। ਇਹ ਵਿਤਕਰੇਬਾਜ਼ੀ ਇੰਡੀਆ ਦੇ ਆਪਣੇ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਦੇ ਨਾਲ-ਨਾਲ ਨੈਤਿਕ ਤੌਰ ਉੱਤੇ ਵੀ ਗਲਤ ਹੈ ਪਰ ਫਿਰ ਵੀ ਇਹ ਵਿਤਕਰੇਬਾਜ਼ੀ ਜਾਰੀ ਹੈ। ਉਮਰ ਕੈਦੀ ਦੀ ਸਜ਼ਾ ਸਬੰਧੀ ਸਿਆਸੀ ਫੈਸਲੇ ਸਿਆਸੀ ਪਾਰਟੀਆਂ ਵਲੋਂ ਆਪਣੀ ਮਰਜ਼ੀ, ਹਿੱਤਾਂ, ਵੋਟ ਰਾਜਨੀਤੀ ਅਤੇ ਖੁਫੀਆ ਏਜੰਸੀਆਂ ਦੇ ਪ੍ਰਭਾਵ ਅਧੀਨ ਹੀ ਲਏ ਜਾਂਦੇ ਹਨ ਅਤੇ ਇਸ ਸਬੰਧੀ ਜੋ ਵੀ ਸਿਆਸੀ ਪਾਰਟੀ ਸੱਤਾ ਵਿਚ ਰਹਿੰਦੀ ਉਹ ਬੰਦੀ ਸਿੰਘਾਂ ਦੀ ਰਿਹਾਈ ਦੇ ਸਬੰਧ ਵਿਚ ਕੋਈ ਠੋਸ ਫੈਸਲਾ ਨਹੀਂ ਲੈਂਦੀ ਪਰ ਇਸਦੇ ਉਲਟ ਸਿੱਖ ਨੌਜਵਾਨਾਂ ਦੇ ਕਤਲ ਕੇਸਾਂ ਵਿਚ ਉਮਰ ਕੈਦ ਦੀ ਸਜ਼ਾ ਪਾਉਣ ਵਾਲੇ ਪੁਲਿਸ ਅਫਸਰਾਂ ਨੂੰ ਹਰ ਸੰਭਵ ਰਾਹਤ ਤੇ ਰਿਹਾਈ ਦੇਣ ਦੇ ਫੈਸਲੇ ਲਏ ਜਾਂਦੇ ਹਨ। ਪਰ ਜਦੋਂ ਹੀ ਉਹ ਸਿਆਸੀ ਪਾਰਟੀ ਸੱਤਾ ਤੋਂ ਬਾਹਰ ਹੋ ਜਾਂਦੀ ਹੈ ਤਾਂ ਉਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਪੁਲਿਸ ਵਾਲਿਆਂ ਨੂੰ ਜੇਲਾਂ ਵਿਚ ਰੱਖਣ ਦੇ ਸਿਆਸੀ ਬਿਆਨ ਜਾਰੀ ਕਰਨਾ ਸ਼ੁਰੂ ਕਰ ਦਿੰਦੀ ਹੈ। ਜਿਹਾ ਕਿ ਇਕ ਝੂਠੇ ਪੁਲਿਸ ਮੁਕਾਬਲੇ ਦੇ ਕੇਸ ਵਿਚ ਸੀ.ਬੀ.ਆਈ. ਅਦਾਲਤ ਵਲੋਂ ਸਜ਼ਾਯਾਫਤਾ ਉਮਰ ਕੈਦੀ 4 ਪੁਲਿਸ ਅਫਸਰਾਂ ਨੂੰ ਬਾਦਲ ਸਰਕਾਰ ਨੇ 2/3 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਹੀ ਪੱਕੀ ਰਿਹਾਈ ਦੀ ਸਿਫਾਰਸ਼ 2017 ਵਿਚ ਕਰ ਦਿੱਤੀ ਸੀ ਜਿਸ ਉਪਰ ਫੁੱਲ ਚੜਾਉਂਦਿਆਂ ਬਾਅਦ ਦੀ ਕੈਪਟਨ ਸਰਕਾਰ ਵਲੋਂ ਜੂਨ 2019 ਵਿਚ ਉਨਾਂ ਨੂੰ ਪੱਕੀ ਰਿਹਾਈ ਦੇ ਦਿੱਤੀ ਪਰ ਬੰਦੀ ਸਿੰਘਾਂ ਦੇ ਸਬੰਧ ਵਿਚ ਸੱਤਾ ਵਿਚ ਰਹਿੰਦਿਆਂ ਨਾ ਤਾਂ ਬਾਦਲ ਸਰਕਾਰ ਅਤੇ ਨਾ ਹੀ ਕੈਪਟਨ ਸਰਕਾਰ ਨੇ ਕੋਈ ਠੋਸ ਫੈਸਲਾ ਲਿਆ ਪਰ ਸੱਤਾ ਤੋਂ ਬਾਹਰ ਹੁੰਦਿਆਂ ਬੰਦੀ ਸਿੰਘਾਂ ਦੀ ਰਿਹਾਈ ਲਈ ਸਿਆਸੀ ਬਿਆਨਬਾਜ਼ੀ ਕਰਦੇ ਰਹਿੰਦੇ ਹਨ। ਇਸੇ ਤਰਾਂ ਕੇਂਦਰ ਦੀ ਮੋਦੀ ਸਰਕਾਰ ਨੇ ਵੀ 2019 ਵਿਚ ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਬੰਦੀ ਸਿੰਘਾਂ ਨੂੰ ਰਿਹਾਈ ਕਰਨ ਸਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਪੂਰਨ ਰੂਪ ਵਿਚ ਲਾਗੂ ਕਰਨ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ।

ਕੀ ਕਾਰਨ ਹੈ ਕਿ ਇੰਡੀਆ ਵਲੋਂ ਬੰਦੀ ਸਿੰਘਾਂ ਦੇ ਮਾਮਲੇ ਵਿਚ ਆਪਣੇ ਹੀ ਕਾਨੂੰਨ ਅਤੇ ਅਮਲ ਦੇ ਸਥਾਪਿਤ ਨੇਮ ਕਿਉਂ ਨਹੀਂ ਮੰਨੇ ਜਾ ਰਹੇ ? ਕਾਰਨ ਇਹ ਹੈ ਕਿ ਇੰਡੀਆ ਵਿਚ ਸਥਾਪਿਤ ਨਿਜ਼ਾਮ ਜਾਂ ਕਹਿ ਲਓ ਕਿ ਦਿੱਲੀ ਦਰਬਾਰ ਇਕ ਬਿੱਪਰਵਾਦੀ ਸਾਮਰਾਜੀ ਪ੍ਰਬੰਧ ਹੈ ਜੋ ਕਿ ਨੇਸ਼ਨ ਸਟੇਟ ਦੀ ਉਸਾਰੀ ਦੇ ਅਮਲ ਰਾਹੀਂ ਇਸ ਖਿੱਤੇ ਵਿਚਲੀ ਵੰਨ-ਸੁਵੰਨਤਾ ਨੂੰ ਦਰੜ ਕੇ ਇੱਥੇ ਇਕਸਾਰ ਇਕੋ-ਇਕ ਨੇਸ਼ਨ ਦੀ ਉਸਾਰੀ ਕਰਨੀ ਚਾਹੁੰਦਾ ਹੈ ਤਾਂ ਕਿ ਇੱਥੇ ਬਿੱਪਰ ਦੀ ਸਿਰਦਾਰੀ ਸਥਾਪਿਤ ਹੋ ਸਕੇ। ਕਿਉਂਕਿ ਬੰਦੀ ਸਿੰਘਾਂ ਦੇ ਸੰਘਰਸ਼ ਦਾ ਉਦੇਸ਼ ਸਮਾਜਿਕ ਨਾ-ਬਰਾਬਰੀ ਤੇ ਕਾਰਪੋਰੇਟੀ ਲੁੱਟ ਵਾਲੇ ਬਿੱਪਰ ਸਾਮਰਾਜ ਨੂੰ ਜੜੋਂ ਪੱਟ ਕੇ ਇਥੇ ਬੇਗਮਪੁਰਾ ਦੀ ਨਿਆਂਈਂ ਸਮਾਜ ਸਿਰਜਣਾ ਅਤੇ ਹਲੇਮੀ ਰਾਜ ਪ੍ਰਬੰਧ ਸਥਾਪਿਤ ਕਰਨਾ ਸੀ ਇਸ ਵਾਸਤੇ ਦਿੱਲੀ ਦਰਬਾਰ ਇਹਨਾ ਨੂੰ ਆਪਣੀ ਹੋਂਦ ਲਈ ਖਤਰਾ ਮੰਨਦਾ ਹੈ। ਬਿੱਪਰ ਵਲੋਂ ਆਪਣੇ ਨਾ-ਬਰਾਬਰੀ ਅਤੇ ਲੁੱਟ ਵਾਲੇ ਪ੍ਰਬੰਧ ਦੇ ਵਿਰੋਧ ਨੂੰ 'ਇੰਡੀਆ ਦੀ ਏਕਤਾ ਅਖੰਡਤਾਂ ਲਈ ਖਤਰੇ' ਦੇ ਤੌਰ ਉੱਤੇ ਪ੍ਰਚਾਰਿਆ ਜਾਂਦਾ ਹੈ।

ਬੰਦੀ ਸਿੰਘਾਂ ਦੀ ਰਿਹਾਈ ਲਈ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤ ਵਲੋਂ ਅਕਾਲ ਪੁਰਖ ਵਾਹਿਗੁਰੂ ਦੇ ਚਰਨਾ ਵਿਚ ਬੰਦੀ ਸਿੰਘਾਂ ਦੀ ਚੜ੍ਹਦੀਕਲਾ ਅਤੇ ਰਿਹਾਈ ਲਈ ਅਰਦਾਸ ਕਰਨਾ ਹੀ ਸਭ ਤੋਂ ਮੁੱਢਲਾ ਫਰਜ਼ ਹੈ ਕਿਉਂਕਿ ਸੰਗਤ ਦੀ ਅਰਦਾਸ ਦੇ ਆਸਰੇ ਹੀ ਬੰਦੀ ਸਿੰਘ ਕਾਲ ਕੋਠੜੀਆਂ ਵਿਚ ਸਿਦਕ ਨਾਲ ਸਮਾਂ ਬਤੀਤ ਕਰਦੇ ਹਨ। ਸਿੱਖ ਜਗਤ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਬੰਧਤ ਸਰਕਾਰਾਂ ਅਤੇ ਸਿਆਸੀ ਧਿਰਾਂ ਉੱਤੇ ਦਬਾਅ ਬਣਾਉਣਾ ਚਾਹੀਦਾ ਹੈ ਤਾਂ ਕਿ ਬੰਦੀ ਸਿੰਘ ਦੀ ਰਿਹਾਈ ਹੋ ਸਕੇ। ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਇੰਡੀਆ ਵਲੋਂ ਆਪਣੇ ਕਾਨੂੰਨ ਦੇ ਅਪਣਾਏ ਜਾ ਰਹੇ ਦੋਹਰੇ ਮਾਪਦੰਡਾਂ ਅਤੇ ਬੰਦੀ ਸਿੰਘਾਂ ਵਿਰੁਧ ਕੀਤੀ ਜਾ ਰਹੀ ਵਿਤਕਰੇਬਾਜ਼ੀ ਦਾ ਸੱਚ ਦੁਨੀਆ ਸਾਹਮਣੇ ਉਜਾਗਰ ਕਰਨ ਚਾਹੀਦਾ ਹੈ ਤਾਂ ਕਿ ਇੰਡੀਆ ਉੱਤੇ ਕਾਨੂੰਨ ਇਸਕਾਰ ਲਾਗੂ ਕਰਨ ਅਤੇ ਬੰਦੀ ਸਿੰਘਾਂ ਦੀ ਰਿਹਾਈ ਕਰਨ ਲਈ ਦਬਾਅ ਬਣਾਇਆ ਜਾ ਸਕੇ।

# 'ਸਭ ਕਾ ਵਿਕਾਸ' ਖੇਡੀ ਜਾ ਰਹੀ ਹੈ ਖੇਡ



ਗੁਰਮੀਤ ਸਿੰਘ ਪਲਾਹੀ
9815802070

ਕੁਝ ਦਹਾਕੇ ਪਹਿਲਾਂ ਦੇਸ਼ ਵਿੱਚ ਗਰੀਬੀ ਹਟਾਓ ਦਾ ਨਾਹਰਾ ਗੂੰਜਦਾ ਸੀ। ਇਹ ਨਾਹਰਾ ਹੁਣ ਦੇਸ਼ ਦੀ ਫਿਜ਼ਾ ਵਿੱਚ ਕਿਧਰੇ ਨਹੀਂ ਹੈ, ਪਰ ਦੇਸ਼ ਦੀ ਵੱਡੀ ਗਿਣਤੀ ਲੋਕ ਸਰਕਾਰੀ ਅੰਨ ਉਤੇ ਨਿਰਭਰ ਕਰ ਦਿੱਤੇ ਹਨ। ਅੱਜ ਗਰੀਬੀ ਹਟਾਓ ਦਾ ਨਾਹਰਾ, 'ਅੰਨ ਵੰਡੋ ਅਤੇ ਰਾਜ ਕਰੋ' ਤੱਕ ਸਿਮਟਕੇ ਰਹਿ ਗਿਆ ਹੈ। ਸਰਕਾਰੀ ਨੀਤੀਆਂ ਅਤੇ ਅਸਫ਼ਲਤਾਵਾਂ ਦੇ ਕਾਰਨ 'ਸਭ ਦਾ ਵਿਕਾਸ', ਸਮੂਹਿਕ ਵਿਕਾਸ ਦਾ ਸਪਨਾ, ਹਕੀਕਤ ਬਨਣ ਤੋਂ ਪਹਿਲਾਂ ਹੀ ਢਹਿ-ਢੇਰੀ ਹੋ ਰਿਹਾ ਹੈ।

ਵਿਕਾਸ ਕਿਸੇ ਵੀ ਲੋਕਤੰਤਰੀ ਵਿਵਸਥਾ ਦੀ ਪਹਿਲੀ ਲੋੜ ਹੈ। ਇਸਦੇ ਬਿਨਾਂ ਨਾਗਰਿਕ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਸੰਭਵ ਨਹੀਂ ਹੈ। ਇਸ ਬਿਨਾ ਨਾ ਤਾਂ ਲੋਕਤੰਤਰ ਮਜ਼ਬੂਤ ਬਣਦਾ ਹੈ ਅਤੇ ਨਾ ਹੀ ਸਮਾਜ ਬਿਹਤਰੀ ਵੱਲ ਅੱਗੇ ਵਧਦਾ ਹੈ। ਭਾਰਤੀ ਸੰਵਿਧਾਨ ਦੀ ਧਾਰਾ-21 ਦੇ ਤਹਿਤ ਅਜ਼ਾਦੀ ਅਤੇ ਚੰਗੇਰਾ ਜੀਵਨ ਜਿਊਣ ਦੀ ਅਜ਼ਾਦੀ ਹਰ ਨਾਗਰਿਕ ਨੂੰ ਹੈ, ਪਰ ਇਹ ਚੰਗੇਰਾ ਜੀਵਨ ਮੁਢਲੀਆਂ ਸੁਵਿਧਾਵਾਂ ਬਿਨਾਂ ਕੀ ਸੰਭਵ ਹੈ ? ਅੱਜ ਵੀ ਗਰੀਬੀ ਦੇਸ਼ ਵਿੱਚ ਵੱਡੀ ਸਮੱਸਿਆ ਹੈ। ਪਰ ਸਰਕਾਰਾਂ ਗਰੀਬਾਂ ਨੂੰ ਕੁਝ ਕਿਲੋ ਅਨਾਜ ਉਪਲੱਬਧ ਕਰਵਾ ਕੇ ਆਪਣਾ ਫ਼ਰਜ਼ ਪੂਰਾ ਹੋ ਗਿਆ ਸਮਝਦੀਆਂ ਹਨ। 5 ਕਿਲੋ ਪ੍ਰਤੀ ਜੀਅ ਅਨਾਜ ਦੇ ਕੇ ਗਰੀਬਾਂ ਨੂੰ 'ਕਰੋੜਾਂ ਦਾ ਅਨਾਜ' ਦੇ ਅੰਕੜੇ ਪ੍ਰਕਾਸ਼ਤ ਕਰਦੀਆਂ ਹਨ ਅਤੇ ਵਾਹ-ਵਾਹ ਖੱਟਦੀਆਂ ਹਨ। ਕੀ ਇਹੋ ਹੈ ਗਰੀਬੀ ਹਟਾਓ ਯੋਜਨਾ ?

ਦੇਸ਼ ਦਾ ਇੱਕ ਤਬਕਾ ਅਮੀਰੀ ਵਿਚ ਜੀਅ ਰਿਹਾ ਹੈ ਤਾਂ ਦੂਸਰੇ ਵੱਡੇ ਤਬਕੇ ਨੂੰ ਸਰਕਾਰੀ ਅਨਾਜ਼ ਨਾਲ ਪੇਟ ਪਾਲਣਾ ਪੈ ਰਿਹਾ ਹੈ। ਨਾ ਉਸ ਕੋਲ ਢੰਗ ਦਾ ਕੱਪੜਾ ਹੈ, ਨਾ ਮਕਾਨ। ਸਿੱਖਿਆ, ਸਿਹਤ ਸਹੂਲਤਾਂ ਦੀ ਤਾਂ ਗੱਲ ਹੀ ਛੱਡੋ। ਹਾਲਾਂਕਿ ਅਮੀਰੀ-ਗਰੀਬੀ ਦੀ ਇਹ ਖੇਡ ਅੱਜ ਦੀ ਨਹੀਂ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਰਕਾਰਾਂ ਦਾ ਫ਼ਰਜ਼ ਸਿਰਫ਼ ਇੰਨਾ ਹੀ ਹੈ ਕਿ 'ਦੋ ਮੁੱਠੀ ਅਨਾਜ' ਆਪਣੇ ਨਾਗਰਿਕ ਨੂੰ ਮੁਹੱਈਆ ਕਰਵਾ ਕੇ ਦੇਸ਼ ਦਾ 'ਵਿਕਾਸ ਹੋ ਗਿਆ' ਸਮਝੇ। ਅਸਲ ਵਿੱਚ ਸਥਿਤੀ ਇਹੋ ਹੈ, ਗਰੀਬ ਨੂੰ ਜੀਊਂਦੇ ਰਹਿਣ ਲਈ ਅਨਾਜ਼ ਉਪਲੱਬਧ ਕਰਾਉਣ ਨੂੰ ਹੀ ਦੇਸ਼ ਦੀ ਸਰਕਾਰ ਦੇਸ਼ ਦਾ ਵਿਕਾਸ ਸਮਝ ਬੈਠੀ ਹੈ। ਨਾਗਰਿਕਾਂ ਦੀਆਂ ਬਾਕੀ ਬੁਨਿਆਦੀ ਲੋੜਾਂ ਤੋਂ ਸਰਕਾਰਾਂ ਦੜ ਵੱਟੀ ਬੈਠੀਆਂ ਰਹੀਆਂ। ਅਜ਼ਾਦੀ ਦੇ 75 ਸਾਲਾਂ ਵਿੱਚ ਦੇਸ਼ ਦੇ ਨਾਗਰਿਕਾਂ ਨੇ ਗਰੀਬੀ ਦਾ ਸੰਤਾਪ ਭੋਗਿਆ ਹੈ।

ਵੇਖਣ ਵਾਲੀ ਗੱਲ ਤਾਂ ਇਹ ਸੀ ਕਿ ਦੇਸ਼ ਵਿੱਚ ਬਾਲ ਕੁਪੋਸ਼ਨ ਤਾਂ ਨਹੀਂ ਹੈ ? ਲੈਂਗਿਕ ਨਾ ਬਰਾਬਰੀ ਤਾਂ ਨਹੀਂ ਹੈ ? ਕੀ ਸਾਫ਼ ਪਾਣੀ ਸਭ ਨੂੰ ਮਿਲਦਾ ਹੈ ? ਕੀ ਵਾਤਾਵਰਨ ਸਾਫ਼-ਸੁਥਰਾ ਹੈ। ਦੇਸ਼ ਦੇ ਵਿਕਾਸ ਵਿੱਚ ਇਹ ਵੱਡੀਆਂ ਅੜਚਣਾਂ ਹਨ। ਕਹਿਣ ਨੂੰ ਤਾਂ ਸਰਕਾਰ ਸਭ ਕਾ ਵਿਕਾਸ ਦੀ ਗੱਲ ਕਰਦੀ ਹੈ, ਪਰ ਸਭ ਲਈ ਸਮਾਨਤਾ ਕਿਥੇ ਹੈ ? ਸਭ ਲਈ ਬੁਨਿਆਦੀ ਢਾਂਚਾ ਕਿਥੇ ਹੈ ? ਸਭ ਲਈ ਸਿੱਖਿਆ ਦਾ ਨਾਹਰਾ ਤਾਂ ਹੈ ਪਰ ਸਭ ਲਈ ਬਰਾਬਰ ਦੀ ਸਿੱਖਿਆ ਕਿਥੇ ਹੈ ? ਇੱਕ ਤਬਕੇ ਲਈ ਮਾਡਰਨ ਮਾਡਲ ਸਕੂਲ ਹਨ, ਦੂਜੇ ਤਬਕੇ ਲਈ 'ਫੱਟੀ ਬਸਤੇ ਵਾਲੇ ਬਿਨਾਂ ਬੁਨਿਆਦੀ ਸਹੂਲਤਾਂ ਵਾਲੇ ਸਕੂਲ। ਟੀਚਰਾਂ ਦੀ ਇਹਨਾ ਸਕੂਲਾਂ ਵਿਚ ਕਮੀ ਹੈ। ਕੋਵਿਡ-19 ਨੇ ਤਾਂ ਸਕੂਲੀ ਅਤੇ ਉੱਚ ਸਿੱਖਿਆ ਦਾ ਲੱਕ ਹੀ ਤੋੜ ਦਿੱਤਾ ਹੈ।

ਭਾਵੇਂ ਦੇਸ਼ ਦੇ ਨੇਤਾ ਇਸ ਗੱਲ ਉਤੇ ਟਾਹਰਾਂ ਮਾਰਨ ਕਿ ਦੇਸ਼ ਤਰੱਕੀ ਕਰ ਰਿਹਾ ਹੈ, ਭਾਰਤੀ ਲੋਕਤੰਤਰ ਇੱਕਵੀਂ ਸਦੀ ਦੇ ਸੁਪਨਿਆਂ ਵਿਚ ਕਦਮ ਵਧਾ ਰਿਹਾ ਹੈ। ਪਰ ਕੁਝ ਗੱਲਾਂ ਇਹੋ ਜਿਹੀਆਂ ਹਨ ਕਿ ਜਿਨਾਂ ਦੇ ਜਵਾਬ ਲੱਭਣੇ ਪੈਣਗੇ ਤੇ ਵੇਖਣਾ ਪਵੇਗਾ ਕਿ ਭਾਰਤ ਨੇ ਕੀ ਅਸਲ ਵਿਕਾਸ ਕੀਤਾ ਹੈ ? ਕੁਝ ਦਿਨ ਪਹਿਲਾਂ ਹੀ ਇਹ ਰਿਪੋਰਟ ਛਾਪੀ ਹੈ ਕਿ ਭਾਰਤੀਆਂ ਦੇ ਸਾਹਾਂ 'ਚ ਪ੍ਰਦੂਸ਼ਣ ਦਾ ਜ਼ਹਿਰ ਘੁਲ ਰਿਹਾ ਹੈ। ਕੀ ਇਹ ਸਾਹਾਂ 'ਚ ਘੁਲ ਰਿਹਾ ਜ਼ਹਿਰ ਸਾਡੇ ਜੀਵਨ ਨੂੰ ਪ੍ਰਭਾਵਤ ਨਹੀਂ ਕਰ ਰਿਹਾ ? ਜੇਕਰ ਇਹ ਪ੍ਰਦੂਸ਼ਨ ਸਾਡੇ ਜੀਵਨ ਦਾ ਅੰਤ ਕਰਨ ਲਈ ਪੈਰ ਪਸਾਰ ਰਿਹਾ ਹੈ ਤਾਂ ਫਿਰ ਸਾਡੇ ਅਜ਼ਾਦ ਜੀਵਨ ਦੀ ਕਲਪਨਾ ਕਿਥੇ ਹੈ, ਜੋ ਸੰਵਿਧਾਨ ਅਨੁਸਾਰ ਸਾਨੂੰ ਮਿਲੀ ਹੋਈ ਹੈ। ਕਿਥੇ ਹੈ ਦੇਸ਼ ਦਾ ਵਿਕਾਸ ? ਕਿਥੇ ਹਨ ਸ਼ੁੱਧ ਵਾਤਾਵਰਨ ਦੇ ਵਾਇਦੇ ਅਤੇ ਦਾਅਵੇ ? ਉਂਜ ਦੇਸ਼ ਵਿੱਚ ਇਕੱਲੀ ਗਰੀਬੀ ਨੇ ਨਹੀਂ, ਬੇਰੁਜ਼ਗਾਰੀ ਨੇ ਵੀ ਪੈਰ ਪਸਾਰੇ ਹੋਏ ਹਨ ਜਿਸਨੇ ਦੇਸ਼ ਦਾ ਲੱਕ ਤੋੜਿਆ ਹੈ। ਦੇਸ਼ ਦਾ ਵਿਕਾਸ ਨਹੀਂ ਵਿਨਾਸ਼ ਕੀਤਾ ਹੈ।

ਦੇਸ਼ ਨੇ ਸਾਲ 2030 ਤੱਕ ਗਰੀਬੀ, ਬੇਰੁਜ਼ਗਾਰੀ, ਸ਼ੁੱਧ ਵਾਤਾਵਰਨ, ਸਿੱਖਿਆ, ਸਿਹਤ ਆਦਿ ਮੁੱਦਿਆਂ ਨੂੰ ਲੈ ਕੇ ਦੇਸ਼ ਦੇ ਵਿਕਾਸ ਦਾ ਟੀਚਾ ਮਿੱਥਿਆ ਹੋਇਆ ਹੈ। ਪਰ ਸਵਾਲ ਇਹ ਹੈ ਕਿ ਇਹ ਟੀਚੇ ਪੂਰੇ ਕਿਵੇਂ ਹੋਣਗੇ, ਕਿਉਂਕਿ ਦੇਸ਼ ਤਾਂ ਸਮੂਹਿਕ ਵਿਕਾਸ ਦੇ ਅਤੇ ਜ਼ਮੀਨੀ ਪੱਧਰ ਦੇ ਵਿਕਾਸ ਤੋਂ ਨਿੱਤਪ੍ਰਤੀ ਦੇਸ਼ ਪਿੱਛੇ ਹੁੰਦਾ ਜਾ ਰਿਹਾ ਹੈ। ਮੋਦੀ ਕਾਲ ਵਿੱਚ ਸਭ ਕਾ ਸਾਥ ਸਭ ਕਾ ਵਿਕਾਸ ਦੇ ਨਾਲ ਸ਼ਾਈਨਿੰਗ ਇੰਡੀਆ, 2 ਕਰੋੜ ਨੌਕਰੀਆਂ ਹਰ ਸਾਲ ਨੌਜਵਾਨਾਂ ਲਈ, ਮੇਕ ਇਨ ਇੰਡੀਆ, ਸਕਿਲਿੰਗ ਇੰਡੀਆ, ਸਟੈਂਡ ਅੱਪ ਇੰਡੀਆ ਚਲਾਈਆਂ ਗਈਆਂ। ਖੇਤੀ ਖੇਤਰ ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਮਿਥਿਆ ਗਿਆ। ਪਰ ਇਹ ਵਿਕਾਸ ਨੂੰ ਤੇਰ ਕਰਨ ਵਾਲੀਆਂ ਸਕੀਮਾਂ ਕੁਝ ਵੀ ਸਾਰਥਿਕ ਨਹੀਂ ਕਰ ਸਕੀਆਂ।

ਇੱਕ ਰਿਪੋਰਟ ਮੁਤਾਬਿਕ ਭਾਰਤ ਜ਼ਮੀਨੀ ਵਿਕਾਸ ਦੇ ਟੀਚੇ ਹਾਸਲ ਕਰਨ ਦੇ ਮਾਮਲੇ ਤੇ ਸਾਰੇ ਦੱਖਣੀ ਏਸ਼ੀਆ ਮੁਲਕਾਂ ਤੋਂ ਪਿੱਛੇ ਹੈ। ਇਸ ਸੂਚੀ ਵਿੱਚ ਭੂਟਾਨ 75ਵੇਂ, ਸ੍ਰੀਲੰਕਾ 87ਵੇਂ, ਨੇਪਾਲ 96ਵੇਂ ਅਤੇ ਬੰਗਲਾਦੇਸ਼ 109ਵੇਂ ਥਾਂ ਹੈ। ਜਦਕਿ ਭਾਰਤ ਵਿਕਾਸ ਦੀ ਬਿਹਤਰ ਤਸਵੀਰ ਵਿਖਾਕੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ, ਜਦਕਿ ਇਸਦਾ ਸੌ ਵਿਚੋਂ 66ਵਾਂ ਸਥਾਨ ਹੈ। ਤਦ ਫਿਰ ਇਹ ਕਿਵੇਂ ਸੰਭਵ ਹੋਵੇਗਾ ਕਿ ਜ਼ਮੀਨੀ ਵਿਕਾਸ ਦਾ ਟੀਚਾ 2030 ਤੱਕ ਹਾਸਲ ਕਰਨ ਲਈ ਭਾਰਤ ਗਰੀਬੀ, ਭੁੱਖਮਰੀ, ਕੁਪੋਸ਼ਣ, ਲੈਂਗਿਕ-ਨਾ ਬਰਾਬਰੀ, ਸਿਹਤ, ਸਿੱਖਿਆ ਪ੍ਰਸ਼ਾਸ਼ਨਿਕ ਵਿਵਸਥਾ ਅਤੇ ਸਮਾਜਿਕ ਨਿਆ ਨੂੰ ਬਿਹਤਰ ਬਣਾਇਆ ਜਾਵੇ ? ਦੇਸ਼ ਵਿੱਚ ਰਾਜਾਂ ਅਤੇ ਕੇਂਦਰ ਸਰਕਾਰ ਦੇ ਆਪਸੀ ਸਬੰਧ ਚੰਗੇ ਨਹੀਂ ਹਨ। ਕੇਂਦਰ, ਸੂਬਿਆਂ ਦੀ ਸੰਘੀ ਘੁੱਟ ਰਿਹਾ ਹੈ ਅਤੇ ਉਨਾਂ ਸੂਬਿਆਂ ਦੇ ਵਿਕਾਸ ਕਾਰਜਾਂ ਵਿਚ ਸਹਿਯੋਗ ਨਹੀਂ ਦੇ ਰਿਹਾ, ਜਿਥੇ ਵਿਰੋਧੀ ਸਰਕਾਰਾਂ ਹਨ। ਪੰਜਾਬ ਇਸਦੀ ਸਭ ਤੋਂ ਵੱਡੀ ਉਦਾਹਰਨ ਹੈ। ਉਹ ਸੂਬਾ ਪੰਜਾਬ ਜਿਹੜਾ ਹਰ ਪੱਖੋਂ ਦੇਸ਼ ਦਾ ਮੋਹਰੀ ਸੂਬਾ ਸੀ, ਉਹ ਕੇਂਦਰ ਵਲੋਂ ਮਤਰੇਏ ਸਲੂਕ ਕਾਰਨ ਬਰਬਾਦੀ ਦੇ ਕੰਢੇ ਹੈ। ਸਿਰਫ਼ ਇਸ ਕਰਕੇ ਕਿ ਇਥੇ ਸਦਾ ਹੀ ਕੇਂਦਰ ਸਰਕਾਰ ਦੇ ਉਲਟ ਸਰਕਾਰਾਂ ਰਹੀਆਂ ਹਨ। ਸਿੱਟੇ ਵਜੋਂ ਇਸ ਸੂਬੇ ਨੂੰ ਆਰਥਿਕ ਪੱਖੋਂ ਪ੍ਰੇਸ਼ਾਨ ਕੀਤਾ ਗਿਆ ਤੇ ਇਸਦੇ ਕੁਦਰਤੀ ਵਸੀਲੇ ਲੁੱਟੇ ਗਏ।

ਭਾਰਤ ਦੀ ਵਾਤਾਵਰਨ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੂੰ ਸਮੂਹਿਕ ਵਿਕਾਸ ਦੀ ਪ੍ਰਾਪਤੀ ਲਈ ਭੁੱਖ, ਅੱਛੀ ਸਿਹਤ, ਖੁਸ਼ਹਾਲੀ ਅਤੇ ਲੈਂਗਿਕ ਸਮਾਨਤਾ ਮੁੱਖ ਚਣੌਤੀਆਂ ਹਨ। ਪਰ ਚਿੰਤਾ ਦੀ ਗੱਲ ਹੈ ਕਿ ਨੇੜ ਭਵਿੱਖ ਵਿਚ ਸਰਕਾਰਾਂ ਵਲੋਂ ਇਹਨਾ ਸਬੰਧੀ ਲੋੜੀਦੇ ਯਤਨ ਨਹੀਂ ਹੋ ਰਹੇ।

ਵਿਸ਼ਵ ਪੱਧਰੀ ਪ੍ਰੋਗਰਾਮ 'ਸਸਟੇਨੇਵਲ ਡਿਵੈਲਪਮੈਂਟ ਗੋਲਜ਼' ਦਾ ਉਦੇਸ਼ ਵਿਸ਼ਵ ਵਿਚੋਂ ਗਰੀਬੀ ਦੇ ਸਾਰੇ ਰੂਪਾਂ ਨੂੰ ਖ਼ਤਮ ਕਰਨਾ ਅਤੇ ਸਮਾਜ ਵਿੱਚ ਸਮਾਜਿਕ ਨਿਆਂ ਅਤੇ ਸਮਾਨਤਾ ਸਥਾਪਿਤ ਕਰਨਾ ਹੈ। ਭਾਰਤ ਸਰਕਾਰ ਇਸ ਗੱਲ ਉਤੇ ਆਪਣੀ ਪਿੱਠ ਥਪਥਪਾ ਰਹੀ ਹੈ ਕਿ ਉਸਨੇ ਇੱਕ ਵੱਡੇ ਤਬਕੇ ਨੂੰ ਚਾਵਲ ਅਤੇ ਕਣਕ ਉਪਲੱਬਧ ਕਰਵਾ ਦਿੱਤੇ ਹਨ ਪਰ ਸਵਾਲ ਹੈ ਕਿ ਕੀ ਕੁਝ ਕਿਲੋ ਅਨਾਜ ਦੇਣ ਨਾਲ ਸਥਾਈ ਗਰੀਬੀ ਦੂਰ ਹੋ ਸਕਦੀ ਹੈ ? ਕੀ ਨਾਗਰਿਕ ਨੂੰ ਸਕੂਨ ਭਰੀ ਜ਼ਿੰਦਗੀ ਮਿਲ ਸਕਦੀ ਹੈ ?

ਸਮੂਹਿਕ ਅਤੇ ਸੱਤਹੀ ਵਿਕਾਸ ਦਾ ਟੀਚਾ, ਗਰੀਬੀ ਦੂਰ ਕਰਨਾ, ਭੁੱਖਮਰੀ ਦਾ ਅੰਤ, ਖਾਣ ਵਾਲੀਆਂ ਚੀਜ਼ਾਂ ਦੀ ਸੁਰੱਖਿਆ, ਬੇਹਤਰ ਪੋਸ਼ਣ, ਟਿਕਾਊ ਖੇਤੀ, ਸਭ ਲਈ ਬਰਾਬਰ ਦੀ ਗੁਣਾਤਮਕ ਸਿੱਖਿਆ, ਸਾਫ਼ ਪਾਣੀ, ਟਿਕਾਊ ਊਰਜਾ, ਮਾਨਵੀ ਕੰਮਕਾਜੀ ਮਾਹੌਲ ਨਾਲ, ਪ੍ਰਾਪਤ ਕੀਤਾ ਜਾ ਸਕਦਾ ਹੈ। ਸ਼ਹਿਰਾਂ ਅਤੇ ਪਿੰਡਾਂ ਦਾ ਇਕੋ ਜਿਹਾ ਵਿਕਾਸ ਅਤੇ ਇਸ ਵਿਕਾਸ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਅਤਿਅੰਤ ਲੋੜੀਂਦੀ ਹੈ। ਸਭ ਨੂੰ ਇਨਸਾਫ ਮਿਲੇ। ਸਮਾਜਿਕ ਖੁਸ਼ਹਾਲੀ ਹੋਵੇ। ਵਿਸ਼ਵ ਅਜੰਡੇ ਦਾ ਮੂਲ ਮੰਤਵ ਵੀ 'ਕੋਈ ਪਿੱਛੇ ਨਾ ਛੁੱਟੇ' ਹੈ। ਪਰ ਮੌਜੂਦਾ ਸਰਕਾਰ ਦੀ ਨੀਤੀ ਅਤੇ ਨੀਅਤ ਸਾਫ਼ ਨਹੀਂ ਹੈ। ਮੌਜੂਦਾ ਸਰਕਾਰ ਇੱਕਪਾਸੜ ਨੀਤੀ ਦੇ ਤਹਿਤ ਕੁਰਸੀ ਪ੍ਰਾਪਤੀ ਲਈ ਨਿਰੰਤਰ ਗਤੀਸ਼ੀਲ ਹੈ। ਨਿੱਤ ਨਵੇਂ ਨਾਹਰੇ ਸਿਰਜ ਰਹੀ ਹੈ, 'ਸਭ ਕਾ ਸਾਥ, ਸਭ ਕਾ ਵਿਕਾਸ ਆਦਿ ਆਦਿ। ਪਰ ਅਸਲੋਂ ਮੌਜੂਦਾ ਸਰਕਾਰੀ ਸਕੀਮਾਂ ਸਿਰੇ ਚਾੜਨ ਦੇ ਯਤਨ' ਊਠ ਦੇ ਮੂੰਹ ਜ਼ੀਰਾ' ਦੇਣ ਵਾਲੀ ਕਹਾਵਤ ਨੂੰ ਸਿੱਧ ਕਰਨ ਵਾਲੇ ਹਨ। ਇਹ ਹਕੀਕਤ ਸਰਕਾਰ ਦੇ ਸਮਝਣ ਵਾਲੀ ਹੈ ਕਿ ਸਮੁੱਚੇ ਸਮਾਜ ਨੂੰ ਨਾਲ ਲੈ ਕੇ ਕੀਤੇ ਸਮੂਹਿਕ ਯਤਨਾਂ ਬਿਨਾਂ ਸਮੁੱਚੇ, ਸਤੱਹੀ ਵਿਕਾਸ ਦੀ ਕਲਪਨਾ ਕਰਨਾ ਸ਼ੇਖਚਿਲੀ ਦੇ ਸੁਪਨੇ ਪਾਲਣ ਵਾਂਗਰ ਹੈ।

# ਸ਼ਹੀਦ ਭਗਤ ਸਿੰਘ ਦੀ ਸੋਚ ਬਨਾਮ ਲੈਨਿਨਵਾਦ ਦਾ ਹਸ਼ਰ



**ਰਣਜੀਤ ਸਿੰਘ ਕੁਕੀ**

ਭਗਤ ਸਿੰਘ ਅਜ਼ਾਦੀ ਸੰਘਰਸ਼ ਦੇ ਘੁਲਾਟੀਆਂ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਉਹ ਅਜਿਹਾ ਵਿਅਕਤੀ ਸੀ ਜਿਸ ਨੂੰ ਭਾਰਤੀ ਦੇ ਕ੍ਰਾਂਤੀਕਾਰੀ ਅੰਦੋਲਨ ਨੂੰ ਵਿਚਾਰਧਾਰਕ ਰੂਪ ਦੇਣ ਦਾ ਸਿਹਰਾ ਜਾਂਦਾ ਹੈ। ਭਗਤ ਸਿੰਘ ਨੂੰ ਉਸ ਦੀ ਬਹਾਦਰੀ ਲਈ ਯਾਦ ਕੀਤਾ ਜਾਂਦਾ ਹੈ ਕਿਉਂਕਿ ਉਹ ਸੰਪ੍ਰਦਾਇਕਤਾ ਦੇ ਬਿਲਕੁਲ ਵਿਰੁੱਧ ਸੀ। ਉਹ ਸੰਪ੍ਰਦਾਇਕਤਾ ਨੂੰ ਭਾਰਤੀਆਂ ਲਈ ਬਸਤੀਵਾਦ ਜਿੰਨਾ ਹੀ ਖਤਰਨਾਕ ਮੰਨਦਾ ਸੀ। ਉਸ ਨੇ ਧਾਰਮਿਕ ਕੱਟੜਤਾ ਅਤੇ ਅੰਧ-ਵਿਸ਼ਵਾਸ਼ਾਂ ਦੀ ਆਲੋਚਨਾ ਕੀਤੀ।ਉਸ ਦੀ ਪੂਰੀ ਜ਼ਿੰਦਗੀ ਹੀ ਵਿਵੇਕਪੂਰਣ ਸੋਚ ਦੀ ਮੁਦੱਈ ਸੀ। ਅੱਜ ਜਦੋਂ ਕਿਸੇ ਦੀਆਂ ਵੀ ਭਾਵਨਾਵਾਂ ਨੂੰ ਬਹੁਤ ਹੀ ਅਸਾਨੀ ਨਾਲ ਇਕ ਫਿਲਮ ਜਾਂ ਕਾਰਟੂਨ ਦੇ ਜ਼ਰੀਏ ਹੀ ਭੜਕਾਇਆ ਜਾ ਸਕਦਾ ਹੈ, ਭਗਤ ਸਿੰਘ ਨੇ ਇਸ ਕਮਜ਼ੋਰੀ ਬਾਰੇ ਲਿਖਿਆ ਸੀ, 'ਅਸੀ ਭਾਰਤੀ ਕੀ ਕਰ ਰਹੇ ਹਾਂ ? ਇਕ ਪਿੱਪਲ ਦੀ ਸ਼ਾਖ ਨੂੰ ਤੋੜ ਲਿਆ ਜਾਂਦਾ ਹੈ ਤਾਂ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਭੜਕ ਉੱਠਦੀਆਂ ਹਨ।ਇਕ ਕਾਗਜ਼ੀ ਮੂਰਤੀ ਅਤੇ ਤਜ਼ੀਏ ਦਾ ਟੁਟ ਜਾਣਾ 'ਅੱਲਾ' ਨੂੰ ਨਰਾਜ਼ ਕਰ ਦਿੰਦਾ ਹੈ ਜਿਸ ਨੂੰ ਕਾਫ਼ਿਰ ਹਿੰਦੂਆਂ ਦੇ ਖੂਨ ਤੋਂ ਬਿਨਾਂ ਕਿਸੇ ਹੋਰ ਚੀਜ਼ ਨਾਲ ਸੰਤੁਸ਼ਟ ਨਹੀਂ ਕੀਤਾ ਜਾ ਸਕਦਾ। ਇਕ ਵਿਅਕਤੀ ਦੀ ਜ਼ਿੰਦਗੀ ਨੂੰ ਜਾਨਵਰਾਂ ਤੋਂ ਜਿਆਦਾ ਤਵੱਜੋ ਦਿੱਤੀ ਜਾਣੀ ਚਾਹੀਦੀ ਹੈ, ਪਰ ਭਾਰਤ ਵਿਚ ਅਸੀ 'ਪਵਿੱਤਰ ਪਸ਼ੂਆਂ ਦੇ ਨਾਂ 'ਤੇ ਇਕ ਦੂਜੇ ਦਾ ਸਿਰ ਫਾੜਨ ਲਈ ਤਿਆਰ ਰਹਿੰਦੇ ਹਾਂ।

ਅੱਜ ਜੋ ਲੋਕ ਇਕ ਪਾਸੇ ਤਾਂ ਇਸ ਮਹਾਨ ਕ੍ਰਾਂਤੀਕਾਰੀ ਦੇ ਵਿਚਾਰਾਂ ਦੇ ਸਮਰਥਕ ਹੋਣ ਦਾ ਦਾਅਵਾ ਕਰਦੇ ਹਨ, ਉਹ ਕ੍ਰਾਂਤੀਕਾਰੀ ਵਿਚਾਰ ਰੱਖਣ ਵਾਲਿਆਂ ਅਤੇ ਸਰਕਾਰ ਦੀਆਂ ਸਮਾਜਿਕ-ਆਰਥਿਕ ਨੀਤੀਆਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਹੀ ਅਲੱਗ-ਅਲੱਗ ਨਾਵਾਂ ਨਾਲ ਬੁਲਾਉਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਭਗਤ ਸਿੰਘ ਆਪ ਵੀ ਮੰਨਦਾ ਸੀ ਕਿ ਕ੍ਰਾਂਤੀ ਆਉਣੀ ਚਾਹੀਦੀ ਹੈ।ਉਹ ਕ੍ਰਾਂਤੀ ਨੂੰ ਇਸ ਤਰਾਂ ਪ੍ਰਭਾਸ਼ਿਤ ਕਰਦਾ ਹੈ, 'ਕ੍ਰਾਂਤੀ ਤੋਂ ਸਾਡਾ ਭਾਵ ਸਮਾਜ ਵਿਚ ਉਸ ਤਰਾਂ ਦੀ ਵਿਵਸਥਾ ਕਰਨਾ ਹੈ ਜਿਸ ਨੂੰ ਮਾਮੂਲੀ ਘਟਨਾਵਾਂ ਤੋਂ ਕੋਈ ਖਤਰਾ ਨਾ ਹੋਵੇ, ਜਿਸ ਵਿਚ ਪ੍ਰੋਲੋਤਾਰੀ ਦੀ ਪ੍ਰਭੁਸੱਤਾ ਨੂੰ ਮੰਨਿਆ ਜਾਵੇ ਅਤੇ ਵਿਸ਼ਵ ਸੰਘਰਾਜ ਹੀ ਮਨੁੱਖਤਾ ਨੂੰ ਪੂੰਜੀਵਾਦ ਦੇ ਚੁੰਗਲ ਵਿਚੋਂ ਕੱਢ ਸਕੇ।' ਭਗਤ ਸਿੰਘ ਦਾ ਨੌਜਵਾਨਾਂ ਵਿਚ ਅਥਾਹ ਵਿਸ਼ਵਾਸ ਸੀ ਅਤੇ ਉਹ ਮੰਨਦਾ ਸੀ ਕਿ ਨੌਜਵਾਨ ਹੀ ਸਮਾਜ ਵਿਚ ਬਦਲਾਅ ਲਿਆ ਸਕਦੇ ਹਨ।ਮਤਲਵਾ ਵਿਚ ਛਪੇ ਆਪਣੇ ਲੇਖ 'ਯੁਵਕ' ਵਿਚ ਉਹ ਨੌਜਵਾਨਾਂ ਦੀ ਮਹੱਤਤਾ ਉੱਪਰ ਜ਼ੋਰ ਦਿੰਦਾ ਹੈ। ਉਹ ਲਿਖਦਾ ਹੈ, 'ਅਗਰ ਖੂਨ ਦੀ ਕੁਰਬਾਨੀ ਦੀ ਲੋੜ ਹੈ ਤਾਂ ਨੌਜਵਾਨ ਹੀ ਇਹ ਕੁਰਬਾਨੀ ਦੇ ਸਕਦੇ ਹਨ।ਇਕ ਨੌਜਵਾਨ ਹੀ ਆਪਣੇ ਭਾਈਚਾਰੇ ਦੇ ਭਵਿੱਖ ਨੂੰ ਤੈਅ ਕਰਦਾ ਹੈ।' ਇਕ ਪੱਛਮੀ ਚਿੰਤਕ ਨੇ ਠੀਕ ਕਿਹਾ ਹੈ, 'ਇਹ ਪ੍ਰਮਾਣਿਤ ਸੱਚ ਹੈ ਕਿ ਅੱਜ ਦੇ ਨੌਜਵਾਨ ਹੀ ਕੱਲ ਦੇ ਦੇਸ਼ ਵਾਸੀ ਬਣਦੇ ਹਨ ਜਿਨਾਂ ਦੇ ਹੱਥ ਵਿਚ ਆਪਣੇ ਦੇਸ਼ ਦਾ ਭਵਿੱਖ ਹੈ।ਉਹ ਹੀ ਬੀਜ ਹਨ ਜਿਨਾਂ ਨੇ ਫਲ ਦੇਣੇ ਹਨ।' ਇਸ ਦਾ ਅਰਥ ਹੈ ਕਿ ਨੌਜਵਾਨਾਂ ਨੇ ਹੀ ਦੇਸ਼ ਦੇ ਨਿਰਮਾਤਾ ਅਤੇ ਭਵਿੱਖ ਬਣਨਾ ਹੈ।

ਭਗਤ ਸਿੰਘ ਨੇ ਕਈ ਸਾਰੀਆਂ ਜ਼ਿੰਦਗੀਆਂ ਜੀਵੀਆਂ। ਇਕ ਉਸ ਦੀ ਅਸਲ ਜ਼ਿੰਦਗੀ ਸੀ ਜਿਸ ਵਿਚ ਉਸ ਨੂੰ 23 ਸਾਲ ਦੀ ਛੋਟੀ ਉਮਰ ਵਿਚ ਹੀ ਬ੍ਰਿਟਿਸ਼ ਸਰਕਾਰ ਦੁਆਰਾ ਫਾਂਸੀ ਦੇ ਤਖਤੇ 'ਤੇ ਚੜਾ ਦਿੱਤਾ ਗਿਆ।ਉਸ ਦੀਆਂ ਬਾਕੀਆਂ ਜ਼ਿੰਦਗੀਆਂ ਨੂੰ ਬਣਾਉਣ ਵਿਚ ਦੂਜਿਆਂ ਦਾ ਵੀ ਅਹਿਮ ਰੋਲ ਸੀ ਜਿਸ ਵਿਚ ਉਹ ਅਮੀਰ ਰਾਜਨੀਤਿਕ ਫਸਲ ਉਗਾਉਣਾ ਅਤੇ ਕੱਟਣਾ ਚਾਹੁੰਦਾ ਸੀ। ਭਗਤ ਸਿੰਘ ਰਾਜਨੀਤਿਕ ਪਾਰਟੀਆਂ ਲਈ ਬਹੁਤ ਹੀ ਸਹੂਲਤ ਵਾਲਾ ਪ੍ਰਤੀਕ ਬਣ ਗਿਆ। ਸੱਤਰਵਿਆਂ ਅਤੇ ਅੱਸੀਵਿਆਂ ਵਿਚ ਭਗਤ ਸਿੰਘ ਦੀ ਰਾਜਨੀਤੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ ਬਹੁਤ ਸਾਰੇ ਨਵੇਂ ਤੱਥ ਸਾਹਮਣੇ ਆਉਣੇ ਸ਼ੁਰੂ ਹੋਏ। ਇਸ ਵਿਚ ਇਹ ਵੀ ਕਿਹਾ ਗਿਆ ਕਿ ਰਾਸ਼ਟਰਵਾਦੀ ਹੋਣ ਦੇ ਨਾਲ-ਨਾਲ ਉਹ ਧਰਮ-ਨਿਰਪੱਖ ਸਮਾਜਿਕ ਕ੍ਰਾਂਤੀਕਾਰੀ ਵੀ ਸੀ।ਜਿਸ ਇਤਿਹਾਸਕਾਰ ਨੇ ਇਨਾਂ ਤੱਥਾਂ ਨੂੰ ਉਜਾਗਰ ਕੀਤਾ, ਉਸ ਦਾ ਨਾਂ ਬਿਪਨ ਚੰਦਰ ਹੈ। ਉਸ ਨੂੰ 1931 ਵਿਚ ਭਗਤ ਸਿੰਘ ਜੇਲ ਵਿਚ ਲਿਖਿਆ ਹੋਇਆ ਇਕ ਆਰਟੀਕਲ ਮਿਲਿਆ। ਇਸ ਆਰਟੀਕਲ ਦਾ ਸਿਰਲੇਖ ਸੀ : 'ਮੈਂ ਨਾਸਤਿਕ ਕਿਉਂ ਹਾਂ ?' ਜਿਸ ਵਿਚ



ਭਗਤ ਸਿੰਘ ਦੇ ਧਰਮ, ਕ੍ਰਾਂਤੀ ਅਤੇ ਸਮਾਜਿਕ ਬਦਲਾਅ ਬਾਰੇ ਵਿਚਾਰਾਂ ਦਾ ਪਤਾ ਲੱਗਦਾ ਹੈ। ਇਸ ਆਰਟੀਕਲ ਨੂੰ ਪੈਂਫਲਟ ਦੇ ਰੂਪ ਵਿਚ ਪੀਪਲ ਪਬਲਿੰਸ਼ਗ ਹਾਊਸ ਦੁਆਰਾ ਛਾਪਿਆ ਗਿਆ ਅਤੇ ਬਿਪਨ ਚੰਦਰ ਨੇ ਇਸ ਦੀ ਭੂਮਿਕਾ ਲਿਖੀ ਸੀ। ਇਸ ਤੋਂ ਬਾਅਦ ਭਗਤ ਸਿੰਘ ਨੂੰ ਇਕ ਨਵੀਂ ਰੋਸ਼ਨੀ ਵਿਚ ਦੇਖਿਆ ਜਾਣ ਲੱਗ ਪਿਆ। ਇਸ ਆਰਟੀਕਲ ਦਾ ਵਿਸ਼ਾ ਬਰਟਰੈਂਡ ਰਸਲ ਦੇ ਆਰਟੀਕਲ 'ਮੈਂ ਇਸਾਈ ਕਿਉਂ ਹਾਂ ?' ਉੱਪਰ ਆਧਾਰਿਤ ਸੀ ਜੋ ਉਸ ਨੇ ਸਟੇਟ ਅਤੇ ਯੂਰਪ ਦੀ ਆਮ ਜ਼ਿੰਦਗੀ ਉੱਪਰ ਚਰਚ ਦੇ ਵਧਦੇ ਪ੍ਰਭਾਵ ਦੇ ਪ੍ਰਤੀਕਰਮ ਵਜੋਂ ਲਿਖਿਆ ਸੀ।ਨਵਾਂ ਭਗਤ ਸਿੰਘ ਕ੍ਰਾਂਤੀਕਾਰੀ ਸੋਚ ਰੱਖਣ ਵਾਲਾ, ਧਰਮ-ਨਿਰਪੱਖਤਾ ਨੂੰ ਪ੍ਰਣਾਇਆ ਹੋਇਆ ਅਤੇ ਧਰਮ ਦੀ ਗੁੰਝਲਦਾਰ ਸਮਝ ਰੱਖਣ ਵਾਲਾ ਸੀ।ਉਸ ਨੂੰ 'ਹਿੰਦੂ ਪ੍ਰਤੀਕ' ਦੇ ਰੂਪ ਵਿਚ ਪੇਸ਼ ਕਰਨਾ ਸੰਭਵ ਨਹੀਂ ਸੀ ਅਤੇ ਉਹ ਸੱਜੇ-ਪੱਖੀ ਪਾਰਟੀਆਂ ਦੀਆਂ ਕੰਧਾਂ ਦਾ ਸ਼ਿੰਗਾਰ ਨਹੀਂ ਸੀ ਬਣ ਸਕਦਾ।ਬਿਪਨ ਚੰਦਰ ਨੇ ਭਗਤ ਸਿੰਘ ਦੀ ਰਾਜਨੀਤੀ ਲਈ 'ਕ੍ਰਾਂਤੀਕਾਰੀ ਅੱਤਵਾਦੀ' ਲਫਜ਼ ਵਰਤਿਆ ਹੈ। ਸਾਨੂੰ ਇਸ ਦਾ ਸੰਦਰਭ ਸਮਝਣ ਦੀ ਲੋੜ ਹੈ। 1908 ਵਿਚ ਖਤਮ ਹੋਏ ਪ੍ਰਸਿੱਧ ਸਵਦੇਸ਼ੀ ਅੰਦੋਲਨ ਨੇ ਲੋਕਾਂ ਵਿਚ ਢਹਿੰਦੀ ਕਲਾ ਪੈਦਾ ਕਰ ਦਿੱਤੀ ਸੀ। ਇਸ ਨੇ ਹੀ ਬ੍ਰਿਟਿਸ਼-ਵਿਰੋਧੀ ਸੰਘਰਸ਼ ਨੂੰ ਇਕ ਨਵਾਂ ਰੂਪ ਵੀ ਦਿੱਤਾ। ਇਹ ਨਵੀਂ ਰਾਜਨੀਤੀ ਬ੍ਰਿਟਿਸ਼ ਅਫਸਰਾਂ ਨੂੰ ਹਿੰਸਾਤਮਕ ਢੰਗ ਨਾਲ ਨਿਸ਼ਾਨਾ ਬਣਾਉਣ ਉੱਪਰ ਵੀ ਆਧਾਰਿਤ ਸੀ। ਭਗਤ ਸਿੰਘ ਨੇ ਲੋਕਾਂ ਵਿਚੋਂ ਡਰ ਦੀ ਭਾਵਨਾ ਦੂਰ ਕਰਕੇ ਕ੍ਰਾਂਤੀਕਾਰੀ ਸਮਾਜਿਕ ਬਦਲਾਅ ਲੈ ਕੇ ਆਉਣ ਦੀ ਵਕਾਲਤ ਕੀਤੀ। 2012 ਵਿਚ ਭਾਰਤੀ ਸਰਕਾਰ ਨੇ ਹੀ ਅਧਿਕਾਰਕ ਰੂਪ ਵਿਚ ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਦੇਣ ਦਾ ਫੈਸਲਾ ਕੀਤਾ। ਹੱਸਦੇ-ਹੱਸਦੇ ਫਾਂਸੀ ਦਾ ਰੱਸਾ ਚੁੰਮ ਲੈਣ ਦੀ ਕਹਾਣੀ ਲੋਕ ਮਨਾਂ ਵਿਚ ਛਪੀ ਹੋਈ ਹੈ, ਪਰ ਹੁਣ ਤੱਕ ਸਰਕਾਰ ਨੇ ਉਸ ਦੀ ਕੁਰਬਾਨੀ ਅਤੇ ਉਸ ਸਮੇਂ ਉਸ ਦੇ ਨਾਲ ਵਾਲਿਆਂ ਨੂੰ ਯਾਦ ਰੱਖਣ ਲਈ ਬਣਦਾ ਕੁਝ ਨਹੀਂ ਕੀਤਾ ਹੈ। ਭਗਤ ਸਿੰਘ ਦੇ ਸਮੇਂ ਵਿਚ ਚਾਰ ਭਗਤ ਸਿੰਘ ਹੋਰ ਹੋਏ ਸੀ ਜਿਨਾਂ ਨੇ ਗੁਰਦੁਆਰਾ ਸੁਧਾਰ ਸਿੱਖ ਲਹਿਰ ਦੌਰਾਨ ਸਿੱਖ ਸੰਘਰਸ਼ ਵਿਚ ਸੇਵਾ ਭਾਵਨਾ ਅਧੀਨ ਹਿੱਸਾ ਲਿਆ ਅਤੇ ਬ੍ਰਿਟਿਸ਼ ਅੱਤਿਆਚਾਰਾਂ ਕਰਕੇ ਕੁਰਬਾਨੀ ਦਿੱਤੀ। ਪਰ ਉਨਾਂ ਦਾ ਯੋਗਦਾਨ ਗੁਮਨਾਮੀ ਵਿਚ ਹੀ ਗੁਆਚ ਗਿਆ।

ਜਦੋਂ ਵੀ ਅਸੀਂ ਭਾਰਤ ਦੀ ਅਜ਼ਾਦੀ ਦੇ ਇਤਿਹਾਸ ਦੀ ਗੱਲ ਕਰਦੇ ਹਾਂ ਤਾਂ ਇਸ ਵਿਚ ਭਗਤ ਸਿੰਘ ਦਾ ਨਾਂ ਅੱਜ ਵੀ ਪ੍ਰਮੁੱਖ ਰੂਪ ਵਿਚ ਲਿਆ ਜਾਂਦਾ ਹੈ। ਮੌਜੂਦਾ ਰਾਜਨੀਤੀ ਦੇ ਪ੍ਰਵਾਹ ਨੂੰ ਵੱਖਰੇ ਜ਼ਾਵੀਏ ਤੋਂ ਸਮਝਣ ਲਈ ਵੀ ਬੀਤੇ ਨਾਲ ਸੰਵਾਦ ਰਚਾਇਆ ਜਾਂਦਾ ਹੈ ਜਿਸ ਵਿਚ ਭਗਤ ਸਿੰਘ ਨੂੰ ਜਾਣਨ ਦੀ ਪ੍ਰਵਿਰਤੀ ਨੇ ਪਿਛਲੇ ਕੁਝ ਸਮੇਂ ਤੋਂ ਜਿਆਦਾ ਪ੍ਰਬਲ ਰੂਪ ਲਿਆ ਹੈ। ਇਸ ਵਿਚ ਭਗਤ ਸਿੰਘ ਦੇ ਵਿਚਾਰਾਂ ਨੂੰ ਮੌਜੂਦਾ ਰਾਜਨੀਤਿਕ ਸਰੋਕਾਰਾਂ ਨਾਲ ਜੋੜਨ ਉੱਪਰ ਜੋਰ ਦਿੱਤਾ ਗਿਆ ਹੈ। ਵੰਡ ਤੋਂ ਪਹਿਲਾਂ ਦੇ ਪੰਜਾਬ ਵਿਚ ਭਗਤ ਸਿੰਘ ਨੌਜਵਾਨਾਂ ਦੇ ਨਾਇਕ ਦੇ ਰੂਪ ਵਿਚ ਵਿਆਪਕ ਪ੍ਰਸਿੱਧੀ ਮਿਲਣ ਤੋਂ ਪਹਿਲਾਂ ਗੁਮਨਾਮੀ ਦੀ ਜ਼ਿੰਦਗੀ ਹੀ ਜਿਉਂ ਰਿਹਾ ਸੀ। ਉਸ ਨੂੰ ਪ੍ਰਮੁੱਖ ਰੂਪ ਵਿਚ ਉਸ ਦੇ ਆਰਟੀਕਲਾਂ, ਨਿਬੰਧਾਂ, ਚਿੱਠੀਆਂ ਅਤੇ ਲੇਖਾਂ ਰਾਹੀ ਜਾਣਿਆ ਜਾਂਦਾ ਹੈ ਜਿਨਾਂ ਦੀ ਪ੍ਰਮਾਣਿਕਤਾ ਉੱਪਰ ਵੀ ਸਮੇਂ-ਸਮੇਂ ਤੇ ਸੁਆਲ ਉੱਠਦੇ ਰਹੇ ਹਨ। ਇਹ ਲਿਖਤੀ ਸਮੱਗਰੀ ਅਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੇ ਭਾਰਤ ਪ੍ਰਤੀ ਉਸ ਦੇ ਤਸੱਵਰ ਵੱਲ ਇਸ਼ਾਰਾ ਕਰਦੀ ਹੈ। ਉਸ ਦਾ ਤਸੱਵਰ ਪ੍ਰਮੁੱਖ ਰੂਪ ਵਿਚ ਉਸ ਸਮੇਂ ਪ੍ਰਚਲਿਤ ਲੈਨਿਨ ਦੀ ਵਿਚਾਰਧਾਰਾ ਅਤੇ ਕੁਝ ਹੱਦ ਤੱਕ ਮਾਰਕਸਵਾਦ ਦੁਆਰਾ ਘੜਿਆ ਗਿਆ ਸੀ।

**ਬਾਕੀ ਸਫ਼ਾ 30 'ਤੇ**

# ਖੇਤੀ ਕਾਨੂੰਨਾਂ ਬਾਰੇ ਸੁਪਰੀਮ ਕੋਰਟ ਵਲੋਂ ਬਣਾਈ ਕਮੇਟੀ ਕਿਸਾਨਾਂ ਵਿਰੋਧੀ

**ਨੌਸ਼ਾਬਾ ਪ੍ਰਵੀਨ**

ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲੇ ਕਿਸਾਨ ਅੰਦੋਲਨ ਦੇ ਦੌਰਾਨ ਸੁਪਰੀਮ ਕੋਰਟ ਨੇ ਮਾਹਿਰਾਂ ਦੀ ਇਕ ਕਮੇਟੀ ਬਣਾਈ ਸੀ, ਜਿਸ ਨੇ ਪਿਛਲੇ ਸਾਲ 19 ਮਾਰਚ ਨੂੰ ਹੀ ਆਪਣੀ ਰਿਪੋਰਟ ਅਦਾਲਤ ਨੂੰ ਸੌਂਪ ਦਿੱਤੀ ਸੀ। ਰਿਪੋਰਟ ਨੂੰ ਕਦੇ ਜਨਤਕ ਨਹੀਂ ਕੀਤਾ ਗਿਆ, ਸ਼ਾਇਦ ਇਸ ਲਈ ਕਿ ਅੰਦੋਲਨਕਾਰੀ ਕਿਸਾਨਾਂ ਦਾ ਮੰਨਣਾ ਸੀ ਕਿ ਮਾਹਰਾਂ ਦੀ ਕਮੇਟੀ ਵਿਚ ਸਿਰਫ਼ ਉਹੀ ਮੈਂਬਰ (ਅਨਿਲ ਗਣਵਤ, ਪੀ.ਕੇ. ਜੋਸ਼ੀ ਅਤੇ ਅਸ਼ੋਕ ਗੁਲਾਟੀ) ਸ਼ਾਮਿਲ ਕੀਤੇ ਗਏ ਸਨ, ਜੋ ਵਿਵਾਦਤ ਖੇਤੀ ਕਾਨੂੰਨਾਂ (ਜਿਨਾਂ ਨੂੰ ਹੁਣ ਸਰਕਾਰ ਨੇ ਵਾਪਸ ਲੈ ਲਿਆ ਹੈ) ਦੇ ਸਮਰਥਕ ਹਨ। ਫ਼ਿਲਹਾਲ ਮਾਹਰਾਂ ਦੀ ਕਮੇਟੀ ਦੇ ਇਕ ਮੈਂਬਰ ਅਨਿਲ ਗਣਵਤ ਨੇ ਹੁਣ ਰਿਪੋਰਟ ਨੂੰ ਜਨਤਕ ਕਰ ਦਿੱਤਾ ਹੈ, ਜਿਸ ਵਿਚ ਮੁੱਖ ਤੌਰ 'ਤੇ ਦੋ ਗੱਲਾਂ 'ਤੇ ਜ਼ੋਰ ਦਿੱਤਾ ਗਿਆ ਹੈ। ਪਹਿਲੀ 86 ਫ਼ੀਸਦੀ ਕਿਸਾਨ ਤਿੰਨਾਂ ਖੇਤੀ ਕਾਨੂੰਨਾਂ ਦੇ ਪੂਰੇ ਸਮਰਥਨ ਵਿਚ ਹਨ, ਇਕ ਫ਼ੀਸਦੀ ਕੁਝ ਪਰਿਵਰਤਨ ਦੇ ਨਾਲ ਸਮਰਥਨ ਵਿਚ ਹਨ ਅਤੇ ਬਾਕੀ 13 ਫ਼ੀਸਦੀ ਵਿਰੋਧ 'ਚ ਹਨ। ਦੂਜੀ ਇਹ ਕਿ ਐਮ.ਐਸ.ਪੀ. (ਘੱਟੋ-ਘੱਟ ਸਮਰਥਨ ਮੁੱਲ) ਨੂੰ ਕਾਨੂੰਨੀ ਬਣਾਉਣ ਦੀ ਮੰਗ ਉਚਿੱਤ ਤਰਕਾਂ 'ਤੇ ਆਧਾਰਿਤ ਨਹੀਂ ਹੈ ਅਤੇ ਉਸ ਨੂੰ ਲਾਗੂ ਕਰਨਾ ਅਣਵਿਵਹਾਰਕ ਹੋਵੇਗਾ। ਅਨਿਲ ਗਣਵਤ ਦਾ ਮੰਨਣਾ ਹੈ ਕਿ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਨਹੀਂ ਸੀ ਕੀਤਾ ਜਾਣਾ ਚਾਹੀਦਾ।

ਇਨਾਂ ਦੋਵਾਂ ਹੀ ਗੱਲਾਂ ਨਾਲ ਏਨਾ ਤਾਂ ਸਪੱਸ਼ਟ ਹੈ ਕਿ ਅੰਦੋਲਨਕਾਰੀ ਕਿਸਾਨਾਂ ਦਾ ਇਹ ਅਨੁਮਾਨ ਸਹੀ ਸੀ ਕਿ ਮਾਹਿਰਾਂ ਦੀ ਕਮੇਟੀ ਵਿਚ ਸਿਰਫ਼ ਖੇਤੀ ਕਾਨੂੰਨਾਂ ਦੇ ਸਮਰਥਕਾਂ ਨੂੰ ਹੀ ਥਾਂ ਦਿੱਤੀ ਗਈ ਸੀ। ਪਰ ਇਸ ਸਮੇਂ ਸਭ ਤੋਂ ਵੱਡਾ ਵਿਵਾਦ ਦਾ ਮੁੱਦਾ ਇਹ ਹੈ ਕਿ ਮਾਹਿਰਾਂ ਦੀ ਕਮੇਟੀ ਇਸ ਸਿੱਟੇ 'ਤੇ ਕਿਵੇਂ ਪੁੱਜੀ ਕਿ 86 ਫ਼ੀਸਦੀ ਕਿਸਾਨ ਖੇਤੀ ਕਾਨੂੰਨਾਂ ਦੇ ਸਮਰਥਨ ਵਿਚ ਹਨ, ਜਦੋਂ ਕਿ ਮਾਹਰਾਂ ਦੀ ਕਮੇਟੀ ਨੇ ਅੰਦੋਲਨਕਾਰੀ ਕਿਸਾਨਾਂ ਨਾਲ ਤਾਂ ਕੋਈ ਸੰਪਰਕ ਕੀਤਾ ਹੀ ਨਹੀਂ ਸੀ। ਕਮੇਟੀ ਨੇ ਜਿਨਾਂ ਲੋਕਾਂ ਤੇ ਸੰਗਠਨਾਂ ਨਾਲ ਸੰਪਰਕ ਕੀਤਾ ਸੀ, ਉਨਾਂ ਦੀ ਜਾਣਕਾਰੀ ਇੰਟਰਨੈੱਟ 'ਤੇ ਦੇਖਣ ਤੋਂ ਪਤਾ ਲੱਗਦਾ ਹੈ ਕਿ ਉਨਾਂ ਵਿਚੋਂ ਜ਼ਿਆਦਾਤਰ ਦਾ ਸੰਬੰਧ ਖੇਤੀ ਜਾਂ ਕਿਸਾਨੀ ਨਾਲ ਹੈ ਹੀ ਨਹੀਂ। ਪੱਤਰਕਾਰਾਂ ਨੇ ਜਦੋਂ ਇਹ ਸਵਾਲ ਅਨਿਲ ਗਣਵਤ ਨੂੰ ਕੀਤਾ ਤਾਂ ਉਨਾਂ ਦਾ ਦੋ ਟੁੱਕ ਜਵਾਬ ਸੀ ਕਿ ਜਾਣਕਾਰੀ ਲੈਣੀ ਹੈ ਤਾਂ ਆਰਟੀਆਈ. ਰਾਹੀਂ ਹਾਸਲ ਕਰੋ। ਅੰਦੋਲਨਕਾਰੀ ਕਿਸਾਨਾਂ ਨਾਲ ਸੰਪਰਕ ਨਾ ਕਰਨ ਬਾਰੇ ਉਨਾਂ ਦਾ ਕਹਿਣਾ ਹੈ ਕਿ 26 ਜਨਵਰੀ ਦੀਆਂ ਹਿੰਸਕ ਘਟਨਾਵਾਂ ਤੋਂ ਬਾਅਦ ਉਨਾਂ ਦੇ ਕੋਲ ਜਾਣਾ ਸੰਭਵ ਨਹੀਂ ਸੀ ਅਤੇ ਬੁਲਾਉਣ 'ਤੇ ਉਹ ਮਿਲਣ ਨਹੀਂ ਆਏ।

ਦੱਸਣਯੋਗ ਹੈ ਕਿ ਕਿਸਾਨ ਅੰਦੋਲਨ ਦੇ ਦਬਾਅ ਵਿਚ ਆ ਕੇ ਕੇਂਦਰ ਸਰਕਾਰ ਨੇ ਪਿਛਲੇ ਸਾਲ ਨਵੰਬਰ 'ਚ ਸੰਸਦ ਰਾਹੀਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਸੀ। ਤਿੰਨਾਂ ਕਾਨੂੰਨਾਂ ਨੂੰ 2020 ਵਿਚ ਇਸ ਐਲਾਨੇ ਉਦੇਸ਼ ਤਹਿਤ ਸੰਸਦ ਤੋਂ ਪਾਸ ਕਰਵਾਇਆ ਗਿਆ ਸੀ ਕਿ ਰਾਜ ਕੰਟਰੋਲ ਅਧੀਨ ਬਾਜ਼ਾਰਾਂ ਦੇ ਬਾਹਰ ਖੇਤੀ ਉਤਪਾਦਾਂ ਨੂੰ ਵੇਚਣ ਦੀ ਮਨਜ਼ੂਰੀ ਦੇਣ ਨਾਲ ਮੁਕਾਬਲੇਬਾਜ਼ੀ ਖੇਤੀ ਬਾਜ਼ਾਰਾਂ ਦਾ ਵਿਕਾਸ ਹੋਵੇਗਾ, ਟਰਾਂਸਪੋਰਟ ਖ਼ਰਚ ਵਿਚ ਕਮੀ ਆਵੇਗੀ ਅਤੇ ਕਿਸਾਨਾਂ ਦੀ ਆਮਦਨੀ ਵਿਚ ਵਾਧਾ ਹੋਵੇਗਾ, ਪਰ ਕਿਸਾਨਾਂ ਦਾ ਮੰਨਣਾ ਹੈ ਕਿ ਇਨਾਂ ਕਾਨੂੰਨਾਂ ਦਾ ਉਦੇਸ਼ ਸਿਰਫ਼ ਪੂੰਜੀਪਤੀਆਂ ਨੂੰ ਲਾਭ ਪਹੁੰਚਾਉਣਾ ਅਤੇ ਉਨਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨਾ ਹੈ। ਇਹ ਧਾਰਨਾ ਇਸ ਕਰਕੇ ਜ਼ਿਆਦਾ ਬਣੀ ਕਿਉਂਕਿ ਕਾਨੂੰਨਾਂ ਵਿਚ ਇਕ ਕਾਨੂੰਨ ਇਹ ਸੀ ਕਿ 'ਕੰਟ੍ਰੈਕਟ ਫਾਰਮਿੰਗ' ਦੌਰਾਨ ਜੇਕਰ ਕੋਈ ਵਿਵਾਦ ਹੁੰਦਾ ਹੈ ਤਾਂ ਕਿਸਾਨ ਅਦਾਲਤ ਨਹੀਂ ਜਾ ਸਕਣਗੇ, ਸਗੋਂ ਸਥਾਨਕ ਪ੍ਰਸ਼ਾਸਨਿਕ ਅਧਿਕਾਰੀ ਦਾ ਫ਼ੈਸਲਾ ਹੀ ਆਖ਼ਰੀ ਹੋਵੇਗਾ। ਕਿਸਾਨਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨਿਕ ਅਧਿਕਾਰੀ ਸਰਕਾਰ ਤੇ ਪੈਸਿਆਂ ਵਾਲਿਆਂ ਦੀ ਹੀ ਸੁਣਦੇ ਹਨ।

**ਵਿਸ਼ੇਸ਼ ਮਸਲਾ**

ਮਾਹਰਾਂ ਦੀ ਕਮੇਟੀ ਨੂੰ ਜਨਤਕ ਕੀਤੇ ਜਾਣ ਦਾ ਅਰਥ ਅਸੰਤੁਸ਼ਟ ਕਿਸਾਨ ਇਹ ਲੈ ਰਹੇ ਹਨ ਕਿ ਤਿੰਨਾਂ ਖੇਤੀ ਕਾਨੂੰਨਾਂ ਨੂੰ ਮੁੜ ਲਿਆਉਣ ਲਈ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ। ਕਿਸਾਨਾਂ ਅਨੁਸਾਰ ਮੱਧ ਪ੍ਰਦੇਸ਼ ਵਿਚ ਮੰਡੀਆਂ ਦੀਆਂ ਜ਼ਮੀਨਾਂ ਨਿੱਜੀ ਕੰਪਨੀਆਂ ਨੂੰ ਵੇਚਣ ਨਾਲ ਇਹੀ ਸੰਕੇਤ ਮਿਲਦਾ ਹੈ। ਭਾਰਤੀ ਕਿਸਾਨ ਯੂਨੀਅਨ (ਭਾਕਿਯੂ) ਦੇ ਕੌਮੀ ਬੁਲਾਰੇ ਚੌਧਰੀ ਰਾਕੇਸ਼ ਟਿਕੈਤ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮਾਹਿਰਾਂ ਦੀ ਕਮੇਟੀ ਦੀ ਰਿਪੋਰਟ ਜਨਤਕ ਕਰਨ ਦੀ ਆੜ 'ਚ ਉਸ ਦੀ ਮਨਸ਼ਾ ਰੱਦ ਕੀਤੇ ਗਏ ਕਾਨੂੰਨਾਂ ਨੂੰ ਫਿਰ ਤੋਂ ਲਿਆਉਣ ਦੀ ਹੈ ਤਾਂ ਦੇਸ਼ ਵਿਚ ਹੋਰ ਵੱਡਾ ਕਿਸਾਨ ਅੰਦੋਲਨ ਖੜਾ ਹੋਣ 'ਚ ਦੇਰ ਨਹੀਂ ਲੱਗੇਗੀ। ਪਰ ਦੂਜੇ ਪਾਸੇ ਅਜਿਹੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ ਕਿ ਰਾਕੇਸ਼ ਟਿਕੈਤ ਅਤੇ ਸੰਯੁਕਤ ਕਿਸਾਨ ਮੋਰਚਾ, ਜਿਨਾਂ ਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸਫਲ ਅੰਦੋਲਨ ਕੀਤਾ ਸੀ, ਨੂੰ ਹਾਸ਼ੀਏ 'ਤੇ ਸੁੱਟ ਦਿੱਤਾ ਜਾਵੇ। ਐਮ.ਐਸ.ਪੀ. ਨੂੰ 'ਕੌਮੀ' ਮੁੱਦਾ ਬਣਾਉਣ ਲਈ 200 ਤੋਂ ਵੱਧ ਕਿਸਾਨ ਸੰਗਠਨਾਂ ਦਾ ਇਕ ਨਵਾਂ ਮੋਰਚਾ ਬਣਾਇਆ ਗਿਆ ਹੈ, ਜਿਸ ਵਿਚ ਟਿਕੈਤ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ ਅਤੇ ਸੰਯੁਕਤ ਕਿਸਾਨ ਮੋਰਚੇ ਨੂੰ ਸ਼ਾਮਿਲ ਨਹੀਂ ਕੀਤਾ ਗਿਆ। 'ਐਮ.ਐਸ.ਪੀ. ਗਾਰੰਟੀ ਕਿਸਾਨ ਮੋਰਚਾ' ਨਾਂ ਦੇ ਬਣੇ ਇਸ ਨਵੇਂ ਮੋਰਚੇ ਵਿਚ ਸ਼ਾਮਿਲ ਲੋਕਾਂ ਤੇ ਸੰਗਠਨਾਂ ਦੇ ਨਾਂ ਜੋ ਅਜੇ ਤੱਕ ਸਾਹਮਣੇ ਆਏ ਹਨ, ਉਹ ਸਾਰੇ ਰੱਦ ਕੀਤੇ ਗਏ ਖੇਤੀ ਕਾਨੂੰਨਾਂ ਦੇ ਸਮਰਥਕ ਪ੍ਰਤੀਤ ਹੁੰਦੇ ਹਨ। ਅਨੁਮਾਨ ਇਹ ਹੈ ਕਿ ਨਵਾਂ ਮੋਰਚਾ ਸਰਕਾਰ ਦੇ ਪ੍ਰਤੱਖ ਜਾਂ ਅਪ੍ਰਤੱਖ ਇਸ਼ਾਰੇ 'ਤੇ ਹੀ ਬਣਾਇਆ ਗਿਆ ਹੈ। ਇਸ ਲਈ ਜਾਣਕਾਰਾਂ ਦਾ ਕਹਿਣਾ ਹੈ ਕਿ ਨਵੇਂ ਮੋਰਚੇ ਦੇ 'ਥੋੜੇ ਜਿਹੇ ਬਣਾਉਟੀ ਸੰਘਰਸ਼' ਤੋਂ ਬਾਅਦ ਸਰਕਾਰ ਐਮਐਸਪੀ. ਦੀ ਕਾਨੂੰਨੀ ਗਾਰੰਟੀ ਦੇ ਦੇਵੇਗੀ, ਪਰ ਇਸ ਸ਼ਰਤ ਦੇ ਨਾਲ ਕਿ ਰੱਦ ਖੇਤੀ ਕਾਨੂੰਨਾਂ ਨੂੰ ਮਾਮੂਲੀ ਸੋਧਾਂ ਤੋਂ ਬਾਅਦ ਮੁੜ ਤੋਂ ਲਿਆਂਦਾ ਜਾਵੇ। ਜ਼ਾਹਿਰ ਹੈ ਇਸ ਨਾਲ ਟਕਰਾਅ ਵਧਣ ਦੀ ਸੰਭਾਵਨਾ ਬਣੀ ਰਹੇਗੀ।

ਫ਼ਿਲਹਾਲ, ਮਾਹਿਰਾਂ ਦੀ ਕਮੇਟੀ ਦੀ 98 ਪੰਨਿਆਂ ਦੀ ਰਿਪੋਰਟ ਵਿਚ ਐਮ.ਐਸ.ਪੀ. 'ਤੇ ਜੋ ਕੁਝ ਕਿਹਾ ਗਿਆ ਹੈ ਉਹ ਇਸ ਸਮੇਂ ਵੱਧ ਪ੍ਰਾਸੰਗਿਕ ਹੋ ਗਿਆ ਹੈ, ਕਿਉਂਕਿ ਕਿਸਾਨ ਸੰਗਠਨ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਜ਼ਿਆਦਾ ਜੋਸ਼ ਨਾਲ ਚੁੱਕਣ ਲੱਗੇ ਹਨ ਅਤੇ ਉਸ ਦੇ ਲਈ ਆਪਣਾ ਸੰਘਰਸ਼ ਤੇਜ਼ ਕਰਨ ਦੀ ਯੋਜਨਾ ਬਣਾ ਰਹੇ ਹਨ। 'ਐਮ.ਐਸ.ਪੀ. ਗਾਰੰਟੀ ਕਿਸਾਨ ਮੋਰਚਾ' ਬਣਾਉਣ ਲਈ 200 ਤੋਂ ਵੱਧ ਕਿਸਾਨ ਸੰਗਠਨਾਂ ਦੇ ਪ੍ਰਤੀਨਿਧੀਆਂ ਦੀ 22 ਮਾਰਚ ਦੀ ਸ਼ਾਮ ਨੂੰ ਇਕ ਬੈਠਕ ਨਵੀਂ ਦਿੱਲੀ ਵਿਚ ਹੋਈ, ਜਿਸ ਵਿਚ ਨਵੇਂ ਮੋਰਚੇ ਦੇ ਲਈ ਕੋਆਰਡੀਨੇਟਰ ਨਿਯੁਕਤ ਕੀਤੇ ਗਏ, ਜੋ ਕਿ ਆਪਣੇ-ਆਪਣੇ ਸੂਬਿਆਂ ਵਿਚ ਜ਼ਿਲਾ ਪੱਧਰ ਦੀਆਂ ਕਮੇਟੀਆਂ ਬਣਾਉਣਗੇ ਤਾਂ ਕਿ ਐਮ.ਐਸ.ਪੀ. ਗਾਰੰਟੀ ਬਾਰੇ ਵਿਚ ਜਾਗ੍ਰਿਤੀ ਪ੍ਰੋਗਰਾਮ ਆਯੋਜਿਤ ਕੀਤੇ ਜਾ ਸਕਣ।

ਇਸ ਬੈਠਕ ਵਿਚ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਭਾਰਤੀ ਕਿਸਾਨ ਯੂਨੀਅਨ ਤੇ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰਾਂ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ। ਨਾਮਜ਼ਦ ਕੋਆਰਡੀਨੇਟਰ ਨਵੇਂ ਮੋਰਚੇ ਦੇ ਪ੍ਰਦਰਸ਼ਨ 'ਤੇ ਦੋ ਮਹੀਨਿਆਂ ਦੇ ਅੰਦਰ 22 ਮਈ ਨੂੰ ਨਵੀਂ ਦਿੱਲੀ ਵਿਚ ਰਿਪੋਰਟ ਦੇਣਗੇ। ਜਾਗ੍ਰਿਤੀ ਪ੍ਰੋਗਰਾਮਾਂ ਦਾ ਕੌਮੀ ਮੁਲਾਂਕਣ ਕਰਨ ਦੇ ਲਈ ਇਕ ਕੌਮੀ ਪੱਧਰ ਦਾ ਸੰਮੇਲਨ 6 ਤੋਂ 8 ਅਕਤੂਬਰ ਨੂੰ ਨਵੀਂ ਦਿੱਲੀ ਵਿਚ ਆਯੋਜਿਤ ਕੀਤਾ ਜਾਵੇਗਾ। ਅਜਿਹੇ ਵਿਚ ਉੱਤਰ ਪ੍ਰਦੇਸ਼ ਦੇ ਲਈ ਨਿਯੁਕਤ ਕੋਆਰਡੀਨੇਟਰ ਵੀ.ਐਮ. ਸਿੰਘ ਦਾ ਕਹਿਣਾ ਹੈ ਕਿ 'ਐਮਐਸਪੀ. ਗਾਰੰਟੀ ਕਿਸਾਨ ਮੋਰਚਾ' ਦਾ ਨਵਾਂ ਝੰਡਾ ਵੀ ਬਣਾਇਆ ਗਿਆ ਹੈ ਜੋ ਜਾਗ੍ਰਿਤੀ ਮੁਹਿੰਮਾਂ ਅਤੇ ਭਵਿੱਖ ਦੇ ਅੰਦੋਲਨਾਂ ਵਿਚ ਵਰਤਿਆ ਜਾਵੇਗਾ। ਨਵੇਂ ਝੰਡੇ ਵਿਚ ਸਾਰੇ ਪਹਿਲੂਆਂ ਨੂੰ ਕਵਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਵੇਂ ਸਬਜ਼ੀਆਂ, ਫਲਾਂ, ਅਨਾਜ, ਦਾਲ ਤੇ ਦੁੱਧ ਲਈ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ। ਵੀ.ਐਮ. ਸਿੰਘ ਦਾ ਕਹਿਣਾ ਹੈ ਕਿ 'ਐਮ.ਐਸ.ਪੀ. ਗਾਰੰਟੀ ਕਿਸਾਨ ਮੋਰਚਾ' ਵਿਚ ਹੋਰ ਵੀ ਸੰਗਠਨ ਸ਼ਾਮਿਲ ਹੋ ਸਕਦੇ ਹਨ, ਜਿਸ ਨਾਲ ਮੁਹਿੰਮ ਮਜ਼ਬੂਤ ਹੋਵੇਗੀ।

**ਬਾਕੀ ਸਫ਼ਾ 30 'ਤੇ**

# ਭਾਖੜਾ ਪ੍ਰਬੰਧਨ ਬੋਰਡ ਬਾਰੇ ਪੰਜਾਬ ਅਧਿਕਾਰਾਂ ਉਪਰ ਕੇਂਦਰ ਦਾ ਡਾਕਾ

**ਪ੍ਰੋਫੈਸਰ ਰਣਜੀਤ ਸਿੰਘ**

ਜਦੋਂ ਤੋਂ ਕੇਂਦਰ ਸਰਕਾਰ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ ਵਿਚ ਸੂਬਿਆਂ ਦੇ ਪ੍ਰਤੀਨਿਧ ਮੈਂਬਰਾਂ ਦੀ ਭਰਤੀ ਸੰਬੰਧੀ ਯੋਗਤਾਵਾਂ ਵਿਚ ਅਚਨਚੇਤ ਤਬਦੀਲੀ ਕੀਤੀ ਹੈ, ਉਸ ਵਕਤ ਤੋਂ ਹੀ ਪੰਜਾਬ ਵਿਚ ਕੇਂਦਰ ਸਰਕਾਰ ਖਿਲਾਫ਼ ਇਕ ਵਾਰ ਫਿਰ ਰੋਸ ਦੀ ਭਾਵਨਾ ਪੈਦਾ ਹੋਣ ਲੱਗੀ ਹੈ। ਇਕ ਚੇਅਰਮੈਨ ਤੋਂ ਇਲਾਵਾ ਦੋ ਮੈਂਬਰ (ਬਿਜਲੀ ਤੇ ਸਿੰਜਾਈ) ਲਈ ਭਰਤੀ ਪੰਜਾਬ ਅਤੇ ਹਰਿਆਣਾ ਵਿਚੋਂ ਕੀਤੀ ਜਾਂਦੀ ਸੀ। ਪਾਣੀ ਪੰਜਾਬ ਦਾ ਸੀ, ਲਿਹਾਜ਼ਾ ਇਸ ਦੇ ਪ੍ਰਬੰਧਨ ਵਿਚ ਪੰਜਾਬ ਦੇ ਮੈਂਬਰਾਂ ਦੀ ਰਾਇ ਦਾ ਮਹੱਤਵਪੂਰਨ ਹੋਣਾ ਸੁਭਾਵਿਕ ਵੀ ਸੀ ਅਤੇ ਜ਼ਰੂਰੀ ਵੀ। ਪ੍ਰੰਤੂ ਹੁਣ ਅਚਨਚੇਤ ਇਕ ਨੋਟੀਫਿਕੇਸ਼ਨ ਰਾਹੀਂ ਇਨਾਂ ਦੋਵਾਂ ਮੈਂਬਰਾਂ ਦੀ ਭਰਤੀ ਲਈ ਸ਼ਰਤਾਂ ਕੁਝ ਇਸ ਤਰਾਂ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ ਕਿ ਇਕ ਤਰਾਂ ਨਾਲ ਪੰਜਾਬ ਨੂੰ ਇਸ ਦੇ ਪ੍ਰਬੰਧ ਵਿਚੋਂ ਬਾਹਰ ਕਰਨ ਦਾ ਫ਼ੈਸਲਾ ਲਗਭਗ ਕੇਂਦਰ ਸਰਕਾਰ ਨੇ ਕਰ ਲਿਆ ਹੈ। ਪ੍ਰਬੰਧਨ ਬੋਰਡ ਵਿਚੋਂ ਪੰਜਾਬ ਦੇ ਮੈਂਬਰ ਦੀ ਗ਼ੈਰ-ਹਾਜ਼ਰੀ ਦੇ ਕੀ ਨਤੀਜੇ ਹੋਣਗੇ, ਕੀ ਇਸ ਨਾਲ ਪੰਜਾਬੀਆਂ ਦੇ ਆਮ ਜਨ-ਜੀਵਨ 'ਤੇ ਵੀ ਕੋਈ ਪ੍ਰਭਾਵ ਪਵੇਗਾ, ਅਤੇ ਅਜਿਹਾ ਕਰਨ ਪਿੱਛੇ ਕੇਂਦਰ ਸਰਕਾਰ ਦੀ ਕੀ ਮਾਨਸਿਕਤਾ ਹੋ ਸਕਦੀ ਹੈ?

ਯਾਦ ਰਹੇ ਕਿ 11960 ਦੇ ਪਾਣੀਆਂ ਦੇ ਸਮਝੌਤੇ ਅਨੁਸਾਰ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਦੇਸ਼ ਵਿਚ ਸਿੰਚਾਈ ਉਦੇਸ਼ ਲਈ ਵਰਤੇ ਜਾਣ ਲਈ ਉਪਲਬਧ ਕਰਾਰ ਦੇ ਦਿੱਤਾ ਗਿਆ ਸੀ। ਇਸ ਸਮਝੌਤੇ ਦੀਆਂ ਆਪਣੀਆਂ ਖਾਮੀਆਂ ਹਨ ਅਸੀਂ ਬਹੁਤੀ ਤਫ਼ਸੀਲ ਵਿਚ ਨਹੀਂ ਜਾਵਾਂਗੇ। ਬਿਆਸ ਅਤੇ ਸਤਲੁਜ ਦਰਿਆਵਾਂ 'ਤੇ ਬਣੇ ਪ੍ਰਾਜੈਕਟਾਂ ਦੇ ਪ੍ਰਬੰਧਨ ਅਤੇ ਰੱਖ-ਰਖਾਅ ਦਾ ਸਮੁੱਚਾ ਖਰਚ ਪਾਣੀਆਂ ਦੇ ਹਿੱਸੇਦਾਰ ਸੂਬੇ ਆਪੋ-ਆਪਣੀ ਮਾਲਕੀ ਦੇ ਅਨੁਪਾਤ ਅਨੁਸਾਰ ਸਹਿਣ ਕਰਦੇ ਹਨ। ਇਹ ਖਰਚਾ ਹਰਿਆਣਾ ਦੇ 42 ਫ਼ੀਸਦੀ ਦੇ ਮੁਕਾਬਲੇ ਪੰਜਾਬ ਦੇ ਹਿੱਸੇ 58 ਫ਼ੀਸਦੀ ਆਉਂਦਾ ਹੈ। ਬੋਰਡ ਦਾ ਚੇਅਰਮੈਨ ਅਮੂਮਨ ਹਿੱਸੇਦਾਰ ਰਾਜਾਂ ਤੋਂ ਬਾਹਰਲੇ ਕਿਸੇ ਰਾਜ ਦਾ ਬਣਦਾ ਆ ਰਿਹਾ ਹੈ ਪ੍ਰੰਤੂ ਪ੍ਰਬੰਧਨ ਵਿਚ ਮਹੱਤਵਪੂਰਨ ਭੂਮਿਕਾ ਰੱਖਦੇ ਦੋ ਮੈਂਬਰ ਪੰਜਾਬ ਅਤੇ ਹਰਿਆਣਾ ਵਿਚੋਂ ਹੀ ਚੁਣੇ ਜਾਣੇ ਜ਼ਰੂਰੀ ਹੁੰਦੇ ਸਨ। ਗ਼ੌਰਤਲਬ ਇਹ ਕਿ ਇਨਾਂ ਦੋਵੇਂ ਮੈਂਬਰਾਂ ਲਈ ਸਬੰਧਤ ਸੂਬੇ ਦਾ ਵਸਨੀਕ ਹੋਣਾ ਹੀ ਇਕ ਨਿਰਧਾਰਤ ਸ਼ਰਤ ਸੀ। ਕੋਈ ਯੋਗਤਾ ਵਿਸ਼ੇਸ਼ ਨਾ ਤਾਂ '1960 ਦੇ ਪਾਣੀ ਸਮਝੌਤੇ' ਵਿਚ ਦਰਜ ਸੀ ਅਤੇ ਨਾ ਹੀ '1966 ਦੇ ਪੰਜਾਬ ਪੁਨਰਗਠਨ ਐਕਟ' ਵਿਚ। ਪ੍ਰੰਤੂ ਹੁਣ ਇਕ ਸੋਚੀ-ਸਮਝੀ ਰਣਨੀਤੀ ਤਹਿਤ ਇਨਾਂ ਦੋਵੇਂ ਮੈਂਬਰਾਂ ਲਈ ਜ਼ਰੂਰੀ ਯੋਗਤਾ ਦੀਆਂ ਸ਼ਰਤਾਂ ਕੁਝ ਇਸ ਤਰੀਕੇ ਨਾਲ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ ਕਿ 'ਨਾ ਰਹੇਗਾ ਬਾਂਸ, ਨਾ ਵੱਜੇਗੀ ਬੰਸਰੀ' ਦੀ ਕਹਾਵਤ ਵਾਂਗ ਪੰਜਾਬ ਅਤੇ ਹਰਿਆਣਾ ਵਿਚੋਂ ਭਵਿੱਖ ਵਿਚ ਕੋਈ ਮੈਂਬਰ ਬਣ ਹੀ ਨਾ ਸਕੇ।

ਪਾਠਕ ਦੇ ਮਨ ਵਿਚ ਸਵਾਲ ਪੈਦਾ ਹੋ ਸਕਦਾ ਹੈ ਕਿ ਨਿਰਧਾਰਤ ਸ਼ਰਤਾਂ ਪੂਰੀਆਂ ਕਰਕੇ ਵੀ ਤਾਂ ਭਰਤੀ ਹੋਇਆ ਜਾ ਸਕਦੈ, ਬਿਲਕੁਲ ਠੀਕ ਹੋਇਆ ਜਾ ਸਕਦੈ ਬਸ਼ਰਤੇ ਯੋਗਤਾ ਦੀ ਇਹ ਸ਼ਰਤ ਮਨ ਵਿਚ ਬੇਈਮਾਨੀ ਦੀ ਭਾਵਨਾ ਤਹਿਤ ਨਿਰਧਾਰਤ ਨਾ ਕੀਤੀ ਗਈ ਹੋਵੇ। ਆਓ, ਹੁਣ ਸੰਖੇਪ ਵਿਚ ਸਮਝ ਲਈਏ ਕਿ ਕਿਹੜੀਆਂ ਸ਼ਰਤਾਂ ਅਤੇ ਮਾਪਦੰਡ ਹਨ, ਜਿਨਾਂ ਦੀ ਆੜ ਵਿਚ ਇਹ ਨਿਰਧਾਰਤ ਕਰ ਲਿਆ ਗਿਆ ਹੈ ਕਿ ਪੰਜਾਬ ਨੂੰ ਭਾਖੜਾ ਬੋਰਡ ਵਿਚੋਂ ਬਾਹਰ ਹੀ ਰੱਖਣਾ ਹੈ। ਮੈਂਬਰ (ਸਿੰਚਾਈ ਅਤੇ ਬਿਜਲੀ) ਲਈ ਆਪੋ-ਆਪਣੇ ਖੇਤਰ ਦੀ ਡਿਗਰੀ ਭਾਵ ਸਿਵਲ ਅਤੇ ਇਲੈਕਟ੍ਰੀਕਲ ਕ੍ਰਮਵਾਰ, ਤੋਂ ਇਲਾਵਾ 20 ਸਾਲ ਦਾ ਤਜਰਬਾ ਜ਼ਰੂਰੀ ਕਰ ਦਿੱਤਾ ਗਿਆ ਹੈ। ਇੱਥੋਂ ਤੱਕ ਵੀ ਕੁਝ ਹੱਦ ਤੱਕ ਠੀਕ ਕਿਹਾ ਜਾ ਸਕਦਾ ਸੀ। ਅੱਗੇ ਦੇਖੋ, ਮੈਂਬਰ ਸਿੰਚਾਈ ਲਈ ਕਿਸੇ ਅਜਿਹੇ ਪ੍ਰਾਜੈਕਟ ਦਾ ਬਤੌਰ ਮੁਖੀ 3 ਸਾਲ ਦਾ ਤਜਰਬਾ ਹੋਵੇ ਜੋ ਘੱਟੋ-ਘੱਟ 50 ਮੀਟਰ ਉੱਚਾ, 300 ਮੀਟਰ ਲੰਮਾ ਡੈਮ ਬਣਾਉਣ ਦੀ ਜ਼ਿੰਮੇਵਾਰੀ ਨਿਭਾਉਂਦਾ ਰਿਹਾ ਹੋਵੇ ਜਾਂ ਫਿਰ ਜਿਸ ਨੇ ਘੱਟੋ-ਘੱਟ 1000 ਕਿਊਸਕ ਪਾਣੀ ਦੀ ਸਮਰੱਥਾ ਵਾਲੀ ਨਹਿਰ ਦਾ ਨਿਰਮਾਣ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਈ ਹੋਵੇ। ਪੰਜਾਬ ਵਿਚ ਨਾ ਡੈਮ ਬਣ ਰਹੇ ਹਨ ਅਤੇ ਨਾ ਨਵੀਆਂ ਨਹਿਰਾਂ ਦੀ ਉਸਾਰੀ, ਫਿਰ ਤਜਰਬਾ ਕਿੱਥੋਂ ਆਵੇਗਾ? ਇਸੇ ਤਰਾਂ ਮੈਂਬਰ (ਬਿਜਲੀ) ਲਈ ਕਿਸੇ ਅਜਿਹੇ ਪ੍ਰਾਜੈਕਟ ਦਾ ਬਤੌਰ ਮੁਖੀ ਤਿੰਨ ਸਾਲ ਦਾ ਤਜਰਬਾ ਹੋਵੇ ਜੋ ਵੱਡ-ਆਕਾਰੀ ਅਤੇ ਵੱਡੀ ਸਮਰੱਥਾ ਵਾਲੇ ਡੈਮ ਜਾਂ ਪ੍ਰਾਜੈਕਟ ਦੀ ਉਸਾਰੀ ਅਤੇ ਕਾਰਜਸ਼ੀਲਤਾ ਦੀ ਮੁਹਾਰਤ ਰੱਖਦਾ ਹੋਵੇ। ਇੱਥੇ ਇਹ ਵੀ ਸੋਚ ਸਕਦੇ ਹਾਂ ਕਿ ਜੇਕਰ ਮੈਂਬਰ ਪੰਜਾਬ ਵਿਚੋਂ ਨਹੀਂ ਵੀ ਹੋਵੇਗਾ ਤਾਂ ਵੀ ਕਿਹੜਾ ਘਾਟਾ ਪੈਣ ਲੱਗਾ ਹੈ? ਬੋਰਡ ਬਿਜਲੀ ਉਤਪਾਦਨ ਅਤੇ ਪਾਣੀ ਦੀ ਵੰਡ ਦਾ ਕਾਰਜ ਕਰਦਾ ਆ ਰਿਹਾ ਹੈ ਤੇ ਭਵਿੱਖ ਵਿਚ ਵੀ ਇਹ ਕੰਮ ਚਲਦਾ ਰਹਿਣਾ ਹੈ। ਠੀਕ, ਇਕਦਮ ਕੋਈ ਘਾਟਾ ਨਹੀਂ ਪੈਣ ਲੱਗਾ। ਪ੍ਰੰਤੂ ਪੰਜਾਬ ਖੇਤੀ ਆਧਾਰਿਤ ਸੂਬਾ ਹੈ, ਖੇਤੀ ਸੂਬੇ ਦੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਦੀ ਸਮਝ ਇਕ ਦੱਖਣ ਭਾਰਤ ਦਾ ਅਧਿਕਾਰੀ ਮੁਕਾਬਲਤਨ ਘੱਟ ਰੱਖਦਾ ਹੋਵੇਗਾ। ਉਹ ਕਿਸਾਨਾਂ ਨੂੰ ਬਿਜਲੀ ਆਧਾਰਿਤ ਮਿਲਣ ਵਾਲੀਆਂ ਸਬਸਿਡੀਆਂ ਦੀ ਹਮਾਇਤ ਕਿਉਂ ਕਰੇਗਾ? ਬੇਜ਼ਮੀਨੇ ਕਿਸਾਨ ਅਤੇ ਮਜ਼ਦੂਰਾਂ ਨੂੰ ਘਰੇਲੂ ਵਰਤੋਂ ਲਈ ਮਿਲਣ ਵਾਲੀ ਬਿਜਲੀ ਸਬਸਿਡੀ, ਚਿੱਪ ਵਾਲੇ ਮੀਟਰ, ਨਵੇਂ ਖੇਤੀ ਮੋਟਰਾਂ ਦੇ ਕੁਨੈਕਸ਼ਨ, ਧਰਤੀ ਹੇਠਲੇ ਪਾਣੀ ਦਾ ਡਿਗਦਾ ਪੱਧਰ, ਬਿਜਲੀ ਅਤੇ ਸਿੰਚਾਈ ਵਿਭਾਗ ਨੂੰ ਨਿੱਜੀ ਹੱਥਾਂ ਵਿਚ ਸੌਂਪਣ ਦੀ ਤਿਆਰੀ, ਵਿਭਾਗਾਂ ਵਿਚ ਕਰਮਚਾਰੀਆਂ ਦੀ ਭਰਤੀ ਦੇ ਮਾਪਦੰਡ ਆਦਿ ਅਨੇਕ ਅਜਿਹੇ ਪਹਿਲੂ ਹਨ ਜੋ ਕਹਿਣ ਨੂੰ ਤਾਂ ਸਾਡੇ ਹਨ ਪ੍ਰੰਤੂ ਇਨਾਂ ਸੰਬੰਧੀ ਫ਼ੈਸਲਾ ਕੋਈ ਤੀਜਾ ਆ ਕੇ ਕਰੇਗਾ, ਜਿਸ ਨੂੰ ਮੁੱਦੇ ਦੇ ਮੂਲ ਦੀ ਸਮਝ ਨਹੀਂ, ਉਹ ਧਿਰ ਪੰਜਾਬ ਦੇ ਹੱਕ ਵਿਚ ਖੜਨ ਬਾਰੇ ਕਿਉਂ ਸੋਚੇਗੀ?

ਹੁਣ ਇਕ ਆਖ਼ਰੀ ਸਵਾਲ ਜੋ ਸਾਡੇ ਮਨ ਵਿਚ ਉੱਠਣਾ ਸੁਭਾਵਿਕ ਹੈ ਕਿ ਕੇਂਦਰੀ ਸਰਕਾਰਾਂ ਪੰਜਾਬ ਨਾਲ ਬਾਕੀ ਸੂਬਿਆਂ ਤੋਂ ਵੱਖਰਾ, ਬੇਗਾਨਗੀ ਅਤੇ ਅਲਹਿਦਗੀ ਵਾਲਾ ਸਲੂਕ ਕਿਉਂ ਕਰਦੀਆਂ ਆ ਰਹੀਆਂ ਹਨ। ਰਾਜਨੀਤਕ ਦਲ ਭਾਵੇਂ ਕੋਈ ਵੀ ਹੋਵੇ, ਇਸ ਗੱਲ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਅਸੀਂ ਪਾਰਟੀ ਵਿਸ਼ੇਸ਼ ਨੂੰ ਹੀ ਜ਼ਿੰਮੇਵਾਰ ਸਮਝੀ ਜਾ ਰਹੇ ਹਾਂ। ਖ਼ੈਰ, ਇਸ ਸਵਾਲ ਦਾ ਉਤਰ ਲੱਭਣ ਲਈ ਜਦੋਂ ਮਨ-ਮਸਤਕ ਦੀ ਸੋਚ ਸਤਹ 'ਤੇ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਮਹਿਜ਼ ਇਕ ਕਾਰਨ ਦਿਖਾਈ ਦਿੰਦਾ ਹੈ, ਉਹ ਹੈ ਪੰਜਾਬੀਆਂ ਦੇ ਸੁਭਾਅ ਦਾ ਸੁਭਾਵਿਕ ਹੀ ਬਾਗੀ ਤਾਸੀਰ ਦਾ ਹੋਣਾ। ਇਤਿਹਾਸ ਗਵਾਹ ਹੈ ਕਿ ਮੁਗ਼ਲ ਬਾਦਸ਼ਾਹ ਹੋਣ ਜਾਂ ਈਸਟ ਇੰਡੀਆ ਕੰਪਨੀ ਰਾਹੀਂ ਭਾਰਤ ਆਏ ਅੰਗਰੇਜ਼ (ਜੋ ਬਾਅਦ ਵਿਚ ਇੱਥੇ ਸਿਰਫ਼ ਇਸ ਕਰਕੇ ਸ਼ਾਸਕ ਬਣ ਗਏ ਕਿ ਕਿਧਰੇ ਵੀ ਉਨਾਂ ਦਾ ਵਿਰੋਧ ਨਹੀਂ ਹੋਇਆ), ਜੇਕਰ ਉਨਾਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਤਾਂ ਸਿਰਫ਼ ਅਤੇ ਸਿਰਫ਼ ਪੰਜਾਬ ਦੀ ਧਰਤੀ 'ਤੇ। ਸਮੁੱਚੇ ਦੇਸ਼ ਭਾਰਤ ਵਿਚ ਕਿਧਰੇ ਵੀ ਕਿਸੇ ਧਾੜਵੀ ਨੂੰ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ। ਮਹਿਜ਼ ਕੁਝ ਸੈਂਕੜਿਆਂ ਦੀ ਗਿਣਤੀ ਨਾਲ ਬਾਬਰ ਭਾਰਤ 'ਤੇ ਚੜਾਈ ਕਰਕੇ ਆਇਆ ਅਤੇ ਰਾਜ-ਭਾਗ ਦਾ ਮਾਲਕ ਬਣ ਗਿਆ। ਮੁਗ਼ਲਾਂ ਦੁਆਰਾ ਲੁੱਟਿਆ ਪੰਜਾਬ ਦਾ ਧਨ-ਮਾਲ ਅਤੇ ਅਸਮਤ ਨੂੰ ਬਚਾਉਣ ਅਤੇ ਖੋਹ ਕੇ ਦੁਬਾਰਾ ਅਸਲ ਮਾਲਕਾਂ ਤੱਕ ਪਹੁੰਚਾਉਣ ਦੀ ਜੇ ਕਿਸੇ ਨੇ ਜੁਰਅਤ ਕੀਤੀ ਤਾਂ ਇੱਥੇ ਵੀ ਗਵਾਹ ਬਣੀ ਸਿਰਫ਼ ਪੰਜਾਬ ਦੀ ਧਰਤੀ।

ਹੁਣ ਵਰਤਮਾਨ ਕਾਲ, ਸ਼ਾਹੀਨ ਬਾਗ ਹੋਵੇ ਜਾਂ ਕਸ਼ਮੀਰ ਧਾਰਾ 370 ਜਾਂ ਫਿਰ ਮਸਲਾ ਅਯੁੱਧਿਆ ਵਾਲਾ, ਅਗਲਿਆਂ ਨੇ ਸੋਚਿਆ, ਵਿਉਂਤਬੰਦੀ ਕੀਤੀ ਅਤੇ ਯੋਜਨਾ ਨੂੰ ਅਮਲੀ ਰੂਪ ਦੇ ਦਿੱਤਾ। ਫਿਰ ਸਮੇਂ ਨੇ ਕਰਵਟ ਲਈ, ਕੇਂਦਰ ਸਰਕਾਰ ਖੇਤੀ ਬਿੱਲ ਲੈ ਕੇ ਆਈ (ਤਫ਼ਸੀਲ ਦੀ ਲੋੜ ਨਹੀਂ, ਸਭ ਵਾਕਫ਼ ਹਨ) ਨਾ-ਮਨਜ਼ੂਰ ਦੀ ਉੱਚੀ ਆਵਾਜ਼ ਦੀ ਸਦ ਪੰਜਾਬ ਵਿਚੋਂ ਉੱਠੀ। ਸਰਕਾਰ ਨੇ ਕਿਹਾ 'ਬਿੱਲ ਵਾਪਸ ਨਹੀਂ ਹੋਣਗੇ' ਤਾਂ ਦੇਖਦਿਆਂ ਹੀ ਦੇਖਦਿਆਂ ਸਮੁੱਚਾ ਪੰਜਾਬ ਕੇਂਦਰ ਸਰਕਾਰ ਦੀਆਂ ਬਰੂਹਾਂ 'ਤੇ ਪਹੁੰਚ ਗਿਆ। ਹੁਕਮਰਾਨ ਨੇ ਧੀਰਜ ਅਤੇ ਸਬਰ ਦੀ ਪ੍ਰੀਖਿਆ ਲੈਣੀ ਚਾਹੀ ਤਾਂ ਪੰਜਾਬੀ ਵਰਦੇ ਮੀਂਹ, ਵਗਦੀ ਤੇਜ਼ ਹਨੇਰੀ, ਲੂੰਅ-ਸਾੜਵੀਂ ਧੁੱਪ ਵਿਚ ਅਡੋਲ ਬੈਠੇ ਰਹੇ। ਕੋਈ ਕੁਦਰਤੀ ਕਰੋਪੀ ਹੋਵੇ, ਮਾਨਵੀ ਭੁੱਲ ਦੀ ਤਬਾਹੀ, ਮਦਦ ਲਈ ਅੱਗੇ ਆਉਣ ਵਾਲੇ ਹੱਥ ਜ਼ਰੂਰ ਪੰਜਾਬ ਨਾਲ ਸੰਬੰਧ ਰੱਖਣ ਵਾਲੇ ਹੋਣਗੇ। ਪੀੜਤ, ਮਜ਼ਲੂਮ ਅਤੇ ਬੇ-ਸਹਾਰਾ ਲੋਕਾਂ ਦੀ ਬਾਂਹ ਫੜਨ ਲਈ ਪੰਜਾਬ ਸਭ ਤੋਂ ਅੱਗੇ ਹੋ ਕੇ ਤੁਰਦਾ ਹੈ। ਬੱਸ, ਇਹ ਅਡੋਲਤਾ, ਇਹ ਬਾਗੀ ਸੁਭਾਅ ਅਖੜਦੇ ਹਨ। ਹੁਕਮਰਾਨ ਲਈ ਇਹ ਸਭ ਕੁਝ ਖ਼ੁਦ ਨੂੰ ਬੌਣਾ ਪ੍ਰਤੀਤ ਕਰਵਾਉਣ ਵਾਲਾ ਹੋ ਨਿੱਬੜਦਾ ਹੈ। ਰਾਜਾ ਕੋਈ ਵੀ ਹੋਵੇ, ਉਸ ਦੀ ਇੱਛਾ ਹੁੰਦੀ ਹੈ ਕਿ ਪਰਜਾ ਉਸ ਦਾ ਕਹਿਣਾ 'ਸਤਿ ਸਤਿ' ਕਰਕੇ ਮੰਨ ਲਵੇ, ਬਿਨਾਂ ਕਿਸੇ ਸਵਾਲ ਜਾਂ ਤਰਕ ਤੋਂ। ਖ਼ੈਰ, ਆਖ਼ਰ ਹੁਕਮਰਾਨ ਨੂੰ ਝੁਕਣਾ ਪੈ ਗਿਆ, ਬਿੱਲ ਵਾਪਸ ਹੋ ਗਏ ਪ੍ਰੰਤੂ ਉਸ ਦੇ ਦਿਮਾਗ ਨੇ ਬਿੱਲਾਂ ਦੀ ਵਾਪਸੀ ਵਾਲੇ ਸੱਚ ਨੂੰ ਸਵੀਕਾਰ ਨਹੀਂ ਕੀਤਾ। ਇਹੀ ਕਾਰਨ ਹੈ ਕਿ ਉਹ ਬਿੱਲਾਂ ਦੀ ਵਾਪਸੀ ਵੇਲੇ ਕੀਤੇ ਇਕਰਾਰ ਨੂੰ ਲਗਾਤਾਰ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਹੌਲੀ-ਹੌਲੀ ਪੰਜਾਬ ਨੂੰ ਖੋਖਲਾ ਕਰਨ ਦੀ ਵਿਉਂਤ ਉਲੀਕੀ ਹੋਈ ਹੈ, ਇਕ-ਇਕ ਕਰਕੇ ਇਸ ਦੇ ਅਧਿਕਾਰ ਇਸ ਕੋਲੋਂ ਖੋਹੇ ਜਾ ਰਹੇ ਹਨ। ਹਮਲਾ ਕਈ ਪਾਸਿਓਂ ਹੋ ਰਿਹਾ ਹੈ ਅਤੇ ਇਹ ਵੀ ਇਕ ਅਟੱਲ ਸਚਾਈ ਹੈ ਕਿ ਸਰਕਾਰਾਂ ਅਕਸਰ ਨਤੀਜਿਆਂ ਦੀ ਪ੍ਰਵਾਹ ਕੀਤੇ ਬਗੈਰ ਕਦਮ ਪੁੱਟ ਲੈਂਦੀਆਂ ਹਨ। ਪੰਜਾਬ ਸੂਬਾ ਪਹਿਲਾਂ ਹੀ ਸਮੇਂ ਦੇ ਅਤਿ ਨਾਜ਼ੁਕ ਅਤੇ ਸੰਵੇਦਨਸ਼ੀਲ ਦੌਰ ਵਿਚੋਂ ਗੁਜ਼ਰ ਰਿਹਾ ਹੈ। ਚਾਹੀਦਾ ਤਾਂ ਇਹ ਸੀ ਸਮੇਂ ਦੀ ਨਬਜ਼ ਪਛਾਣਦਿਆਂ ਪੰਜਾਬ ਦੇ ਬਕਾਇਆ ਪਏ ਮਸਲਿਆਂ ਦਾ ਫੌਰੀ ਕੋਈ ਹੱਲ ਸੋਚਿਆ ਜਾਂਦਾ, ਹੋ ਬਿਲਕੁਲ ਉਲਟ ਰਿਹਾ ਹੈ। ਪੰਜਾਬ ਨੂੰ ਇਕ ਤੋਂ ਬਾਅਦ ਇਕ ਨਵੀਂ ਵੰਗਾਰ ਪਾਈ ਜਾ ਰਹੀ ਹੈ।

# ਚੰਡੀਗੜ੍ਹ ਉਪਰ ਕੇਂਦਰੀ ਸੱਤਾ ਦਾ ਵਧਦਾ ਪ੍ਰਭਾਵ

**ਡਾਕਟਰ ਸਰਬਜੀਤ ਸਿੰਘ**

ਪੰਜਾਬੀ ਸੂਬੇ ਦਾ ਗਠਨ 1996 ਵਿਚ ਹੋਇਆ ਹੈ। ਪੁਰਾਣੇ ਪੰਜਾਬ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸੂਬੇ ਬਣਾ ਦਿੱਤੇ ਗਏ ਸਨ। ਉਸ ਦਿਨ ਤੋਂ ਹੀ ਪੰਜਾਬ ਅਤੇ ਹਰਿਆਣਾ ਨੂੰ ਸਾਂਝਾ ਸ਼ਹਿਰ ਚੰਡੀਗੜ੍ਹ ਦੇ ਦਿੱਤਾ ਗਿਆ ਸੀ। ਇਹ ਸ਼ਹਿਰ ਦੋਵੇਂ ਸੂਬਿਆਂ ਦੀ ਸਾਂਝੀ ਰਾਜਧਾਨੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਵਲੋਂ ਲਗਾਤਾਰ ਇਸ ਸ਼ਹਿਰ 'ਤੇ ਕੇਂਦਰੀ ਸੱਤਾ ਦਾ ਵਧਦਾ ਪ੍ਰਭਾਵ ਇਸ ਗੱਲ ਲਈ ਸੋਚਣ ਨੂੰ ਮਜਬੂਰ ਕਰ ਰਿਹਾ ਹੈ ਕਿ ਆਖਿਰ ਚੰਡੀਗੜ੍ਹ ਪੰਜਾਬ ਦਾ ਹੈ? ਹਰਿਆਣੇ ਦਾ ਹੈ ਜਾਂ ਕੇਂਦਰ ਦਾ ਹੈ? ਤਾਜ਼ੀ ਘਟਨਾ ਦੀ ਗੱਲ ਕਰੀਏ ਤਾਂ ਲੰਘੇ ਦਿਨ ਦੇਸ਼ ਦੇ ਗ੍ਰਹਿ ਮੰਤਰੀ ਦੀ ਚੰਡੀਗੜ੍ਹ ਆਮਦ 'ਤੇ ਵੱਖ-ਵੱਖ ਖੇਤਰਾਂ ਵਿਚ ਇਸ ਗੱਲ ਦੀ ਕਨਸੋਅ ਲੱਗੀ ਕਿ ਹੁਣ ਚੰਡੀਗੜ੍ਹ ਦੇ ਮੁਲਾਜ਼ਮਾਂ ਉਤੇ ਕੇਂਦਰੀ ਸਰਵਿਸ ਰੂਲ ਲਾਗੂ ਹੋਵੇਗਾ। ਇਸ ਤਰਾਂ ਦਾ ਨੋਟੀਫਿਕੇਸ਼ਨ ਅਜੇ ਲਾਗੂ ਹੋਣਾ ਹੈ ਪਰ ਜੇਕਰ ਕੇਂਦਰ ਸਰਕਾਰ ਇਸ ਨੂੰ ਲਾਗੂ ਕਰਨ ਬਾਰੇ ਸੋਚ ਚੁੱਕੀ ਹੈ ਤਾਂ ਇਹ ਸਭ ਤੋਂ ਗੰਭੀਰ ਚਿੰਤਨ ਦਾ ਵਿਸ਼ਾ ਹੈ।

ਇਕ ਪਾਸੇ ਚੰਡੀਗੜ੍ਹ ਲਈ ਦੋ ਸੂਬੇ ਲਗਾਤਾਰ ਜੱਦੋ-ਜਹਿਦ ਕਰਦੇ ਆ ਰਹੇ ਹਨ ਤੇ ਦੂਜੇ ਪਾਸੇ ਕੇਂਦਰ ਇਨਾਂ ਦੋਵੇਂ ਸੂਬਿਆਂ ਦੇ ਅਧਿਕਾਰਾਂ ਨੂੰ ਦਰਕਿਨਾਰ ਕਰਕੇ ਇਸ ਦੇ ਪ੍ਰਬੰਧ ਵਿਚ ਆਪਣੀ ਪੈਂਠ ਵਧਾ ਰਿਹਾ ਹੈ। ਅਜਿਹੀ ਸਥਿਤੀ ਵਿਚ ਜੇਕਰ ਅਸੀਂ ਪੰਜਾਬ ਦੀ ਮੌਜੂਦਾ ਸਰਕਾਰ ਦੀ ਗੱਲ ਕਰੀਏ ਤਾਂ ਸ਼ਾਇਦ ਸਰਕਾਰ ਲਈ ਇਹ ਸਭ ਤੋਂ ਵੱਡੀ ਪਰਖ ਦੀ ਘੜੀ ਹੈ ਕਿ ਉਸ ਦਾ ਇਸ ਮੁੱਦੇ 'ਤੇ ਕੀ ਸਟੈਂਡ ਹੋਵੇਗਾ? ਇਸ ਮੁੱਦੇ ਦੀ ਪਿੱਠ ਭੂਮੀ ਵਿਚ ਮੁਲਾਜ਼ਮਾਂ ਦੇ ਉਹ ਹੱਕ ਪਏ ਹਨ, ਜਿਨਾਂ ਨੂੰ ਖ਼ਾਸ ਕਰਕੇ ਪੰਜਾਬ ਸਰਕਾਰ ਨੇ ਪਿਛਲੇ ਸਮੇਂ ਦਰਕਿਨਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਦਾਹਰਨ ਵਜੋਂ ਚੰਡੀਗੜ੍ਹ ਦੇ ਕਾਲਜਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਨੂੰ ਕੇਂਦਰੀ ਤਰਜ਼ 'ਤੇ ਪੇ- ਸਕੇਲ ਮਿਲਣਾ ਸੀ ਪਰ ਇਹ ਤਾਂ ਸੰਭਵ ਸੀ ਕਿ ਜਦੋਂ ਚੰਡੀਗੜ੍ਹ ਤੋਂ ਪਹਿਲਾਂ ਪੰਜਾਬ ਦੇ ਕਾਲਜ ਅਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਨੂੰ ਤਨਖ਼ਾਹ ਸਕੇਲ ਲਾਗੂ ਹੁੰਦਾ। ਪੰਜਾਬ ਦੀ ਸੱਤਾ 'ਤੇ ਕਾਬਜ਼ ਪਿਛਲੀ ਸਰਕਾਰ ਨੇ ਪੰਜਾਬ ਦੇ ਹੋਰ ਵਰਗਾਂ ਨੂੰ ਇਹ ਸਕੇਲ ਦੇ ਦਿੱਤਾ ਪਰ ਉੱਚ ਸਿੱਖਿਆ ਦੇ ਇਨਾਂ ਅਧਿਆਪਕਾਂ ਲਈ ਇਹ ਸਕੇਲ ਲਾਗੂ ਨਹੀਂ ਕੀਤਾ। ਮੌਜੂਦਾ ਸਥਿਤੀ ਵਿਚ ਕੇਂਦਰ ਸਰਕਾਰ ਇਕ ਪਾਸੇ ਚੰਡੀਗੜ੍ਹ ਦੇ ਉਨਾਂ ਮੁਲਾਜ਼ਮਾਂ ਲਈ ਠੰਢੀ ਹਵਾ ਦਾ ਕੰਮ ਕਰ ਰਹੀ ਹੈ ਜੋ ਪਿਛਲੇ ਕਈ ਸਾਲਾਂ ਤੋਂ ਤਨਖ਼ਾਹ ਸਕੇਲ ਲਈ ਤਰਸ ਰਹੇ ਸਨ ਅਤੇ ਦੂਜੇ ਪਾਸੇ ਰਾਜ ਸਰਕਾਰਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਾ ਰਹੀ ਹੈ ਕਿ ਜੇਕਰ ਤੁਸੀਂ ਕਿਸੇ ਪੱਧਰ 'ਤੇ ਅਸਫਲ ਹੁੰਦੇ ਹੋ ਤਾਂ ਅਸੀਂ ਪ੍ਰਬੰਧ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਲਵਾਂਗੇ। ਯਕੀਨਨ ਚੰਡੀਗੜ੍ਹ ਪ੍ਰਸ਼ਾਸਨ ਦੇ ਅਧੀਨ ਕੰਮ ਕਰ ਰਹੇ ਮੁਲਾਜ਼ਮ ਖ਼ੁਸ਼ ਹੋਣਗੇ ਪਰ ਮਸਲਾ ਇਹ ਹੈ ਕਿ ਰਾਜ ਸਰਕਾਰਾਂ ਦੇ ਸਾਹਮਣੇ ਇਹ ਮਸਲਾ ਖੜਾ ਕਿਉਂ ਹੁੰਦਾ ਹੈ, ਜੇਕਰ ਪੰਜਾਬ ਸਰਕਾਰ ਨੇ ਸਮਾਂ ਰਹਿੰਦਿਆਂ ਹੋਇਆਂ, ਪੰਜਾਬ ਅਤੇ ਚੰਡੀਗੜ੍ਹ ਵਿਚ ਮੁਲਾਜ਼ਮਾਂ ਦੇ ਸਾਰੇ ਸਕੇਲ ਅਤੇ ਭੱਤੇ ਲਾਗੂ ਕੀਤੇ ਹੁੰਦੇ ਤਾਂ ਸ਼ਾਇਦ ਅੱਜ ਇਸ ਤਰਾਂ ਦੀ ਸਥਿਤੀ ਦੇਖਣ ਨੂੰ ਨਾ ਮਿਲਦੀ। 1966 ਤੋਂ ਬਾਅਦ ਵੱਖ-ਵੱਖ ਰਾਜਨੀਤਕ ਪਾਰਟੀਆਂ ਪੰਜਾਬ ਸੂਬੇ ਦੀ ਸੱਤਾ 'ਤੇ ਕਾਬਜ਼ ਰਹੀਆਂ ਪਰ ਚੰਡੀਗੜ੍ਹ ਦਾ ਮਸਲਾ ਜਿਉਂ ਦਾ ਤਿਉਂ ਹੀ ਰਿਹਾ ਹੈ। ਹਮੇਸ਼ਾ ਸਰਕਾਰਾਂ ਵੋਟਰਾਂ ਨਾਲ ਵਾਅਦੇ ਕਰਦੀਆਂ ਹਨ ਪਰ ਜਦੋਂ ਜਿੱਤ ਜਾਂਦੀਆਂ ਹਨ ਤਾਂ ਇਹ ਮੁੱਦੇ ਠੰਢੇ ਬਸਤੇ ਵਿਚ ਪੈ ਜਾਂਦੇ ਹਨ। ਪਿਛਲੇ ਸਮੇਂ ਵਿਚ ਬੀ. ਬੀ. ਐਮ. ਬੀ. ਦੇ ਪ੍ਰਬੰਧਨ ਅਤੇ ਸਿਟਕੋ ਦੇ ਪ੍ਰਬੰਧਨ ਉੱਪਰ ਕੇਂਦਰੀ ਸੱਤਾ ਦੁਆਰਾ ਆਪਣੇ ਅਧਿਕਾਰ ਖੇਤਰ ਨੂੰ ਵਧਾਉਣਾ ਵੀ ਇਕ ਅਜਿਹਾ ਹੀ



ਮੁੱਦਾ ਹੈ ਜੋ ਚੰਡੀਗੜ੍ਹ ਦੀ ਆੜ ਵਿਚ ਲੁਕਵੇਂ-ਛਿਪਵੇਂ ਰੂਪ ਵਿਚ ਅੱਗੇ ਵਧ ਰਿਹਾ ਹੈ। ਦੇਸ਼ ਦੇ ਸੰਵਿਧਾਨ ਵਿਚ ਰਾਜਾਂ ਦੇ ਅਧਿਕਾਰ ਅਤੇ ਕੇਂਦਰ ਦੇ ਅਧਿਕਾਰਾਂ ਬਾਰੇ ਬੜੇ ਹੀ ਸਪੱਸ਼ਟ ਤਰੀਕੇ ਨਾਲ ਸਥਿਤੀ ਸਪੱਸ਼ਟ ਕੀਤੀ ਹੋਈ ਹੈ ਪਰ ਫਿਰ ਵੀ ਅਜਿਹੇ ਸੰਵੇਦਨਸ਼ੀਲ ਮੁੱਦੇ ਜਿਉਂ ਦੇ ਤਿਉਂ ਹੀ ਬਣੇ ਰਹਿੰਦੇ ਹਨ ਅਤੇ ਰਾਜਨੀਤਕ ਪਾਰਟੀਆਂ ਆਪਣੇ ਰਾਜਨੀਤਕ ਫਾਇਦਿਆਂ ਲਈ ਹਮੇਸ਼ਾ ਹੀ ਲੋਕ ਮਨਾਂ ਨਾਲ ਖੇਡਦੀਆਂ ਰਹਿੰਦੀਆਂ ਹਨ। ਅੱਜ ਰਾਜਾਂ ਦੀ ਸਥਿਤੀ ਆਰਥਿਕ ਪੱਖ ਤੋਂ ਬਹੁਤ ਕਮਜ਼ੋਰ ਹੈ। ਸਾਰੀ ਆਰਥਿਕਤਾ ਉੱਪਰ ਕੇਂਦਰ ਕਾਬਜ਼ ਹੈ ਅਤੇ ਜਦੋਂ ਕੇਂਦਰ ਆਰਥਿਕਤਾ ਉੱਪਰ ਕਾਬਜ਼ ਹੈ ਤਾਂ ਉਹ ਆਪਣੇ ਹਿਸਾਬ ਨਾਲ ਰਾਜਾਂ ਨੂੰ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੰਜਾਬ ਦੀ ਗੱਲ ਕਰੀਏ ਤਾਂ ਇਸ ਉੱਪਰ ਕਰਜ਼ਾ ਜੋ ਕਿ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ ਤਾਂ ਅਜਿਹੀ ਸਥਿਤੀ ਵਿਚ ਮੌਕੇ ਦੀ ਸਰਕਾਰ ਲਈ ਇਹ ਚੁਣੌਤੀ ਹੋਵੇਗੀ ਕਿ ਉਹ ਕਿਸ ਤਰਾਂ ਆਪਣੇ ਸੂਬੇ ਦੇ ਅਧਿਕਾਰਾਂ, ਵਿਕਾਸ ਅਤੇ ਕੇਂਦਰ ਸਰਕਾਰ ਨਾਲ ਰਿਸ਼ਤਿਆਂ ਵਿਚ ਸੰਤੁਲਨ ਬਣਾ ਕੇ ਰੱਖ ਸਕੇਗੀ? ਸੂਬੇ ਦੇ ਲੋਕਾਂ ਲਈ ਸਿਹਤ, ਸਿੱਖਿਆ ਅਤੇ ਮੁਲਾਜ਼ਮਾਂ ਲਈ ਉਨਾਂ ਦੀਆਂ ਤਨਖ਼ਾਹਾਂ ਅਤੇ ਭੱਤੇ ਸਮੇਂ ਸਿਰ ਮਿਲਣੇ ਬਹੁਤ ਹੀ ਜ਼ਰੂਰੀ ਪਹਿਲੂ ਹਨ, ਜਿਨਾਂ ਉੱਪਰ ਕਿਸੇ ਵੀ ਸੂਬੇ ਦੇ ਵਿਕਾਸ ਦਾ ਢਾਂਚਾ ਟਿਕਿਆ ਹੁੰਦਾ ਹੈ। ਮੌਜੂਦਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਦੇਰੀ ਮੁਲਾਜ਼ਮਾਂ ਦੇ ਉਨਾਂ ਸਾਰੇ ਮੁੱਦਿਆਂ ਵੱਲ ਧਿਆਨ ਦੇਵੇ ਜੋ ਪਿਛਲੇ ਕਈ ਸਮੇਂ ਤੋਂ ਲਟਕੇ ਹੋਏ ਹਨ। ਸਰਕਾਰ ਜੇਕਰ ਮੁਲਾਜ਼ਮਾਂ ਅਤੇ ਆਮ ਲੋਕਾਂ ਦੇ ਮੁੱਦਿਆਂ ਉੱਪਰ ਆਪਣਾ ਧਿਆਨ ਨਹੀਂ ਦੇਵੇਗੀ ਤਾਂ ਸ਼ਾਇਦ ਆਉਣ ਵਾਲੇ ਦਿਨਾਂ ਵਿਚ ਕੇਂਦਰੀ ਸੱਤਾ ਨੂੰ ਹੋਰ ਮੌਕਾ ਮਿਲੇਗਾ ਕਿ ਉਹ ਸੂਬਿਆਂ ਦੇ ਅਧਿਕਾਰਾਂ ਨੂੰ ਅੱਖੋਂ-ਪਰੋਖੇ ਕਰਕੇ ਆਪਣੇ ਅਧਿਕਾਰ ਖੇਤਰ ਵਿਚ ਵਾਧਾ ਕਰ ਸਕੇ। ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਜੇਕਰ ਸੂਬੇ ਵਿਚ ਵੀ ਚੰਡੀਗੜ੍ਹ ਵਾਲੀ ਸਥਿਤੀ ਨਾ ਬਣੇ ਤਾਂ ਉਸ ਨੂੰ ਸਭ ਤੋਂ ਪਹਿਲਾਂ ਆਪਣੇ ਮੁਢਲੇ ਢਾਂਚੇ 'ਤੇ ਧਿਆਨ ਦੇ ਕੇ ਆਮ ਲੋਕਾਂ ਅਤੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨਾ ਚਾਹੀਦਾ ਹੈ ਤਾਂ ਜੋ ਸੂਬੇ ਦੀ ਸਥਿਤੀ ਬਿਹਤਰ ਹੋ ਸਕੇ ਅਤੇ ਸੂਬੇ ਦੇ ਲੋਕਾਂ ਨੂੰ ਇਹ ਮਹਿਸੂਸ ਹੋਵੇ ਕਿ ਸਰਕਾਰ ਉਨਾਂ ਦੀ ਆਪਣੀ ਹੈ।

ਕੇਂਦਰ ਅਤੇ ਰਾਜ ਸਰਕਾਰਾਂ ਦੇ ਰਿਸ਼ਤੇ ਬਹੁਤ ਹੀ ਸੰਤੁਲਿਤ ਹੋਣੇ ਚਾਹੀਦੇ ਹਨ। ਪੰਜਾਬੀ ਸੂਬੇ ਲਈ ਅਜਿਹੇ ਕਈ ਖ਼ਾਸ ਮੌਕੇ ਆਏ ਜਦੋਂ ਇਕ ਹੀ ਰਾਜਨੀਤਕ ਪਾਰਟੀ ਦੀ ਸਰਕਾਰ ਕੇਂਦਰ ਅਤੇ ਪੰਜਾਬ ਵਿਚ ਸੀ। ਪਿਛਲੇ ਦਹਾਕਿਆਂ ਵਿਚ ਅਜਿਹੇ ਕਈ ਮੌਕਿਆਂ ਦੇ ਬਾਵਜੂਦ ਕਦੀ ਵੀ ਇਨਾਂ ਸੰਵੇਦਨਸ਼ੀਲ ਮੁੱਦਿਆਂ ਦਾ ਹੱਲ ਨਹੀਂ ਕੱਢਿਆ ਗਿਆ। ਚੰਡੀਗੜ੍ਹ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਦੇ ਹੋਰ ਵੀ ਕਈ ਅਜਿਹੇ ਸੰਵੇਦਨਸ਼ੀਲ ਮੁੱਦੇ ਹਨ, ਜਿਨਾਂ ਵਿਚ ਐੱਸ. ਵਾਈ. ਐੱਲ. ਦਾ ਮੁੱਦਾ ਵੀ ਹੈ।

ਬਾਕੀ ਸਫ਼ਾ 30 'ਤੇ

# ਕੀ ਨਵੇਂ ਮੈਂਬਰ ਰਾਜ ਸਭਾ ਵਿਚ ਪੰਜਾਬੀ ਦੀ ਪ੍ਰਤੀਨਿਧਤਾ ਕਰਨਗੇ ?

**ਨੀਰਾ ਚੰਢੋਕ**

ਆਮ ਆਦਮੀ ਪਾਰਟੀ ਦੇ ਪੰਜ ਆਗੂ ਪੰਜਾਬ ਤੋਂ ਉਪਰਲੇ ਸਦਨ ਰਾਜ ਸਭਾ ਦੇ ਮੈਂਬਰ ਚੁਣੇ ਗਏ ਹਨ। ਇਨਾਂ ਵਿਚ ਦਿੱਲੀ ਤੋਂ ਪਾਰਟੀ ਵਿਧਾਇਕ ਰਾਘਵ ਚੱਢਾ, ਆਈਆਈਟੀ ਦੇ ਐਸੋਸੀਏਟ ਪ੍ਰੋਫੈਸਰ ਸੰਦੀਪ ਪਾਠਕ, ਸਾਬਕਾ ਕ੍ਰਿਕਟ ਖਿਡਾਰੀ ਹਰਭਜਨ ਸਿੰਘ, ਸਿੱਖਿਆ ਨਾਲ ਜੁੜੀ ਸ਼ਖ਼ਸੀਅਤ ਅਸ਼ੋਕ ਮਿੱਤਲ ਅਤੇ ਸਨਅਤਕਾਰ ਸੰਜੀਵ ਅਰੋੜਾ। ਪੰਜਾਬ ਤੋਂ ਕੀਤੀਆਂ ਇਸ ਲਈ ਪਾਰਟੀ ਦੀ ਤਿੱਖੀ ਆਲੋਚਨਾ ਹੋਈ ਹੈ। ਪਾਰਟੀ ਆਖ ਰਹੀ ਹੈ ਕਿ ਇਨਾਂ ਉਮੀਦਵਾਰਾਂ ਨੂੰ ਇਹ ਮਾਣ-ਸਨਮਾਨ ਆਪੋ-ਆਪਣੇ ਖੇਤਰਾਂ ਵਿਚ ਪਾਏ ਯੋਗਦਾਨ ਲਈ ਦਿੱਤਾ ਗਿਆ ਹੈ। ਸੰਸਦ ਦਾ ਉਪਰਲਾ ਸਦਨ ਬਦਨਾਮ ਸਿਆਸਤਦਾਨਾਂ, 'ਇਸ' ਜਾਂ 'ਉਸ' ਪਾਰਟੀ ਨੂੰ ਫੰਡ ਦੇਣ ਵਾਲੇ ਅਰਬਪਤੀਆਂ, ਖਿਡਾਰੀਆਂ ਅਤੇ ਫਿਲਮੀ ਸਿਤਾਰਿਆਂ ਦੀ ਆਰਾਮਗਾਹ ਬਣ ਗਿਆ ਹੈ। ਇਹ ਲੋਕ ਸ਼ਾਇਦ ਹੀ ਕਦੇ ਸੈਸ਼ਨ ਵਿਚ ਹਾਜ਼ਰ ਹੁੰਦੇ ਹਨ, ਇਨਾਂ ਵੱਲੋਂ ਆਪਣੇ ਖੇਤਰ ਦਾ ਭਵਿੱਖ ਸੁਧਾਰਨ ਵਾਸਤੇ ਭਾਸ਼ਣ ਦਿੱਤੇ ਜਾਣ ਦੀ ਤਾਂ ਗੱਲ ਹੀ ਦੂਰ ਰਹੀ ਜਾਂ ਫਿਰ ਹਾਕਮ ਪਾਰਟੀ ਪ੍ਰਤੀ ਵਫ਼ਾਦਾਰ ਕੁਝ ਵਿਰਲੇ-ਟਾਵੇਂ ਅਕਾਦਮੀਸ਼ੀਅਨ ਅਤੇ ਹਰ ਤਰਾਂ ਦੀ ਲਾਲਸਾ ਨਾਲ ਭਰੇ ਮਰਦਾਂ ਔਰਤਾਂ ਨੂੰ ਰਾਜ ਸਭਾ ਵਿਚ ਚੁਣ ਕੇ ਭੇਜਿਆ ਜਾ ਰਿਹਾ ਹੈ।

ਉਨਾਂ ਦੇ ਅਜਿਹਾ ਕਰਨ ਦੇ ਕਾਰਨ ਹਨ। ਰਾਜ ਸਭਾ ਮੈਂਬਰਾਂ ਨੂੰ ਮਿਲਣ ਵਾਲੇ ਇਨਾਮ/ਲਾਭ ਆਦਿ ਉਸ ਅਨੁਪਾਤ ਵਿਚ ਨਹੀਂ ਹਨ ਜਿਨਾਂ ਸਬੰਧਤ ਮੈਂਬਰ ਨੇ ਆਪਣੇ ਖੇਤਰ ਵਿਚ ਯੋਗਦਾਨ ਪਾਇਆ ਹੁੰਦਾ ਹੈ ਸਗੋਂ ਇਹ ਉਸ ਨਾਲੋਂ ਬਹੁਤ ਬੇਹਿਸਾਬੇ ਹੁੰਦੇ ਹਨ। ਬਿਨਾਂ ਸ਼ੱਕ ਕੁਝ ਰਾਜ ਸਭਾ ਮੈਂਬਰ ਆਪਣੇ ਅਹੁਦੇ ਦੀਆਂ ਜ਼ਿੰਮੇਵਾਰੀਆਂ ਵਧੀਆ ਢੰਗ ਨਾਲ ਨਿਭਾਉਂਦੇ ਹਨ ਤੇ ਵਧੀਆ ਸੰਸਦੀ ਮੈਂਬਰ ਮੰਨੇ ਜਾਂਦੇ ਹਨ, ਭਾਵੇਂ ਉਹ ਆਪਣੀ ਜ਼ਿੰਦਗੀ ਦੌਰਾਨ ਕਦੇ ਵੀ ਚੋਣ ਨਾ ਜਿੱਤ ਸਕਦੇ ਹੋਣ। ਸਮੱਸਿਆ ਇਹ ਨਹੀਂ। ਸੰਸਦੀ ਜਮਹੂਰੀਅਤ ਵਿਚ ਉਪਰਲੇ ਸਦਨ ਦੇ ਕੰਮ-ਕਾਰ ਵੱਖਰੀ ਤਰਾਂ ਦੇ ਹੁੰਦੇ ਹਨ। ਸੰਵਿਧਾਨ ਸਭਾ ਵਿਚ 30 ਜੂਨ 1949 ਨੂੰ ਸ਼ਿੱਬਨ ਲਾਲ ਸਕਸੈਨਾ ਨੇ ਇਸ ਗੱਲ ਵੱਲ ਧਿਆਨ ਦਿਵਾਇਆ ਸੀ, 'ਉਪਰਲੇ ਸਦਨ ਦਾ ਇਕੋ-ਇਕ ਸਹੀ ਕੰਮ ਇਹ ਹੈ ਕਿ ਉਹ ਜੋ ਕੁਝ ਹੇਠਲੇ ਸਦਨ ਵਿਚ ਹੋਇਆ ਹੋਵੇ, ਉਸ ਨੂੰ ਘੋਖ ਕੇ ਸੁਧਾਰੇ ਅਤੇ ਹੇਠਲੇ ਸਦਨ ਨੂੰ ਸਮੱਸਿਆਵਾਂ ਤੇ ਸ਼ਕਤੀਆਂ ਬਾਰੇ ਮਾਹਿਰਾਨਾ ਮਸ਼ਵਰਾ ਦੇਵੇ। ਉਨਾਂ ਇਹ ਵੀ ਕਿਹਾ ਕਿ ਉਪਰਲਾ ਸਦਨ ਲਾਜ਼ਮੀ ਤੌਰ 'ਤੇ 'ਵਿਦਵਾਨਾਂ ਉਤੇ ਆਧਾਰਿਤ ਹੋਣਾ ਚਾਹੀਦਾ ਹੈ, ਇਸ ਵਿਚ ਅਜਿਹੇ ਬੁੱਧੀਜੀਵੀ ਸ਼ਾਮਲ ਹੋਣ ਜਿਹੜੇ ਇਹ ਸੋਚ ਸਕਣ ਕਿ ਕੋਈ ਖ਼ਾਸ ਕਦਮ ਜਾਂ ਕਾਰਵਾਈ ਸਟੇਟ/ਰਿਆਸਤ ਦੇ ਹਿੱਤਾਂ ਉਤੇ ਕਿਵੇਂ ਅਸਰ ਪਾ ਸਕਦੀ ਹੈ।'

ਉਪਰਲੇ ਸਦਨ ਦੇ ਪਹਿਲੇ ਕੰਮ ਵਜੋਂ ਜਿਸ ਗੱਲ 'ਤੇ ਮਾਹਿਰਾਂ ਦੀ ਆਮ ਕਰ ਕੇ ਸਹਿਮਤੀ ਹੈ, ਉਹ ਇਹ ਕਿ ਇਸ ਵਿਚ ਸਹਿਜ ਪ੍ਰਗਟਾਵਾ ਹੋਵੇ, ਤਰਕਪੂਰਨ ਬਹਿਸ ਹੋਵੇ ਅਤੇ ਇਹ ਅਜਿਹੇ ਅਹਿਮ ਮੁੱਦਿਆਂ ਉਤੇ ਸੰਜਮ ਭਰਪੂਰ ਚਰਚਾ ਹੋਵੇ ਜਿਹੜੇ ਸੰਸਥਾਈ ਸਿਆਸਤ ਵਿਚ ਖਲਲ ਪੈਦਾ ਕਰਦੇ ਹਨ। ਜੇ ਇਸ ਨਾਲ ਬਿਲ ਪਾਸ ਹੋਣ ਵਿਚ ਦੇਰ ਹੁੰਦੀ ਹੋਵੇ ਤਾਂ ਹੁੰਦੀ ਰਹੇ। ਅਜਿਹਾ ਕੋਈ ਵੀ ਕਾਨੂੰਨ ਜਿਸ ਦਾ ਕਰੋੜਾਂ ਜ਼ਿੰਦਗੀਆਂ ਉਤੇ ਅਸਰ ਪੈਂਦਾ ਹੋਵੇ, ਜੋ ਆਮ ਕਰ ਕੇ ਉਲਟਾ ਅਸਰ ਹੀ ਹੁੰਦਾ ਹੈ ਤਾਂ ਜ਼ਰੂਰੀ ਹੈ ਕਿ ਇਸ ਉਤੇ ਚੰਗੀ ਤਰਾਂ ਵਿਚਾਰ ਕੀਤੀ ਜਾਵੇ। ਉਪਰਲੇ ਸਦਨ ਦੇ ਮੈਂਬਰਾਂ ਨੇ ਕਿਸੇ ਬਿੱਲ ਦੇ ਪਾਸ ਹੋਣ ਅਤੇ ਫਿਰ ਇਸ ਦੇ ਕਾਨੂੰਨ ਬਣ ਜਾਣ ਦੇ ਵਿਚਕਾਰ ਕੁਝ ਸਮਾਂ ਲੰਘਣ ਦੇਣਾ ਚਾਹੀਦਾ ਹੈ ਤਾਂ ਕਿ ਇਸ ਬਾਰੇ ਇਕ ਵਾਰੀ ਮੁੜ ਤੋਂ ਸੋਚਣ ਦਾ ਮੌਕਾ ਮਿਲ ਸਕੇ।

ਰਾਜ ਸਭਾ ਦਾ ਇਕ ਹੋਰ ਕੰਮ ਹੈ ਮੁਲਕ ਦੇ ਸੂਬਿਆਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਨਾ ਅਤੇ ਨਾਲ ਹੀ ਕਿਸੇ ਸੂਬੇ ਦੀਆਂ ਲੋੜਾਂ ਤੇ ਹਿੱਤਾਂ ਅਤੇ ਇਸ ਦੀਆਂ ਖ਼ਾਸ ਸਮੱਸਿਆਵਾਂ ਨੂੰ ਸਾਹਮਣੇ ਲਿਆਉਣਾ ਪਰ ਜਦੋਂ ਵੀ ਕੋਈ ਤਾਕਤਵਰ ਪਾਰਟੀ ਭਾਰਤ ਉਤੇ ਹਕੂਮਤ ਕਰਦੀ ਹੈ ਤਾਂ ਇਨਾਂ ਦੋਵੇਂ ਕੰਮਾਂ ਉਤੇ ਹਾਲਤ ਸਮਝੌਤੇ ਵਾਲੀ ਬਣ ਜਾਂਦੀ ਹੈ। ਸਮਾਜ ਸ਼ਾਸਤਰੀ ਰਜਨੀ ਕੋਠਾਰੀ ਨੇ ਕਿਸੇ ਸਮੇਂ ਹਕੂਮਤ ਵਿਚ ਕਾਂਗਰਸ ਦੀ ਇਜਾਰੇਦਾਰੀ ਦੀ ਵਿਆਖਿਆ ਕਰਨ ਲਈ ਇਕ ਪਾਰਟੀ ਦੇ



ਦਬਦਬੇ ਵਾਲੇ ਸਿਸਟਮ ਬਾਰੇ ਵਿਚਾਰ ਪੇਸ਼ ਕੀਤੇ ਸਨ। ਅੱਜ ਭਾਜਪਾ ਦੀ ਲੋਕ ਸਭਾ ਵਿਚ ਬਣ ਚੁੱਕੀ ਅਤੇ ਰਾਜ ਸਭਾ ਵਿਚ ਲਗਾਤਾਰ ਵਧ ਰਹੀ ਇਜਾਰੇਦਾਰੀ ਲਈ ਵੀ ਇਹੋ ਸ਼ਬਦ ਇਸਤੇਮਾਲ ਕੀਤੇ ਜਾ ਸਕਦੇ ਹਨ।

ਹਾਲੀਆ ਸਾਲਾਂ ਦੌਰਾਨ ਦੇਖਿਆ ਗਿਆ ਹੈ ਕਿ ਬਿਲ ਦੋਵਾਂ ਸਦਨਾਂ ਵਿਚ ਬੜੀ ਕਾਹਲੀ ਵਿਚ ਪੇਸ਼ ਕੀਤੇ ਗਏ, ਅਸੀਂ ਕੁਝ ਨਿਰਾਸ਼ਾ ਨਾਲ ਜਨਤਕ ਅਹੁਦਿਆਂ ਉਤੇ ਬਿਰਾਜਮਾਨ ਨਖਿੱਧ ਸਿਆਸਤਦਾਨਾਂ ਦੀਆਂ ਅਸੱਭਿਅਕ ਤਕਰੀਰਾਂ ਸੁਣੀਆਂ, ਅਸੀਂ ਸਿਆਸੀ ਪਾਰਟੀਆਂ ਤੇ ਰਾਜ ਸਭਾ ਦੀ ਸੀਟ ਲੈਣ ਦੇ ਚਾਹਵਾਨਾਂ ਦਰਮਿਆਨ ਖ਼ੁਦਗਰਜ਼ੀ ਭਰੀਆਂ ਸੌਦੇਬਾਜ਼ੀਆਂ ਹੁੰਦੀਆਂ ਦੇਖੀਆਂ ਅਤੇ ਸਾਨੂੰ 'ਸ਼ੋਰ-ਸ਼ਰਾਬੇ ਦੀ ਸਿਆਸਤ' ਨੇ ਬੋਲ਼ੇ ਬਣਾ ਕੇ ਰੱਖ ਦਿੱਤਾ ਹੈ।

ਨਵੰਬਰ 2021 ਵਿਚ ਉਪਰਲੇ ਸਦਨ ਵਿਚਲੇ ਵੱਖੋ-ਵੱਖ ਪਾਰਟੀਆਂ ਦੇ ਸੰਸਦੀ ਦਲਾਂ ਦੇ ਆਗੂਆਂ ਨੇ ਰਾਜ ਸਭਾ ਚੇਅਰਮੈਨ ਵੈਂਕੱਈਆ ਨਾਇਡੂ ਨਾਲ ਹੋਈ ਮੀਟਿੰਗ ਵਿਚ ਮੁਲਕ ਦੇ ਚੀਫ ਜਸਟਿਸ ਐਨਵੀ ਰਮੰਨਾ ਵੱਲੋਂ ਸੰਸਦ ਸਬੰਧੀ ਕੀਤੀਆਂ ਟਿੱਪਣੀਆਂ ਉਤੇ ਚਿੰਤਾ ਦਾ ਇਜ਼ਹਾਰ ਕੀਤਾ ਸੀ। ਚੀਫ ਜਸਟਿਸ ਨੇ ਸੰਸਦ ਦੇ ਦੋਹਾਂ ਸਦਨਾਂ ਵਿਚ ਢੁਕਵੀਂ ਬਹਿਸ ਦੀ ਕਮੀ ਨੂੰ 'ਅਫ਼ਸੋਸਨਾਕ' ਕਰਾਰ ਦਿੱਤਾ ਸੀ। ਇਹ ਧਮਾਕੇਦਾਰ ਟਿੱਪਣੀ ਸੀ। ਉਪਰਲੇ ਸਦਨ ਵਿਚ ਕੁਝ ਕੁ ਵਧੀਆ ਭਾਸ਼ਣ ਵੀ ਦਿੱਤੇ ਗਏ ਪਰ ਕੁੱਲ ਮਿਲਾ ਕੇ ਖ਼ਾਲੀ ਕੁਰਸੀਆਂ ਸਨ।

ਇਕ ਵਾਰ ਉਘੇ ਲਿਖਾਰੀ ਜਾਰਜ ਬਰਨਾਰਡ ਸ਼ਾਅ ਨੇ ਆਖਿਆ ਸੀ, 'ਉਹ ਜਾਣਦਾ ਕੁਝ ਨਹੀਂ ਪਰ ਉਹ ਸਮਝਦਾ ਹੈ ਕਿ ਉਸ ਨੂੰ ਸਭ ਕੁਝ ਪਤਾ ਹੈ। ਇਹ ਸਾਫ਼ ਤੌਰ 'ਤੇ ਸਿਆਸੀ ਕਰੀਅਰ ਵੱਲ ਇਸ਼ਾਰਾ ਕਰਦਾ ਹੈ।' ਇਹ ਫਿਟਕਾਰ ਰੂਪੀ ਟਿੱਪਣੀ ਸੰਸਦ ਵਿਚਲੀ ਹਾਲਤ ਦਾ ਸਮੁੱਚਾ ਸਾਰ ਬਿਆਨ ਦਿੰਦੀ ਹੈ। ਹਾਕਮ ਪਾਰਟੀ ਨੇ 'ਇਕ ਭਾਰਤ' ਦੇ ਆਪਣੇ ਵਿਵਾਦ ਵਾਲੇ ਅਤੇ ਸ਼ੱਕੀ ਏਜੰਡੇ ਨੂੰ ਅੱਗੇ ਵਧਾਉਣ ਲਈ ਉਪਰਲੇ ਸਦਨ ਨੂੰ ਹੋਰ ਵੀ ਗੈਰ-ਪ੍ਰਸੰਗਿਕ ਬਣਾ ਦਿੱਤਾ ਹੈ। ਇਸ ਨੇ ਸੂਬਿਆਂ ਨੂੰ ਦਰਪੇਸ਼ ਸਮੱਸਿਆਵਾਂ, ਮੁੱਦਿਆਂ ਅਤੇ ਪਛਾਣਾਂ ਦੀ ਖ਼ਾਸੀਅਤ ਨੂੰ ਹਾਸ਼ੀਏ ਉਤੇ ਧੱਕ ਦਿੱਤਾ ਹੈ।

ਇਸੇ ਹਵਾਲੇ ਨਾਲ 'ਆਪ' ਦੇ ਪੰਜਾਬ ਤੋਂ ਰਾਜ ਸਭਾ ਲਈ ਭੇਜੇ ਮੈਂਬਰਾਂ ਬਾਰੇ ਨੁਕਤਾਚੀਨੀ ਦੀ ਵਾਕਈ ਤੁਕ ਬਣਦੀ ਹੈ। ਰਾਘਵ ਚੱਢਾ ਉਨਾਂ ਗਿਣੇ-ਚੁਣੇ ਸਿਆਸਤਦਾਨਾਂ ਵਿਚ ਸ਼ੁਮਾਰ ਹੈ ਜਿਨਾਂ ਨੂੰ ਦਿੱਲੀ ਵਾਲੇ ਪਸੰਦ ਕਰਦੇ ਹਨ: ਉਹ ਮਿਹਨਤੀ ਹਨ, ਹਲੀਮ ਵੀ ਹਨ ਤੇ ਖ਼ੁਸ਼ਮਿਜ਼ਾਜ ਵੀ। ਉਨਾਂ ਨੂੰ ਰਾਜ ਸਭਾ ਵਿਚ ਦਿੱਲੀ ਦੀ ਨੁਮਾਇੰਦਗੀ ਕਰਨੀ ਚਾਹੀਦੀ ਸੀ। ਇਸੇ ਤਰਾਂ ਪਾਠਕ ਦਾ ਮਾਮਲਾ ਹੈ। ਆਖਿਰ ਸ਼ਹਿਰ ਨਾਲ ਸਬੰਧਤ ਇਨਾਂ ਲੋਕਾਂ ਨੂੰ ਅਜਿਹੇ ਸੂਬੇ ਉਤੇ ਕਿਉਂ ਠੋਸ ਦਿੱਤਾ ਜਿਹੜਾ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਸੂਬਾ ਹੈ।

ਇਹੋ ਗੱਲ ਸਾਨੂੰ ਮੁੱਖ ਨੁਕਤੇ ਉਤੇ ਲੈ ਆਉਂਦੀ ਹੈ ਕਿ ਪੰਜਾਬ ਇਸ ਸਮੇਂ ਬਹੁਤ ਗੰਭੀਰ ਸੰਕਟ ਵਿਚ ਹੈ। ਅਰਥਚਾਰੇ ਦੀ ਹਾਲਤ ਡਾਵਾਂਡੋਲ ਹੈ, ਸਰਕਾਰੀ ਕਰਜ਼ੇ ਦੀ ਪੰਡ ਹੈ, ਬੇਰੁਜ਼ਗਾਰੀ, ਵਾਤਾਵਰਨ ਦਾ ਨਿਘਾਰ, ਨਸ਼ਿਆਂ ਵਰਗੀਆਂ ਘਾਤਕ ਵਸਤਾਂ ਦਾ ਹਮਲਾ ਅਤੇ ਸੂਬੇ ਵਿਚੋਂ ਖ਼ਾਸਕਰ ਨੌਜਵਾਨਾਂ ਦਾ ਥੋਕ ਦੇ ਹਿਸਾਬ ਨਾਲ ਪਰਵਾਸ ਹੋ ਰਿਹਾ ਹੈ। ਇਸ ਤੋਂ ਵੀ ਵੱਧ, ਸੂਬਾ ਭਿਆਨਕ ਖੇਤੀ ਸੰਕਟ ਦਾ ਵੀ ਸ਼ਿਕਾਰ ਹੈ।

ਪੰਜਾਬ ਤੋਂ ਰਾਜ ਸਭਾ ਵਿਚ ਅਜਿਹੇ ਵਿਦਵਾਨ ਉਮੀਦਵਾਰ ਭੇਜੇ ਜਾਣੇ ਚਾਹੀਦੇ ਸਨ ਜਿਹੜੇ ਇਨਾਂ ਮੁੱਦਿਆਂ ਨੂੰ ਸਦਨ ਵਿਚ ਉਭਾਰ ਸਕਦੇ ਅਤੇ ਇਨਾਂ ਦੇ ਹੱਲ ਲਈ ਕੇਂਦਰ ਸਰਕਾਰ ਦੇ ਮੰਤਰੀਆਂ ਨੂੰ ਪ੍ਰਭਾਵਿਤ ਕਰ ਸਕਦੇ। ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਖੋਜ ਕੇਂਦਰਾਂ ਵਿਚ ਬਹੁਤ ਸਾਰੇ ਨਾਮੀ ਅਰਥ ਸ਼ਾਸਤਰੀ ਹਨ, ਚਾਹੀਦਾ ਸੀ ਕਿ ਉਨਾਂ ਨੂੰ ਰਾਜ ਸਭਾ ਵਿਚ ਭੇਜਿਆ ਜਾਂਦਾ ਤਾਂ ਕਿ ਉਹ ਉਥੇ ਸੂਬੇ ਦੀਆਂ ਸਮੱਸਿਆਵਾਂ, ਰੁਜ਼ਗਾਰ ਸਿਰਜਣਾ ਦੀ ਜ਼ਰੂਰਤ, ਵਾਤਾਵਰਨ ਦੇ ਮੁੱਦਿਆਂ, ਜਲਵਾਯੂ ਦੀ ਤਬਦੀਲੀ, ਐੱਮਐੱਸਪੀ ਆਦਿ ਉਤੇ ਦਮਦਾਰ ਢੰਗ ਨਾਲ ਬੋਲ ਸਕਦੇ। ਉਨਾਂ ਨੂੰ ਪੰਜਾਬ ਦੀ ਨੁਮਾਇੰਦਗੀ ਦਾ ਮੌਕਾ ਮਿਲਣਾ ਚਾਹੀਦਾ ਸੀ।

ਹੁਣ ਸਮਾਂ ਆ ਗਿਆ ਹੈ ਕਿ ਰਾਜ ਸਭਾ ਸੀਟ ਨੂੰ ਵਿਸ਼ੇਸ਼ ਅਧਿਕਾਰ ਤੋਂ ਵੱਖ ਕਰ ਦਿੱਤਾ ਜਾਵੇ ਅਤੇ ਇਸ ਨੂੰ ਸਿਆਸੀ ਵਚਨਬੱਧਤਾ, ਸਖ਼ਤ ਮਿਹਨਤ ਅਤੇ ਸੰਜਮ ਨਾਲ ਜੋੜਿਆ ਜਾਵੇ।






# 5 ਜੀ : ਤਕਨੀਕ, ਖ਼ਦਸ਼ੇ ਅਤੇ ਤੱਥ



**ਹਰਜੀਤ ਸਿੰਘ**
**ਵਿਗਿਆਨੀ ਇਸਰੋ, ਤ੍ਰਿਵੇਂਦਰਮ**
**ਮੋਬ: +91 9995765095**

ਕੋਈ ਨਵੀਂ ਤਕਨੀਕ ਜਦ ਆਉਂਦੀ ਹੈ, ਨਾਲ ਹੀ ਲੈ ਕੇ ਆਉਂਦੀ ਹੈ ਅਫਵਾਹਾਂ ਦੀ ਹਨੇਰੀ। ਭਾਖੜਾ ਡੈਮ ਬਣਨ ਵੇਲੇ ਅਫਵਾਹ ਉੱਡੀ ਸੀ ਕਿ ਪਾਣੀ ’ਚੋਂ ਬਿਜਲੀ ਕੱਢਣ ਤੋਂ ਬਾਅਦ ਵਿਚ ਬਚੇ ‘ਫੋਕੇ ਪਾਣੀ’ ਨਾਲ ਫਸਲ ਨਹੀਂ ਉੱਗਣੀ। *83 (ਲਾਰਜ ਹੈਡਰੋਨ ਕੋਲਾਈਡਰ) ਚਾਲੂ ਹੋਣ ਤੋਂ ਪਕਹਲਾਂ ਅਫਵਾਹ ਉੱਡੀ ਸੀ ਕਿ ਇਸ ਦੇ ਚਾਲੂ ਹੋਣ ਤੇ ਬਲੈਕ ਹੋਲ ਬਣ ਜਾਵੇਗਾ। ਇਨਾਂ ਗੱਲਾਂ ਨੂੰ ਉਸ ਸਮੇਂ ਦੇ ਅਖ਼ਬਾਰਾਂ ਨੇ ਵੀ ਵਧਾ ਚੜ੍ਹਾ ਕੇ ਛਾਪਿਆ ਸੀ ਅਤੇ ਹੁਣ ਜਦੋਂ ਦੁਨੀਆ 5ਜੀ ਲਈ ਤਿਆਰ ਹੋ ਰਹੀ ਹੈ ਤਾਂ ਅਫਵਾਹਾਂ ਦਾ ਬਜ਼ਾਰ ਇੱਕ ਵਾਰ ਫੇਰ ਗਰਮ ਹੈ। ਲੋਕ ਇਸ ਨੂੰ ਕੈਂਸਰ, ਕੋਰੋਨਾ ਅਤੇ ਪੰਛੀਆਂ ਦੇ ਮਰਨ ਨਾਲ ਜੋੜ ਕੇ ਦੇਖ ਰਹੇ ਹਨ। ਅਮਰੀਕਾ ਵਿੱਚ 5ਜੀ ਲਾਂਚ ਹੋਣ ਤੋਂ ਬਾਅਦ ਰੱਦ ਹੋਣ ਵਾਲੀਆਂ ਹਵਾਈ ਉਡਾਣਾਂ ਨੇ ਇਨਾਂ ਅਫਵਾਹਾਂ ਨੂੰ ਹੋਰ ਜ਼ਿਆਦਾ ਹਵਾ ਦਿੱਤੀ ਹੈ। ਇਹ ਗੱਲਾਂ ਸੱਚ ਹੋ ਵੀ ਸਕਦੀਆਂ ਨੇ ਤੇ ਨਹੀਂ ਵੀ। ਬਿਨਾਂ ਕਿਸੇ ਜਾਣਕਾਰੀ ਤੋਂ ਕਿਸੇ ਵੀ ਨਿਰਣੇ ਤੇ ਪਹੁੰਚਣਾ ਸਹੀ ਨਹੀਂ ਹੋਵੇਗਾ। ਇਸ ਲੇਖ ਦੇ ਵਿੱਚ ਅਸੀਂ 5ਜੀ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰਾਂਗੇ ਅਤੇ ਮੇਰੀ ਇਹ ਕੋਸ਼ਿਸ਼ ਹੋਵੇਗੀ ਕਿ ਕੋਈ ਫੈਸਲਾ ਸੁਣਾਉਣ ਦੀ ਬਜਾਏ ਪਾਠਕ ਨੂੰ ਏਨੀ ਕੁ ਜਾਣਕਾਰੀ ਦੇ ਸਕਾਂ ਕਿ ਉਹ ਪੜ੍ਹ ਕੇ ਖੁਦ ਕਿਸੇ ਸਿੱਟੇ ਤੇ ਪਹੁੰਚ ਸਕੇ।

## 5ਜੀ ਕੀ ਹੈ ?

ਕਿਸੇ ਵੀ ਕਿਸਮ ਦੇ ਮੋਬਾਈਲ ਨੈਟਵਰਕ ਨੂੰ ਬਿਜਲ-ਚੁੰਬਕੀ (**Electromagnetic**) ਤਰੰਗਾਂ ਦੀ ਲੋੜ ਪੈਂਦੀ ਹੈ। ਜਿਹੜੀਆਂ ਤਰੰਗਾਂ ਡਾਟਾ ਟਰਾਂਸਫਰ ਲਈ ਵਰਤੀਆਂ ਜਾਂਦੀਆਂ ਹਨ ਉਨਾਂ ਨੂੰ ਰੇਡੀਓ ਤਰੰਗਾਂ ਕਹਿੰਦੇ ਹਨ। ਇਹ ਤਰੰਗਾਂ 3 ਕਿੱਲੋ ਹਰਟਜ਼ ਤੋਂ 300 ਗੀਗਾ ਹਰਟਜ਼ ਦੀ ਫ਼੍ਰੀਕੁਐਂਸੀ ਦੀਆਂ ਹੁੰਦੀਆਂ ਹਨ। ਇਨਾਂ ਤਰੰਗਾਂ ਨੂੰ ਡਾਟਾ ਟਰਾਂਸਫਰ ਸਪੀਡ ਦੇ ਅਧਾਰ ਤੇ ਜਨਰੇਸ਼ਨਜ਼ ਵਿਚ ਵੰਡਿਆ ਗਿਆ ਹੈ। 5ਜੀ ਪੰਜਵੀਂ ਪੀੜ੍ਹੀ ਦੀ ਬਿਜਲ-ਚੁੰਬਕੀ ਤਰੰਗ ਹੈ। ਇਸ ਵਿੱਚ 7 ਅੱਖਰ ਦਾ ਮਤਲਬ ਜਨਰੇਸ਼ਨ ਜਾਂ ਪੀੜ੍ਹੀ ਹੈ। ਇਸ ਤੋਂ ਪਹਿਲਾਂ 1ਜੀ ਤੋਂ 4ਜੀ ਨੈੱਟਵਰਕ ਦੀਆਂ ਚਾਰ ਪੀੜ੍ਹੀਆਂ ਨੂੰ ਅਸੀਂ ਸਾਰਿਆਂ ਨੇ ਵਰਤਿਆ ਹੈ।




ਪਹਿਲੀ ਜਨਰੇਸ਼ਨ ਦੀ ਘੱਟ ਸਪੀਡ ਦਾ ਕਾਰਨ ਇਨਾਂ ਦੀ ਘੱਟ ਫ਼੍ਰੀਕੁਐਂਸੀ ਹੈ, ਜਿੰਨੀ ਘੱਟ ਫ਼੍ਰੀਕੁਐਂਸੀ ਓਨੀ ਘੱਟ ਸਪੀਡ, 57 ਹੁਣ ਤੱਕ ਦੀ ਸਭ ਤੋਂ ਵੱਧ ਫ਼੍ਰੀਕੁਐਂਸੀ ਵਾਲਾ ਸਪੈਕਟਰਮ ਹੈ, ਇਸ ਲਈ ਸਭ ਤੋਂ ਵੱਧ ਤੇਜ ਡਾਟਾ ਟਰਾਂਸਫਰ ਕਰ ਸਕਦਾ ਹੈ। ਇੰਨੀ ਜ਼ਿਆਦਾ ਸਪੀਡ ਬਹੁਤ ਕੁਝ ਬਦਲ ਦੇਵੇਗੀ। ਤੇਜ਼ ਇੰਟਰਨੈੱਟ ਨਾਲ ਹਰ ਮਸ਼ੀਨ ਬੋਲਣ ਲੱਗੇਗੀ, ਗੱਲਾਂ ਕਰੇਗੀ, ਕਾਰ ਬਿਨਾਂ ਡਰਾਈਵਰ ਤੋਂ ਚੱਲ ਸਕੇਗੀ, ਤੁਹਾਡਾ ਫਰਿੱਜ ਤੁਹਾਨੂੰ ਦੱਸੇਗਾ ਕਿ ਸਬਜ਼ੀ/ਦੁੱਧ ਖਤਮ ਹੈ, ਮਾਇਕਰੋਵੇਵ ਪਾਣੀ ਉਬਲਣ ਤੋਂ ਪਹਿਲਾਂ ਬੰਦ ਹੋ ਜਾਏਗਾ। ਕੰਪਿਊਟਰ ਸਿਰਫ ਕਾਗਜ ਨਹੀਂ ਸਗੋਂ ਚੀਜ਼ਾਂ ਵੀ ਬਣਾ ਦਿਆ ਕਰਨਗੇ, ਇਹ ਰੋਬੋਟ ਵਰਗੇ ਦਿਸਣਗੇ। ਵੀਡੀਓ ਕਾਲ 3ਡੀ ਹੋ ਜਾਏਗੀ ਬਿਲਕੁਲ ਜਿਵੇਂ ਸਿਨੇਮੇ ਵਿੱਚ ਫਿਲਮ ਵੇਖਦੇ ਹੋ 3ਡੀ ਵਿੱਚ। ਹੋਰ ਵੀ ਕਿੰਨਾ ਕੁਝ ਬਦਲ ਜਾਏਗਾ। ਪ੍ਰੰਤੂ ਜਿੰਨੀ ਜਿਆਦਾ ਫ਼੍ਰੀਕੁਐਂਸੀ ਓਨੀ ਨਜ਼ਦੀਕ ਟਾਵਰ, ਇੰਝ 5ਜੀ ਦੇ ਟਾਵਰ ਬਹੁਤ ਨੇੜੇ ਨੇੜੇ ਹੋਣਗੇ ਕਿਉਂਕਿ ਇਹ ਕੰਧਾਂ ਤੇ ਹੋਰ ਰੁਕਾਵਟਾਂ ਨੂੰ ਪਾਰ ਨਹੀਂ ਕਰ ਸਕਦੀ। ਬਿਲਕੁਲ ਉਵੇਂ ਜਿਵੇਂ ਵਾਈ ਫਾਈ ਦੀ ਰੇਂਜ਼ ਖਤਮ ਹੋ ਜਾਂਦੀ ਹੈ।

**ਬਿਜਲ-ਚੁੰਬਕੀ ਰੇਡੀਏਸ਼ਨ ਦੀਆਂ ਕਿਸਮਾਂ :-**

ਬਿਜਲ-ਚੁੰਬਕੀ ਰੇਡੀਏਸ਼ਨ ਨੂੰ ਵਿਆਪਕ ਰੂਪ ਵਿੱਚ ਦੋ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ : ਆਇਓਨਾਈਜ਼ਿੰਗ ਅਤੇ ਨਾਨ-ਆਇਓਨਾਈਜ਼ਿੰਗ ਰੇਡੀਏਸ਼ਨ। ਆਇਓਨਾਈਜ਼ੇਸ਼ਨ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਇੱਕ ਪ੍ਰਮਾਣੂ ਜਾਂ ਅਣੂ ਇਲੈਕਟਰੌਨ ਪ੍ਰਾਪਤ ਕਰਕੇ ਜਾਂ ਗੁਆ ਕੇ ਰਿਣਾਤਮਕ ਜਾਂ ਧਨਾਤਮਕ ਚਾਰਜ ਪ੍ਰਾਪਤ ਕਰਦਾ ਹੈ ਅਤੇ ਨਤੀਜੇ ਵਜੋਂ ਚਾਰਜ ਹੋਏ ਪ੍ਰਮਾਣੂ ਜਾਂ ਅਣੂ ਨੂੰ ਆਇਨ ਕਿਹਾ ਜਾਂਦਾ ਹੈ। ਨਾਨ-ਆਇਓਨਾਈਜ਼ਿੰਗ ਰੇਡੀਏਸ਼ਨ ਪ੍ਰਮਾਣੂਆਂ ਜਾਂ ਅਣੂਆਂ ਨੂੰ ਆਇਓਨਾਈਜ਼ ਕਰਨ ਲਈ ਲੋੜੀਂਦੀ ਊਰਜਾ ਨਹੀਂ ਦਿੰਦੀ। ਰੇਡੀਓ ਤਰੰਗਾਂ ਅਤੇ ਮਾਈਕਰੋ ਤਰੰਗਾਂ ਇਸ ਸ਼੍ਰੇਣੀ ਵਿੱਚ ਆਉਂਦੀਆਂ ਨੇ, ਆਇਓਨਾਈਜ਼ਿੰਗ ਰੇਡੀਏਸ਼ਨ। ਉਹ ਬਿਜਲ-ਚੁੰਬਕੀ ਰੇਡੀਏਸ਼ਨ ਹੁੰਦੀਆਂ ਹਨ ਜਿਨਾਂ ਵਿੱਚ ਇਲੈਕਟਰੌਨਾਂ ਨੂੰ ਅਲੱਗ ਕਰਕੇ ਪ੍ਰਮਾਣੂਆਂ ਜਾਂ ਅਣੂਆਂ ਨੂੰ ਆਇਨਾਈਜ਼ ਕਰਨ ਲਈ ਲੋੜੀਂਦੀ ਊਰਜਾ ਹੁੰਦੀ ਹੈ। ਉਦਾਹਰਣ ਦੇ ਤੌਰ ’ਤੇ ਐਕਸ ਰੇਜ਼ ਅਤੇ ਗਾਮਾ ਰੇਜ਼।

ਆਇਨਾਈਜ਼ਿੰਗ ਰੇਡੀਏਸ਼ਨ ਦੇ ਮਨੁੱਖੀ ਸਰੀਰ ਤੇ ਦੋ ਤਰਾਂ ਦੇ ਪਰਭਾਵ ਹੁੰਦੇ ਹਨ :

ਸਟੋਕੈਸਟਿਕ (**Stochastic**)/ਸੰਭਾਵੀ ਪ੍ਰਭਾਵ :- ਇਹ ਪ੍ਰਭਾਵ ਸੰਭਾਵੀ ਹੁੰਦੇ ਹਨ ਅਤੇ ਘੱਟ ਰੇਡੀਏਸ਼ਨ ਡੋਜ਼ ਤੇ ਦੇਖਣ ਨੂੰ ਮਿਲਦੇ ਹਨ। ਇਨਾਂ ਪ੍ਰਭਾਵਾਂ ਲਈ ਕੋਈ ਘੱਟੋ-ਘੱਟ ਡੋਜ਼ ਨਹੀਂ ਹੁੰਦੀ ਅਤੇ ਡੋਜ਼ ਦੇ ਵੱਧਣ ਨਾਲ ਪ੍ਰਭਾਵ ਦੀ ਸੰਭਾਵਨਾ ਵਧਦੀ ਹੈ। ਉਦਾਹਰਣ ਵਜੋਂ ਕੈਂਸਰ ਇਕ ਪ੍ਰਭਾਵ ਹੈ ਅਤੇ ਰੇਡੀਏਸ਼ਨ ਡੋਜ਼ ਦੀ ਕਿਸੇ ਵੀ ਮਾਤਰਾ ’ਤੇ ਕੈਂਸਰ ਦੇ ਹੋਣ ਦੀ ਸੰਭਾਵਨਾ ਹੁੰਦੀ ਹੈ ਜੋ ਕਿ ਡੋਜ਼ ਦੇ ਵਧਣ ਨਾਲ ਵਧਦੀ ਹੈ, ਪਰ ਕਿਸੇ ਵਿਅਕਤੀ ਨੂੰ ਕਿਸੇ ਖਾਸ ਰੇਡੀਏਸ਼ਨ ਡੋਜ਼ ਤੇ ਕੈਂਸਰ ਹੋਵੇਗਾ ਜਾਂ ਨਹੀਂ ਇਹ ਸੁਨਿਸ਼ਚਿਤ ਨਹੀਂ ਕੀਤਾ ਜਾ ਸਕਦਾ।

ਨਿਰਣਾਇਕ (**Deterministic**) ਪ੍ਰਭਾਵ : ਇਨਾਂ ਪ੍ਰਭਾਵਾਂ ਨੂੰ ਇੱਕ ਖਾਸ ਘੱਟੋ ਘੱਟ ਡੋਜ਼ ਤੋਂ ਬਾਅਦ ਹੀ ਦੇਖਿਆ ਜਾਂਦਾ ਹੈ। ਉਦਾਹਰਣ ਵਜੋਂ ਰੇਡੀਏਸ਼ਨ ਕਰਕੇ ਚਮੜੀ ਮੱਚਣਾ ਇਕ ਨਿਰਣਾਇਕ ਪ੍ਰਭਾਵ ਹੈ ਜੋ ਕਿ ਤਕਰੀਬਨ 2 ਰੇਡੀਏਸ਼ਨ ਡੋਜ਼ ਤੋਂ ਬਾਅਦ ਹੀ ਦੇਖਣ ਨੂੰ ਮਿਲਦੇ ਹਨ।

## ਕੀ ਇਹ ਖ਼ਤਰਨਾਕ ਹੈ ?

ਫ਼੍ਰੀਕੁਐਂਸੀ ਦੇ ਵਧਣ ਨਾਲ਼ ਤਰੰਗ ਇੱਕ ਸੈਕਿੰਡ ਵਿੱਚ ਜ਼ਿਆਦਾ ਵਾਰ ਉੱਤੇ-ਥੱਲੇ ਹੁੰਦੀ ਹੈ ਜਾਂ ਸੁੰਗੜ ਜਾਂਦੀ ਹੈ। ਇਸ ਨਾਲ਼ ਅਸੀਂ ਇੱਕ ਸੈਕਿੰਡ ਵਿੱਚ ਇਸਦਾ ਜ਼ਿਆਦਾ ਹਿੱਸਾ ਪ੍ਰਾਪਤ ਕਰਦੇ ਹਾਂ ਅਤੇ ਸਾਡੇ ਵੱਲੋਂ ਇੱਕ ਸੈਕਿੰਡ ਵਿੱਚ ਪ੍ਰਾਪਤ ਕੀਤੀ ਜਾਂਦੀ ਊਰਜਾ ਵੀ ਵਧ ਜਾਂਦੀ ਹੈ। ਇਹ ਕਿਸੇ ਤਰੰਗ ਦੀ ਊਰਜਾ ਹੀ ਹੈ ਜਿਹੜੀ ਉਸ ਨੂੰ ਖ਼ਤਰਨਾਕ ਜਾਂ ਸੁਰੱਖਿਅਤ ਬਣਾਉਂਦੀ ਹੈ। ਜਿੰਨੀ ਕਿਸੇ ਤਰੰਗ ਦੀ ਫ਼੍ਰੀਕੁਐਂਸੀ ਜ਼ਿਆਦਾ ਹੁੰਦੀ ਹੈ, ਓਨੀ ਹੀ ਉਸਦੀ ਊਰਜਾ ਵੀ ਜ਼ਿਆਦਾ ਹੁੰਦੀ ਹੈ ਅਤੇ ਫ਼੍ਰੀਕੁਐਂਸੀ ਘਟਣ ਨਾਲ਼ ਇਹ ਊਰਜਾ ਵੀ ਘਟ ਜਾਂਦੀ ਹੈ। ਇਸ ਲਈ ਜ਼ਿਆਦਾ ਫ਼੍ਰੀਕੁਐਂਸੀ ਵਾਲੀਆਂ ਤਰੰਗਾਂ ਖ਼ਤਰਨਾਕ ਹੁੰਦੀਆਂ ਹਨ ਅਤੇ ਘੱਟ ਫ਼੍ਰੀਕੁਐਂਸੀ ਵਾਲੀਆਂ ਤਰੰਗਾਂ ਆਮ ਤੌਰ ’ਤੇ ਖ਼ਤਰਨਾਕ ਨਹੀਂ ਹੁੰਦੀਆਂ।

**ਬਾਕੀ ਸਫ਼ਾ 30 ’ਤੇ**

---

# ਮਾਨਸਿਕ ਸੂਖਮ ਦ੍ਰਿਸ਼ਟੀ

**ਗੁਰਮੀਤ ਸਚਦੇਵਾ**

ਮਨੁੱਖੀ ਜੀਵਨ ਵਿੱਚ ਮਨੁੱਖ ਕੋਲੋਂ ਸੂਖਮ ਦ੍ਰਿਸ਼ਟੀ ਤੇ ਸੂਖਮ ਸਮਝ ਦੀ ਦਾਤ ਹੋਣੀ ਬਹੁਤ ਜਰੂਰੀ ਹੈ। ਜਾਨਵਰਾਂ ਤੇ ਪੰਛੀਆਂ ਦੀ ਬੁੱਧੀ ਭਾਵੇਂ ਮਨੁੱਖ ਦੀ ਤਰਾਂ ਵਿਕਸਿਤ ਨਹੀਂ ਹੈ, ਪ੍ਰੰਤੂ ਕੁਦਰਤ ਮਾਂ ਨੇ ਉਨਾਂ ਪ੍ਰਾਣੀਆਂ ਨੂੰ ਕੁੱਝ ਸੂਖਮ ਸ਼ਕਤੀਆਂ ਉਨਾਂ ਦੀਆਂ ਜ਼ਿੰਦਗੀ ਦੀ ਰੱਖਿਆ ਖਾਤਰ ਪਹਿਲਾਂ ਹੀ ਦੇ ਰੱਖੀਆਂ ਹਨ, ਪੰਛੀਆਂ ਨੂੰ ਅਸਮਾਨ ਵਿੱਚ ਉੱਡਦਿਆਂ ਉਚਾਈ ਤੋਂ ਹੀ ਨੀਝ ਨਾਲ ਵੇਖਣ ਦੀ ਦਾਤ ਬਖਸ਼ੀ ਹੈ ਤਾਂ ਕਿ ਉਨਾਂ ਨੂੰ ਧਰਤੀ ਤੇ ਰੇਂਗਦੇ ਨਿੱਕੇ ਤੋਂ ਨਿੱਕੇ ਸ਼ਿਕਾਰ ਰੂਪੀ ਜੀਵ ਜਿਵੇਂ ਡੱਡੂ ਸੱਪ ਚੂਹੇ ਆਦਿ ਦੂਰੀ ਤੋਂ ਹੀ ਨਜ਼ਰ ਆ ਜਾਣ, ਫੇਰ ਕਿਸ ਸਪੀਡ ਨਾਲ ਥੱਲੇ ਨੂੰ ਆਣਾ ਹੈ ਕਿ ਝੱਪਟਾ ਸਹਿਜੇ ਹੀ ਵੱਜ ਜਾਵੇ, ਇਸ ਸੋਝੀ ਦੀ ਸੂਖਮਤਾ ਪ੍ਰਮਾਤਮਾ ਪੰਛੀਆਂ ਨੂੰ ਦੇ ਦੇਂਦਾ ਹੈ, ਇਸੇ ਤਰਾਂ ਜਾਨਵਰਾਂ ਨੂੰ ਪ੍ਰਮਾਤਮਾ ਨੇ ਸੁੰਘ ਸਕਣ ਦੀ ਬਹੁਤ ਤੀਵਰ ਤੇ ਸੂਖਮ ਸ਼ਕਤੀ ਦੇ ਰੱਖੀ ਹੈ ਤਾਂਕਿ ਜੇ ਉਨਾਂ ਨੂੰ ਸ਼ਿਕਾਰ ਨਜ਼ਰੀ ਨਹੀਂ ਵੀ ਆ ਰਿਹਾ ਤਾਂ ਉਹ ਸੁੰਘਣ ਸ਼ਕਤੀ ਦਾ ਪ੍ਰਯੋਗ ਕਰਦੇ ਹੋਏ ਆਪਣਾ ਸ਼ਿਕਾਰ ਲੱਭ ਕੇ ਆਪਣਾ ਪੇਟ ਭਰ ਸਕਦੇ ਹਨ, ਪ੍ਰਮਾਤਮਾ ਨੇ ਤਮਾਮ ਜਾਨਵਰਾਂ ਅਤੇ ਪੰਛੀਆਂ ਨੂੰ ਕਿਸੇ ਵੀ ਆਣ ਵਾਲੀ ਕੁਦਰਤੀ ਆਫਤ ਦੇ ਸਿਗਨਲ ਮਿਲਣ ਦੀ ਬਹੁਤ ਹੀ ਸੂਖਮ ਤਾਕਤ ਦੇ ਰੱਖੀ ਹੈ, ਤਾਂ ਜੋ ਉਹ ਆਪਣਾ ਬਚਾਉ ਕਰ ਸਕਣ, ਸੂਰਜ ਗ੍ਰਹਿਣ ਲੱਗਣ ਵੇਲੇ, ਭੂਚਾਲ ਆਉਣ ਵੇਲੇ, ਹੜ ਜਾਂ ਸੁਨਾਮੀ ਤੱਕ ਆਉਣ ਦੀ ਸੰਭਾਵਨਾ ਦਾ ਪੰਛੀਆਂ ਅਤੇ ਜਾਨਵਰਾਂ ਨੂੰ ਵਕਤ ਤੋਂ ਪਹਿਲੇ ਹੀ ਪਤਾ ਲੱਗ ਜਾਂਦਾ ਹੈ, ਜਿਸਦਾ ਰਾਜ਼ ਵਿਗਿਆਨੀ ਵੀ ਨਹੀਂ ਜਾਣ ਸਕਦੇ, ਇਹ ਕੁਦਰਤ ਦੀ ਕ੍ਰਿਸ਼ਮੇ ਭਰੀ ਯੋਜਨਾ ਹੁੰਦੀ ਹੈ, ਦਿਮਾਗੀ ਤੌਰ ’ਤੇ ਘੱਟ ਵਿਕਸਿਤ ਪ੍ਰਾਣੀਆਂ ਦੇ ਜੀਵਨ ਸੰਗ੍ਰਾਮ ਲਈ।

ਹੁਣ ਵਾਰੀ ਆਉਂਦੀ ਹੈ ਮਨੁੱਖ ਜਾਂ ਇਨਸਾਨਾਂ ਦੀ, ਕੁਦਰਤੀ ਆਫਤਾਂ ਦੇ ਅੰਦਾਜ਼ੇ ਅੱਜ ਦੇ ਯੁੱਗ ਵਿੱਚ ਲਾ ਸਕਣਾ ਇਨਸਾਨ ਲਈ ਸਾਇੰਸ ਦੀ ਮਦਦ ਨਾਲ ਫੇਰ ਵੀ ਕਾਫੀ ਹੱਦ ਤੱਕ ਸੰਭਵ ਹੋ ਗਿਆ ਹੈ.. ਪਰ ਇਹ ਅੰਦਾਜ਼ੇ ਸੌ ਪ੍ਰਤੀਸ਼ਤ ਸੂਖਮ ਤੇ ਸਫਲ ਨਹੀਂ ਹੁੰਦੇ, ਦੂਜੇ ਤਰਾਂ ਦੀ ਕਿਸਮ ਵਿੱਚ ਇਨਸਾਨੀ ਮਨ ਕੋਲੋਂ ਏਨੀ ਸੂਖਮ ਤਾਕਤ ਨਹੀਂ ਹੈ ਕਿ ਉਹ ਭਾਵਨਾਤਮਕ ਸਬੰਧ ਵਿੱਚ ਕਿਸੇ ਦੂਜੇ ਇਨਸਾਨ ਦੇ ਮਨ ਦੀਆਂ ਭਾਵਨਾਵਾਂ ਦਾ ਸਹੀ ਅੰਦਾਜ਼ਾ ਲਗਾ ਸਕੇ, ਜਦ ਤੱਕ ਕਿ ਉਹ ਦੂਜੇ ਇਨਸਾਨ ਨਾਲ ਸਿੱਧੇ ਵਿਹਾਰਿਕ ਸਬੰਧ ਵਿੱਚ ਨਹੀਂ ਆਉਂਦਾ, ਇਥੋਂ ਤੱਕ ਕਿ ਇੱਕ ਇਨਸਾਨ ਦਾ ਦੂਜੇ ਇਨਸਾਨ ਨਾਲ ਸਿੱਧਾ ਤੇ ਸਾਹਮਣੇ ਦਾ ਵਿਹਾਰ ਵੀ ਭੁਲੇਖਾ ਪਾ ਜਾਂਦਾ ਹੈ, ਕਈ ਇਨਸਾਨਾਂ ਕੋਲੋਂ ਗੱਲਾਂ ਬਾਤਾਂ ਦਾ ਹੁਨਰ ਤੇ ਏਨੀ ਕਨਵਿੰਸਿੰਗ ਸ਼ਕਤੀ ਹੁੰਦੀ ਹੈ ਕਿ ਉਹ ਦੂਜੇ ਇਨਸਾਨ ਨੂੰ ਸਹਿਜੇ ਹੀ ਮੋਹ ਲੈਂਦੇ ਹਨ, ਤੇ ਦੂਜੇ ਇਨਸਾਨ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਗੱਲਾਂ ਬਾਤਾਂ ਦੇ ਮੋਹ ਪਾਸ਼ ਵਿੱਚ ਜਕੜਿਆ ਜਾ ਰਿਹਾ ਹੈ।

ਅੱਜ ਦੇ ਸੰਸਾਰ ਵਿੱਚ ਅਜਿਹੇ ਇਨਸਾਨਾਂ ਤੋਂ ਸਾਵਧਾਨ ਤੇ ਜਾਗਰੂਕ ਰਹਿਣਾ ਅੱਜ ਦੇ ਸਮੇਂ ਦੀ ਮੰਗ ਹੈ, ਕਿਉਂ ਜੋ ਜਦੋਂ ਕੋਈ ਮਾਸੂਮ ਵਿਅਕਤੀ ਕਿਸੇ ਫਰੇਬੀ ਇਨਸਾਨ ਤੋਂ ਦਗਾ ਖਾ ਜਾਂਦਾ ਹੈ ਤਾਂ ਮਨ ਦੀ ਬਹੁਤ ਟੁੱਟ ਭੱਜ ਹੋ ਜਾਂਦੀ ਹੈ, ਇਨਸਾਨ ਬਹੁਤ ਸ਼ਕਤੀਹੀਣ ਅਤੇ ਮਾਯੂਸ ਹੋਇਆ ਮਹਿਸੂਸ ਕਰਦਾ ਹੈ, ਮੰਨ ਲਓ ਕਿ ਕਿਸੇ ਵਿਅਕਤੀ ਨੂੰ ਕੋਈ ਦੂਜਾ ਇਨਸਾਨ ਕਿਸੇ ਕੰਮ ਵਿੱਚ ਅਖੀਰ ਤੱਕ ਮਦਦ ਦੇਣ ਦੀ ਪੇਸ਼ਕਸ਼ ਜਾਂ ਵਾਇਦਾ ਕਰਦਾ ਹੈ, ਪਰ ਉਹ ਉਸਦਾ ਸਾਥ ਅਚਾਨਕ ਤੇ ਅਕਾਰਣ ਹੀ ਵਿੱਚ-ਵਿਚਾਲੇ ਹੀ ਛੱਡ



ਜਾਂਦਾ ਹੈ, ਜਿਥੋਂ ਕਿ ਫਸਿਆ ਹੋਇਆ ਵਿਅਕਤੀ ਕਿਧਰੋਂ ਹੋਰ ਮਦਦ ਦੀ ਆਸ ਵੀ ਨਹੀਂ ਕਰ ਸਕਦਾ, ਤਾਂ ਇਹ ਫਸੇ ਹੋਏ ਇਨਸਾਨ ਲਈ ਭੂਚਾਲ ਜਾਂ ਸੁਨਾਮੀ ਆ ਜਾਣ ਬਰਾਬਰ ਹੀ ਹੈ, ਇਸ ਲਈ ਹਰ ਇਨਸਾਨ ਨੂੰ ਇੱਕ ਨਵੀਂ ਦੋਸਤੀ, ਨਵੇਂ ਬੰਧਨ ਵਿੱਚ ਪੈਣ ਤੋਂ ਪਹਿਲਾਂ ਨਵੇਂ ਮਿਲਣ ਵਾਲੇ ਇਨਸਾਨ ਦੇ ਮਨ ਨੂੰ ਵੱਧ ਤੋਂ ਵੱਧ ਪਰਖ ਲੈਣਾ ਚਾਹੀਦਾ ਹੈ, ਕੁੱਝ ਕੁ ਲੱਛਣ ਸਾਡੇ ਪੁਰਖਿਆਂ ਨੇ ਆਪਣੇ ਤਜਰਬਿਆਂ ਵਿੱਚੋਂ ਨਿਚੋੜ ਦੀ ਤਰਾਂ ਕੱਢ ਰੱਖੇ ਹਨ, ਜਿਨਾਂ ਵਿੱਚ ਸੱਭ ਤੋਂ ਪਹਿਲਾ ਹੈ ਕਿ ਨਾਵਿਸ਼ਵਾਸਯੋਗ ਇਨਸਾਨ ਮੂੰਹ ਦਾ ਰੱਜ ਕੇ ਮਿੱਠਾ ਹੋਵੇਗਾ, ਗੱਲੀਂ ਬਾਤੀਂ ਦੂਜੇ ਨੂੰ ਮੋਹਰਾ ਵੀ ਮਿਠਾਈ ਦੀ ਤਰਾਂ ਵਿਖਾ ਕੇ ਖਵਾ ਦੇਵੇਗਾ, ਜਦੋਂ ਅੱਖ ਖੁੱਲੇਗੀ ਤਾਂ ਮਾਸੂਮ ਵਿਅਕਤੀ ਠੱਗਿਆ ਜਿਹਾ ਮਹਿਸੂਸ ਕਰੇਗਾ, ਇਸ ਲਈ ਸਾਨੂੰ ਆਪਣੇ ਜੀਵਨ ਵਿੱਚ ਸ਼ੁਰੂ ਤੋਂ ਹੀ ਸੂਖਮ ਨਿਗਾਹ ਪੈਦਾ ਕਰਨੀ ਪਵੇਗੀ, ਇਸਦਾ ਇਹ ਅਰਥ ਹਰਗਿਜ਼ ਨਹੀਂ ਕਿ ਸਮਾਜ ਵਿੱਚ ਹਰ ਨਵੇਂ ਮਿਲਣ ਵਾਲੇ ਇਨਸਾਨ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਵੇ, ਪ੍ਰੰਤੂ ਥੋੜੇ ਸਾਵਧਾਨ ਜਰੂਰ ਰਹੋ ਤੇ ਹਰ ਵਿਹਾਰ ਨੂੰ ਥੋੜੀ ਸੂਖਮ ਅੰਤਰਮਨ ਦੀ ਦ੍ਰਿਸ਼ਟੀ ਨਾਲ ਵੀ ਤੋਲੋ, ਜਿਵੇਂ ਹੀ ਇਨਸਾਨ ਦੀ ਗੱਟ ਫੀਲਿੰਗ ਕਿਸੇ ਦੂਜੇ ਇਨਸਾਨ ਦੇ ਬਦਲਦੇ ਹੋਏ ਵਿਹਾਰ ਨੂੰ ਮਹਿਸੂਸ ਕਰੇ ਅਤੇ ਕੋਈ ਮਹਿਸੂਸ ਕਰੇ ਕਿ ਦੂਜਾ ਇਨਸਾਨ ਬਿਨਾਂ ਕਿਸੇ ਕਾਰਨ ਤੋਂ ਅੱਗੇ ਨਾਲੋਂ ਫਰਕ ਵਿਹਾਰ ਕਰ ਰਿਹਾ ਹੈ ਤਾਂ ਸਾਵਧਾਨ ਹੋ ਜਾਣ ਦੀ ਬਹੁਤ ਜਰੂਰਤ ਹੁੰਦੀ ਹੈ, ਉਸੇ ਮੋੜ ਤੇ ਪਿੱਛੇ ਹੱਟਣ ਦੀ ਜਰੂਰਤ ਹੁੰਦੀ ਹੈ। ਇਹੋ ਜਿਹੀ ਸੂਖਮ ਭਾਵਨਾਤਮਿਕਤਾ ਦੀ ਸਮਝ ਬਚਪਨ ਤੋਂ ਹੀ ਬੱਚਿਆਂ ਨੂੰ ਦੇਣੀ ਚਾਹੀਦੀ ਹੈ ਤਾਂ ਜੋ ਕੱਚੀਆਂ ਉਮਰਾਂ ਵਿੱਚ ਹੀ ਬੱਚੇ ਪੰਛੀਆਂ ਤੇ ਜਾਨਵਰਾਂ ਦੀ ਤਰਾਂ ਮਨੁੱਖੀ ਵਿਹਾਰਾਂ ਦੀ ਸੂਖਮਤਾ ਦਾ ਅਹਿਸਾਸ ਕਰਨਾ ਸਿੱਖ ਜਾਣ ਅਤੇ ਵੱਡੇ ਹੋ ਕੇ ਭਾਵਨਾਤਮਕ ਠੇਸਾਂ ਨਾ ਖਾ ਸਕਣ।

ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St, Stockton, CA 95206

(A Historical Land Mark of CA)



ਖਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਤਿਉਹਾਰ 'ਤੇ

# 23ਵੇਂ ਮਹਾਨ ਨਗਰ ਕੀਰਤਨ

ਦੇ ਸਬੰਧ ਵਿਚ 4 ਅਪ੍ਰੈਲ ਤੋਂ 17 ਅਪ੍ਰੈਲ ਤੱਕ ਰੋਜ਼ਾਨਾ ਸ਼ਾਮ ਦੇ ਪ੍ਰੋਗਰਾਮ ਚੱਲਣਗੇ

**ਸਮਾਂ : 5.00 PM ਤੋਂ 9.00 PM ਤੱਕ**

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 17 ਅਪ੍ਰੈਲ 2022 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 323ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਕੀਰਤਨ ਯਾਤਰਾ ਪਿਛੋਂ ਗੁਰੂ ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੱਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਭਾਈ ਸਾਹਿਬ ਗਿਆਨੀ ਪਿੰਦਰਪਾਲ ਸਿੰਘ ਜੀ | ਭਾਈ ਜੁਝਾਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ | ਭਾਈ ਗੁਰਸੇਵਕ ਸਿੰਘ ਸੰਗਰੂਰ ਵਾਲੇ | ਭਾਈ ਮਨਜੀਤ ਸਿੰਘ | ਭਾਈ ਜਗਮੋਹਨ ਸਿੰਘ ਜੰਮੂ ਹਜ਼ੂਰੀ ਰਾਗੀ ਗੁ. ਸਾਹਿਬ ਸਟਾਕਟਨ | ਢਾਡੀ ਭਾਈ ਕੁਲਵੰਤ ਸਿੰਘ ਪੰਡੋਰੀ ਵਾਲੇ

**ਫਲੋਟਾਂ ਦੀ ਸੇਵਾ ਲਈ ਕਾਲ ਕਰੋ :**
ਸ੍ਰ. ਇਕਬਾਲ ਸਿੰਘ ਗਿੱਲ : 209-649-6870
ਸ੍ਰ. ਪਰਮਪ੍ਰੀਤ ਸਿੰਘ ਨਿੱਝਰ : 510-377-5320
**ਦੁਕਾਨਾਂ ਲਈ ਜਾਣਕਾਰੀ ਲਈ ਕਾਲ ਕਰੋ ਜੀ :**
ਬੀਬੀ ਸਰਬਜੀਤ ਕੌਰ 209-430-9415

**ਗੁਰੂ ਕੇ ਲੰਗਰਾਂ ਦੀ ਸੇਵਾ ਲਈ ਕਾਲ ਕਰੋ :**
ਸ੍ਰ. ਗੁਰਨਾਮ ਸਿੰਘ ਟਿੱਕਾ : 209-649-1208
**ਅੰਮ੍ਰਿਤ ਸੰਚਾਰ :**
16 ਅਪ੍ਰੈਲ ਦਿਨ ਸ਼ਨੀਵਾਰ ਸਵੇਰੇ 9.00 AM

ਨੋਟ : ਪਾਰਕਿੰਗ ਦੀ ਸੇਵਾ ਸਟਾਕਟਨ ਫੇਅਰ ਗਰਾਊਂਡ ਤੋਂ ਬੱਸਾਂ ਨਾਲ ਹੋਵੇਗੀ। ਸਕਿਊਰਿਟੀ ਅਤੇ ਪਾਰਕਿੰਗ ਦਾ ਪੂਰਾ ਪ੍ਰਬੰਧ ਹੈ

ਰਵਿੰਦਰ ਸਿੰਘ ਧਾਲੀਵਾਲ ਪ੍ਰਧਾਨ : 209-275-8725, ਹਰਨੇਕ ਸਿੰਘ ਅਟਵਾਲ ਵਾਈਸ ਪ੍ਰਧਾਨ - 209-351-5965
ਅਮਰਜੀਤ ਸਿੰਘ ਤੁੰਗ ਜਨਰਲ ਸੈਕਟਰੀ : 209-954-2881, ਮਨਜੀਤ ਸਿੰਘ ਮਕੇਰੀਆਂ ਸਹਾਇਕ ਸੈਕਟਰੀ :209-992-1122
ਬਲਜਿੰਦਰ ਸਿੰਘ ਖਜ਼ਾਨਚੀ : 209-603-0680, ਸ੍ਰ. ਤੇਜਪਾਲ ਸਿੰਘ ਬੈਨੀਵਾਲ ਸਹਾਇਕ ਖਜ਼ਾਨਚੀ: 209-627-9233
ਗੁਲਵਿੰਦਰ ਸਿੰਘ ਭਿੰਦਾ ਗਾਖਲ ਚੇਅਰਮੈਨ : 209-487-3699, ਗੁਰਪ੍ਰੀਤ ਸਿੰਘ ਵਾਈਸ ਚੇਅਰਮੈਨ : 209-513-8102

**ਗੁਰਦੁਆਰਾ ਸਾਹਿਬ ਸਟਾਕਟਨ (209) 625-7500**

# ਸਟੇਟ ਐਵਾਰਡੀ ਉੱਘੇ ਸਿੱਖ ਚਿੱਤਰਕਾਰ: ਸਰਦਾਰ ਹਰਪ੍ਰੀਤ ਸਿੰਘ ਨਾਜ਼



**ਡਾ. ਦਿਲਵਰ ਸਿੰਘ**

ਸਿੱਖ ਚਿੱਤਰਕਾਰਾਂ ਵਿਚ ਸਰਦਾਰ ਹਰਪ੍ਰੀਤ ਸਿੰਘ ਨਾਜ਼ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ। ਉਨਾਂ ਨੇ ਸਿੱਖ ਚਿੱਤਰਕਾਰੀ ਦੇ ਖੇਤਰ ਵਿਚ ਬੜਾ ਨਾਮਣਾ ਖੱਟਿਆ ਹੈ। ਉਨਾਂ ਨੇ ਸਿੱਖ ਇਤਿਹਾਸ ਨੂੰ ਚਿੱਤਰਕਾਰੀ ਦੀ ਕਲਾ ਰਾਹੀਂ ਬਾਖੂਬੀ ਬਿਆਨਿਆ ਹੈ ਅਤੇ ਨਿਰੰਤਰ ਇਸ ਖੇਤਰ ਵਿੱਚ ਪੂਰੀ ਤਰਾਂ ਰੁਚਿਤ ਹਨ।

ਸਰਦਾਰ ਹਰਪ੍ਰੀਤ ਸਿੰਘ ਨਾਜ਼ ਦਾ ਜਨਮ 20 ਅਪ੍ਰੈਲ 1972 ਨੂੰ ਪਿਤਾ ਸਰਦਾਰ ਕਿਰਪਾਲ ਸਿੰਘ ਵਿੱਲੋਂ ਦੇ ਘਰ ਮੰਡੀ ਗੋਬਿੰਦਗੜ, ਜ਼ਿਲਾ ਫ਼ਤਹਿਗੜ ਸਾਹਿਬ ਵਿਖੇ ਹੋਇਆ। ਬਚਪਨ ਤੋਂ ਹੀ ਇਨਾਂ ਨੂੰ ਚਿੱਤਰਕਾਰੀ ਦਾ ਬਹੁਤ ਸ਼ੌਕ ਸੀ। ਮਾਤਰ ਸੋਲ੍ਹਾਂ ਸਾਲ ਦੀ ਉਮਰ ਵਿੱਚ ਹੀ ਇਨਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 1988 ਵਿੱਚ ਸਕੂਲ ਪੱਧਰ ਤੇ ਕਰਵਾਏ ਗਏ ਪੇਂਟਿੰਗ ਮੁਕਾਬਲੇ ਵਿੱਚ ਪੂਰੇ ਪੰਜਾਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਜਿਸ ਤੇ ਉਸ ਵੇਲੇ ਦੇ ਸਟੇਟ ਟਰਾਂਸਪੋਰਟ ਮੰਤਰੀ ਸਰਦਾਰ ਮਹਿੰਦਰ ਸਿੰਘ ਕੇ.ਪੀ. ਵੱਲੋਂ ਇਨਾਂ ਨੂੰ ਕਲਾ ਦੇ ਖੇਤਰ ਵਿੱਚ ਹੋਰ ਅੱਗੇ ਵਧਣ ਲਈ ਸ਼ਲਾਘਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਸਦਕਾ ਕਲਾ ਪ੍ਰਤੀ ਇਨਾਂ ਦੀ ਲਗਨ ਹੋਰ ਤੀਬਰ ਹੋ ਗਈ। ਇਨਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1994 ਵਿੱਚ ਗ੍ਰੈਜੂਏਸ਼ਨ ਪੂਰੀ ਕਰਕੇ 1996 ਵਿੱਚ ਇਤਿਹਾਸ ਵਿਸ਼ੇ ਵਿੱਚ ਪੋਸਟ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ। 1998 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਧਰਮ ਅਧਿਐਨ ਦੇ ਵਿਸ਼ੇ ਵਿੱਚ ਪੋਸਟ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ। ਇਤਿਹਾਸ, ਸਿੱਖ ਇਤਿਹਾਸ ਅਤੇ ਧਰਮ ਅਧਿਐਨ ਦੇ ਵਿਸ਼ੇ ਵਿੱਚ ਪੋਸਟ ਗ੍ਰੈਜੂਏਸ਼ਨ ਨੇ ਇਨਾਂ ਦੇ ਕਲਾ ਦੇ ਖੇਤਰ ਵਿਚ ਹੋਰ ਵੱਧ ਨਿਖਾਰ ਲਿਆਂਦਾ ਕਿਉਂਕਿ ਆਪਣੀ ਇਸ ਸੂਝ ਅਤੇ ਵਿਵੇਕਸ਼ੀਲਤਾ ਨਾਲ ਇਨਾਂ ਨੇ ਸਿੱਖ ਇਤਿਹਾਸ ਅਤੇ ਧਰਮ ਅਧਿਐਨ ਨੂੰ ਵਾਚਦਿਆਂ ਆਪਣੀ ਕਲਾ ਦੇ ਪ੍ਰਦਰਸ਼ਨ ਵਿੱਚ ਉਹ ਕੁੱਝ ਪ੍ਰਦਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਦੂਜੇ ਚਿੱਤਰਕਾਰਾਂ ਨਾਲੋਂ ਇਨਾਂ ਦੀ ਪਹਿਚਾਣ ਨੂੰ ਵੱਖਰਿਆਂ ਸਥਾਪਿਤ ਕਰਦੀ ਹੈ। ਇਨਾਂ ਨੇ ਆਪਣੀ ਕਲਾ ਵਿੱਚ ਉਹ ਬਰੀਕੀਆਂ ਵਿਖਾਈਆਂ ਹਨ ਜਿਨਾਂ ਨੂੰ ਵੇਖ ਕੇ ਦਰਸ਼ਕ ਤੇ ਕਲਾ ਪ੍ਰੇਮੀ ਦੰਗ ਰਹਿ ਜਾਂਦੇ ਹਨ। ਨਾਜ਼ ਸਾਹਿਬ ਆਪਣੇ ਨਜ਼ਰੀਏ ਨਾਲ ਚਿੱਤਰਕਾਰੀ ਕਰਦੇ ਹਨ। ਇਨਾਂ ਦੀ ਚਿੱਤਰਕਾਰੀ ਵਿੱਚ ਇਤਿਹਾਸ ਦੀ ਉਹ ਰੰਗਤ ਵੇਖਣ ਨੂੰ ਮਿਲਦੀ ਹੈ ਜੋ ਆਮ ਚਿੱਤਰਕਾਰਾਂ ਦੀ ਕਲਾ ਵਿਚੋਂ ਅਲੋਪ ਦਿਸਦੀ ਹੈ। ਇਹ ਸਮੇਂ, ਸਥਾਨ, ਸਾਧਨ ਤੇ ਸ਼ਖ਼ਸੀਅਤ ਨੂੰ ਇਤਿਹਾਸ ਅਤੇ ਖਾਸ ਕਰਕੇ ਸਿੱਖ ਇਤਿਹਾਸ ਅਨੁਸਾਰ ਢਾਲ ਕੇ ਪ੍ਰਦਰਸ਼ਿਤ ਕਰਦੇ ਹਨ ਅਤੇ ਨਾਲ ਹੀ ਗੁਰਬਾਣੀ ਦੀ ਲੋਅ ਵਿੱਚ ਰੱਖ ਕੇ ਚਿੱਤਰ ਚਿਤਰਦੇ ਹਨ। ਚਿੱਤਰਕਾਰੀ ਦੇ ਨਾਲ-ਨਾਲ ਨਾਜ਼ ਸਾਹਿਬ ਉੱਘੇ ਇਤਿਹਾਸਕਾਰ ਤੇ ਸਾਹਿਤਕਾਰ ਵੀ ਹਨ। ਵੱਖ-ਵੱਖ ਸੰਸਥਾਵਾਂ ਵਿਚ ਆਪਣਾ ਅਧਿਆਪਨ ਕਾਰਜ ਕਰਦਿਆਂ ਇਨਾਂ ਨੇ ਚਿੱਤਰਕਾਰੀ ਦੇ ਨਾਲ-ਨਾਲ ਅਨੇਕਾਂ ਪੁਸਤਕਾਂ ਵੀ ਲਿਖੀਆਂ ਹਨ। ਮਾਤਾ ਗੁਜਰੀ ਕਾਲਜ ਫਤਹਿਗੜ ਸਾਹਿਬ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਉਨਾਂ ਦੀਆਂ ਤਿੰਨ ਪੁਸਤਕਾਂ 'ਸਰਹਿੰਦ ਤੋਂ ਫਤਹਿਗੜ ਸਾਹਿਬ ਤੱਕ', 'ਪੰਜਾਬੀ ਵਿਉਤਪਤੀ ਕੋਸ਼', 'ਜ਼ਿਲਾ ਫਤਹਿਗੜ ਸਾਹਿਬ ਦੇ ਇਤਿਹਾਸਕ ਸ਼ਹਿਰ, ਕਸਬੇ ਤੇ ਪਿੰਡ' ਪ੍ਰਕਾਸ਼ਿਤ ਕੀਤੀਆਂ ਹਨ। ਇਨਾਂ ਤੋਂ ਇਲਾਵਾ ਇਨਾਂ ਨੇ ਇਤਿਹਾਸਕ ਸਿੱਖ ਨਿਸ਼ਾਨੀਆਂ, ਲਿਖਤ ਸਮਾਚਾਰ ਪਾਤਸ਼ਾਹੀ ਛੇਵੀਂ, ਗੁਰੂ ਦੀ ਨਗਰੀ ਮੰਡੀ ਗੋਬਿੰਦਗੜ ਆਦਿ ਪੁਸਤਕਾਂ ਵੀ ਪ੍ਰਕਾਸ਼ਿਤ ਕਰਵਾਈਆਂ ਹਨ। ਪੰਜਾਬ ਹੈਰੀਟੇਜ ਐਂਡ ਪ੍ਰਮੋਸ਼ਨ ਬੋਰਡ ਚੰਡੀਗੜ੍ਹ ਵੱਲੋਂ ਆਪ ਦੀਆਂ ਦੋ ਸਚਿੱਤਰ ਪੁਸਤਕਾਂ ਸ੍ਰੀ ਅਨੰਦਪੁਰ ਸਾਹਿਬ (ਚੱਕ ਨਾਨਕੀ), ਸ੍ਰੀ ਅੰਮ੍ਰਿਤਸਰ ਸਾਹਿਬ (ਰਾਮਦਾਸਪੁਰ) ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਮੌਜੂਦਾ ਸਮੇਂ ਵਿਚ ਨਾਜ਼ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਵਿੱਖੇ ਬਤੌਰ ਚਿੱਤਰਕਾਰ ਸੇਵਾਵਾਂ ਨਿਭਾ ਰਹੇ ਹਨ। ਯੂਨੀਵਰਸਿਟੀ ਵੱਲੋਂ ਇਨਾਂ ਦਾ ਇੱਕ ਸਚਿੱਤਰ ਕਿਤਾਬਚਾ 'ਖ਼ਾਲਸਾਈ ਖੇਡਾਂ' ਪ੍ਰਕਾਸ਼ਿਤ ਕੀਤਾ ਗਿਆ ਹੈ। ਗੁਰਦੁਆਰਾ ਪਾਤਸ਼ਾਹੀ



ਛੇਵੀਂ ਮੰਡੀ ਗੋਬਿੰਦਗੜ ਦੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨਾਂ ਦਾ ਇੱਕ ਹੋਰ ਸਚਿੱਤਰ ਕਿਤਾਬਚਾ 'ਇਤਿਹਾਸ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮੰਡੀ ਗੋਬਿੰਦਗੜ' ਪ੍ਰਕਾਸ਼ਿਤ ਕਰਵਾ ਕੇ ਸੰਗਤਾਂ ਦੀ ਜਾਣਕਾਰੀ ਹਿੱਤ ਵੰਡਿਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਧਰਮ ਪ੍ਰਚਾਰ ਹਿੱਤ ਇਨਾਂ ਦਾ ਇੱਕ ਵਿਸ਼ੇਸ਼ ਲੇਖ ਜੋ ਗੁਰਮਤਿ ਪ੍ਰਕਾਸ਼ ਵਿੱਚ ਪ੍ਰਕਾਸ਼ਿਤ ਹੋਇਆ ਸੀ ਉਸ ਨੂੰ ਟਰੈਕਟ ਰੂਪ ਵਿੱਚ 'ਦਰਗਾਹੀ ਸਿਰੋਪਾਉ ਦਸਤਾਰ' ਸਿਰਲੇਖ ਅਧੀਨ ਪ੍ਰਕਾਸ਼ਿਤ ਕਰਕੇ ਸਿੱਖ ਸੰਗਤਾਂ ਵਿੱਚ ਵੰਡਿਆ ਗਿਆ ਹੈ। ਨਾਜ਼ ਸਾਹਿਬ ਦੇ ਹੋਰ ਵੀ ਅਨੇਕਾਂ ਸੁਚਿੱਤਰ ਆਰਟੀਕਲ ਅਤੇ ਖੋਜ ਪਤਰ ਵੱਖ-ਵੱਖ ਮੈਗਜ਼ੀਨਾਂ ਅਤੇ ਅਖ਼ਬਾਰਾਂ ਵਿੱਚ ਨਿਤਾਪ੍ਰਤੀ ਛਪਦੇ ਰਹਿੰਦੇ ਹਨ। ਧਰਮ ਅਧਿਐਨ ਅਤੇ ਸਿੱਖ ਇਤਿਹਾਸ ਦੇ ਵਿਦਿਆਰਥੀ ਹੋਣ ਦੇ ਨਾਤੇ ਇਨਾਂ ਨੇ ਆਪਣੇ ਆਪ ਨੂੰ ਆਪਣੇ ਮਹਾਨ ਵਿਰਸੇ ਨੂੰ ਚਿੱਤਰਕਲਾ ਦੇ ਰੂਪ ਵਿੱਚ ਪ੍ਰਦਰਸ਼ਿਤ ਕਰਨ ਹਿੱਤ ਸਮਰਪਿਤ ਕੀਤਾ ਹੋਇਆ ਹੈ। ਇਨਾਂ ਨੇ ਅਨੇਕਾਂ ਕਿਤਾਬਾਂ ਅਤੇ ਮੈਗਜ਼ੀਨਾਂ ਦੇ ਸਰਵਰਕ, ਸਕੈੱਚ ਆਦਿ ਵੀ ਬਣਾਏ ਹਨ।ਨਾਜ਼ ਸਾਹਿਬ ਦੀ ਚਿੱਤਰਕਲਾ ਦੀ ਜਿੰਨੀ ਪ੍ਰਸ਼ੰਸਾ ਕਰੀਏ ਉਨੀ ਹੀ ਥੋੜੀ ਹੈ। ਵੱਖ-ਵੱਖ ਸਮੇਂ ਤੇ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਹੋਰ ਸੰਸਥਾਵਾਂ ਵੱਲੋਂ ਇਨਾਂ ਦੇ ਸਿੱਖ ਚਿੱਤਰਕਾਰੀ ਨੂੰ ਸਮਰਪਿਤ ਹੋਣ ਕਾਰਨ ਇਨਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 300 ਸਾਲਾ ਸਰਹਿੰਦ ਫਤਿਹ ਦਿਵਸ ਮੌਕੇ ਆਯੋਜਿਤ 'ਕਲਾ ਵਰਕਸ਼ਾਪ' ਵਿੱਚ ਇਨਾਂ ਨੂੰ ਸਨਮਾਨਿਤ ਕੀਤਾ ਗਿਆ। ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸੁਸਾਇਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲੋਂ ਇਨਾਂ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਕਲਾ ਖੇਤਰ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਲਈ 20 14 ਵਿੱਚ ਫਤਹਿਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਸਾਹਿਬ ਵੱਲੋਂ ਜ਼ਿਲਾ ਪੱਧਰੀ ਸਮਾਗਮ ਵਿੱਚ ਇਨਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ 2019 ਵਿੱਚ ਰਾਜ ਪੱਧਰੀ ਸਮਾਗਮ ਵਿੱਚ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਵੱਲੋਂ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੁਕਾਮ ਟਰੱਸਟ ਸਰਹਿੰਦ ਵੱਲੋਂ ਵੀ ਇਨਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਨਾਜ਼ ਸਾਹਿਬ ਨਿਤਾਪ੍ਰਤੀ ਆਪਣੀ ਕਲਾ ਦੇ ਪ੍ਰਦਰਸ਼ਨ ਨੂੰ ਸਮਰਪਿਤ ਹੋ ਕੇ ਚਿੱਤਰਕਾਰੀ ਕਰਦੇ ਨਜ਼ਰ ਆਉਂਦੇ ਹਨ। ਉਨਾਂ ਦਾ ਇੱਕੋ-ਇੱਕ ਉਦੇਸ਼ ਹੈ ਕਿ ਸਿੱਖ ਚਿੱਤਰਕਾਰੀ ਵਿੱਚ ਉਹ ਸੂਖ਼ਮ ਰੰਗ ਭਰੇ ਜਾਣ ਜਿਨਾਂ ਨੂੰ ਵੇਖ ਕੇ ਕਲਾ ਪ੍ਰੇਮੀਆਂ ਅਤੇ ਦਰਸ਼ਕਾਂ ਨੂੰ ਸਹਿਜੇ ਹੀ ਮਹਾਨ ਸਿੱਖ ਇਤਿਹਾਸ ਅਤੇ ਵਿਰਸੇ ਦੀ ਪਛਾਣ ਹੋ ਜਾਵੇ। ਨਾਜ਼ ਸਾਹਿਬ ਲਈ ਗੁਰੂ ਚਰਨਾਂ ਵਿੱਚ ਬੇਨਤੀ ਹੈ ਕਿ ਉਹ ਇਨਾਂ ਅਤੇ ਕ੍ਰਿਪਾ ਕਰਨ ਅਤੇ ਇਨਾਂ ਤੋਂ ਆਪਣੀ ਸੇਵਾ ਲੈਂਦੇ ਰਹਿਣ।

**ਸ਼ਖ਼ਸੀਅਤ**

# ਲੋਕ-ਦਿਲਾਂ ਦੀ ਧੜਕਨ : ਲੋਕ-ਗਾਇਕ ਭੁਪਿੰਦਰ ਮਾਹੀ

**'ਖੁਸ਼ਕ ਦਰਿਆਓਂ ਮੇਂ ਹਲਕੀ ਸੀ ਰਵਾਨੀ ਔਰ ਹੈ, ਰੇਤ ਕੇ ਨੀਚੇ ਅਭੀ ਥੋੜਾ ਸਾ ਪਾਨੀ ਔਰ ਹੈ।'**



**ਮਾਸਟਰ ਸੰਜੀਵ ਧਰਮਾਣੀ**

**ਮੋ. 9478561356**

ਕਲਾਕਾਰ , ਸਾਹਿਤਕਾਰ , ਗਾਇਕ , ਨਾਇਕ ਜਾਂ ਹੋਰ ਵਿਸ਼ੇਸ਼ ਗੁਣਾਂ ਦੇ ਧਾਰਨੀ ਵਿਅਕਤੀ ਆਪਣੀ ਖ਼ਾਸ ਕਾਬਲੀਅਤ ਸਦਕਾ ਜਿੱਥੇ ਜ਼ਮਾਨੇ ਵਿੱਚ ਨਾਮਣਾ ਖੱਟਦੇ ਤੇ ਸਮੇਂ ਨਾਲ ਸਮਾਜ ਨੂੰ ਸਹੀ ਸੇਧ ਦਿੰਦੇ ਨੇ ; ਉੱਥੇ ਹੀ ਸਮਾਜ ਵਿੱਚ ਖਾਸ ਪਹਿਚਾਣ ਬਣਾ ਲੈਣ ਵਿੱਚ ਸਫ਼ਲ ਹੋ ਜਾਂਦੇ ਹਨ। ਦੇਸ਼- ਸਮਾਜ ਦੇ ਅਜਿਹੇ ਰਵਾਨੀਅਤ ਅਤੇ ਇਨਸਾਨੀਅਤ ਭਰੇ ਲਹਿਜੇ ਵਾਲੇ ਮਨੁੱਖ ਚਿਰਾਂ ਤੱਕ ਲੋਕ-ਮਨਾਂ ਵਿੱਚ ਰਸੇ-ਵਸੇ ਤਾਂ ਰਹਿੰਦੇ ਹੀ ਨੇ, ਨਾਲ ਹੀ ਲੋਕ-ਮਨਾਂ ਵਿੱਚ ਅਜਿਹੇ ਇਨਸਾਨਾਂ ਦੇ ਲਈ ਇੱਕ ਅਮਿੱਟ ਛਾਪ ਵੀ ਬਣੀ ਰਹਿੰਦੀ ਹੈ। ਇਹੋ ਜਿਹੇ ਇਨਸਾਨਾਂ ਦੇ ਲਈ ਇਹੋ ਕੁਝ ਹੀ ਮਹਾਨ ਸਨਮਾਨ ਤੇ ਐਵਾਰਡ ਬਣ ਜਾਂਦਾ ਹੈ। ਅਜਿਹੀ ਹੀ ਸ਼ਖ਼ਸੀਅਤ ਹੈ ਲੋਕ-ਗਾਇਕ ਭੁਪਿੰਦਰ ਮਾਹੀ। ਜਿਸ ਨੇ ਛੋਟੀ ਜਿਹੀ ਉਮਰ ਵਿੱਚ ਹੀ ਆਪਣੀ ਮਿਹਨਤ, ਲਗਨ, ਕਾਬਲੀਅਤ, ਕਲਾਕਾਰੀ ਤੇ ਲੋਕ-ਗਾਇਕੀ ਸਦਕਾ ਸਮੇਂ ਅਨੁਸਾਰ ਦੇਸ਼-ਦੁਨੀਆ ਵਿੱਚ ਵਿਸ਼ੇਸ਼ ਥਾਂ ਤੇ ਪਹਿਚਾਣ ਬਣਾ ਲੈਣ ਦੇ ਨਾਲ-ਨਾਲ ਆਪਣੀ ਲੋਕ-ਗਾਇਕੀ ਵਿੱਚ ਵਿਸ਼ੇਸ਼ ਮਿਹਨਤ ਅਤੇ ਸਮਰਪਣ ਸਦਕਾ ਸਮਾਜ ਵਿੱਚ ਆਪਣਾ ਲੋਹਾ ਮਨਵਾਇਆ। ਸੰਨ 1986 ਵਿੱਚ ਪਿਤਾ ਸ੍ਰੀ ਰਾਮ ਪਿਆਰਾ ਅਤੇ ਮਾਤਾ ਸ੍ਰੀਮਤੀ ਮਨਜੀਤ ਕੌਰ ਦੇ ਘਰ ਲੋਕ-ਗਾਇਕ ਭੁਪਿੰਦਰ ਮਾਹੀ ਦਾ ਜਨਮ ਹੋਇਆ। ਭੁਪਿੰਦਰ ਮਾਹੀ ਨੇ ਐਜੂਕੇਸ਼ਨ ਇਨ ਇੰਜਨੀਅਰਿੰਗ ਦੀ ਪੜਾਈ ਕੀਤੀ ਅਤੇ ਕਾਲਜ ਸਮੇਂ ਦੌਰਾਨ ਤਿੰਨ ਵਾਰ 'ਯੂਥ ਫੈਸਟੀਵਲ' ਵਿੱਚ ਗੋਲਡ ਮੈਡਲ ਆਪਣੀ ਕਾਬਲੀਅਤ ਕਰਕੇ ਹਾਸਲ ਕੀਤਾ। ਉੱਭਰਦੇ ਲੋਕ-ਗਾਇਕ ਭੁਪਿੰਦਰ ਮਾਹੀ ਨੇ ਇਸ ਖੇਤਰ



ਵਿੱਚ 2004 ਸੰਨ ਤੋਂ ਮਿਹਨਤ ਕਰਨੀ ਆਰੰਭ ਕੀਤੀ। ਭੁਪਿੰਦਰ ਮਾਹੀ ਨੇ ਇਸ ਗੀਤ ਸੰਗੀਤ-ਜਗਤ ਤੇ ਲੋਕ-ਗਾਇਕੀ ਵਿੱਚ ਸ੍ਰੀ ਚੰਦਰ ਮੋਹਨ ਸ਼ਰਮਾ, ਸ੍ਰੀ ਪਰਮਹੰਸ ਆਹੂਜਾ, ਸ੍ਰੀ ਰੂਪ ਲਾਲ ਤੇ ਸ੍ਰੀ ਅਜਮੇਰ ਮੀਤ ਜੀ ਪਾਸੋਂ ਯੋਗ ਅਗਵਾਈ ਪ੍ਰਾਪਤ ਕੀਤੀ। ਇਨਾਂ ਵਿਦਵਾਨਾਂ ਨਾਲ ਵੀਹ ਸਾਲ ਦੇ ਕਰੀਬ ਰਹਿ ਕੇ ਜਾਗਰਣ, ਚੌਂਕੀ ਤੇ ਹਰ ਤਰਾਂ ਦੇ ਧਾਰਮਿਕ ਪ੍ਰੋਗਰਾਮ ਕੀਤੇ ਤੇ ਕਾਫ਼ੀ ਕੁਝ ਸਿੱਖਿਆ ਵੀ। ਸਿਨੇ ਪ੍ਰਾਈਮ ਮੀਡੀਆ ਕੰਪਨੀ, ਡਾਇਮੰਡ, ਸੈਵਨ ਸਟਾਰ ਮਿਊਜ਼ਿਕ, ਤਾਜ ਫ਼ਿਲਮ ਪ੍ਰੋਡਕਸ਼ਨ, ਰਾਏ ਪ੍ਰੋਡਕਸ਼ਨ ਆਦਿ ਵਿਸ਼ਵ - ਵਿਖਿਆਤ ਕੰਪਨੀਆਂ ਨਾਲ਼ ਜੁੜ ਕੇ ਭੁਪਿੰਦਰ ਮਾਹੀ ਨੇ 'ਰਵਿਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ', 'ਸੁਣੋ ਅਰਜ਼ ਮੇਰੀ ਰਵਿਦਾਸ ਗੁਰੂ', 'ਤੇਰੀ ਕਿਰਪਾ', 'ਜੀਹਦੇ ਸਿਰ ਉੱਤੇ ਹੱਥ ਮੇਰੇ ਗੁਰਾਂ ਦਾ' ਆਦਿ ਧਾਰਮਿਕ ਤੇ ਸੱਭਿਆਚਾਰਕ ਲੋਕ-ਗੀਤ ਤੇ ਕਾਰਜ ਸਮਾਜ ਨੂੰ ਸਮਰਪਿਤ ਕੀਤੇ। ਭੁਪਿੰਦਰ ਮਾਹੀ ਵੱਲੋਂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਨਾਲ਼ ਸੰਬੰਧਿਤ ਅਨੇਕਾਂ ਗੀਤ ਆਦਿ ਵੀ ਗਾਏ ਗਏ। ਉਹਨਾਂ ਦਾ ਪੰਜਾਬੀ ਗੀਤ ਜਿਸ ਦਾ ਟਾਈਟਲ 'ਡਾਇਮੰਡ' ਹੈ, ਤਾਜ ਫ਼ਿਲਮ ਪ੍ਰੋਡਕਸ਼ਨ ਰਾਹੀਂ ਆ ਰਿਹਾ ਹੈ ਤੇ 13 ਅਪ੍ਰੈਲ 2022 ਨੂੰ ਵਿਸਾਖੀ ਦੇ ਸ਼ੁੱਭ ਦਿਹਾੜੇ 'ਤੇ ਰਿਲੀਜ਼ ਹੋ ਰਿਹਾ ਹੈ। ਇਸ ਗੀਤ ਦੇ ਲੇਖਕ ਬੱਬੂ ਖਾਨ ਖਾਨੀਆਂ ਜੀ ਤੇ ਬਿੰਦਰ ਮਹੇ ਕਡਿਆਣਾ ਜੀ ਹਨ, ਸੰਗੀਤ ਦਿੱਤਾ ਹੈ ਦਾ ਰਾਗ ਪਰਮ ਉਰਫ਼ ਪਰਮਜੀਤ ਨੇ, ਵੀਡੀਓ ਡਾਇਰੈਕਟਰ ਮੁਨੀਸ਼ ਠੁਕਰਾਲ, ਪ੍ਰੋਡਿਊਸਰ ਸਟੀਵ ਹੀਰ ਜੀ ਤੇ ਮਾਈਕ ਹੋਠੀ ਜੀ ਹਨ।ਇਹ ਵੀ ਦੱਸਣਯੋਗ ਹੈ ਕਿ ਲੋਕ-ਗਾਇਕ ਭੁਪਿੰਦਰ ਮਾਹੀ ਜੀ ਲੋਕ-ਗਾਇਕੀ ਦੇ ਨਾਲ਼-ਨਾਲ਼ ਲਿਖਣ ਅਤੇ ਜਾਗਰਣ ਕਰਨ ਦਾ ਵੀ ਸ਼ੌਕ ਰੱਖਦੇ ਹਨ। ਉਹ ਕੇਵਲ ਪੰਜਾਬ ਵਿੱਚ ਹੀ ਨਹੀਂ, ਸਗੋਂ ਰਾਜਸਥਾਨ, ਉੱਤਰਾਖੰਡ, ਹਿਮਾਚਲ-ਪ੍ਰਦੇਸ਼ ਤੇ ਦੇਸ਼ ਦੇ ਹੋਰ ਅਨੇਕਾਂ ਕੋਨਿਆਂ ਵਿੱਚ ਜਾ ਕੇ ਆਪਣੀ ਕਲਾ ਦਾ ਲੋਹਾ ਮਨਵਾਉਂਦੇ ਰਹੇ ਤੇ ਲੋਕ-ਦਿਲਾਂ ਵਿੱਚ ਵਸੇ ਹੋਏ ਨੇ। ਅੱਜ ਦੀ ਨੌਜਵਾਨ ਪੀੜੀ ਨੂੰ ਸੰਦੇਸ਼ ਦਿੰਦੇ ਹੋਏ ਭੁਪਿੰਦਰ ਮਾਹੀ ਆਖਦੇ ਹਨ ਕਿ ਸਾਨੂੰ ਆਪਣੇ ਸੱਭਿਆਚਾਰ, ਆਪਣੇ ਵਿਰਸੇ, ਆਪਣੀ ਮਾਂ-ਬੋਲੀ ਪੰਜਾਬੀ ਨਾਲ ਜੁੜੇ ਰਹਿਣਾ ਚਾਹੀਦਾ ਹੈ, ਕਿਉਂਕਿ ਇਸ ਤੋਂ ਟੁੱਟਿਆ ਵਿਅਕਤੀ ਜ਼ਿੰਦਗੀ ਵਿੱਚ ਕਾਮਯਾਬ ਨਹੀਂ ਹੋ ਸਕਦਾ।ਪ੍ਰਮਾਤਮਾ ਕਰੇ, ਉੱਭਰ ਰਹੇ ਪ੍ਰਸਿੱਧ ਲੋਕ-ਗਾਇਕ ਭੁਪਿੰਦਰ ਮਾਹੀ ਇਸੇ ਤਰਾਂ ਆਪਣੀ ਕਲਾ ਦੇ

ਬਾਕੀ ਸਫ਼ਾ 30 'ਤੇ

# ਉੱਪ ਰਾਸ਼ਟਰਪਤੀ ਨੇ ਦਿੱਤੇ ਹੁਕਮ ਸੂਬਿਆਂ ਵਿਚ ਮਾਤ ਭਾਸ਼ਾ ਵਿਚ ਹੀ ਲਿਖੇ ਜਾਣ ਸਾਈਨ ਬੋਰਡ

**ਨਵੀਂ ਦਿੱਲੀ/ਏ.ਟੀ.ਨਿਊਜ਼** :-'ਦੇਸ਼ ਦੇ ਹਰ ਰਾਜ ਵਿਚ ਸਾਰੇ ਸਰਕਾਰੀ ਸਾਈਨ ਬੋਰਡ, ਮਾਤ ਭਾਸ਼ਾ ਭਾਵ ਸਥਾਨਕ ਭਾਸ਼ਾ ਵਿਚ ਹੀ ਲਿਖੇ ਜਾਣ।' ਇਹ ਐਲਾਨ ਉੱਪ ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਮੰਗਲਵਾਰ ਨੂੰ ਰਾਜ ਸਭਾ ਵਿਚ ਕੀਤਾ। ਨਾਇਡੂ ਵਲੋਂ ਇਹ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਰਾਜ ਸਭਾ ਵਿਚ ਸਿਫ਼ਰ ਕਾਲ ਵੇਲੇ ਸੂਬਿਆਂ ਵਿਚ ਹਿੰਦੀ ਅਤੇ ਅੰਗਰੇਜ਼ੀ ਵਿਚ ਲੱਗੇ ਸਾਈਨ ਬੋਰਡਾਂ ਦੀ ਸਥਾਨਕ ਲੋਕਾਂ ਨੂੰ ਸਮਝ ਨਾ ਆਉਣ ਦਾ ਮੁੱਦਾ ਉਠਿਆ ਸੀ। ਤ੍ਰਿਣਮੂਲ ਕਾਂਗਰਸ ਦੇ ਸੁਖੇਂਦੂ ਸ਼ੇਖਰ ਰਾਏ ਨੇ ਇਹ ਮੁੱਦਾ ਉਠਾਉਂਦਿਆਂ ਕਿਹਾ ਕਿ ਸਰਕਾਰੀ ਸਾਈਨ ਬੋਰਡਾਂ 'ਤੇ ਸਿਰਫ਼ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਦੀ ਜਾਣਕਾਰੀ ਹੁੰਦੀ ਹੈ, ਜੋ ਕਿ ਸਥਾਨਕ ਨਾਗਰਿਕਾਂ ਨੂੰ ਸਮਝ ਨਹੀਂ ਆਉਂਦੀ। ਉਨਾਂ ਕਿਹਾ ਕਿ ਉਨਾਂ ਨੂੰ ਹਿੰਦੀ ਜਾਂ ਅੰਗਰੇਜ਼ੀ ਨਾਲ ਕੋਈ ਸਮੱਸਿਆ ਨਹੀਂ ਹੈ, ਪਰ ਮਾਤ ਭਾਸ਼ਾ ਵਿਚ ਹੀ ਜੇਕਰ ਸਾਈਨ ਬੋਰਡ ਹੋਣਗੇ ਤਾਂ ਲੋਕਾਂ ਨੂੰ ਸਮਝਣ ਵਿਚ ਆਸਾਨੀ ਹੋਵੇਗੀ।ਉੱਪ ਰਾਸ਼ਟਰਪਤੀ ਨੇ ਇਸ ਸੰਬੰਧ ਵਿਚ ਰਾਜ ਸਰਕਾਰਾਂ ਨੂੰ ਧਿਆਨ ਦੇਣ ਦੀ ਹਿਦਾਇਤ ਦਿੰਦਿਆਂ ਕਿਹਾ ਕਿ ਸਾਰੀਆਂ ਸੰਬੰਧਿਤ ਏਜੰਸੀਆਂ ਨੂੰ ਇਸ ਮਾਮਲੇ ਵਿਚ ਨਿਰਦੇਸ਼ ਦਿੱਤੇ ਜਾਣ।

# ਮਿੱਕੀ ਸਰਾਂ ਨੂੰ ਸਦਮਾ, ਮਾਤਾ ਦਾ ਦਿਹਾਂਤ

**ਫਰਿਜ਼ਨੋ (ਕੈਲੀਫੋਰਨੀਆਂ)/ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ** :- ਸਥਾਨਕ ਪੰਜਾਬੀ ਕਲਚਰਲ ਐਸੋਸੀਏਸ਼ਨ (PCA) ਦੇ ਮੋਢੀ ਮੈਂਬਰ ਮਿੱਕੀ ਸਰਾਂ ਨੂੰ ਪਿਛਲੇ ਦਿਨੀਂ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨਾਂ ਦੇ ਸਤਿਕਾਰਯੋਗ ਮਾਤਾ ਸਤਵਿੰਦਰ ਕੌਰ ਸਰਾਂ (72) ਅਚਾਨਕ ਸਦੀਵੀ ਵਿਛੋੜਾ ਦੇ ਗਏ। ਸਵ. ਮਾਤਾ ਸਤਵਿੰਦਰ ਕੌਰ ਜੀ ਆਪਣੇ ਬੇਟੇ ਮਿੱਕੀ ਸਰਾਂ ਕੋਲ ਅਕਸਰ ਅਮਰੀਕਾ ਵਿਚ ਕੈਲੀਫੋਰਨੀਆਂ ਬੇ-ਏਰੀਏ ਵਿਖੇ ਆਉਂਦੇ ਜਾਂਦੇ ਰਹਿੰਦੇ ਸਨ। ਇਸ ਵਾਰ ਵੀ ਮਾਤਾ ਜੀ ਬੇ-ਏਰੀਏ ਆਏ ਹੋਏ ਸਨ ਕਿ ਅਚਾਨਕ ਰਾਤ ਨੂੰ ਨੀਂਦ ਵਿਚ ਹੀ ਅਕਾਲ ਚਲਾਣਾ ਕਰ ਗਏ। ਮਿੱਕੀ ਸਰਾਂ ਇੰਡੀਆ ਗਏ ਹੋਏ ਸਨ, ਇੱਕਦਮ ਮਾੜੀ ਖ਼ਬਰ ਮਿਲਣ ਮਗਰੋਂ ਉਨਾਂ ਨੂੰ ਵਾਪਸ ਅਮਰੀਕਾ ਆਉਣਾ ਪਿਆ। ਉਨਾਂ ਭਰੇ ਮਨ ਨਾਲ ਦੱਸਿਆ ਕਿ ਮਾਤਾ ਜੀ ਦੀ ਇੱਛਾ ਮੁਤਾਬਿਕ ਉਹ ਮ੍ਰਿਤਕ ਸਰੀਰ ਨੂੰ ਪੰਜਾਬ ਲੈ ਕੇ ਜਾਣਗੇ ਤੇ ਮਾਤਾ ਜੀ ਦੀ ਦੇਹ ਦਾ ਸਸਕਾਰ ਪਿੰਡ ਉਸਮਾਨ ਸ਼ਹੀਦ, ਤਹਿਸੀਲ ਦਸੂਹਾ, ਜ਼ਿਲਾ ਹੁਸ਼ਿਆਰਪੁਰ ਵਿਖੇ ਹੋਵੇਗਾ। ਮਿੱਕੀ ਦੇ ਪਿਤਾ ਸ. ਰਛਪਾਲ ਸਿੰਘ ਸਰਾਂ ਵੀ ਕਈ ਸਾਲ ਪਹਿਲਾਂ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਕੈਲੀਫੋਰਨੀਆ ਸਟੇਟ ਦੀ ਰਸਮੀ ਕਾਰਵਾਈ ਪੂਰੀ ਹੋਣ ਮਗਰੋਂ ਮਾਤਾ ਜੀ ਦੀ ਦੇਹ ਦੇ ਦਰਸ਼ਨ ਬੇ-ਏਰੀਏ ਵਿਖੇ ਕਰਵਾਏ ਜਾਣਗੇ, ਸਮਾਂ ਅਤੇ ਸਥਾਨ ਸੋਸ਼ਲ ਮੀਡੀਏ ਜ਼ਰੀਏ ਜਲਦੀ ਦੱਸ ਦਿੱਤਾ ਜਾਵੇਗਾ। ਇਸ ਦੁੱਖ ਦੀ ਘੜੀ ਵਿੱਚ ਜਿੱਥੇ ਅਸੀਂ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਸਰਾਂ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹਾਂ,



ਬਾਕੀ ਸਫ਼ਾ 30 'ਤੇ

# ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ॥

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-33**

**ਸੰਪਾਦਕ: ਸਰਬਜੀਤ ਕੌਰ ਸਰਬ**

ਮਨੁੱਖ ਬੜਾ ਹੀ ਦਲੀਲਬਾਜ਼ ਹੈ, ਬੜੇ ਪ੍ਰਮਾਣ ਯਾਦ ਨੇ ਦਾਰਸ਼ਨਿਕ ਹੈ, ਚਿੰਤਕ ਹੈ ਅਤੇ ਅਜਿਹੀਆਂ ਗੱਲਾਂ ਕਰਦਾ ਹੈ ਕਿ ਜ਼ਮੀਨ ਆਸਮਾਨ ਦੇ ਕਲਾਵੇ ਮਿਲਾ ਦਿੰਦਾ ਹੈ, ਪਰ ਕਬੀਰ ਜੀ ਕਹਿੰਦੇ ਨੇ ਕਿ ਮਨ ਦੇ ਤਲ ਉੱਤੇ ਜੂਠਾ ਹੈ।

ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥ ਬਾਤਨ ਹੀ ਅਸਮਾਨੁ ਗਿਰਾਵਹਿ ॥1॥ ਐਸੇ ਲੋਗਨ ਸਿਉ ਕਿਆ ਕਹੀਐ ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ: 332

ਡਰਦੇ ਰਹਿਣਾ ਚਾਹੀਦਾ ਹੈ, ਉਨਾਂ ਮਨੁੱਖਾਂ ਤੋਂ ਜੋ ਈਸ਼ਵਰ ਦਾ ਡਰ ਨਹੀਂ ਰੱਖਦੇ ਅਤੇ ਜੋ ਪ੍ਰਮਾਤਮਾ ਦਾ ਭੈਅ ਨਹੀਂ ਰੱਖਦੇ। ਕਿਉਂਕਿ ਇਕੋ ਹੀ ਪ੍ਰਮਾਤਮਾ ਦਾ ਭੈਅ ਹੈ ਜੋ ਹਿਰਦੇ ਨੂੰ ਪਵਿੱਤਰ ਕਰ ਦਿੰਦਾ ਹੈ, ਪਾਵਨ ਕਰ ਦਿੰਦਾ ਹੈ ਕਿਉਂਕਿ ਪ੍ਰਮਾਤਮਾ ਨਿਰਮਲ ਹੈ ਉਸ ਦਾ ਭੈਅ ਵੀ ਨਿਰਮਲ ਕਰ ਦਿੰਦਾ ਹੈ।

ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥2॥ ਪੰਨਾ 774

ਈਸ਼ਵਰ ਦਾ ਭੈਅ ਈਸ਼ਵਰ ਨੂੰ ਨਿਕਟ ਕਰਕੇ ਵੇਖਦਾ ਹੈ, ਈਸ਼ਵਰ ਨੂੰ ਨਿਕਟ ਕਰਕੇ ਦਰਸਾਉਂਦਾ ਹੈ ਅਤੇ ਉਸ ਦੀ ਨੇੜਤਾ ਹਿਰਦੇ ਨੂੰ ਪਵਿੱਤਰ ਰੱਖਦੀ ਹੈ, ਮਨ ਨੂੰ ਸ਼ੁੱਧ ਰੱਖ ਰਹੀ ਹੈ ਅਗਰ ਐਸਾ ਨਹੀਂ ਹੈ ਤਾਂ ਕਬੀਰ ਜੀ ਕਹਿੰਦੇ ਨੇ :-

**ਐਸੇ ਲੋਗਨ ਸਿਉ ਕਿਆ ਕਹੀਐ ॥**
**ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥1॥ ਰਹਾਉ ॥**
**ਆਪਿ ਨ ਦੇਹਿ ਚੁਰੂ ਭਰਿ ਪਾਨੀ ॥**
**ਤਿਹ ਨਿੰਦਹਿ ਜਿਹ ਗੰਗਾ ਆਨੀ ॥2॥**
**ਬੈਠਤ ਉਠਤ ਕੁਟਿਲਤਾ ਚਾਲਹਿ ॥**
**ਆਪੁ ਗਏ ਅਉਰਨ ਹੂ ਘਾਲਹਿ ॥3॥**
**ਛਾਡਿ ਕੁਚਰਚਾ ਆਨ ਨ ਜਾਨਹਿ ॥**
**ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥4॥**
**ਆਪੁ ਗਏ ਅਉਰਨ ਹੂ ਖੋਵਹਿ ॥ ਆਗਿ ਲਗਾਇ ਮੰਦਰ ਮੈ ਸੋਵਹਿ ॥5॥**
**ਅਵਰਨ ਹਸਤ ਆਪ ਹਹਿ ਕਾਂਨੇ ॥ ਤਿਨ ਕਉ ਦੇਖਿ ਕਬੀਰ ਲਜਾਨੇ ॥6॥1॥44॥ ਪੰਨਾ 332**

ਆਪ ਤਾਂ ਡੁੱਬੇ ਹੋਏ ਨੇ ਆਪ ਤਾਂ ਆਪਣਾ ਨਾਸ ਕੀਤਾ ਹੋਇਆ ਹੈ ਇਹ ਉਠਦਿਆਂ ਬੈਠਦਿਆਂ ਟੇਢੀ ਚਾਲ ਚੱਲ ਕੇ ਪਤਾ ਨਹੀਂ ਕਿੰਨਿਆਂ ਦਾ ਨਾਸ ਕਰਦੇ ਨੇ, ਕਿੰਨਿਆਂ ਨੂੰ ਤਬਾਹ ਕਰਦੇ ਹਨ।

ਗੰਗਾ ਜਿਸ ਨੇ ਵਗਾ ਦਿੱਤੀ, ਭਾਵ ਇਤਨੇ ਫਰਾਖਦਿਲ ਕਿ ਆਪਣਾ ਅੰਨ ਧਨ ਸਭ ਕੁਝ ਦਰਿਆ ਦੀ ਤਰਾਂ ਵਹਾ ਦਿੱਤਾ ਤਾਂ ਕਿ ਜਗਤ ਦੇ ਜੀਵਾਂ ਦੀਆਂ ਲੋੜਾਂ ਦੀ ਪੂਰਤੀ ਹੋਵੇ। ਪਰ ਇਸ ਤਰਾਂ ਇਹ ਮਨੁੱਖਾਂ ਉੱਤੇ ਇਹ ਹੱਸਦੇ ਨੇ ਉਨਾਂ ਦਾ ਮਜ਼ਾਕ ਉਡਾਉਂਦੇ ਨੇ ਤਰਕ ਕਰਦੇ ਹਨ ਜੋ ਕਿਸੇ ਨੂੰ ਚੁੱਲੂ ਭਰ ਪਾਣੀ ਨਹੀਂ ਦੇ ਸਕਦੇ।

**ਆਪਿ ਨ ਦੇਹਿ ਚੁਰੂ ਭਰਿ ਪਾਨੀ ॥**
**ਤਿਹ ਨਿੰਦਹਿ ਜਿਹ ਗੰਗਾ ਆਨੀ ॥2॥**

ਅਜਿਹੇ ਮਨੁੱਖ ਖ਼ੁਦ ਤਾਂ ਕਾਣੇ ਨੇ ਪਰ ਸੁਜਾਖਿਆਂ ਨਾਲ ਮਜ਼ਾਕ ਕਰਦੇ ਹਨ, ਆਪਣੇ ਮਨ ਦੀ ਆਪ ਪਵਿੱਤਰਤਾ ਦਿਖਾਈ ਨਹੀਂ ਦਿੰਦੀ, ਦੂਜਿਆਂ ਦੇ ਮਨ ਦੀ ਪਵਿੱਤਰਤਾ ਦਾ ਮਜ਼ਾਕ ਉਡਾਉਂਦੇ ਹਨ। ਖਾਸ ਕਰਕੇ ਜੋ ਕਿਸੇ ਮਹਾਂਪੁਰਸ਼ ਦੇ ਸ਼ਰੀਕ ਹੋਵਣ, ਲੰਗੋਟੀਏ ਯਾਰ ਹੋਵਣ, ਕਿਸੇ ਹੱਦ ਤੱਕ ਲਾਭ ਉਠਾਉਣ ਵਿੱਚ ਅਸਮਰੱਥ ਰਹਿ



ਜਾਂਦੇ ਹਨ। ਕਹਿੰਦੇ ਹਨ ਕਿ ਅਵਤਾਰ ਆਪਣੇ ਨਗਰ ਵਿੱਚ ਨਹੀਂ ਪੂਜਿਆ ਜਾਂਦਾ, ਇਹ ਸਾਡੇ ਦੇਸ਼ ਦੀ ਕਹਾਵਤ ਹੈ, ਸ਼ਰੀਕ ਮਹਾਂਪੁਰਸ਼ ਤੋਂ ਲਾਭ ਨਹੀਂ ਉਠਾ ਸਕਦੇ, ਇਹ ਤਾਂ ਵਗਦੇ ਹੋਏ ਦਰਿਆ ਨੂੰ ਅੱਖਾਂ ਬੰਦ ਕਰਕੇ ਦੇਖਦੇ ਹਨ ਅਤੇ ਅੱਖਾਂ ਬੰਦ ਕਰ ਕੇ ਕੁਝ ਵੀ ਦੇਖੋਗੇ ਅੰਧੇਰੇ ਹੀ ਅੰਧੇਰਾ ਹੈ। ਕੁਝ ਦੇਖਣ ਵਾਸਤੇ ਅੱਖਾਂ ਤਾਂ ਖੋਲਣੀਆਂ ਹੀ ਪੈਣਗੀਆਂ। ਹਰ ਚੀਜ਼ ਅੰਧਕਾਰ ਹੀ ਦਿਖਾਈ ਦੇਵੇਗੀ, ਅਗਰ ਅੱਖਾਂ ਬੰਦ ਹਨ ਖਾਸ ਕਰਕੇ ਹਿਰਦੇ ਵਿਚ ਈਰਖਾ ਹੋਵੇ, ਜੈਲਸੀ ਹੋਵੇ, ਫਿਰ ਮਨੁੱਖ ਅੱਖਾਂ ਬੰਦ ਕਰਕੇ ਦੂਜੇ ਨੂੰ ਦੇਖਦਾ ਹੈ ਤੇ ਜਦ ਅੱਖਾਂ ਬੰਦ ਕਰਕੇ ਦੂਜੇ ਨੂੰ ਦੇਖਦਾ ਹੈ ਤਾਂ ਅੰਧੇਰਾ ਹੀ ਅੰਧੇਰਾ ਹੈ ਤਾਂ ਭਗਤ ਕਬੀਰ ਜੀ ਕਹਿੰਦੇ ਹਨ :-

ਰਾਗ ਗਾਇਨ ਕਰਨ ਨਾਲ ਮਨ ਦੀ ਜੂਠ ਨਹੀਂ ਜਾਂਦੀ ਬੜੇ ਬੜੇ ਸੰਗੀਤਕਾਰ ਜੂਠੇ ਦੇਖੇ ਗਏ ਨੇ ਅਤੇ ਕਾਫੀ ਲੰਬੇ ਸਮੇਂ ਤੱਕ ਗੀਤ ਰਾਗ ਵੇਸਵਾਵਾਂ ਦੇ ਕੋਠਿਆਂ ਉੱਤੇ ਰਿਹਾ ਹੈ ਅਤੇ ਅੱਜ ਵੀ ਹੈ, ਉਨਾਂ ਦੇ ਮਨ ਤਾਂ ਪਾਵਨ ਨਾ ਹੋ ਸਕੇ ਰਾਗ ਗਾਇਨ ਕਰਨ ਨਾਲ। ਮਨੁੱਖ ਦਾ ਵਰਤਨ ਵਾਲਿਵਾ ਵਸਤੂ ਨੂੰ ਸ਼ੁੱਧ ਕਰ ਦਿੰਦਾ ਹੈ ਜਾਂ ਅਸ਼ੁੱਧ ਕਰ ਦਿੰਦਾ ਹੈ ਇਹ ਤਾਂ ਮਨੁੱਖ ਦੇ ਵਰਤਣ ਵਾਲੇ ਦੇ ਤੇ ਮੁਨਹਸਰ ਹੈ। ਸਾਹਿਬ ਜੀ ਫਰਮਾਉਂਦੇ ਹਨ :

**ਜੂਠਿ ਨ ਰਾਗੀ ? ਜੂਠਿ ਨ ਵੇਦੀ ? ॥**
**ਜੂਠਿ ਨ ਚੰਦ ਸੂਰਜ ਕੀ ਭੇਦੀ ॥**
**ਜੂਠਿ ਨ ਅੰਨੀ ਜੂਠਿ ਨ ਨਾਈ ॥**
**ਜੂਠਿ ਨ ਮੀਹੁ ਵਰਿਐ ਸਭ ਥਾਈ ॥**
**ਜੂਠਿ ਨ ਧਰਤੀ ਜੂਠਿ ਨ ਪਾਣੀ ॥**
**ਜੂਠਿ ਨ ਪਉਣੈ ਮਾਹਿ ਸਮਾਣੀ ॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥**
**ਮੁਹਿ ਫੇਰਿਐ ਮੁਹੁ ਜੂਠਾ ਹੋਇ ॥1॥**
**ਪੰਨਾ 1240**

ਚਾਰ ਵੇਦਾਂ ਦੇ ਪਾਠ ਨਾਲ ਜਾਂ ਉਹ ਕੰਠ ਹੋਵਣ ਤੇ ਪਾਠ ਕੀਤਾ ਜਾਏ ਮਨ ਦੀ ਜੂਠ ਨਹੀਂ ਲੈਂਦੇ। ਕਹਿੰਦੇ ਨੇ ਰਾਵਣ ਨੂੰ ਚਾਰੇ ਦੇ ਚਾਰੇ ਵੇਦ ਕੰਠ ਸਨ ਅਤੇ ਉਹ ਜੁਬਾਨੀ ਪਾਠ ਕਰਦਾ ਸੀ ਪਰ ਬਦਲੇ ਦੀ ਭਾਵਨਾ ਨੂੰ ਆਪਣੇ ਦਿਲ ਵਿੱਚੋਂ ਨਹੀਂ ਕੱਢ ਸਕਿਆ। ਬਦਲੇ ਦੀ ਭਾਵਨਾ ਮਨ ਨੂੰ ਮੈਲਾ ਕਰਦੀ ਹੈ ਬਦਲੇ ਦੀ ਭਾਵਨਾ ਹਿਰਦੇ ਨੂੰ ਦੂਸ਼ਿਤ ਕਰਦੀ ਹੈ।

ਹੇ, ਮਨੁੱਖ ਜੇ ਕਿਧਰੇ ਦੁਸ਼ਮਣੀ ਦਾ ਬੂਟਾ ਲਗਾ ਹੀ ਬੈਠਾ ਹੈ ਤਾਂ ਅੱਜ ਹੀ ਜੜੋਂ ਪੁੱਟ ਦੇ ਇਸ ਨੂੰ ਸਿਵਾਏ ਦੁੱਖਾਂ ਦੇ ਸੂਣ ਦੇ ਹੋਰ ਕੁਝ ਨਹੀਂ ਲੱਗਦਾ। ਜੇ ਤੂੰ ਪ੍ਰਮਾਤਮਾ ਦਾ ਮਿਲਾਪ ਚਾਹੁੰਦਾ ਹੈ, ਤੇ ਜੇ ਤੂੰ ਮਨੁੱਖਾਂ ਨਾਲ ਮਿਲਾਪ ਨਹੀਂ ਕਰ ਸਕਿਆ ਤੂੰ ਕਰਤੇ ਦੀ ਕਿਰਤ ਤੋਂ ਦੂਰ ਹੈ ਕਰਤੇ ਤੋਂ ਵੀ ਦੂਰ ਹੈ। ਕਿਉਂਕਿ ਜੋ ਕਿਰਤ ਤੋਂ ਦੂਰ ਹੈ ਉਹ ਕਰਤੇ ਤੋਂ ਵੀ ਦੂਰ ਹੈ ਇਸ ਵਾਸਤੇ ਇਹ ਲਾਜ਼ਮੀ ਹੈ।



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ‘ਹਮ ਰਾਖਤ ਪਾਤਸ਼ਾਹੀ ਦਾਅਵਾ’

ਭਾਗ -1



ਗੁਰਪ੍ਰੀਤ ਸਿੰਘ

ਸਿੱਖ ਰਾਜ ਨੂੰ ਬ੍ਰਿਟਿਸ਼ ਰਾਜ ਵਿੱਚ ਮਿਲਾਉਣ ਤੋਂ ਬਾਅਦ ਮਹਾਰਾਣੀ ਜਿੰਦ ਕੌਰ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਉਨਾਂ ਨੂੰ ਚਿਨੌਰ ਕਿਲੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਨੌਂ ਸਾਲ ਦੇ ਦਲੀਪ ਸਿੰਘ ਦੀ ਜਿੰਮੇਵਾਰੀ ਅੰਗਰੇਜ਼ ਸਰਕਾਰ ਨੇ ਲੈ ਲਈ। ਇਹ ਵੀ ਸਿੱਖਾਂ ਨਾਲ ਇੱਕ ਧੋਖਾ ਸੀ। ਪੰਜਾਬ ਵਾਸੀਆਂ ਨੂੰ ਕਿਹਾ ਗਿਆ ਸੀ ਕਿ ਜਦੋਂ ਤੱਕ ਦਲੀਪ ਸਿੰਘ ਬਾਲਗ਼ ਨਹੀਂ ਹੋ ਜਾਂਦਾ ਉਦੋਂ ਤੱਕ ਉਸਦੀ ਦੇਖ ਰੇਖ ਦੀ ਜ਼ੁੰਮੇਵਾਰੀ ਅੰਗਰੇਜ਼ੀ ਸਰਕਾਰ ਦੀ ਹੋਵੇਗੀ ਕਿਉਂਕਿ ਦਲੀਪ ਸਿੰਘ ਨੂੰ ਲਾਹੌਰ ਵਿੱਚ ਰਹਿੰਦਿਆਂ ਖਤਰਾ ਹੈ। ਜਦੋਂ ਦਲੀਪ ਸਿੰਘ ਬਾਲਗ਼ ਹੋ ਜਾਵੇਗਾ ਭਾਵ ਰਾਜ ਭਾਗ ਸੰਭਾਲ਼ਣ ਦੇ ਯੋਗ ਹੋ ਜਾਵੇਗਾ ਉਸ ਨੂੰ ਉਸਦਾ ਰਾਜ ਵਾਪਿਸ ਕਰ ਦਿੱਤਾ ਜਾਵੇਗਾ। ਇਸ ਤਰਾਂ ਪੰਜਾਬ ਨਾਲ ਧੋਖਾ ਕਰ ਕੇ ਸਿੱਖ ਰਾਜ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ ਗਿਆ । ਉੱਧਰ ਦਲੀਪ ਸਿੰਘ ਨੂੰ ਇੰਗਲੈਂਡ ਭੇਜ ਦਿੱਤਾ ਗਿਆ, ਅੰਗਰੇਜ਼ ਇਸ ਗੱਲ ਤੋਂ ਚੰਗੀ ਤਰਾਂ ਜਾਣੂੰ ਸਨ ਕਿ ਅਗਰ ਮਹਾਰਾਜੇ ਦੀ ਪਰਵਰਿਸ਼ ਮਹਾਰਾਣੀ ਜ਼ਿੰਦਾ ਕਰੇਗੀ ਤਾਂ ਆਉਣ ਵਾਲੇ ਸਮੇਂ ਵਿਚ ਅੰਗਰੇਜ਼ੀ ਹਕੂਮਤ ਲਈ ਬਹੁਤ ਵੱਡਾ ਖਤਰਾ ਹੋਵੇਗਾ ਦਲੀਪ ਸਿੰਘ। ਕਿਉਂਕਿ ਮਹਾਰਾਣੀ ਜ਼ਿੰਦਾ ਬਹੁਤ ਹੀ ਸੂਝਵਾਨ ਨਿਡਰ ਤੇ ਦਲੇਰ ਔਰਤ ਸੀ। ਉਹ ਇਸ ਗੱਲ ਨੂੰ ਭਲੀਭਾਂਤ ਜਾਣਦੇ ਸਨ ਕਿ ਦਲੀਪ ਸਿੰਘ ਦੀਆਂ ਰਗਾਂ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਖ਼ੂਨ ਦੌੜਦਾ ਹੈ। ਚਿੱਲਿਆਂ ਵਾਲਾ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ ਵਿੱਚ ਦੇਖ ਚੁੱਕੇ ਸਨ। ਇਸ ਲਈ ਅੰਗਰੇਜ਼ ਮਹਾਰਾਜੇ ਦੇ ਦਿਲ ਦਿਮਾਗ ਵਿਚ ਪਾਤਸ਼ਾਹੀ ਦਾਅਵੇ ਦਾ ਸੰਕਲਪ



ਇਹ ਉਸ ਸਰਦਾਰ ਚੜਤ ਸਿੰਘ ਦਾ ਖ਼ੂਨ ਹੈ ਜਿਸਦੀ ਅਗਵਾਈ ਵਿੱਚ ਸਿੱਖਾਂ ਨੇ ਕਿਸੇ ਵੇਲੇ ਦਿੱਲੀ ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਸੀ, ਇਹ ਉਸ ਚੜਤ ਸਿੰਘ ਦਾ ਪੜ-ਪੋਤਰਾ ਹੈ ਜਿਸਨੇ ਜਿਸਦੀ ਅਗਵਾਈ ਵਾਲੀ ਫੌਜ ਅੱਗੇ ਅਬਦਾਲੀ ਵਰਗੇ ਏਸ਼ੀਆ ਦੇ ਜੇਤੂ ਕਹੇ ਜਾਣ ਵਾਲੇ ਨੇ ਵੀ ਹੱਥ ਖੜੇ ਕਰ ਦਿੱਤੇ ਸਨ ।

ਉਹ ਜਾਣਦੇ ਸਨ ਕਿ ਦਲੀਪ ਸਿੰਘ ਦੇ ਜਹਿਨ ਵਿਚ ਵੀ ਪਾਤਸ਼ਾਹੀ ਦਾਅਵੇ ਦਾ ਸੰਕਲਪ ਉੱਠੇਗਾ, ਸਮਾਂ ਆਉਣ ’ਤੇ ਇਹ ਵੀ ਆਪਣੇ ਵਡੇਰਿਆਂ ਵਾਂਗ ਲੜ ਕੇ ਜਾਂ ਜੰਗ ਦੇ ਮੈਦਾਨ ਅੰਦਰ ਜੂਝ ਕੇ ਆਪਣਾ ਰਾਜ ਵਾਪਿਸ ਲੈ ਲਵੇਗਾ। ਕਿਉਂਕਿ ਖਾਲਸਾ ਫੌਜ ਦੇ ਹੱਥ ਅੰਗਰੇਜ਼ ਨਹੀਂ ਸੀ ਆਉਣ ਦੇਣਾ ਚਾਹੁੰਦੇ। ਇਸ ਲਈ ਉਨਾਂ ਨੇ ਉਚਿੱਤ ਪ੍ਰਬੰਧ ਕੀਤੇ। ਮਹਾਰਾਜੇ ਨੂੰ ਪੰਜਾਬ ਤੋਂ ਇੰਗਲੈਂਡ ਭੇਜਣ ਸਮੇਂ ਖਾਸ ਧਿਆਨ ਰੱਖਿਆ ਗਿਆ ਕਿ ਕੋਈ ਵੀ ਸਿੱਖ ਮਹਾਰਾਜੇ ਦੇ ਨਾਲ ਨਾ ਹੋਵੇ, ਕੋਈ ਵੀ ਪੁਰਾਣਾ ਨੌਕਰ ਨਾਲ ਨਾ ਜਾਵੇ । ਕੋਈ ਵੀ ਸਿੱਖੀ ਨਾਲ ਸੰਬੰਧਿਤ ਦਸਤਾਵੇਜ਼, ਕੋਈ ਪੋਥੀ ਜਾਂ ਕਿਤਾਬ ਮਹਾਰਾਜੇ ਤੱਕ ਨਾ ਪੁੱਜੇ । ਅੰਗਰੇਜ਼ ਮਹਾਰਾਜੇ ਨੂੰ ਸਿੱਖੀ ਤੋਂ ਕੋਹਾਂ ਦੂਰ ਲਿਜਾਣਾ ਚਾਹੁੰਦੇ ਸਨ। ਉਹ ਉਸਦੇ ਦਿਮਾਗ ਵਿਚੋਂ ਆਪਣੀ ਮਿੱਟੀ ਪ੍ਰਤੀ ਖਿੱਚ, ਆਪਣਾ ਸੱਭਿਆਚਾਰ ਸਭ ਕੁਝ ਬਾਹਰ ਕੱਢਣਾ ਚਾਹੁੰਦੇ ਸਨ ਤਾਂ ਕਿ ਭਵਿੱਖ ਵਿੱਚ ਮਹਾਰਾਜਾ ਉਨਾਂ ਲਈ ਕੋਈ ਰੁਕਾਵਟ ਨਾ ਬਣੇ । ਉਹ ਜਾਣਦੇ ਸਨ ਅਗਰ ਮਹਾਰਾਜੇ ਦੇ ਦਿਲ ਵਿਚ ਸਿੱਖੀ ਨਹੀਂ ਰਹੇਗੀ ਤਾਂ ਪਾਤਸ਼ਾਹੀ ਦਾਅਵੇ ਦਾ ਸੰਕਲਪ ਵੀ ਨਹੀਂ ਉੱਠੇਗਾ। ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਲਿਆਂਦਾ ਗਿਆ। ਉਸਦੀ ਦੇਖ ਰੇਖ ਲਈ ਡਾ. ਲਾਗਨ ਤੇ ਉਸਦੀ ਪਤਨੀ ਲੇਡੀ ਲਾਗਨ ਨੂੰ ਨਿਯੁਕਤ ਕੀਤਾ ਗਿਆ। ਲਾਗਨ ਨੂੰ ਮਹਾਰਾਜੇ ਦੀ ਪਰਵਰਿਸ਼ ਲਈ ਇੰਗਲੈਂਡ ਦੀ ਮਹਾਰਾਣੀ ਵੱਲੋਂ ਬਹੁਤ ਫੰਡ ਮਿਲਦਾ ਸੀ, ਮਤਲਬ ਕਿ ਜਿਹੜਾ ਫੰਡ ਮਹਾਰਾਜੇ ਲਈ ਆਉਂਦਾ ਸੀ ਉਸ ਫੰਡ ਦੇ ਸਿਰ ਤੇ ਲਾਗਨ ਨੇ ਵੀ ਖ਼ੂਬ ਐਸ਼ ਕੀਤੀ। ਹੁਣ ਸ਼ੁਰੂ ਹੋਣ ਵਾਲੀ ਸੀ ਅਸਲੀ ਖੇਡ ਜੋ ਪਹਿਲਾਂ ਤੋਂ ਹੀ ਮਿੱਥੀ ਹੋਈ ਸੀ । ਮਤਲਬ ਬਾਲਕ ਦਲੀਪ ਸਿੰਘ ਨੂੰ ਇਸਾਈ ਰੰਗ ਵਿੱਚ ਰੰਗਣਾ। ਉਸਦੀ ਪੜਾਈ-ਲਿਖਾਈ ਸਭ ਅੰਗਰੇਜ਼ੀ ਭਾਸ਼ਾ ਵਿਚ ਸ਼ੁਰੂ ਕਰਵਾਈ ਗਈ। ਉਸ ਨੂੰ ਸਿਰਫ ਈਸਾਈ ਮੱਤ ਬਾਰੇ ਹੀ ਪੜਾਇਆ ਜਾਂਦਾ । ਉਸ ਨੂੰ ਈਸਾ ਮਸੀਹ ਦੀਆਂ ਕਹਾਣੀਆਂ ਹੀ ਸੁਣਾਈਆਂ ਜਾਂਦੀਆਂ। ਉਸਨੂੰ ਦੱਸਿਆ ਜਾਂਦਾ ਕਿ ਅੰਗਰੇਜ਼ ਈਸਾ ਦੇ ਬੰਦੇ ਹਨ ਤੇ ਦੁਨੀਆ ਵਿੱਚ ਇਨਸਾਫ ਕਰਨ ਆਏ ਹਨ ਤੇ ਜ਼ੁਲਮ ਦਾ ਨਾਸ਼ ਕਰਨ ਆਏ ਹਨ, ਮਤਲਬ ਬੜੀ ਹੀ ਚਲਾਕੀ ਤੇ ਫ਼ਰੇਬ ਨਾਲ ਦਲੀਪ ਸਿੰਘ ਦੇ ਦਿਮਾਗ ਵਿਚ ਇਹ ਭਰਿਆ ਗਿਆ ਕਿ ਉਸ ਨਾਲ ਕੋਈ ਧੋਖਾ ਨਹੀਂ ਹੋਇਆ ਸਗੋਂ ਅੰਗਰੇਜ਼ੀ ਹਕੂਮਤ ਨੇ ਉਸਦੀ ਜਾਨ ਬਚਾਈ ਹੈ, ਕਿਉਂਕਿ ਉਸਨੂੰ ਲਾਹੌਰ ਵਿੱਚ ਰਹਿੰਦਿਆਂ ਖਤਰਾ ਸੀ। ਉਸਦੇ ਦਿਮਾਗ ਵਿਚ ਇਹ ਵੀ ਭਰਿਆ ਗਿਆ ਕਿ ਉਸਦੀ ਮਾਂ ਆਪਣਾ ਮਾਨਸਿਕ ਸੰਤੁਲਨ ਖੋ ਚੁੱਕੀ ਸੀ ਤੇ ਉਹ ਉਸ ਦੇ ਪਾਲਣ ਪੋਸਣ ਦੇ ਯੋਗ ਨਹੀਂ ਰਹੀ ਸੀ । ਉਸਨੂੰ 90 ਹਜ਼ਾਰ ਪੌਂਡ ਦੀ ਪੈਨਸ਼ਨ ਦਿੱਤੀ ਜਾਂਦੀ ਤੇ ਮਹਾਰਾਣੀ ਵਿਕਟੋਰੀਆ ਨੂੰ ਉਸਦਾ ਸਭ ਕੁਝ ਮੰਨਣ ਦੀ ਨਸੀਹਤ ਦਿੱਤੀ ਜਾਂਦੀ। ਬਾਕੀ ਸਫ਼ਾ 30 ’ਤੇ

# ਵਿਸਾਖੀ ਦਾ ਤਿਉਹਾਰ : ਇਤਿਹਾਸ ਅਤੇ ਮਹੱਤਵ



ਡਾ. ਸੰਦੀਪ ਸਿੰਘ ਮੁੰਡੇ,
ਮੋਬਾਈਲ 9413652646

ਪੰਜਾਬ ਅਤੇ ਇਸਦੇ ਨੇੜਲੇ ਰਾਜਾਂ ਵਿੱਚ ਵਿਸਾਖੀ ਪ੍ਰਸਿੱਧ ਅਤੇ ਵੱਡੇ ਤਿਉਹਾਰਾਂ ਵਿੱਚੋਂ ਇੱਕ ਹੈ। ਇਹ ਇੱਕ ਮੌਸਮੀ ਤਿਉਹਾਰ ਹੈ, ਜੋ ਵਿਸਾਖ ਮਹੀਨੇ ਦੇ ਪਹਿਲੇ ਦਿਨ ਮਨਾਇਆ ਜਾਂਦਾ ਹੈ, ਜਿਸ ਨੂੰ ‘ਵਿਸਾਖੀ’ ਕਿਹਾ ਜਾਂਦਾ ਹੈ। ਵਿਸਾਖੀ ਦਾ ਤਿਉਹਾਰ ਪੰਜਾਬੀਆਂ ਲਈ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਮਹੱਤਵ ਰੱਖਦਾ ਹੈ। ਇਸ ਤਿਉਹਾਰ ਨਾਲ ਜੁੜੀਆਂ ਮਹੱਤਵਪੂਰਣ ਇਤਿਹਾਸਕ ਘਟਨਾਵਾਂ ਨੇ ਲੋਕਾਂ ਦੇ ਜੀਵਨ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਤ ਕੀਤਾ ਹੈ। ਇਹ ਪਿੰਡਾਂ ਅਤੇ ਸ਼ਹਿਰਾਂ ਦੇ ਦਰਿਆਵਾਂ, ਸਰੋਵਰਾਂ ਅਤੇ ਤਲਾਬਾਂ ਦੇ ਕਿਨਾਰਿਆਂ ਅਤੇ ਧਾਰਮਿਕ ਸਥਾਨਾਂ ਤੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਕਿਸਾਨ ਭਾਈਚਾਰਾ ਇਸ ਤਿਉਹਾਰ ਨੂੰ ਹਾੜੀ ਦੀ ਫਸਲ ਦੀ ਪਕਾਈ ਦੀ ਖ਼ੁਸ਼ੀ ਵਿਚ ਮਨਾਉਂਦਾ ਹੈ। ਕਿਸਾਨਾਂ ਦੀਆਂ ਬਹੁਤ ਸਾਰੀਆਂ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਜ਼ਰੂਰਤਾਂ ਇਸ ਹਾੜੀ ਦੀ ਫਸਲ ਨਾਲ ਜੁੜੀਆਂ ਹੁੰਦੀਆਂ ਹਨ। ਵਿਸਾਖੀ ਦਾ ਤਿਉਹਾਰ ‘ਗਿੱਧਾ ਅਤੇ ਭੰਗੜਾ’ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਹੈ। ਇਸ ਲਈ ਪੰਜਾਬੀ ਲੋਕ ਖ਼ੁਸ਼ੀ-ਖ਼ੁਸ਼ੀ ਇਸ ਦਿਨ ਗਿੱਧਾ ਅਤੇ ਭੰਗੜਾ ਪਾਉਂਦੇ ਹਨ ਅਤੇ ਵੱਖ-ਵੱਖ ਥਾਵਾਂ ਤੇ ਹੋਣ ਵਾਲੇ ਵਿਸਾਖੀ ਮੇਲਿਆਂ ਵਿਚ ਹਿੱਸਾ ਲੈਂਦੇ ਹਨ।

ਇਹ ਦਿਨ ਸਿੱਖ ਇਤਿਹਾਸ ਵਿਚ ਖ਼ਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ, ਕਿਉਂਕਿ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ‘ਖ਼ਾਲਸਾ ਪੰਥ’ ਦੀ ਸਥਾਪਨਾ ਕੀਤੀ ਸੀ। ਜਦੋਂ ਮੁਗਲ ਸ਼ਾਸਕ ਔਰੰਗਜੇਬ ਦਾ ਅੱਤਿਆਚਾਰ, ਬੇਇਨਸਾਫੀ ਅਤੇ ਜੁਲਮ ਸਿਖਰਾਂ ’ਤੇ ਸੀ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜ਼ੁਲਮ ਅਤੇ ਅਨਿਆਂ ਵਿਰੁੱਧ ਦਿੱਲੀ ਦੀ ਚਾਂਦਨੀ ਚੌਂਕ ਵਿਖੇ ਆਪਣੀ ਸ਼ਹਾਦਤ ਦਿੱਤੀ। ਇਸ ਤੋਂ ਬਾਅਦ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਜਾਤ, ਉੱਚ-ਨੀਚ ਦੇ ਵਿਤਕਰੇ ਤੋਂ ਪੀੜਤ ਆਮ ਵਰਗ ਦੇ ਲੋਕਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਆਮ ਲੋਕਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਮਾਨਸਿਕ ਤੌਰ ਤੇ ਬਰਾਬਰ ਅਤੇ ਮਜ਼ਬੂਤ ਬਣਾਇਆ। ਖਾਲਸਾ ਪੰਥ ਦੇ ਗਠਨ ਤੋਂ ਬਾਅਦ ਜਾਤ-ਜਾਤ, ਉੱਚ-ਨੀਚ ਦੇ ਵਿਤਕਰੇ ਨੂੰ ਬਹੁਤ ਠੇਸ ਪਹੁੰਚੀ ਸੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ



ਦਿਨ ਇਤਿਹਾਸ ਵਿਚ ‘ਆਪੇ ਗੁਰ ਚੇਲਾ’ ਦੀ ਇਕ ਨਵੀਂ ਮਿਸਾਲ ਕਾਇਮ ਕੀਤੀ। ਗੁਰੂ ਜੀ ਨੇ ਪਹਿਲਾਂ ਆਪਣੇ ਸੇਵਕਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਸਿੰਘ ਬਣਾਇਆ, ਫਿਰ ਆਪ ਉਨਾਂ ਦੇ ਹੱਥੋਂ ਅੰਮ੍ਰਿਤ ਛੱਕ ਕੇ ਖੁਦ ਸਿੰਘ ਸਜੇ ਅਤੇ ਗੁਰੂ ਅਤੇ ਚੇਲੇ ਵਿਚਲੇ ਪਾੜੇ ਨੂੰ ਦੂਰ ਕਰ ਦਿੱਤਾ।

ਇਸੇ ਤਰਾਂ ਵਿਸਾਖੀ ਵਾਲੇ ਦਿਨ ਸਿੱਖ ਧਰਮ ਨਾਲ ਜੁੜੀ ਇਕ ਹੋਰ ਘਟਨਾ ਹੈ। 1857 ਦੀ ਵਿਸਾਖੀ ਦੇ ਦਿਨ ਬਾਬਾ ਰਾਮ ਸਿੰਘ ਨਾਮਧਾਰੀ ਨੇ ਸੁਧਾਰ ਲਹਿਰ ਸ਼ੁਰੂ ਕੀਤੀ, ਜਿਸ ’ਤੇ ਬ੍ਰਿਟਿਸ਼ ਸਰਕਾਰ ਨੇ ਨਜ਼ਰ ਰੱਖੀ। ਸਾਲ 1860 ਵਿਚ ਜਦੋਂ ਬਾਬਾ ਰਾਮ ਸਿੰਘ ਜੀ ਵਿਸਾਖੀ ਮਨਾਉਣ ਲਈ ਅੰਮ੍ਰਿਤਸਰ ਆਏ ਤਾਂ ਉਨਾਂ ਨੇ ਵੇਖਿਆ ਕਿ ਬ੍ਰਿਟਿਸ਼ ਸਰਕਾਰ ਨੇ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਹੋਈਆਂ ਹਨ। ਅਜਿਹੀਆਂ ਪਾਬੰਦੀਆਂ ਉਨਾਂ ਦੀ ਸਹਿਣਸ਼ੀਲਤਾ ਤੋਂ ਬਾਹਰ ਸਨ, ਇਸ ਲਈ ਉਨਾਂ ਨੇ ਇਸ ਦੇ ਵਿਰੁੱਧ ਬਗ਼ਾਵਤ ਕੀਤੀ, ਜਿਸਦੇ ਨਤੀਜੇ ਵਜੋਂ ‘ਕੂਕਾ ਅੰਦੋਲਨ’ ਹੋਇਆ। ਇਸ ਸਮੇਂ ਸੂਰਮਿਆਂ ਨੇ ਬ੍ਰਿਟਿਸ਼ ਸਰਕਾਰ ਅੱਗੇ ਝੁਕਣ ਦੀ ਬਜਾਏ ਆਪਣੀ ਸ਼ਹਾਦਤ ਦੇਣਾ ਚੰਗਾ ਸਮਝਿਆ।

ਵਿਸਾਖੀ ਦਾ ਦਿਨ ਉਨਾਂ ਬਹਾਦਰ ਯੋਧਿਆਂ ਦੀ ਯਾਦ ਦਿਵਾਉਂਦਾ ਹੈ, ਜਿਨਾਂ ਨੇ ਭਾਰਤ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਸਾਲ 1919 ਦੇ ਵਿਸਾਖੀ ਦੇ ਦਿਨ ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ ਵਿਖੇ ਇਕ ਖ਼ੂਨੀ ਕਤਲੇਆਮ ਹੋਇਆ ਸੀ। ਇਸ ਦਿਨ ਬ੍ਰਿਟਿਸ਼ ਸਰਕਾਰ ਨੇ ਦੇਸ਼ ਦੀ ਅਜ਼ਾਦੀ ਦੀ ਕਾਮਨਾ ਕਰਨ ਵਾਲੇ ਹਜ਼ਾਰਾਂ ਨਿਹੱਥੇ ਲੋਕਾਂ ’ਤੇ ਅੰਨੇਵਾਹ ਗੋਲੀਆਂ ਚਲਾਈਆਂ, ਜਿਸ ਵਿਚ ਸੈਂਕੜੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਜ਼ਖਮੀ ਹੋਏ ਸਨ। ਸ਼ਹੀਦ ਅਤੇ ਜ਼ਖਮੀ ਹੋਏ ਲੋਕਾਂ ’ਚ ਸਾਰੇ ਧਰਮਾਂ ਦੇ ਆਦਮੀ, ਬੱਚੇ, ਬਜ਼ੁਰਗ ਅਤੇ ਔਰਤਾਂ ਸ਼ਾਮਲ ਸਨ। ਇਸ ਲਈ ਵਿਸਾਖੀ ਦਾ ਦਿਨ ਜਲਿਆਂਵਾਲਾ ਬਾਗ ਵਿਚ ਸ਼ਹੀਦ ਸਪੂਤਾਂ ਦੀਆਂ ਵਿਲੱਖਣ ਕੁਰਬਾਨੀਆਂ ਨੂੰ ਯਾਦ ਦਿਵਾਉਂਦਾ ਹੈ ਅਤੇ ਉਨਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਭਾਰਤ ਦੇ ਦੂਜੇ ਰਾਜਾਂ ਵਿਚ ਵਸਦੇ ਲੋਕ ਵੀ ਰਵਾਇਤੀ ਤੌਰ ’ਤੇ ਵਿਸਾਖੀ ਨੂੰ ਮਨਾਉਂਦੇ ਹਨ। ਭਾਰਤੀ ਮਿਥਿਹਾਸਕ ਕਥਾਵਾਂ ਵਿੱਚ, ਵਿਸਾਖੀ ਦੇ ਦਿਨ ਨਹਾਉਣਾ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਦਿਨ ਰਿਸ਼ੀ ਵਿਆਸ ਨੇ ਪਹਿਲੀ ਵਾਰ ਬ੍ਰਹਮਾ ਦੁਆਰਾ ਰਚਿਤ ਚਾਰ ਵੇਦਾਂ ਦਾ ਪਾਠ ਕੀਤਾ ਸੀ। ਇਸ ਦਿਨ ਰਾਜਾ ਜਨਕ ਨੇ ਇਕ ਮਹਾਨ ਯੱਗ ਕੀਤਾ, ਜਿਸ ਵਿਚ ਅਵਧੂਤ ਅਧਾਵਾ ਨੇ ਰਾਜੇ ਨੂੰ ਗਿਆਨ ਦਿੱਤਾ। ਵਿਸਾਖੀ ਤੋਂ ਇੱਕ ਦਿਨ ਬਾਅਦ 14 ਅਪ੍ਰੈਲ ਤੋਂ ਮਨੀਪੁਰੀ, ਨੇਪਾਲੀ ਅਤੇ ਬੰਗਾਲੀ ਲੋਕ ਨਵੇਂ ਸਾਲ ਦੀ ਸ਼ੁਰੂਆਤ ਕਰਦੇ ਹਨ। ਹਿੰਦੂ ਧਰਮ ਦੇ ਲੋਕ ਇਸ ਦਿਨ ਇਸ਼ਨਾਨ, ਭੋਗ ਅਤੇ ਪੂਜਾ ਅਰਚਨਾ ਕਰਦੇ ਹਨ। ਕਿਹਾ ਜਾਂਦਾ ਹੈ ਕਿ ਦੇਵੀ ਗੰਗਾ ਹਜ਼ਾਰਾਂ ਸਾਲ ਪਹਿਲਾਂ ਇਸ ਦਿਨ ਧਰਤੀ ਤੇ ਆਈ ਸੀ। ਹਿੰਦੂ ਧਰਮ ਦੇ ਲੋਕ ਉਸ ਦੇ ਸਨਮਾਨ ਵਿਚ ਰਵਾਇਤੀ ਪਵਿੱਤਰ ਇਸ਼ਨਾਨ ਲਈ ਗੰਗਾ ਦੇ ਕਿਨਾਰੇ ਇਕੱਠੇ ਹੁੰਦੇ ਹਨ। ਕੇਰਲਾ ਵਿਚ ਇਸ ਤਿਉਹਾਰ ਨੂੰ ‘ਵਿਸ਼ੂ’ ਕਿਹਾ ਜਾਂਦਾ ਹੈ। ਇਸ ਦਿਨ ਲੋਕ ਨਵੇਂ ਕੱਪੜੇ ਖਰੀਦਦੇ ਹਨ ਅਤੇ ਆਤਿਸ਼ਬਾਜੀ ਕੀਤੀ ਜਾਂਦੀ ਹੈ। ਇਸ ਦਿਨ ‘ਵਿਸ਼ੂ ਕਾਨੀ’ ਸਜਾਈ ਜਾਂਦੀ ਹੈ, ਜਿਸ ਨੂੰ ਫੁੱਲਾਂ, ਫਲ, ਅਨਾਜ, ਕਪੜੇ, ਸੋਨੇ ਆਦਿ ਨਾਲ ਸਜਾਇਆ ਜਾਂਦਾ ਹੈ ਅਤੇ ਸਵੇਰੇ ਜਲਦੀ ਉੱਠ ਕੇ ਉਸ ਦੇ ਦਰਸ਼ਨ ਕੀਤੇ ਜਾਂਦੇ ਹਨ ਅਤੇ ਇਕ ਦੂਜੇ ਨੂੰ ਨਵਾਂ ਸਾਲ ਮੁਬਾਰਕ ਕਿਹਾ ਜਾਂਦਾ ਹੈ।

ਇਹ ਤਿਉਹਾਰ ਮੁੱਖ ਤੌਰ ’ਤੇ ਹਾੜੀ ਦੀ ਫਸਲ ਦੇ ਪੱਕਣ ਦੇ ਜਸ਼ਨ ’ਤੇ ਕਿਸਾਨਾਂ ਦੁਆਰਾ ਮਨਾਇਆ ਜਾਂਦਾ ਹੈ। ਇਸ ਦਿਨ ਕਿਸਾਨ ਆਪਣੀ ਪੱਕੀ ਫਸਲ ਨੂੰ ਵੇਖ ਕੇ ਖੁਸ਼ ਹੁੰਦਾ ਹੈ ਅਤੇ ਇਸ ਦਿਨ ਤੋਂ ਕਣਕ ਦੀ ਵਾਢੀ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਪੰਜਾਬ ਵਿਚ ਵਿਸਾਖੀ ਦੇ ਮੌਕੇ ’ਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਦਮਦਮਾ ਸਾਹਿਬ (ਤਲਵੰਡੀ ਸਾਬੋ), ਕਰਤਾਰਪੁਰ (ਜਲੰਧਰ) ਅਤੇ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਮੇਲੇ ਲਗਦੇ ਹਨ। ਅੱਜ ਵੀ ਦੇਸ਼ ਭਰ ਦੇ ਧਾਰਮਿਕ ਲੋਕ ਪਵਿੱਤਰ ਸਰੋਵਰਾਂ ਅਤੇ ਨਦੀਆਂ ਵਿੱਚ ਇਸ਼ਨਾਨ ਕਰਦੇ ਹਨ। ਇਸ ਦਿਨ ਧਾਰਮਿਕ ਸਥਾਨਾਂ ਅਤੇ ਗੁਰਧਾਮਾਂ ਵਿੱਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ।

ਆਓ ਅੱਜ ਵਿਸਾਖੀ ਦੇ ਪਵਿੱਤਰ ਦਿਹਾੜੇ ’ਤੇ ਸੰਕਲਪ ਕਰੀਏ ਕਿ ਅਸੀਂ ਸਾਰੇ ਮਿਲ ਕੇ ਦੂਜਿਆਂ ਦੇ ਦੁੱਖ-ਸੁੱਖ ਸਾਂਝੇ ਕਰਾਂਗੇ ਤਾਂ ਜੋ ਇਸ ਤਿਉਹਾਰ ਦੀ ਖੁਸ਼ੀ ਆਪਣੇ ਅਜ਼ੀਜ਼ਾਂ ਨਾਲ ਦੁੱਗਣੀ ਹੋ ਜਾਵੇ। ਇਹ ਤਿਉਹਾਰ ਸਾਨੂੰ ਯਾਦ ਦਿਵਾਉਂਦੇ ਹਨ ਕਿ ਸਾਡੀ ਪੁਰਾਣੀ ਵਿਰਾਸਤ ਕਿਸ ਤਰਾਂ ਦੀ ਸੀ। ਆਓ, ਅਸੀਂ ਉਸ ਪੁਰਾਣੇ ਸਮੇਂ ਨੂੰ ਯਾਦ ਕਰੀਏ ਅਤੇ ਤੇਜ਼ੀ ਨਾਲ ਚੱਲ ਰਹੇ ਜੀਵਨ ਵਿੱਚ ਆਪਸੀ ਭਾਈਚਾਰਕ ਸਾਂਝ, ਸਹਿਯੋਗ ਅਤੇ ਨੇੜਤਾ ਨੂੰ ਬਣਾ ਕੇ ਰੱਖੀਏ।

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

ਕਿਸ਼ਤ : 22

ਅਹਿਮਦ ਸ਼ਾਹ ਅਬਦਾਲੀ ਨੇ ਪਾਣੀਪਤ ਦੀ ਜਿੱਤ ਪਿੱਛੋਂ ਆਲਮਗੀਰ ਦੂਜੇ ਨੂੰ ਦਿੱਲੀ ਦਾ ਬਾਦਸ਼ਾਹ ਬਣਾਇਆ ਤੇ 20 ਮਾਰਚ 1761 ਨੂੰ ਉੱਥੋਂ ਤੁਰ ਪਿਆ। 29 ਮਾਰਚ ਨੂੰ ਉਹ ਸਰਹਿੰਦ ਪਹੁੰਚਿਆ। ਜੈਨ ਖਾਂ ਨੂੰ ਸਰਹਿੰਦ ਦਾ ਫੌਜਦਾਰ ਬਣਾਇਆ ਤੇ ਰਸਤੇ ਵਿਚ ਲੁੱਟ-ਮਾਰ ਕਰਦਾ ਹੋਇਆ ਪੰਜਾਬ ਵਲ ਤੁਰ ਪਿਆ। ਉਸਦੀ ਫੌਜ ਲੁੱਟ ਦੇ ਮਾਲ ਨਾਲ ਲੱਦੀ ਹੋਈ ਸੀ। ਕਿਸੇ ਵੀ ਘਰ ਵਿਚ ਛਕੜਾ, ਖੱਚਰ, ਘੋੜਾ ਜਾਂ ਊਠ ਨਹੀਂ ਸੀ ਛੱਡਿਆ ਗਿਆ। ਸਾਰਿਆਂ ਉੱਤੇ ਲੁੱਟ ਦਾ ਮਾਲ ਲੱਦਿਆ ਹੋਇਆ ਸੀ ਤੇ ਕੈਦੀ ਸਨ, ਜਿਨਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਬਰਸਾਤ ਦੇ ਦਿਨ ਨਹੀਂ ਸਨ ਫੇਰ ਵੀ ਮੀਂਹ ਖ਼ੂਬ ਵਰਿਆ ਸੀ ਤੇ ਸਤਿਲੁਜ ਵਿਚ ਹੜ ਆਇਆ ਹੋਇਆ ਸੀ। ਇਸ ਲਈ ਅਬਦਾਲੀ ਨੂੰ ਉੱਥੇ ਇਕ ਹਫ਼ਤਾ ਰੁਕਣਾ ਪਿਆ। ਫੇਰ ਸਤਿਲੁਜ ਨੂੰ ਪਾਰ ਕਰਨ ਵਿਚ ਚਾਰ ਦਿਨ ਲੱਗੇ। ਕੁਝ ਬੇੜੀਆਂ ਇਧਰੋਂ ਉਧਰੋਂ ਲਿਆਂਦੀਆਂ ਗਈਆਂ ਤੇ ਕੁਝ ਉਸਦੇ ਆਪਣੇ ਕੈਂਪ ਵਿਚ ਤਿਆਰ ਕੀਤੀਆਂ ਗਈਆਂ। ਹੁਣ ਉਹ ਗੋਇੰਦਵਾਲ ਵੱਲ ਵਧ ਰਿਹਾ ਸੀ ਜਿੱਥੋਂ ਉਸਨੇ ਬਿਆਸ ਨੂੰ ਪਾਰ ਕਰਨਾ ਸੀ। ਸਾਫ ਅਸਮਾਨ ਵਿਚ ਬੱਦਲ ਤੈਰ ਰਹੇ ਸਨ। ਇਸ ਲਈ ਇਹ ਸ਼ੰਕਾ ਸੀ ਕਿਤੇ ਮੀਂਹ ਫੇਰ ਨਾ ਸ਼ੁਰੂ ਹੋ ਜਾਏ। ਗਰਮੀ ਵਧ ਰਹੀ ਸੀ ਤੇ ਉਸਨੂੰ ਆਪਣੇ ਮੁਲਕ ਪਹੁੰਚ ਜਾਣ ਦੀ ਕਾਹਲ ਸੀ। ਉਸ ਕਾਹਲ ਵਿਚ ਇਕ ਭੈ ਵੀ ਛੁਪਿਆ ਹੋਇਆ ਸੀ। ਉਹ ਸੀ ਸਿੱਖਾਂ ਦਾ ਭੈ ਕਿ ਪਤਾ ਨਹੀਂ ਕਿੱਧਰੋਂ ਤੇ ਕਦੋਂ ਧਾਵਾ ਬੋਲ ਦੇਣ ਤੇ ਪਾਣੀਪਤ ਦੀ ਜਿੱਤ ਦੀ ਸ਼ਾਨ ਧੂੜ ਵਿਚ ਮਿਲਾਅ ਦੇਣ।

ਇਹ ਭੈ ਕਲਪਿਤ ਨਹੀਂ ਇਕ ਯਥਾਰਥ ਸੀ। ਪਹਿਲਾਂ ਨਾਦਰ ਸ਼ਾਹ ਨੂੰ ਤੇ ਫੇਰ ਖ਼ੁਦ ਅਹਿਮਦ ਸ਼ਾਹ ਨੂੰ ਵੀ ਹਰ ਹਮਲੇ ਵਿਚ ਸਿੱਖਾਂ ਨੇ ਆਪਦੇ ਕੌਤਕ ਦਿਖਾਏ ਸਨ। ਇਸ ਵਾਰੀ ਤਾਂ ਉਹਨਾਂ ਨੇ ਚੋਖੀ ਤਿਆਰੀ ਵੀ ਕੀਤੀ ਹੋਈ ਸੀ। ਉਹਨਾਂ ਨੇ ਅਬਦਾਲੀ ਦੀ ਫੌਜ ਉੱਤੇ ਹਮਲੇ ਕਰਕੇ ਸਿਰਫ ਉਸਨੂੰ ਲੁੱਟਣਾ ਹੀ ਨਹੀਂ ਸੀ, ਬਲਕਿ ਉਨਾਂ ਔਰਤਾਂ ਤੇ ਮਰਦਾਂ ਨੂੰ ਰਿਹਾਅ ਵੀ ਕਰਵਾਉਣਾ ਸੀ ਜਿਨਾਂ ਨੂੰ ਉਹ ਕੈਦੀ ਬਣਾ ਕੇ ਲੈ ਜਾ ਰਿਹਾ ਸੀ। ਇਸ ਮੁਹਿੰਮ ਵਿਚ ਸਾਰੀਆਂ ਮਿਸਲਾਂ ਦੇ ਮਿਸਲਦਾਰ ਸ਼ਾਮਲ ਸਨ ਤੇ ਉਹ ਗੋਇੰਦਵਾਲ ਤੋਂ ਦਸ ਕੋਹ ਦੇ ਫਾਸਲੇ ਉਪਰ ਜੰਗਲ ਵਿਚ ਘਾਤ ਲਾਈ ਬੈਠੇ ਸਨ। ਦਲ ਸੈਨਾ ਨੂੰ ਤਿੰਨ ਭਾਗਾਂ ਵਿਚ ਵੰਡ ਲਿਆ ਗਿਆ ਸੀ। ਇਕ ਭਾਗ ਉਹ ਜਿਹੜਾ ਦੁਰਾਨੀਆਂ ਨਾਲ ਲੜੇਗਾ, ਦੂਜਾ ਭਾਗ ਕੈਦੀਆਂ ਨੂੰ ਮੁਕਤ ਕਰਵਾ ਕੇ ਭਜਾ ਲਿਆਏਗਾ ਤੇ ਤੀਜਾ ਭਾਗ ਮੁਕਤ ਕੈਦੀਆਂ ਨੂੰ ਸੁਰੱਖਿਅਤ ਸਥਾਨ ਉਪਰ ਪਹੁੰਚਾਉਣ ਦਾ ਕੰਮ ਕਰੇਗਾ। ਪਹਿਲੇ ਭਾਗ ਦੀ ਕਮਾਨ ਚੜਤ ਸਿੰਘ ਸ਼ੁਕਰਚਕੀਆ ਨੂੰ ਸੌਂਪੀ ਗਈ, ਦੂਜੇ ਭਾਗ ਦੀ ਕਮਾਨ ਜੈ ਸਿੰਘ ਦੇ ਹੱਥ ਸੀ ਤੇ ਤੀਜੇ ਭਾਗ ਦੀ ਕਮਾਨ ਖ਼ੁਦ ਜੱਸਾ ਸਿੰਘ ਨੇ ਆਪਣੇ ਹੱਥ ਰੱਖੀ ਸੀ। ਜਿਹੜੇ ਭੱਜ ਨਹੀਂ ਸਕਦੇ ਸਨ, ਖਾਸ ਕਰਕੇ ਔਰਤਾਂ, ਬੱਚੇ ਤੇ ਬੁੱਢੇ, ਉਨਾਂ ਲਈ ਛਕੜਿਆਂ, ਘੋੜਿਆਂ ਆਦਿ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।

ਚੜਤ ਸਿੰਘ ਤੇ ਜੈ ਸਿੰਘ ਆਪੋ-ਆਪਣੀ ਮਿਸਲ ਦੇ ਜੱਥੇਦਾਰ ਸਨ ਤੇ ਜੱਸਾ ਸਿੰਘ ਆਪਣੀ ਮਿਸਲ ਦਾ ਜੱਥੇਦਾਰ ਹੋਣ ਦੇ ਨਾਲ ਨਾਲ ਦਲ-ਖਾਲਸਾ ਦਾ ਜੱਥੇਦਾਰ ਵੀ ਸੀ। ਮੁਹਿੰਮ ਦੀ ਸਫਲਤਾ ਅਸਫਲਤਾ ਦੀ ਪੂਰੀ ਜ਼ਿਮੇਂਵਾਰੀ ਉਸ ਉਪਰ ਸੀ। 1748 ਵਿਚ ਜਦੋਂ ਦਲ-ਖਾਲਸਾ ਦੀ ਸਥਾਪਨਾ ਹੋਈ ਸੀ ਤਾਂ ਨਵਾਬ ਕਪੂਰ ਸਿੰਘ ਨੇ ਉਸ ਨੂੰ ਆਪਣਾ ਉਤਰ ਅਧਿਕਾਰੀ ਬਣਾਉਂਦਿਆਂ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਤਲਵਾਰ ਸੌਂਪਦਿਆਂ ਹੋਇਆਂ ਕਿਹਾ ਸੀ :- 'ਜੱਸਾ ਸਿੰਘਾ, ਹੁਣ ਤੂੰ ਪੰਥ ਦਾ ਸਰਦਾਰ ਏਂ। ਪੰਥ ਦੀ ਇੱਜ਼ਤ ਨੂੰ ਆਪਣੀ ਇੱਜ਼ਤ ਸਮਝੀਂ। ਗੁਰੂ ਦੇ ਇਸ ਵਾਕ ਨੂੰ ਹਮੇਸ਼ਾ ਚੇਤੇ ਰੱਖੀਂ 'ਮੇਰਾ ਮੁਝ ਮੇਂ ਕੁਛ ਨਹੀਂ, ਜੋ ਕੁਛ ਹੈ ਸੋ ਤੇਰਾ'। ਜੋ ਕੁਝ ਹੈ ਸਭ ਪੰਥ ਦਾ ਹੈ।'

21 ਅਪ੍ਰੈਲ ਦੀ ਸਵੇਰ, ਚਿੜੀਆਂ ਚਹਿ-ਚਹਾਅ ਰਹੀਆਂ ਸਨ ਪਰ ਸੂਰਜ ਅਜੇ ਨਿਕਲਿਆ ਨਹੀਂ ਸੀ। ਤੇਜ਼ ਹਵਾ ਚੱਲ ਰਹੀ ਸੀ। ਰੁੱਖਾਂ ਦੇ ਪੁਰਾਣੇ ਪੱਤੇ ਝੜ ਰਹੇ ਸਨ ਤੇ ਨਵੀਂਆ ਕਰੂੰਬਲਾਂ ਫੁੱਟ ਆਈਆਂ ਸਨ। ਜੱਸਾ ਸਿੰਘ ਆਪਣੇ ਕੈਂਪ ਵਿਚ ਇਕੱਲਾ ਬੈਠਾ, ਅਤੀਤ ਦੇ ਲੇਖੇ-ਜੋਖੇ ਵਿਚ ਗਵਾਚਿਆ ਹੋਇਆ ਸੀ। ਨਵਾਬ ਕਪੂਰ ਸਿੰਘ ਨੇ ਜਿਹੜੀ ਜ਼ਿਮੇਵਾਰੀ ਉਸਨੂੰ ਸੌਂਪੀ ਸੀ, ਇਸ ਵਿਚ ਸ਼ੱਕ ਨਹੀਂ ਸੀ ਕਿ ਬੜੀ ਵੱਡੀ ਜ਼ਿਮੇਵਾਰੀ ਸੀ। ਨਵਾਬ ਕਪੂਰ ਸਿੰਘ ਨੂੰ ਇਹ ਵਿਸ਼ਵਾਸ ਸੀ ਕਿ ਵਿਧਵਾ ਮਾਂ ਦਾ ਇਹ ਇਕਲੌਤਾ ਪੁੱਤਰ ਇਸ ਜ਼ਿਮੇਂਵਾਰੀ ਨੂੰ ਨਿਭਾਏਗਾ ਤਦੇ ਤਾਂ ਉਨਾਂ ਉਸਨੂੰ ਆਪਣਾ ਦੱਤਕ (ਮੁਤਬੰਨਾ) ਪੁੱਤਰ ਬਣਾਇਆ ਤੇ ਆਪਣੇ ਹੱਥੀਂ ਪੰਥ ਦਾ ਸਰਦਾਰ ਬਣਾਇਆ ਸੀ। ਜੱਸਾ ਸਿੰਘ ਵੀ ਨਵਾਬ ਦੇ ਇਸ ਵਿਸ਼ਵਾਸ ਉੱਤੇ ਪੂਰਾ ਉਤਰਿਆ ਸੀ। ਉਸਨੇ ਇਸ ਜ਼ਿਮੇਂਵਾਰੀ ਨੂੰ ਜੀਅ-ਜਾਨ, ਆਣ-ਬਾਣ ਨਾ ਨਿਭਾਇਆ ਸੀ ਤੇ ਪੰਥ ਨੂੰ ਹਰ ਕਦਮ ਅੱਗੇ ਵਧਾਇਆ ਸੀ। ਉਸਦੀ ਸ਼ਾਨ ਵੱਲ ਕਦੀ ਉਂਗਲ ਨਹੀਂ ਸੀ ਉਠਣ ਦਿੱਤੀ। ਹੁਣ ਉਸਦੇ ਸਾਹਮਣੇ ਇਕ ਬੜੀ ਵੱਡੀ ਮੁਹਿੰਮ ਸੀ ਜਿਸ ਵਿਚ ਪੰਥ ਦੀ ਮਾਣ-ਮਰਿਆਦਾ ਦਾਅ ਉੱਤੇ ਲੱਗੀ ਹੋਈ ਸੀ। ਹੁਣ ਤਕ ਖਾਲਸਾ ਨੇ ਵਾਪਸ ਪਰਤ ਰਹੇ ਦੁਰਾਨੀ ਨੂੰ ਸਿਰਫ ਲੁੱਟਿਆ ਹੀ ਸੀ। ਇਸ ਵਿਚ ਸ਼ੱਕ ਨਹੀਂ ਕਿ ਉਸਨੂੰ ਲੁੱਟ ਲੈਣਾ ਕੋਈ ਖੇਡ ਨਹੀਂ ਸੀ ਪਰ ਕੈਦੀਆਂ ਨੂੰ ਮੁਕਤ ਕਰਵਾਉਣਾ ਤਾਂ ਲੁੱਟ ਲੈਣ ਨਾਲੋਂ ਵੱਧ ਔਖਾ ਕੰਮ ਸੀ। ਜੱਸਾ ਸਿੰਘ ਨੂੰ ਹਮਲੇ ਦੀ ਅਜਿਹੀ ਯੋਜਨਾ ਬਣਾਉਣੀ ਪੈਣੀ ਸੀ ਕਿ ਸੱਪ ਵੀ ਮਰ ਜਾਏ ਤੇ ਸੋਟੀ ਵੀ ਨਾ ਟੁੱਟੇ। ਭਾਵ ਇਹ ਕਿ ਘੱਟ ਤੋਂ ਘਟ ਖਤਰਾ ਮੁੱਲ ਲੈ ਕੇ ਕੈਦੀਆਂ ਨੂੰ ਮੁਕਤ ਕਰਵਾਇਆ ਜਾ ਸਕੇ ਤੇ ਉਨਾਂ ਦੀ ਪ੍ਰਾਣ-ਰੱਖਿਆ ਵੀ ਹੋ ਸਕੇ। ਇਹ ਯੋਜਨਾ ਤਾਂ ਹੀ ਬਣ ਸਕਦੀ ਸੀ ਜੇ ਦੁਰਾਨੀ ਸੈਨਾ ਬਾਰੇ ਪੂਰੀ ਜਾਣਕਾਰੀ ਮਿਲ ਜਾਂਦੀ ਤੇ ਇਹ ਵੀ ਪਤਾ ਲੱਗ ਜਾਂਦਾ ਕਿ ਦਰਿਆ ਪਾਰ ਕਰਨ ਸਮੇਂ ਕੈਦੀ ਦੁਰਾਨੀ ਦੀ ਸੈਨਾ ਦੇ ਕਿਸ ਹਿੱਸੇ ਵਿਚ ਹੁੰਦੇ ਹਨ ਤੇ ਉਹਨਾਂ ਦੀ ਰੱਖਿਆ ਦਾ ਕੀ ਪ੍ਰਬੰਧ ਹੈ। ਸੂਹੀਏ ਭੇਜ ਦਿੱਤੇ ਗਏ ਸਨ। ਜੱਸਾ ਸਿੰਘ ਨੂੰ ਉਨਾਂ ਦੀ ਉਡੀਕ ਵੀ ਸੀ।

'ਸਰਦਾਰ ਜੀ।' ਤੰਬੂ ਦੇ ਬਾਹਰ ਖੜੇ ਸੰਤਰੀ ਨੇ ਅੰਦਰ ਆ ਕੇ ਖ਼ਬਰ ਦਿੱਤੀ, 'ਇਕ ਆਦਮੀ ਬਾਹਰ ਖੜਾ ਏ ਜੀ, ਉਹ ਤੁਹਾਨੂੰ ਮਿਲਣਾ ਚਾਹੁੰਦਾ ਹੈ। ਉਸਨੇ ਆਪਣਾ ਨਾਂ ਨੂਰਾ ਮਲਾਹ ਦੱਸਿਆ ਏ ਤੇ ਅਹਿ ਪਿੱਪਲ ਦਾ ਪੱਤਾ ਵੀ ਦਿੱਤਾ ਏ।'

'ਠੀਕ ਏ। ਉਸਨੂੰ ਅੰਦਰ ਭੇਜ ਦਿਓ।' ਜੱਸਾ ਸਿੰਘ ਨੇ ਪੱਤਾ ਸੰਤਰੀ ਦੇ ਹੱਥੋਂ ਲੈ ਲਿਆ ਸੀ। ਇਹ ਪਤਾ ਆਉਣ ਵਾਲੇ ਦੇ ਸੂਹੀਆ ਹੋਣ ਦੀ ਨਿਸ਼ਾਨੀ ਸੀ।

ਇਕ ਦਰਮਿਆਨੇ ਕੱਦ ਤੇ ਨਰੋਈ ਸਿਹਤ ਦਾ ਆਦਮੀ ਅੰਦਰ ਆਇਆ। ਉਸਨੇ ਛੋਟੀ ਜਿਹੀ ਅੱਧੀਆਂ ਬਾਹਾਂ ਵਾਲੀ ਬੰਡੀ ਪਾਈ ਹੋਈ ਸੀ ਤੇ ਗੋਡਿਆਂ ਤਕ ਉਚੀ ਧੋਤੀ ਬੰਨੀ ਹੋਈ ਸੀ ਜਿਸਦਾ ਲੜ ਪਿੱਛੇ ਟੁੰਗਿਆ ਹੋਇਆ ਸੀ। ਉਸਦੇ ਸਿਰ ਉਪਰ ਇਕ ਮੈਲਾ ਜਿਹਾ ਪਰਨਾ ਲਪੇਟਿਆ ਹੋਇਆ ਸੀ।

'ਨੂਰਾ ਮਲਾਹ ?' ਜੱਸਾ ਸਿੰਘ ਨੇ ਉਸਨੂੰ ਸਿਰ ਤੋਂ ਪੈਰਾਂ ਤੀਕ ਦੇਖ ਕੇ ਪੁੱਛਿਆ।

'ਹਾਂ ਜੀ, ਮੈਂ ਈ ਨੂਰਾ ਮਲਾਹ ਆਂ।' ਆਉਣ ਵਾਲੇ ਨੇ ਉਤਰ ਦਿੱਤਾ।

'ਕੀ ਸਮਾਚਾਰ ਏ ?'

'ਸਰਦਾਰ ਜੀ ਦੁੱਰਾਨੀ ਜਦੋਂ ਸਤਿਲੁਜ ਪਾਰ ਕਰ ਰਿਹਾ ਸੀ ਮੈਂ ਉੱਥੇ ਈ ਸਾਂ। ਇਸ ਲਈ ਮੈਂ ਸਭ ਕੁਝ ਆਪਣੀ ਅੱਖੀਂ ਦੇਖਿਆ ਏ ਜੀ।'

'ਕੀ ਦੇਖਿਆ ਏ ਬਈ ?'

'ਦੁੱਰਾਨੀ ਸੈਨਾ ਨੂੰ ਦਰਿਆ ਪਾਰ ਕਰਨ ਵਿਚ ਚਾਰ ਦਿਨ ਲੱਗੇ ਜੀ। ਪਹਿਲੇ ਦੋ ਦਿਨਾਂ ਵਿਚ ਅੱਧੀਓਂ ਵੱਧ ਸੈਨਾ ਦੂਜੇ ਕਿਨਾਰੇ ਜਾਂਦੀ ਰਹੀ। ਤੀਜੇ ਦਿਨ ਲੁੱਟ ਦੇ ਮਾਲ ਨਾਲ ਲੱਦੇ ਛਕੜੇ, ਊਠ ਤੇ ਘੋੜੇ ਆਦਿ ਤੇ ਉਨਾਂ ਦੇ ਨਿਗਰਾਨ ਸੈਨਕ ਉਸ ਪਾਰ ਭੇਜ ਦਿੱਤੇ ਗਏ, ਅਜੇ ਅਬਦਾਲੀ ਇਸ ਪਾਰ ਹੀ ਸੀ, ਸ਼ਾਮ ਨੂੰ ਉਹ ਵੀ ਉਸ ਪਾਰ ਚਲਾ ਗਿਆ। ਹੁਣ ਇਸ ਪਾਰ ਕੈਦੀ ਔਰਤਾਂ-ਮਰਦ ਤੇ ਨੂਰੂਦੀਨ ਦੀ ਕਮਾਨ ਵਿਚ ਪੰਜ ਸੌ ਸਿਪਾਹੀ ਹੀ ਸਨ, ਜਿਨਾਂ ਚੌਥੇ ਦਿਨ ਦਰਿਆ ਪਾਰ ਕੀਤਾ ਜੀ।'

'ਕੀ ਉਹ ਬਿਆਸ ਦਰਿਆ ਵੀ ਇੰਜ ਈ ਪਾਰ ਕਰਨਗੇ ?'

'ਖ਼ਿਆਲ ਤਾਂ ਇਹੀ ਏ ਜੀ। ਜੇ ਹੋਰ ਕੋਈ ਬਦਲ ਫੇਰ ਹੋਇਆ ਤਾਂ ਉਸਦੀ ਸੂਚਨਾ ਤੁਹਾਨੂੰ ਭੇਜ ਦਿੱਤੀ ਜਾਏਗੀ।'

ਨੂਰਾ ਮਲਾਹ ਜਿੰਨੀ ਪੈਰੀਂ ਆਇਆ ਓਨੀਂ ਪੈਰੀਂ ਮੁੜ ਗਿਆ। ਜੱਸਾ ਸਿੰਘ ਨੇ ਚੜਤ ਸਿੰਘ, ਜੈ ਸਿੰਘ ਤੇ ਹੋਰ ਮਿਸਲਦਾਰਾਂ ਨੂੰ ਆਪਣੇ ਤੰਬੂ ਵਿਚ ਬੁਲਾਅ ਕੇ ਇਹ ਜਾਣਕਾਰੀ ਦਿੱਤੀ। ਫੇਰ ਕਿਹਾ, 'ਅਬਦਾਲੀ ਨੂੰ ਵਧੇਰੇ ਫ਼ਿਕਰ ਲੁੱਟ ਦੇ ਮਾਲ ਦੀ ਜਾਪਦੀ ਏ ਇਸੇ ਲਈ ਉਸਨੇ ਆਪਣਾ ਵਧੇਰੇ ਧਿਆਨ ਤੇ ਤਾਕਤ ਉਸ ਵੱਲ ਲਾਈ ਹੋਈ ਏ। ਕੈਦੀਆਂ ਦੀ ਉਸਨੂੰ ਪ੍ਰਵਾਹ ਹੀ ਨਹੀਂ ਜਾਪਦੀ। ਸ਼ਾਇਦ ਉਹ ਸੋਚਦਾ ਹੋਏ ਕਿ ਅਸੀਂ ਲੋਕ ਉਸਨੂੰ ਲੁੱਟਣ ਲਈ ਹੀ ਹਮਲਾ ਕਰਾਂਗੇ, ਕੈਦੀਆਂ ਨੂੰ ਛੁਡਾਉਣ ਵਾਸਤੇ ਨਹੀਂ। ਜਦੋਂ ਉਸਦੀ ਵਧੇਰੇ ਸੈਨਾ ਤੇ ਲੁੱਟ ਦਾ ਮਾਲ ਉਸ ਪਾਰ ਚਲਾ ਜਾਂਦਾ ਹੈ ਤਾਂ ਅਬਦਾਲੀ ਖ਼ੁਦ ਵੀ ਉਸ ਪਾਰ ਚਲਾ ਜਾਂਦਾ ਹੈ। ਕੈਦੀ ਪਿੱਛੇ ਰਹਿ ਜਾਂਦੇ ਨੇ ਤੇ ਨੂਰੂਦੀਨ ਵਾਮੇਜਈ ਚਾਰ ਪੰਜ ਸੌ ਸੈਨਕਾਂ ਨਾਲ ਉਹਨਾਂ ਦੀ ਨਿਗਰਾਨੀ ਲਈ ਇਸ ਪਾਰ ਰਹਿ ਜਾਂਦਾ ਹੈ। ਖਾਲਸੇ ਲਈ ਚਾਰਪੰਜ ਸੌ ਦੁਰਾਨੀਆਂ ਨਾਲ ਜੂਝਣਾ ਕੋਈ ਔਖਾ ਨਹੀਂ। ਉਹ ਲੋਕ ਕੱਲ ਗੋਇੰਦਵਾਲ ਪਹੁੰਚ ਰਹੇ ਨੇ। ਜਦੋਂ ਸਿਰਫ਼ ਕੈਦੀ ਇਸ ਪਾਰ ਰਹਿ ਜਾਣਗੇ, ਉਦੋਂ ਅਸੀਂ ਧਾਵਾ ਬੋਲਣਾ ਏਂ...ਤੇ ਧਾਵੇ ਲਈ ਪਹਿਲਾਂ ਹੀ ਤਿਆਰ ਰਹਿਣਾ ਏਂ।'

ਖਾਲਸੇ ਨੇ ਇਸ ਯੋਜਨਾ ਅਨੁਸਾਰ ਸਾਰੀ ਤਿਆਰੀ ਮੁਕੰਮਲ ਕਰ ਲਈ। ਜਦੋਂ ਤੀਜੇ ਦਿਨ ਅਬਦਾਲੀ ਵੀ ਉਸ ਪਾਰ ਚਲਾ ਗਿਆ ਤਾਂ ਚੜਤ ਸਿੰਘ ਤੇ ਜੈ ਸਿੰਘ ਨੇ ਅਚਾਨਕ ਹੱਲਾ ਬੋਲ ਦਿੱਤਾ। 'ਠਾਹ-ਠਾਹ, ਖਚਾ-ਖੱਚ'। ਦੁਸ਼ਮਣ ਸੈਨਾ ਵਿਚ ਭਗਦੜ ਮੱਚ ਗਈ। ਜਿਹੜਾ ਜੱਥਾ ਜੱਸਾ ਸਿੰਘ ਦੀ ਕਮਾਨ ਵਿਚ ਸੀ, ਉਨਾਂ ਕੈਦੀਆਂ ਨੂੰ ਮੁਕਤ ਕਰਵਾਇਆ ਤੇ ਸਹਿਜੇ ਹੀ ਭਜਾਅ ਲਿਆਏ।

ਜੱਸਾ ਸਿੰਘ ਨੇ ਮੁਕਤ ਕਰਵਾਏ ਕੈਦੀਆਂ ਨੂੰ ਘਰੋ ਘਰ ਪਹੁੰਚਾਉਣ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਗੁਇੰਦਵਾਲ ਤੋਂ ਦਸ ਕੋਹ ਦੇ ਫਾਸਲੇ ਉਪਰ ਜੰਗਲ ਵਿਚ ਉਨਾਂ ਦੇ ਫਰਿਆਦੀ ਰਿਸ਼ਤੇਦਾਰ ਵੀ ਮੌਜੂਦ ਸਨ। ਉਹ ਆਪਣੇ ਪੁੱਤਰਾਂ ਧੀਆਂ ਦੇ ਗਲ਼ੇ ਲੱਗ ਲੱਗ ਮਿਲੇ ਤਾਂ ਉਨਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਬਾਈ ਸੌ ਦੇ ਲਗਭਗ ਔਰਤਾਂ ਮੁਕਤ ਕਰਵਾਈਆਂ ਗਈਆਂ ਸਨ, ਉਨਾਂ ਵਿਚ ਢਾਈ ਸੌ ਦੇ ਕਰੀਬ ਹਿੰਦੁਸਤਾਨੀ ਮੁਸਲਮਾਨ ਔਰਤਾਂ ਵੀ ਸਨ। ਉਨਾਂ ਦੇ ਸਾਕ ਸਬੰਧੀ ਵੀ ਉੱਥੇ ਮੌਜੂਦ ਸਨ। ਉਨਾਂ ਅੱਲਾ ਦਾ ਸ਼ੁਕਰ ਅਦਾ ਕੀਤਾ ਤੇ ਖਾਲਸਾ ਜੀ ਦਾ ਲੱਖ ਲੱਖ ਧੰਨਵਾਦ। ਜਿਨਾਂ ਮੁਕਤ ਹੋਏ ਕੈਦੀਆਂ ਦੇ ਰਿਸ਼ਤੇਦਾਰ ਉੱਥੇ ਮੌਜੂਦ ਨਹੀਂ ਸਨ, ਉਹ ਉਨਾਂ ਨੂੰ ਆਪਣੇ ਘਰ ਲੈ ਗਏ। ਜਿਹੜੇ ਲੋਕ ਖ਼ੁਦਾ ਆਪਣੇ ਘਰੀਂ ਜਾ ਸਕਦੇ ਸਨ, ਉਹ ਆਪ ਚਲੇ ਗਏ ਤੇ ਬਾਕੀਆਂ ਨੂੰ ਪੂਰੀ ਹਿਫ਼ਾਜਤ ਨਾਲ ਉਨਾਂ ਦੇ ਘਰੀਂ ਪਹੁਚਾਉਣ ਦਾ ਪ੍ਰਬੰਧ ਕੀਤਾ ਗਿਆ।

ਇਸ ਮੁਹਿੰਮ ਵਿਚ ਭੂਪ ਸਿੰਘ ਵੀ ਖਾਲਸਾ ਸੈਨਕ ਦੀ ਵਰਦੀ ਵਿਚ ਜੱਥੇਦਾਰ ਜੈ ਸਿੰਘ ਦੇ ਜੱਥੇ ਵਿਚ ਸ਼ਾਮਲ ਸੀ। ਉਹ ਦੁਰਾਨੀਆਂ ਤੇ ਕੈਦੀਆਂ ਬਾਰੇ ਬੜਾ ਕੁਝ ਜਾਣਦਾ ਸੀ। ਇਸ ਲਈ ਉਨਾਂ ਨੂੰ ਮੁਕਤ ਕਰਵਾਉਣ ਲਈ ਜੈ ਸਿੰਘ ਦੀ ਮਦਦ ਕਰ ਰਿਹਾ ਸੀ। ਜਿਨਾਂ ਕੈਦੀਆਂ ਨੂੰ ਉਹ ਆਪਣੀ ਨਿਗਰਾਨੀ ਵਿਚ ਘਰੋ-ਘਰ ਪਹੁੰਚਾ ਰਹੇ ਸਨ, ਉਨਾਂ ਵਿਚ ਸਤਾਰਾਂ ਅਠਾਰਾਂ ਸਾਲ ਦੀ ਇਕ ਹੁਸੀਨ ਕੁੜੀ ਸੀ। ਉਸਦਾ ਨਾਂ ਸਾਵਿਤਰੀ ਸੀ ਪਰ ਘਰਵਾਲੇ ਤੇ ਆਂਢ-ਗੁਆਂਢ ਵਾਲੇ ਉਸਨੂੰ 'ਸਾਬੋ' ਆਖ ਕੇ ਬੁਲਾਉਂਦੇ ਹੁੰਦੇ ਸਨ। ਉਹ ਕਰਨਾਲ ਦੇ ਇਕ ਪੰਡਿਤ ਘਣਸ਼ਾਮ ਦਾਸ ਦੀ ਧੀ ਸੀ। ਜੱਸਾ ਸਿੰਘ ਨੇ ਉਸ ਨੂੰ ਇਕ ਨਜ਼ਰੇ ਦੇਖਿਆ, ਫੇਰ ਭੂਪ ਸਿੰਘ ਨੂੰ ਆਪਣੇ ਕੋਲ ਬੁਲਾਇਆ ਤੇ ਧੀਮੀ ਆਵਾਜ਼ ਵਿਚ ਪੁੱਛਿਆ :- 'ਜਾਣਦੇ ਓ, ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਲੰਗੋਟ ਦਾ ਪੱਕਾ ਰਹਿਣ ਦੀ ਸਿੱਖਿਆ ਦਿੱਤੀ ਏ' 'ਹਾਂ ਜੀ। ਜਾਣਦਾ ਹਾਂ।' 'ਇਸ ਕੁੜੀ ਨੂੰ ਇਸਦੇ ਘਰ ਤੁਸਾਂ ਪਹੁੰਚਾਉਣਾ ਏਂ।'

'ਸਤ ਬਚਨ ਮਹਾਰਾਜ।' ਭੂਪ ਸਿੰਘ ਨੇ ਦਰਿੜ ਆਵਾਜ਼ ਵਿਚ ਉਤਰ ਦਿੱਤਾ।

ਇਕ ਘੋੜੇ ਉਪਰ ਭੂਪ ਸਿੰਘ ਤੇ ਇਕ ਘੋੜੇ ਉੱਤੇ ਸਾਬੋ ਸਵਾਰ ਹੋ ਗਈ। ਭੂਪ ਸਿੰਘ ਦੇ ਮੋਢੇ ਉਪਰ ਬੰਦੂਕ ਸੀ ਤੇ ਸਹਾਇਕ ਦੇ ਰੂਪ ਵਿਚ ਦੋ ਹੋਰ ਸਵਾਰ ਨਾਲ ਹੋ ਲਏ। ਉਹ ਕਰਨਾਲ ਵਿਚ ਸਾਵਿਤਰੀ ਕੇ ਘਰ ਪਹੁੰਚੇ ਤਾਂ ਉਸਦੇ ਪਿਤਾ ਘਣਸ਼ਾਮ ਨਾਲ ਮੁਲਾਕਾਤ ਹੋਈ। ਉਹਨਾਂ ਦੇ ਮੱਥੇ ਉਪਰ ਚੰਦਨ ਦਾ ਤਿਲਕ ਲੱਗਾ ਹੋਇਆ ਸੀ ਤੇ ਸੱਜੇ ਗੁੱਟ ਉਪਰ ਲਾਲ ਧਾਗਾ ਵੱਝਿਆ ਹੋਇਆ ਸੀ। ਉਨਾਂ ਭੂਪ ਸਿੰਘ ਨਾਲ ਸਾਵਿਤਰੀ ਨੂੰ ਖਲੋਤਾ ਦੇਖਿਆ ਤਾਂ ਮੂੰਹ ਦੂਜੇ ਪਾਸੇ ਭੁੰਆਂ ਲਿਆ।





ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

'ਪੰਡਿਤ ਜੀ, ਅਸੀਂ ਤੁਹਾਡੀ ਬੇਟੀ ਨੂੰ ਲੈ ਆਏ ਹਾਂ ਤੇ ਤੁਸੀਂ ਇਧਰ ਦੇਖ ਹੀ ਨਹੀਂ ਰਹੇ।' ਭੂਪ ਸਿੰਘ ਨੇ ਕਿਹਾ।

'ਮੇਰੀ ਕੋਈ ਬੇਟੀ ਨਹੀਂ।' ਘਣਸ਼ਾਮ ਨੇ ਠੰਡੀ ਤੇ ਕਠੋਰ ਆਵਾਜ਼ ਵਿਚ ਉਤਰ ਦਿੱਤਾ।

'ਕੀ ਕਿਹਾ ? ਮੈਂ ਤੁਹਾਡੀ ਬੇਟੀ ਨਹੀਂ ?' ਸਾਵਿਤਰੀ ਬੋਲੀ।

'ਨਹੀਂ, ਹੁਣ ਤੂੰ ਮੇਰੀ ਬੇਟੀ ਨਹੀਂ। ਜਿੱਥੋਂ ਆਈ ਏਂ, ਉੱਥੇ ਚਲੀ ਜਾ ਵਾਪਸ।' ਘਣਸ਼ਾਮ ਨੇ ਉਤਰ ਦਿੱਤਾ ਤੇ ਪਿੱਛੇ ਹਟ ਕੇ ਦਰਵਾਜ਼ਾ ਭੀੜਣ ਲੱਗਾ।

'ਜ਼ਰਾ ਰੁਕਣਾ ਪੰਡਿਤ ਜੀ ਤੇ ਮੇਰੀ ਗੱਲ ਸੁਣਨਾ।' ਭੂਪ ਸਿੰਘ ਨੇ ਅਤਿ ਗੰਭੀਰ ਤੇ ਹੈਰਾਨੀ ਭਰੀ ਆਵਾਜ਼ ਵਿਚ ਕਿਹਾ। ਘਣਸ਼ਾਮ ਰੁਕ ਗਿਆ ਤੇ ਇਕ ਕਦਮ ਬਾਹਰ ਵੱਲ ਵੀ ਆ ਗਿਆ। ਭੂਪ ਸਿੰਘ ਫੇਰ ਬੋਲਿਆ, 'ਅਹਿ ਸਾਵਿਤਰੀ ਤਾਂ ਆਪਣੇ ਆਪ ਨੂੰ ਤੁਹਾਡੀ ਬੇਟੀ ਕਹਿ ਰਹੀ ਏ ਤੇ ਇਹ ਸਾਨੂੰ ਆਪਣੇ ਘਰ ਤਕ ਲੈ ਆਈ ਏ, ਤੁਸੀਂ ਓ ਕਿ ਇਸਨੂੰ ਆਪਣੀ ਬੇਟੀ ਮੰਨਣ ਤੋਂ ਇਨਕਾਰ ਕਰ ਰਹੇ ਓ ?'

'ਸਰਦਾਰਜੀ ਤੁਸੀਂ ਲੋਕ ਸਾਡੇ ਲਈ ਲੜਦੇ ਓ। ਸਾਡੀ ਰਾਖੀ ਕਰਦੇ ਓ, ਇਸ ਲਈ ਮੈਂ ਤੁਹਾਨੂੰ ਧੰਨਵਾਦ ਕਹਿੰਦਾ ਹਾਂ ਤੇ ਤੁਹਾਡਾ ਆਦਰ-ਮਾਣ ਕਰਦਾ ਹਾਂ। ਪਰ ਜਿਹੜੀ ਕੁੜੀ ਏਨੇ ਦਿਨ ਯਵਨਾ (ਤੁਰਕਾਂ) ਕੋਲ ਰਹੀ, ਉਸਨੂੰ ਅਸੀਂ ਆਪਣੇ ਘਰ ਕਿੰਜ ਵਾੜ ਲਈਏ ? ਇਹ ਸਾਡੇ ਧਰਮ ਦਾ, ਕੁਲ-ਮਰਿਆਦਾ ਦਾ ਸਵਾਲ ਏ ?'

'ਮਤਲਬ ਇਹ ਕਿ ਹੁਣ ਮੈਂ ਤੁਹਾਡੀ ਬੇਟੀ ਨਹੀਂ ਰਹੀ ?' 'ਹਾਂ, ਨਹੀਂ ਰਹੀ। ਤੂੰ ਜਿੱਥੇ ਚਾਹੇਂ ਜਾ ਸਕਦੀ ਏਂ।'

'ਮੈਂ ਤੁਹਾਡੇ ਧਰਮ ਤੇ ਤੁਹਾਡੀ ਕੁੱਲ-ਮਰਿਆਦਾ ਉਪਰ ਥੁੱਕਦੀ ਹਾਂ। ਥੂ-ਥੂ-ਥੂ।'

ਸਾਵਿਤਰੀ ਨੇ ਤਿੰਨ ਵਾਰੀ ਧਰਤੀ ਉਪਰ ਥੁੱਕਿਆ ਤੇ ਫੇਰ ਪਲਟ ਕੇ ਭੂਪ ਸਿੰਘ ਨੂੰ ਕਿਹਾ, 'ਚੱਲੋ ਭਾ-ਜੀ, ਮੈਂ ਏਸ ਚੰਡਾਲ ਦਾ ਮੂੰਹ ਵੀ ਦੇਖਣਾ ਨਹੀਂ ਚਾਹੁੰਦੀ।'

ਭੂਪ ਸਿੰਘ ਸਾਵਿਤਰੀ ਨੂੰ ਆਪਣੇ ਘਰ ਜੰਡਿਆਲ ਸ਼ੇਰਖ਼ਾਂ ਲੈ ਆਇਆ ਤੇ ਆਪਣੀ ਮਾਂ ਨੂੰ ਕਹਿਣ ਲੱਗਾ, 'ਲੈ ਮਾਂ, ਤੂੰ ਆਪਣੇ ਇਕੱਲੇਪਣ ਤੋਂ ਦੁਖੀ ਸੈਂ ਨਾ, ਬਹੂ ਤਾਂ ਜਦ ਆਏਗੀ ਤਦ ਆਏਗੀ, ਮੈਂ ਤੇਰੇ ਲਈ ਧੀ ਤੇ ਆਪਣੇ ਲਈ ਇਕ ਭੈਣ ਲੈ ਆਂਦੀ ਏ। ਅਸੀਂ ਇਸ ਲਈ ਕੋਈ ਚੰਗਾ ਜਿਹਾ ਮੁੰਡਾ ਲੱਭਾਂਗੇ ਤੇ ਇਸ ਦਾ ਵਿਆਹ ਰਚਾਅ ਦਿਆਂਗੇ। ਮੇਰੀ ਇਸ ਭੈਣ ਦਾ ਨਾਂ ਸਾਬੋ ਏ, ਇਹ ਮੇਰੇ ਗੁੱਟ ਉੱਤੇ ਰੱਖੜੀ ਬੰਨਿਆਂ ਕਰੇਗੀ। ਕਿਉਂ ?'

ਸਤਵੰਤ ਕੌਰ ਨੇ ਸਾਵਿਤਰੀ ਨੂੰ ਛਾਤੀ ਨਾਲ ਘੁੱਟ ਲਿਆ ਤੇ ਬੋਲੀ, 'ਆ ਮੇਰੀ ਧੀ ਰਾਣੀ, ਸਾਬੋ।' ਤੇ ਉਸਦਾ ਮੱਥਾ ਚੁੰਮ ਲਿਆ।

(ਚਲਦਾ...)

# ਪੰਜਾਬੀ ਮੀਡੀਆ ਪੰਜਾਬੀ ਸੱਭਿਆਚਾਰ ਨੂੰ ਲਗਾ ਰਿਹਾ ਏ ਢਾਹ

## ਪੰਜਾਬੀ ਗਾਇਕੀ ਵਿਚ ਮੁੱਖ-ਪਾਤਰ ਵਿਹਲੜ, ਹਿੰਸਕ ਅਤੇ ਨਸ਼ਈ

ਡਾ. ਵਿਸ਼ਾਲ ਕੁਮਾਰ

ਕਾਰਪੋਰੇਟ ਘਰਾਣੇ ਮੀਡੀਆ ਦੇ ਮਾਧਿਅਮ ਰਾਹੀਂ ਤੀਜੀ ਦੁਨੀਆ ਦੇ ਦੇਸ਼ਾਂ 'ਤੇ ਸੱਭਿਆਚਾਰਕ ਇਜਾਰੇਦਾਰੀ ਸਥਾਪਤ ਕਰਨਾ ਚਾਹੁੰਦੇ ਹਨ। ਪੰਜਾਬੀ ਮੀਡੀਆ (ਰੇਡੀਓ ਅਤੇ ਟੀਵੀ ਚੈਨਲ) ਵੀ ਇਸ ਤੋਂ ਅਛੂਤੇ ਨਹੀਂ ਹਨ। ਪੂੰਜੀਵਾਦ ਦੇ ਇਸ ਦੌਰ ਵਿਚ ਪੰਜਾਬੀ ਵਿਚ 100 ਦੇ ਕਰੀਬ ਰੇਡੀਓ ਚੈਨਲ ਅਤੇ 30 ਤੋਂ ਜ਼ਿਆਦਾ ਟੀਵੀ ਚੈਨਲ ਵੱਖ-ਵੱਖ ਬਹੁ-ਕੌਮੀ ਕੰਪਨੀਆਂ ਵੱਲੋਂ ਪ੍ਰਸਾਰਿਤ ਹੋ ਰਹੇ ਹਨ। ਕੰਪਿਊਟਰ ਤੇ ਮੋਬਾਈਲ 'ਤੇ ਇੰਟਰਨੈੱਟ ਦੀ ਸਹਾਇਤਾ ਨਾਲ ਸੋਸ਼ਲ ਮੀਡੀਆ ਸਾਈਟਸ ਫੇਸਬੁਕ, ਟਵਿੱਟਰ, ਵਟਸਐਪ, ਯੂ-ਟਿਊਬ ਆਦਿ ਦੀ ਵਰਤੋਂ ਕਰਨ ਵਿਚ ਵੀ ਪੰਜਾਬੀ ਕਿਸੇ ਤੋਂ ਪਿੱਛੇ ਨਹੀਂ ਹਨ। ਬਿਜਲਈ ਮੀਡੀਆ ਦੇ ਇਹ ਸਾਧਨ ਸਾਡੇ ਸੱਭਿਆਚਾਰਕ ਮੁੱਲਾਂ ਨੂੰ ਬੁਰੀ ਤਰਾਂ ਢਾਅ ਲਾ ਰਹੇ ਹਨ।ਵਿਸ਼ਵੀਕਰਨ ਦੇ ਦੌਰ 'ਚ ਸੱਭਿਆਚਾਰਕ ਸਾਮਰਾਜਵਾਦ ਰਾਹੀਂ ਕੌਮਾਂਤਰੀ ਕੰਪਨੀਆਂ ਆਪਣੇ ਉਤਪਾਦ ਵੇਚਣ ਲਈ ਸਮੁੱਚੇ ਸੰਸਾਰ ਨੂੰ ਮੰਡੀ ਵਜੋਂ ਵਰਤਦੀਆਂ ਹਨ। ਸਾਧਨ ਸੰਪੰਨ ਲੋਕ (ਸਾਮਰਾਜਵਾਦੀ ਤਾਕਤਾਂ) ਮੀਡੀਆ 'ਤੇ ਕੰਟਰੋਲ ਕਰ ਕੇ ਇਸ ਨੂੰ ਹਥਿਆਰ ਵਜੋਂ ਵਰਤ ਰਹੇ ਹਨ। ਇਸ ਰਾਹੀਂ ਉਹ ਆਪਣੀ ਸ਼ਕਤੀ ਅਤੇ ਪੂੰਜੀ ਵਿਚ ਇਜ਼ਾਫ਼ਾ ਕਰ ਰਹੇ ਹਨ। ਫਿਲਮਾਂ, ਗਾਣੇ, ਖ਼ਬਰਾਂ, ਆਦਿ ਹਰ ਮਾਧਿਅਮ ਰਾਹੀਂ ਇਹ ਕੰਪਨੀਆਂ ਸਥਾਨਕ ਸੱਭਿਆਚਾਰ 'ਤੇ ਆਪਣੀ ਵਿਚਾਰਧਾਰਾ ਥੋਪ ਕੇ ਸਥਾਨਕ ਲੋਕਾਂ ਨੂੰ ਆਪਣੇ ਹੱਕ 'ਚ ਕਰਨ ਦਾ ਯਤਨ ਕਰਦੀਆਂ ਹਨ। ਅਜਿਹਾ ਕਰ ਕੇ ਉਹ ਸਾਡੇ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਰਾਵੇ ਦੇ ਤੌਰ-ਤਰੀਕਿਆਂ 'ਤੇ ਗ਼ਲਬਾ ਬਣਾਉਣ ਦੇ ਨਾਲ-ਨਾਲ ਸੋਚਣ-ਸਮਝਣ ਦੇ ਢੰਗ-ਤਰੀਕਿਆਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਅੱਜ-ਕੱਲ ਪੰਜਾਬੀ ਆਪਣੇ ਰਵਾਇਤੀ ਭੋਜਨ (ਸਾਗ, ਮੱਕੀ ਦੀ ਰੋਟੀ, ਦਹੀਂ, ਮਿੱਸੀ ਰੋਟੀ, ਖੀਰ ਆਦਿ) ਛੱਡ ਕੇ ਵਿਦੇਸ਼ੀ ਖਾਣੇ (ਮੈਗੀ, ਨੂਡਲ, ਬਰਗਰ, ਪੀਜ਼ਾ, ਮੋਮੋਜ਼) ਖਾਣਾ ਪਸੰਦ ਕਰਦੇ ਹਨ। ਇਨਾਂ ਸਾਮਰਾਜਵਾਦੀ ਕੰਪਨੀਆਂ ਨੇ ਤਾਂ ਸਾਡੀ ਮਾਨਸਿਕਤਾ ਨੂੰ ਇਸ ਪ੍ਰਕਾਰ ਜਕੜ ਲਿਆ ਹੈ ਕਿ ਅਸੀਂ ਘਰ ਆਏ ਪ੍ਰਾਹੁਣੇ ਨੂੰ ਲੱਸੀ, ਸ਼ਿਕੰਜਵੀ ਪਿਆਉਣ ਵਿਚ ਸ਼ਰਮ ਮਹਿਸੂਸ ਕਰਨ ਲੱਗ ਪਏ ਹਾਂ ਅਤੇ ਇਸ ਦੀ ਬਜਾਏ ਕੋਲਡ ਡਰਿੰਕ ਆਦਿ ਪਿਆਉਣ ਵਿਚ ਮਾਣ ਮਹਿਸੂਸ ਕਰਦੇ ਹਾਂ। ਅੱਜ ਦਾ ਪੰਜਾਬੀ ਤਾਂ ਲੱਸੀ, ਸ਼ਿਕੰਜਵੀ, ਦੁੱਧ, ਦਹੀਂ ਆਦਿ ਵੀ ਬਹੁਕੌਮੀ ਕੰਪਨੀਆਂ ਵੱਲੋਂ ਬੰਦ ਪੈਕਟਾਂ ਵਾਲਾ ਜ਼ਿਆਦਾ ਵਧੀਆ ਅਤੇ ਸੁਰੱਖਿਅਤ ਸਮਝਦਾ ਹੈ।ਇਸੇ ਤਰਾਂ ਹੁਣ ਰਵਾਇਤੀ ਪਹਿਰਾਵੇ ਦੀ ਥਾਂ ਭੜਕੀਲੇ ਅਤੇ ਫੈਸ਼ਨੇਬਲ ਪਹਿਰਾਵੇ ਉਨਾਂ ਨੂੰ ਵਧੇਰੇ ਆਪਣੇ ਲੱਗਣ ਲੱਗ ਪਏ ਹਨ। ਇਸ ਸਭ ਦਾ ਮੁੱਖ ਕਾਰਨ ਪੰਜਾਬੀ ਫਿਲਮਾਂ ਅਤੇ ਗਾਣਿਆਂ ਵਿਚ ਮੁੱਖ ਪਾਤਰਾਂ ਵੱਲੋਂ ਅਜਿਹਾ ਕਰਨਾ ਹੈ। ਆਪਣੀ ਹੈਜੇਮਨੀ ਸਥਾਪਤ ਕਰਨ ਲਈ ਸਾਮਰਾਜਵਾਦੀ ਤਾਕਤਾਂ ਮੀਡੀਆ ਰਾਹੀਂ ਆਪਣੇ ਸੱਭਿਆਚਾਰ ਨੂੰ ਮਸ਼ਹੂਰ ਚੇਤਨਾ ਦਾ ਰੂਪ ਦਿੰਦੀਆਂ ਹਨ। ਅਜਿਹਾ ਕਰਨ ਲਈ ਉਹ ਸਥਾਨਕ ਸੱਭਿਆਚਾਰ ਨੂੰ ਹੀਣਾ ਦਰਸਾਉਂਦੇ ਹਨ ਅਤੇ ਆਪਣੇ ਸੱਭਿਆਚਾਰ ਨੂੰ ਸ੍ਰੇਸ਼ਠ। ਇਸ ਤਰਾਂ ਉਹ ਸਾਨੂੰ ਜ਼ਿਹਨੀ ਰੂਪ ਵਿਚ ਗ਼ੁਲਾਮ ਬਣਾ ਕੇ ਉਪਭੋਗੀ ਬਣਾ ਲੈਂਦੇ ਹਨ। ਸਾਮਰਾਜਵਾਦੀ ਤਾਕਤਾਂ ਹੁਣ ਦੂਜੇ ਮੁਲਕਾਂ ਨੂੰ ਪ੍ਰਤੱਖ ਰੂਪ ਵਿਚ ਗ਼ੁਲਾਮ ਬਣਾਉਣ ਦੀ ਥਾਂ ਸੱਭਿਆਚਾਰਕ ਰੂਪ ਵਿਚ ਆਪਣੇ ਅਧੀਨ ਕਰਨਾ ਚਾਹੁੰਦੀਆਂ ਹਨ। ਉਹ ਆਪਣਾ ਮਕਸਦ ਮੀਡੀਆ ਨੂੰ ਹਥਿਆਰ ਵਜੋਂ ਵਰਤ ਕੇ ਹੀ ਪੂਰਾ ਕਰਦੀਆਂ ਹਨ।

ਸੱਭਿਆਚਾਰ ਨੂੰ ਉਦਯੋਗ ਵਿਚ ਬਦਲ ਕੇ ਮੁਨਾਫ਼ਾ ਕਮਾਉਣ ਲਈ ਕੌਮਾਂਤਰੀ ਕੰਪਨੀਆਂ ਮੀਡੀਆ ਰਾਹੀਂ ਪੰਜਾਬੀ ਸੰਗੀਤ, ਗੀਤੀ-ਰਿਵਾਜ, ਵਿਸ਼ਵਾਸ, ਤਿਉਹਾਰ, ਖੇਡਾਂ ਅਤੇ ਕਲਾ-ਰੂਪਾਂ ਨੂੰ ਵੀ ਨਵੇਂ ਰੂਪ ਦੇ ਰਹੀਆਂ ਹਨ। ਉਨਾਂ ਲਈ ਸੱਭਿਆਚਾਰ ਕੇਵਲ ਅਤੇ ਕੇਵਲ ਪੈਸਾ ਕਮਾਉਣ ਦਾ ਸਾਧਨ ਹੈ। ਇਸ ਦੀ ਮਿਸਾਲ ਪੰਜਾਬੀ ਫਿਲਮਾਂ ਦੇ ਨਾਵਾਂ (ਲਾਵਾਂ-ਫੇਰੇ, ਮੰਜੇ-ਬਿਸਤਰੇ, ਸਰਦਾਰ ਜੀ, ਗੁੱਡੀਆਂ ਪਟੋਲੇ, ਓ.ਅ, ਦਾਣਾ-ਪਾਣੀ ਨਿੱਕਾ ਜ਼ੈਲਦਾਰ, ਸ਼ਰੀਕ, ਸਿੰਘ ਵ/ਸ ਕੌਰ, ਪ੍ਰਾਹੁਣਾ, ਗਿੱਦੜਸਿੰਘੀ, ਆਟੇ ਦੀ ਚਿੜੀ, ਜੱਟ ਬੁਆਇਜ਼, ਜੱਟ ਏਅਰਵੇਜ਼, ਜੱਟ ਇਨ ਗੋਲਮਾਲ, ਜੱਟ ਅਤੇ ਜੂਲੀਅਟ, ਜੱਦੀ ਸਰਦਾਰ ਆਦਿ) ਵਿਚੋਂ ਵੇਖੀ ਜਾ ਸਕਦੀ ਹੈ। ਅਜੋਕੀਆਂ ਪੰਜਾਬੀ ਫਿਲਮਾਂ ਭਾਵੇਂ ਬਹੁਕੌਮੀ ਕੰਪਨੀਆਂ ਵੱਲੋਂ ਬਣਾਈਆਂ ਜਾਂਦੀਆਂ ਹਨ ਪਰ ਪੰਜਾਬੀ ਮਾਨਸਿਕਤਾ ਨੂੰ ਕੈਸ਼ ਕਰਨ ਲਈ ਇਨਾਂ ਦੇ ਨਾਵਾਂ ਵਿਚ ਅਜਿਹੇ ਸ਼ਬਦ ਵਰਤੇ ਜਾਂਦੇ ਹਨ ਜਿਹੜੇ ਸਿੱਧੇ ਰੂਪ ਵਿਚ ਪੰਜਾਬੀ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ। ਪੰਜਾਬੀ ਫਿਲਮਾਂ ਦੇ ਮੁੱਖ-ਪਾਤਰਾਂ ਨੂੰ ਜਿਸ ਤਰਾਂ ਪੇਸ਼ ਕੀਤਾ ਜਾਂਦਾ ਹੈ ਉਸ ਦਾ ਅਸਲ ਜ਼ਿੰਦਗੀ ਨਾਲ ਦੂਰ-ਦੂਰ ਤਕ ਕੋਈ ਨਾਤਾ ਨਹੀਂ ਹੁੰਦਾ। ਪੰਜਾਬੀ ਗਾਇਕੀ 'ਚੋਂ ਸਥਾਨਿਕਤਾ ਦੇ ਪ੍ਰਭਾਵ ਨੂੰ ਖ਼ਤਮ ਕਰ ਕੇ ਉਸ ਵਿਚ ਪੌਪ ਅਤੇ ਰੈਪ ਮਿਊਜ਼ਿਕ ਨੂੰ ਵਧਾ-ਚੜਾਅ ਕੇ ਦਿਖਾਇਆ ਜਾਂਦਾ ਹੈ। ਪੰਜਾਬੀ ਗਾਇਕੀ ਵਿਚ ਮੁੱਖ-ਪਾਤਰ ਵਿਹਲੜ, ਹਿੰਸਕ ਅਤੇ ਨਸ਼ਈ ਦਿਖਾਇਆ ਜਾਂਦਾ ਹੈ। ਔਰਤਾਂ ਦੇ ਅਕਸ ਨੂੰ ਢਾਅ ਲਾਉਣ ਵਾਲੀ ਗਾਇਕੀ ਰਾਹੀਂ ਪੰਜਾਬੀ ਔਰਤਾਂ ਨੂੰ ਵੀ ਲੱਚਰ ਅਤੇ ਅਸ਼ਲੀਲ ਪਹਿਰਾਵੇ ਵਿਚ ਪੇਸ਼ ਕੀਤਾ ਜਾਂਦਾ ਹੈ। ਅੱਜ-ਕੱਲ ਤਾਂ ਜ਼ਿਆਦਾਤਰ ਪੰਜਾਬੀ ਗਾਣਿਆਂ ਵਿਚ ਸ਼ਬਦਾਵਲੀ 'ਤੇ ਵੀ ਅੰਗਰੇਜ਼ੀ ਭਾਰੂ ਹੁੰਦੀ ਹੈ। ਸੱਭਿਆਚਾਰ 'ਤੇ ਗਲੋਬਲ ਪ੍ਰਭਾਵ ਪਾ ਕੇ ਉਸ ਦਾ ਸਥਾਨੀਕਰਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਵਰਤਮਾਨ ਦੌਰ ਵਿਚ ਸੱਭਿਆਚਾਰਕ ਸਿਰਜਣਾਵਾਂ 'ਚੋਂ ਕਲਾ-ਪੱਖ ਮਨਫ਼ੀ ਹੋ ਰਿਹਾ ਹੈ ਅਤੇ ਇਸ ਦੀ ਥਾਂ ਮਸ਼ੀਨੀ ਵਸਤਾਂ ਨੇ ਲੈ ਲਈ ਹੈ। ਬਿਜਲਈ ਮੀਡੀਆ ਸਾਧਨਾਂ ਰਾਹੀਂ ਮਨੁੱਖੀ ਮਾਨਸਿਕਤਾ ਵਿੱਚੋਂ ਆਰਥਿਕ ਮੁੱਲ ਸਮਾਪਤ ਕਰ ਕੇ 'ਸਟੇਟਸ ਮੁੱਲ' ਸਥਾਪਤ ਕੀਤਾ ਜਾ ਰਿਹਾ ਹੈ। ਘਰੇਲੂ ਵਸਤਾਂ ਦੀ ਥਾਂ ਬਾਜ਼ਾਰੀ (ਡੱਬਾ ਬੰਦ) ਵਸਤਾਂ ਨੂੰ ਉਨਾਂ ਦੇ 'ਸਟੇਟਸ ਮੁੱਲ' ਕਾਰਨ ਹੀ ਤਰਜੀਹ ਦਿੱਤੀ ਜਾਂਦੀ ਹੈ। ਘਰ ਦੀ ਲੱਸੀ ਦੀ ਬਜਾਏ ਬਾਜ਼ਾਰੀ (ਪੈਕੇਟ ਵਾਲੀ) ਲੱਸੀ ਨੂੰ ਵਧੀਆ ਮੰਨਣਾ ਇਸ ਦੀ ਸਪਸ਼ਟ ਉਦਾਹਰਨ ਹੈ। ਸੱਭਿਆਚਾਰਕ ਇਕਰੂਪਤਾ ਦੇ ਵਿਖਾਵੇ ਅਧੀਨ ਪੱਛਮੀ ਸੱਭਿਆਚਾਰ ਦਾ ਦਬਦਬਾ ਬਣਾਉਣ ਅਤੇ ਵਿਖਾਉਣ ਦੀ ਬੁਣਤ ਬੁਣੀ ਜਾ ਰਹੀ ਹੈ। ਟੀਵੀ, ਫਿਲਮਾਂ ਅਤੇ ਸੋਸ਼ਲ ਮੀਡੀਆ ਸਾਈਟਸ ਦੀ ਮਦਦ ਨਾਲ ਹਾਈਪਰ ਰਿਐਲਟੀ ਨੂੰ ਯਥਾਰਥ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਨਾਂ ਰਾਹੀਂ ਅਜਿਹੀ ਰਿਐਲਟੀ ਸਿਰਜੀ ਜਾਂਦੀ ਹੈ ਜਿਸ ਨੂੰ ਜਨ-ਸਾਧਾਰਨ ਵੀ ਅਸਲ ਮੰਨਣ ਲੱਗ ਜਾਂਦਾ ਹੈ। ਕਿਸੇ ਕਰੀਮ ਦੀ ਮਦਦ ਨਾਲ ਰੰਗ 'ਕਾਲੇ ਤੋਂ ਗੋਰਾ' ਹੋ ਜਾਂਦਾ ਹੈ ਜਾਂ ਜਵਾਨਾਂ ਵਰਗੀ ਤਾਜ਼ਗੀ ਅਤੇ ਫੁਰਤੀ ਪ੍ਰਾਪਤ ਕਰਨ ਲਈ ਕੋਈ ਕੈਪਸੂਲ (ਦਵਾਈ) ਜਾਂ ਵਿਸ਼ੇਸ਼ ਪ੍ਰਕਾਰ ਦਾ ਘੋਲ ਸਹਾਇਕ ਹੈ, ਇਹ ਇਕ ਹਾਈਪਰ ਰਿਐਲਟੀ ਹੈ।ਸਰੀਰਕ ਖੇਡਾਂ ਦੀ ਬਜਾਏ ਅੱਜ-ਕੱਲ ਵਰਚੂਅਲ (ਮੋਬਾਈਲ ਅਤੇ ਕੰਪਿਊਟਰ 'ਤੇ) ਖੇਡਾਂ ਨੂੰ ਤਰਜੀਹ ਦੇ ਕੇ ਪ੍ਰਚਾਰਿਆ ਜਾ ਰਿਹਾ ਹੈ। ਇਹੀ ਮੀਡੀਆ ਇਸ ਤੱਥ ਦਾ ਵੀ ਪ੍ਰਚਾਰ ਕਰਦਾ ਹੈ ਕਿ ਮੱਧਕਾਲੀ ਪੰਜਾਬੀ ਨਾਇਕਾਂ ਨਾਲੋਂ ਪੱਛਮੀ ਨਾਇਕ ਵਧੇਰੇ ਬਲਸ਼ਾਲੀ ਅਤੇ ਸੂਝਵਾਨ ਸਨ। ਇਸੇ ਲਈ ਪੰਜਾਬੀ ਬੱਚਿਆਂ ਦੁਆਰਾ ਖੇਡੀਆਂ ਜਾਣ ਵਾਲੀਆਂ ਆਨਲਾਈਨ ਅਤੇ ਕੰਪਿਊਟਰ ਖੇਡਾਂ 'ਚੋਂ ਕਿਸੇ ਦਾ ਵੀ ਨਾਇਕ ਪੰਜਾਬੀ ਨਹੀਂ। ਪੰਜਾਬੀ ਬੱਚਿਆਂ ਦੇ ਰੋਲ ਮਾਡਲ ਵੀ ਪੱਛਮੀ ਨਾਇਕ ਹੀ ਬਣਦੇ ਜਾ ਰਹੇ ਹਨ।

ਇਸ ਤਰਾਂ ਇਹ ਬਹੁ-ਕੌਮੀ ਵਿਦੇਸ਼ੀ ਕੰਪਨੀਆਂ ਸਥਾਨਕ ਸੱਭਿਆਚਾਰ 'ਤੇ ਹਾਵੀ ਹੋ ਕੇ ਉਸ ਨੂੰ ਆਪਣੇ ਮੁਨਾਫ਼ੇ ਲਈ ਵਰਤਣ ਦਾ ਹਰ ਹੀਲਾ ਅਪਣਾਉਂਦੀਆਂ ਹਨ। ਇਹ ਆਪਣੇ ਉਤਪਾਦਾਂ ਨੂੰ ਸਥਾਨਕ ਰੰਗਤ ਦੇ ਕੇ, ਪੰਜਾਬੀ ਗਾਇਕਾਂ ਅਤੇ ਫਿਲਮੀ ਪਾਤਰਾਂ ਰਾਹੀਂ ਇਨਾਂ ਦਾ ਪ੍ਰਚਾਰ ਕਰਵਾ ਕੇ ਅਤੇ ਇਨਾਂ ਨੂੰ ਪੰਜਾਬੀ ਸੱਭਿਆਚਾਰ ਦੇ ਰੰਗ ਵਿਚ ਰੰਗ ਕੇ ਲੋਕਾਂ ਸਾਹਮਣੇ ਇੰਜ ਪੇਸ਼ ਕਰਦੇ ਹਨ ਕਿ ਲੋਕਾਂ ਨੂੰ ਇਹ ਉਤਪਾਦ ਦੇਸੀ ਲੱਗਣ ਲੱਗਦੇ ਹਨ। ਇਨਾਂ ਨੇ ਸੱਭਿਆਚਾਰ ਨੂੰ ਆਪਣੀ ਮਰਜ਼ੀ ਅਨੁਸਾਰ ਢਾਲ ਲਿਆ ਹੈ। ਇਨਾਂ ਮਲਟੀ-ਨੈਸ਼ਨਲ ਕੰਪਨੀਆਂ ਦੀ ਅਜਿਹੀ ਵਿਚਾਰਧਾਰਾ ਤੋਂ ਸੁਚੇਤ ਹੋਣ ਦੀ ਲੋੜ ਹੈ। ਜੇ ਅਜਿਹਾ ਨਾ ਕੀਤਾ ਗਿਆ ਤਾਂ ਨੇੜੇ ਭਵਿੱਖ ਵਿਚ ਛੇਤੀ ਹੀ ਪੰਜਾਬੀ ਸੱਭਿਆਚਾਰ ਆਪਣੀ ਅਸਲ ਹੋਂਦ ਗੁਆ ਬੈਠੇਗਾ।



# ਪੇਂਡੂ ਪੰਜਾਬੀ ਪ੍ਰਤਿਭਾ ਦਾ ਚਿਰਾਗ ਹੈ ਨੌਜਵਾਨ 'ਰਣਜੀਤ ਸਿੰਘ'



ਤਸਵਿੰਦਰ ਸਿੰਘ ਬੜੈਚ
ਮੋਬਾ-7527931887

21ਵੀਂ ਸਦੀ ਨੂੰ ਵਿਗਿਆਨ ਅਤੇ ਟੈਕਨਾਲੋਜੀ ਦਾ ਯੁੱਗ ਕਿਹਾ ਜਾਂਦਾ ਹੈ। ਦੇਸ਼ ਦੀ ਅਜ਼ਾਦੀ ਦੇ 73 ਸਾਲਾਂ ਬਾਅਦ ਵੀ ਬਹੁਤ ਸਾਰੇ ਭਾਰਤ ਵਾਸੀ ਆਪਣੀਆਂ ਬੁਨਿਆਦੀ ਲੋੜਾਂ ਤੋਂ ਸੱਖਣੇ ਹਨ। ਸਰਕਾਰੀ ਸਿੱਖਿਆ ਦੇ ਖੇਤਰ ਵਿਚ ਨਿਘਾਰ ਆ ਰਿਹਾ ਹੈ। ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਹੈ, ਪ੍ਰੰਤੂ ਸਿੱਖਿਆ ਦੇ ਖੇਤਰ ਵਿਚ ਪੇਂਡੂ ਅਜੇ ਵੀ ਫਾਡੀ ਹਨ। ਬੜੀ ਮੁਸ਼ਕਲ ਨਾਲ 2 ਤੋਂ 4 ਪ੍ਰਤੀਸ਼ਤ ਪੇਂਡੂ ਵਿਦਿਆਰਥੀਆਂ ਨੂੰ ਹੀ ਉੱਚ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਪ੍ਰਾਪਤ ਹੁੰਦਾ ਹੈ। ਇਹ ਪੇਂਡੂ ਵਿਦਿਆਰਥੀਆਂ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਖਾਂਤ ਹੈ। ਅੱਜ ਹਾਲਾਤ ਇਹ ਹਨ ਕਿ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਵੀ ਆਪਣੇ ਭਵਿੱਖ ਲਈ ਭਟਕ ਰਹੇ ਹਨ ਅਤੇ ਦੇਸ਼ ਦੀ ਇਹ ਕਰੀਮ ਵੀ ਵਿਦੇਸ਼ਾਂ ਵਿਚ ਆਪਣਾ ਭਵਿੱਖ ਦੇਖ ਰਹੀ ਹੈ। ਅਜਿਹਾ ਹੀ ਇਕ ਪੇਂਡੂ ਪੰਜਾਬੀ ਵਿਦਿਆਰਥੀ ਹੈ, ਰਣਜੀਤ ਸਿੰਘ ਜੋ ਉੱਚ ਸਿੱਖਿਆ ਦੇ ਖੇਤਰ ਵਿਚ ਆਪਣੇ ਪਿੰਡ, ਪੰਜਾਬ ਅਤੇ ਦੇਸ਼ ਦਾ ਨਾਂ ਰੋਸ਼ਨ ਕਰ ਰਿਹਾ ਹੈ। 22 ਫਰਵਰੀ 1993 ਨੂੰ ਪਿੰਡ ਕੋਟਲੀ ਖਾਸ ਬਲਾਕ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਵਿਚ ਜਨਮੇ ਇਸ ਬੰਦੇ ਨੇ ਮੁਢਲੀ ਸਿੱਖਿਆ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ, 10ਵੀਂ ਅਤੇ 12ਵੀਂ ਸੀ ਬੀ ਐਸ ਸੀ ਬੋਰਡ ਤੋਂ ਅਤੇ ਬਾਰਵੀਂ ਪਾਸ ਕਰਨ ਉਪਰੰਤ ਮਕੈਨੀਕਲ ਟਰੇਡ ਵਿਚ ਦਿਲਚਸਪੀ ਹੋਣ ਕਾਰਨ ਬੀ ਟੈਕ ਮਕੈਨੀਕਲ ਸਾਲ 2014 ਵਿਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚੋਂ ਪਾਸ ਕੀਤੀ। ਆਪਣੇ ਵਿਸ਼ੇ ਵਿਚ ਨਿਖਾਰ ਲਿਆਉਣ ਲਈ ਐਮ ਟੈਕ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ 2016 ਵਿਚ ਥਾਪਰ ਯੂਨੀਵਰਸਿਟੀ ਪਟਿਆਲਾ ਤੋਂ ਵਧੀਆ ਸੀ ਜੀ ਪੀ ਏ ਵਿਚ ਪਾਸ ਕੀਤੀ। ਸਾਧਾਰਨ ਪੇਂਡੂ ਪਰਿਵਾਰ ਵਿਚ ਪੈਦਾ ਹੋਇਆ ਇਹ ਨੌਜਵਾਨ ਅੱਜ ਕੱਲ ਵਜੀਫੇ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਡਾ. ਬੀ ਆਰ ਅੰਬੇਦਕਰ ਨੈਸ਼ਨਲ ਇਨਸਟੀਟਿਊਟ ਆਫ ਟੈਕਨਾਲੋਜੀ ਜਲੰਧਰ ਤੋਂ ਮਕੈਨੀਕਲ ਪ੍ਰੋਡਕਸ਼ਨ ਇੰਜੀਨੀਅਰਿੰਗ ਵਿਚ ਪੀ ਐਚ ਡੀ ਕਰ ਰਿਹਾ ਹੈ। ਇੱਥੇ ਹੀ ਬਸ ਨਹੀਂ, ਇਸ ਹੋਣਹਾਰ ਵਿਦਿਆਰਥੀ ਨੇ 27-28 ਅਪ੍ਰੈਲ 2018 ਨੂੰ ਚੰਡੀਗੜ ਵਿਖੇ ਹੋਈ ਇਕ ਇੰਟਰਨੈਸ਼ਨਲ ਕਾਨਫਰੰਸ ਵਿਚ ਭਾਗ ਲੈ ਕੇ ਆਪਣੀ ਪੇਂਡੂ ਹੋਣ ਦਾ ਲੋਹਾ ਮਨਵਾਇਆ ਹੈ।




ਆਪਣੇ ਵਿਸ਼ੇ ਵਿਚ ਦ੍ਰਿੜ ਇਰਾਦੇ ਨੂੰ ਕਾਇਮ ਰੱਖਦੇ ਹੋਏ ਉਹ ਆਈ ਆਈ ਟੀ ਰੋਪੜ ਦੇ ਇਕ ਰਿਸਰਚ ਕਨਕਲੇਵ ਵਿਚ ਵੀ ਭਾਗ ਲੈ ਚੁੱਕਾ ਹੈ, ਜਿਸ ਨਾਲ ਅੰਤਰਾਸ਼ਟਰੀ ਪੱਧਰ 'ਤੇ ਉਸ ਦੀ ਜਾਣ ਪਛਾਣ ਵਧੀ ਹੈ। ਐਨ ਆਈ ਟੀ ਜਲੰਧਰ ਵਲੋਂ ਉਸ ਦੀ ਡੂੰਘੀ ਦਿਲਚਸਪੀ ਨੂੰ ਦੇਖਦੇ ਹੋਏ ਸਿੰਘਾਪੁਰ ਵਿਖੇ ਹੋ ਰਹੀ ਅੰਤਰ-ਰਾਸ਼ਟਰੀ ਕਾਨਫਰੰਸ ਲਈ ਨਿਯੁਕਤ ਕੀਤਾ ਗਿਆ ਸੀ। ਆਪਣੀ ਧੁਨ ਦੇ ਪੱਕੇ ਇਸ ਨੌਜਵਾਨ ਨੇ 2-3 ਅਕਤੂਬਰ 2018 ਦੋ ਦਿਨਾਂ ਕਾਨਫਰੰਸ ਵਿਚ ਆਪਣਾ ਰਿਸਰਚ ਪੇਪਰ ਪੇਸ਼ ਕਰਕੇ ਦੁਨੀਆਂ ਭਰ ਦੇ ਡੈਲੀਗੇਟਾਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਇਹ ਮਾਣ ਕੇਵਲ ਪੰਜਾਬ ਦਾ ਹੀ ਨਹੀਂ ਸਗੋਂ ਪੂਰੇ ਭਾਰਤ ਦਾ ਹੈ। ਇੱਥੇ ਹੀ ਬਸ ਨਹੀਂ, ਇਹ ਪੇਂਡੂ ਸਿਤਾਰਾ 16 ਜੂਨ ਤੋਂ 20 ਜੂਨ, 2019 ਵਿੱਚ ਪੰਜ ਦਿਨਾਂ ਅੰਤਰਰਾਸ਼ਟਰੀ ਕਾਨਫਰੰਸ ਇਲੀਨੋਇਸ ਯੂਨੀਵਰਸਿਟੀ ਸ਼ਿਕਾਗੋ ਅਮਰੀਕਾ ਵਿਚ ਵੀ ਆਪਣੀ ਹਾਜ਼ਰੀ ਲਗਵਾ ਚੁੱਕਾ ਹੈ ਅਤੇ ਯੂ ਐਸ ਏ ਵਲੋਂ ਉਸ ਨੂੰ 10 ਸਾਲਾ ਵੀਜ਼ਾ ਦੇ ਕੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹ ਉਸਦਾ ਭਵਿੱਖ ਹੀ ਤੈਅ ਕਰੇਗਾ ਕਿ ਉਸਨੂੰ ਆਪਣੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ ਜਾਂ ਮਜਬੂਰੀਬਸ ਅਮਰੀਕਾ ਜਾਣਾ ਪਵੇਗਾ। ਸ਼ਾਇਦ ਹੀ ਸਾਡੀਆਂ ਸਰਕਾਰਾਂ ਇਹ ਤੈਅ ਕਰ ਪਾਉਣਗੀਆਂ ਕਿ ਰੂਸ, ਯੂਕਰੇਨ ਯੁੱਧ ਵਿਚ ਪ੍ਰੇਸ਼ਾਨ ਮਾਪੇ ਆਪਣੇ ਬੱਚਿਆਂ ਦਾ ਭਵਿੱਖ ਭਾਰਤ ਵਿਚ ਹੀ ਦੇਖਣਾ ਚਾਹੁੰਦੇ ਹਨ। ਦੇਸ਼ ਦੀ ਸਰਕਾਰਾਂ ਨੂੰ ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਕਦਰ ਕਰਨੀ ਚਾਹੀਦੀ ਹੈ।

# ਸੰਸਾਰ ਦੀ ਸਭ ਤੋਂ ਖ਼ੂਬਸੂਰਤ ਇਮਾਰਤ 'ਮਿਊਜ਼ੀਅਮ ਆਫ਼ ਦਾ ਫਿਊਚਰ'

**ਭੁਪਿੰਦਰ ਵੀਰ ਸਿੰਘ**

ਦੁਬਈ ਇਕ ਅਜਿਹਾ ਦੇਸ਼ ਹੈ ਜਿਸ ਨੇ ਬਹੁਤ ਹੀ ਤੇਜ਼ੀ ਨਾਲ ਤਰੱਕੀ ਕੀਤੀ ਹੈ। ਯੂ.ਏ.ਈ. ਟੂਰਿਜ਼ਮ ਵਿਚ ਲੋਕਾਂ ਦੀ ਪਹਿਲੀ ਪਸੰਦ ਬਣ ਰਿਹਾ ਹੈ। ਦੁਬਈ ਵਿਚ ਤਕਨਾਲੋਜੀ ਨੇ ਅਜਿਹੇ ਨਾ-ਮੁਨਕਿਨ ਨਮੂਨਿਆਂ ਦਾ ਨਿਰਮਾਣ ਕੀਤਾ ਹੈ ਜਿਨਾਂ ਦੀ ਹੋਂਦ ਇਨਸਾਨੀ ਦਿਮਾਗ ਦੀਆਂ ਸ਼ਿਖ਼ਰਾਂ ਅਤੇ ਬੁਰਜ ਖਲੀਫ਼ਾ ਜਿਹੇ ਨਿਰਮਾਣ ਅਸਮਾਨੀ ਸ਼ਿਖ਼ਰ ਨੂੰ ਛੂਹਣ ਦੀ ਨਿਸ਼ਾਨੀ ਹੈ। ਕੁਝ ਦਿਨ ਪਹਿਲਾਂ ਦੁਬਈ ਵਿਚ ਇਕ ਹੋਰ ਚੁਣੌਤੀ ਭਰਪੂਰ ਇਮਾਰਤ ਦਾ ਨਿਰਮਾਣ ਪੂਰਾ ਹੋਣ ਤੋਂ ਬਾਅਦ ਉਦਘਾਟਨ ਕੀਤਾ ਗਿਆ ਹੈ। ਇਹ ਇਮਾਰਤ ਕਿਸੇ ਅਜੂਬੇ ਤੋਂ ਘੱਟ ਨਹੀਂ ਹੈ, ਜਿਸ ਨੂੰ ਸੰਸਾਰ ਦੀ ਸਭ ਤੋਂ ਖ਼ੂਬਸੂਰਤ ਇਮਾਰਤ ਕਿਹਾ ਜਾ ਰਿਹਾ ਹੈ ਅਤੇ ਜਿਸ ਨੂੰ ਵਿਲੱਖਣ ਕਿਸਮ ਦਾ ਨਾਂ ਮਿਊਜ਼ੀਅਮ ਆਫ਼ ਦਾ ਫਿਊਚਰ ਦਿੱਤਾ ਗਿਆ ਹੈ। ਜਿਵੇਂ ਕਿ ਨਾਂ ਤੋਂ ਹੀ ਅਸੀਂ ਇਹ ਅੰਦਾਜ਼ਾ ਲਾ ਸਕਦੇ ਹਾਂ ਕਿ ਇਹ ਦੁਨੀਆ ਦੀ ਸਭ ਤੋਂ ਸੁੰਦਰ ਇਮਾਰਤ ਕਿਉਂ ਹੋਵੇਗੀ ਕਿਉਂਕਿ ਇਸ ਦਾ ਨਿਰਮਾਣ ਭਵਿੱਖ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ ਅਤੇ ਇਸ ਇਮਾਰਤ ਵਿਚ ਭਵਿੱਖ ਨੂੰ ਨੇੜਿਓਂ ਅਹਿਸਾਸ ਕਰਨ ਦੇ ਉਪਰਾਲੇ ਕੀਤੇ ਗਏ ਹਨ। ਆਉ, ਇਸ ਦੁਨੀਆ ਦੀ ਸਭ ਤੋਂ ਸੁੰਦਰ ਇਮਾਰਤ ਦੇ ਰੂ-ਬਰੂ ਹੁੰਦੇ ਹਾਂ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਇਸ ਦਾ ਨਿਰਮਾਣ ਕਿਸ ਨੇ ਕੀਤਾ ਇਸ ਇਮਾਰਤ ਦਾ ਨਿਰਮਾਣ ਦੁਬਈ ਦੀ ਹੀ ਇਕ ਕੰਪਨੀ ਕਿਲਾ ਡਿਜ਼ਾਈਨ ਨੇ ਆਪਣੀ ਮਿਹਨਤ ਤੇ ਦ੍ਰਿੜ ਇਰਾਦੇ ਸਦਕਾ ਅਜਿਹੀ ਕਲਾ ਰਾਹੀਂ ਕਰ ਦਿਖਾਇਆ ਹੈ ਜੋ ਕਿ ਦੁਬਈ ਦੀ ਸ਼ਾਨ ਬਣ ਗਈ ਹੈ। ਇਹ ਸੱਤ ਮੰਜ਼ਿਲਾਂ ਵਿਚ ਬਣੀ ਹੋਈ ਹੈ। ਇਸ ਦੀ ਉਚਾਈ 77 ਮੀਟਰ ਹੈ। ਇਸ ਇਨਸਾਨੀ ਅੱਖਨੁਮਾ ਇਮਾਰਤ ਨੂੰ ਦੁਬਈ ਦੇ ਸ਼ੇਖ ਨੇ ਜੈਦ ਰੋਡ ਉੱਤੇ ਬਣਾਇਆ। ਜਿਸ ਤੋਂ ਕੁਝ ਦੂਰੀ 'ਤੇ ਹੀ ਸੰਸਾਰ ਦੀ ਸਭ ਤੋਂ ਉੱਚੀ ਇਮਾਰਤ ਬੁਰਜ ਖਲੀਫ਼ਾ ਵੀ ਮੌਜੂਦ ਹੈ। ਦੁਬਈ ਨੇ ਇਸ ਨੂੰ ਬਣਾਉਣ ਲਈ ਸਭ ਗੱਲਾਂ ਨੂੰ ਧਿਆਨ ਵਿਚ ਰੱਖਿਆ ਹੈ। ਜ਼ਿਆਦਾਤਰ ਧਿਆਨ ਟੂਰਿਜ਼ਮ ਨੂੰ ਵਧਾਉਣ ਵੱਲ ਤੇ ਦੁਬਈ ਨੂੰ ਹੋਰ ਹਰਮਨ ਪਿਆਰਾ ਬਣਾਉਣ 'ਤੇ ਲਾਇਆ ਗਿਆ ਹੈ। ਇਸ ਇਮਾਰਤ ਦੇ ਢਾਂਚੇ ਨੂੰ ਬਣਾਉਣ ਲਈ ਸਟੇਨਲੈਸ ਸਟੀਲ ਦੀ ਵਰਤੋਂ ਕੀਤੀ ਗਈ ਹੈ। ਜਿਸ ਕੰਪਨੀ ਨੇ ਇਸ ਨੂੰ ਬਣਾਇਆ ਹੈ, ਉਨਾਂ ਇਹ ਵੀ ਕਿਹਾ ਹੈ ਕਿ ਇਸ ਇਮਾਰਤ ਨੂੰ ਬਣਾਉਣ ਲਈ ਪੈਨਲਾਂ ਅਤੇ ਹੋਰ ਸਮੱਗਰੀ ਅਤੇ



ਬੀ.ਆਈ.ਐਮ ਤਕਨੀਕ ਦੀ ਵਰਤੋਂ ਕੀਤੀ ਗਈ ਹੈ ਤੇ ਥ੍ਰੀ ਡੀ ਮਾਡਲ ਵਜੋਂ ਤਿਆਰ ਕੀਤਾ ਗਿਆ ਹੈ। ਇਹ ਮਿਊਜ਼ੀਅਮ ਬਾਹਰੋਂ ਅਤੇ ਅੰਦਰੋਂ ਵੱਖਰੇ-ਵੱਖਰੇ ਦ੍ਰਿਸ਼ ਪੇਸ਼ ਕਰਦਾ ਹੈ। ਬਾਹਰੋਂ ਇਹ ਹੈਰਤਅੰਗੇਜ਼ ਇੰਜੀਨੀਅਰਿੰਗ ਦਾ ਸਬੂਤ ਦਿੰਦਾ ਹੈ ਅਤੇ ਅੰਦਰੋਂ ਦੁਨੀਆ ਦੇ ਭਵਿੱਖ ਦੀਆਂ ਕਲਾ ਕ੍ਰਿਤੀਆਂ ਨੂੰ ਪ੍ਰਦਰਸ਼ਿਤ ਕਰਦਾ ਹੈ। ਇਸ ਨੂੰ ਅਸੀਂ ਇਕ ਭਵਿੱਖ ਦਾ ਐਕਜ਼ੀਬੀਸ਼ਨ ਬਿੰਦੂ ਵੀ ਕਹਿ ਸਕਦੇ ਹਾਂ ਕਿਉਂਕਿ ਇਸ ਦੇ ਨਿਰਮਾਣ ਕਾਰਜਾਂ ਦਾ ਜਾਂ ਦੁਬਈ ਦੇ ਸੂਤਰਾਂ ਦਾ ਕਹਿਣਾ ਹੈ ਕਿ ਦੁਨੀਆ ਦੇ ਭਵਿੱਖ ਲਈ ਜੋ ਵੀ ਨਿਰਮਾਣ ਕਾਰਜ ਲਈ ਪ੍ਰਦਰਸ਼ਨੀ ਹੋਵੇਗੀ ਉਸ ਦੀ ਸ਼ੁਰੂਆਤ ਮਿਊਜ਼ੀਅਮ ਆਫ਼ ਫਿਊਚਰ ਵਿਚੋਂ ਹੀ ਹੋਵੇਗੀ। ਇਸ ਨੂੰ ਬਣਾਉਣ ਲਈ ਜ਼ਿਆਦਾਤਰ ਰੋਬੋਟਾਂ ਦੀ ਵਰਤੋਂ ਕੀਤੀ ਗਈ ਹੈ। ਇਸ ਦੀ ਬਾਹਰੀ ਬਣਤਰ ਇਸ ਤਰੀਕੇ ਨਾਲ ਬਣਾਈ ਗਈ ਹੈ ਕਿ ਇਸ ਦੇ ਬਾਹਰੀ ਢਾਂਚੇ ਉੱਪਰ ਅਰਬੀ ਭਾਸ਼ਾ ਵਿਚ ਕੁਝ ਲਿਖਿਆ ਹੋਇਆ ਹੈ। ਉਹ ਜੋ ਵੀ ਪੰਕਤੀਆਂ ਲਿਖੀਆਂ ਹੋਈਆਂ ਹਨ, ਉਨਾਂ ਦਾ ਅਜੇ ਪੱਕੇ ਤੌਰ 'ਤੇ ਨਹੀਂ ਦੱਸਿਆ ਜਾ ਰਿਹਾ ਉਹ ਕਿ ਲਿਖਿਆ ਹੈ ਪਰ ਕਈਆਂ ਦਾ ਕਹਿਣਾ ਹੈ ਕਿ ਇਹ ਦੁਬਈ ਦੇ ਸ਼ੇਖ ਦੀ ਇਕ ਕਵਿਤਾ ਦੀਆਂ ਪੰਕਤੀਆਂ ਹਨ। ਇਹ ਬਾਹਰੀ ਦੀਵਾਰਾਂ 'ਤੇ ਉੱਕਰੀਆਂ ਹੋਈਆਂ ਹਨ ਅਤੇ ਇਹ ਦੁਬਈ ਦੇ ਹੋਰ ਬੁਲੰਦੀਆਂ ਨੂੰ ਛੂਹਣ 'ਤੇ ਦੁਨੀਆ ਦਾ ਨੰਬਰ ਇਕ ਦੇਸ਼ ਬਣਨ ਬਾਰੇ ਦੱਸਦੀਆਂ ਹਨ। ਇਸ ਇਮਾਰਤ ਨੂੰ ਦੇਖਣ ਲਈ ਆਮ ਜਨਤਾ ਲਈ ਸਮਾਂ ਸਾਰਣੀ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਦੀ ਰੱਖੀ ਗਈ ਹੈ। ਇਸ ਮਿਊਜ਼ੀਅਮ ਦਾ ਰਕਬਾ ਲਗਭਗ 30 ਹਜ਼ਾਰ ਵਰਗ ਮੀਟਰ ਵਿਚ ਹੈ। ਇਸ ਨੂੰ ਮੁਕੰਮਲ ਕਰਨ ਵਿਚ ਲਗਭਗ 9 ਸਾਲਾਂ ਦਾ ਲੰਬਾ ਸਮਾਂ ਲੱਗਿਆ ਹੈ। ਇਸ ਵਿਚਲੀਆਂ ਮੰਜ਼ਿਲਾਂ 'ਤੇ ਵੱਖੋ-ਵੱਖਰੀ ਕਿਸਮ ਦੇ ਵਿਲੱਖਣ ਕਿਸਮ ਦੇ ਨਜ਼ਾਰੇ ਦੇਖਣ ਲਈ ਬਣਾਏ ਗਏ ਹਨ। ਇਸ ਮਿਊਜ਼ੀਅਮ ਵਿਚ ਸਾਲ 2071 ਦੇ ਭਵਿੱਖ ਨੂੰ ਭਾਂਪ ਕੇ ਲੋਕਾਂ ਨੂੰ ਕਈ ਦਹਾਕੇ ਬਾਅਦ ਦੀ ਦੁਨੀਆ ਬਾਰੇ ਦੱਸਿਆ ਗਿਆ ਹੈ ਕਿ ਉਸ ਸਮੇਂ ਸਾਡੀ ਪ੍ਰਿਥਵੀ ਕਿਹੋ ਜਿਹੀ ਤਕਨਾਲੋਜੀ ਅਤੇ ਵਿਗਿਆਨ ਨਾਲ ਲੈਸ ਹੋਵੇਗੀ। ਸਾਡੀ ਸਿੱਖਿਆ ਅਤੇ ਸਿਹਤ ਸਹੂਲਤਾਂ ਕਿਹੋ ਜਿਹੀਆਂ ਹੋਣਗੀਆਂ। ਜ਼ਿਆਦਾਤਰ ਦੁਨੀਆ ਇਕ ਗ਼ੈਰ-ਮਨੁੱਖਤਾ 'ਤੇ ਨਿਰਭਰ ਹੋ ਜਾਵੇਗੀ ਭਾਵ ਰੋਬੋਟ ਹੀ ਜ਼ਿਆਦਾ ਕੰਮਾਂ ਨੂੰ ਕਰਿਆ ਕਰਨਗੇ। ਇਸ ਇਮਾਰਤ ਵਿਚ ਸਾਡੇ ਸੌਰ ਮੰਡਲ ਦੀ ਰੂਪ-ਰੇਖਾ ਨੂੰ ਇਕ ਪੂਰੇ ਮਾਡਲ ਦੇ ਰੂਪ ਵਿਚ ਪੇਸ਼ ਕਰਨ ਦੀ ਪ੍ਰਕਿਰਿਆ ਦਿਖਾਈ ਗਈ ਹੈ, ਜਿਸ ਤੋਂ ਇਹ ਪਤਾ ਲਗਦਾ ਹੈ ਕਿ ਬ੍ਰਹਿਮੰਡ ਵਿਚ ਸੌਰ ਢਾਂਚਾ ਕਿਸ ਤਰਾਂ ਕੰਮ ਕਰਦਾ ਹੈ। ਅਜਿਹੇ ਥ੍ਰੀ ਡੀ ਮਾਡਲ ਬਣਾਏ ਗਏ ਹਨ, ਜਿਨਾਂ ਰਾਹੀਂ ਸਾਨੂੰ ਇਹ ਅਸਲ ਵਾਂਗ ਪ੍ਰਤੀਤ ਹੁੰਦਾ ਹੈ ਕਿ ਅਸੀਂ ਅਸਲ ਵਿਚ ਸੌਰ ਮੰਡਲ ਦੀ ਸੈਰ ਕਿਸੇ ਰਾਕੇਟ ਰਾਹੀਂ ਕਰਕੇ ਧਰਤੀ 'ਤੇ ਵਾਪਸ ਆਏ ਹਾਂ। ਦੂਜੇ ਜ਼ੋਨ ਵਿਚ ਇਹ ਦਿਖਾਇਆ ਜਾਂਦਾ ਹੈ ਕਿ ਦੁਬਈ ਦਾ ਭਵਿੱਖ ਕਿਹੋ ਜਿਹਾ ਹੋਵੇਗਾ। ਕਾਰਾਂ ਲਗਭਗ ਖ਼ਤਮ ਹੋ ਜਾਣਗੀਆਂ, ਸਿਰਫ਼ ਉਡਣ ਵਾਲੇ ਡਰੋਨ ਹੀ ਵਰਤੋਂ ਵਿਚ ਆਉਣਗੇ। ਇਸ ਵਿਚ ਇਕ ਡੀ.ਐਨ.ਏ. ਲਾਇਬ੍ਰੇਰੀ ਵੀ ਹੈ, ਜਿਸ ਵਿਚ ਜਾਨਵਰਾਂ ਅਤੇ ਪੌਦਿਆਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੋਂ ਇਲਾਵਾ ਇਸ ਵਿਚ ਇਕ ਹਜ਼ਾਰ ਤੋਂ ਜ਼ਿਆਦਾ ਹੋਰ ਵੀ ਕਲਾਕ੍ਰਿਤੀਆਂ ਰੱਖੀਆਂ ਹੋਈਆਂ ਹਨ। ਵਾਤਾਵਰਨ ਅਤੇ ਜੰਗਲਾਂ ਦੇ ਭਵਿੱਖ ਦੀ ਪੂਰਨ ਜਾਣਕਾਰੀ ਇਸ ਵਿਚੋਂ ਲਈ ਜਾ ਸਕਦੀ ਹੈ। ਇਸ ਦਾ ਅੰਦਰੂਨੀ ਹਿੱਸਾ ਭਵਿੱਖ ਦੀ ਜੋ ਅਸੀਂ ਕਲਪਨਾ ਕਰ ਸਕਦੇ ਹਾਂ, ਉਸ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ। ਦੁਬਈ ਵਿਚ ਇਸ ਇਮਾਰਤ ਦਾ ਨਿਰਮਾਣ ਭਵਿੱਖ ਦੀਆਂ ਬੁਲੰਦੀਆਂ ਤੋਂ ਪਾਰ ਜਾਣ ਦੀ ਨਿਸ਼ਾਨੀ ਹੈ, ਕਿਉਂਕਿ ਸਾਲ 2071 ਤੱਕ ਸਾਡੀ ਧਰਤੀ 'ਤੇ ਬਹੁਤ ਕੁਝ ਬਦਲ ਜਾਵੇਗਾ। ਮਨੁੱਖੀ ਕਿਰਤ ਦੇ ਯੁੱਗ ਦਾ ਅੰਤ ਹੋ ਕੇ ਨਵਾਂ ਹੀ ਮਸ਼ੀਨੀ ਯੁੱਗ ਜਾਂ ਰੋਬੋਟ ਯੁੱਗ ਦੀ ਸ਼ੁਰੂਆਤ ਹੋ ਚੁੱਕੀ ਹੋਵੇਗੀ। ਕਾਫ਼ੀ ਬਦਲਾਅ ਵਾਤਾਵਰਨ ਅਤੇ ਮਨੁੱਖਤਾ ਵਿਚ ਆ ਚੁੱਕੇ ਹੋਣਗੇ। ਰਫ਼ਤਾਰ ਦੀ ਸੀਮਾ ਹੋਰ ਵੀ ਵਧ ਗਈ ਹੋਵੇਗੀ। ਇਸ ਇਮਾਰਤ ਅੰਦਰ ਤੈਰਦੇ ਕੁਝ ਅਜਿਹੇ ਕਲਾ ਦੇ ਨਮੂਨੇ ਛੱਡੇ ਗਏ ਹਨ ਜੋ ਕਿ ਇਕ ਵੱਖਰੀ ਦੁਨੀਆ ਦਾ ਨਜ਼ਾਰਾ ਪੇਸ਼ ਕਰਦੇ ਹਨ। ਵੱਖਰੀ ਕਿਸਮ ਦੇ ਸੈਂਕੜੇ ਰੋਬੋਟ ਇਹੋ ਦੱਸਦੇ ਹਨ ਕਿ ਸਾਡਾ ਭਵਿੱਖ ਇਕ ਕਲਪਨਾ ਦਾ ਸੰਸਾਰ ਹੀ ਹੋਵੇਗਾ। ਤਕਨਾਲੋਜੀ ਵਿਚ ਵਾਧਾ ਸਾਡੀਆਂ ਸਹੂਲਤਾਂ ਵਿਚ ਵਾਧਾ ਤਾਂ ਕਰ ਰਿਹਾ ਹੈ ਪਰ ਕਿਤੇ ਨਾ ਕਿਤੇ ਇਸ ਦੇ ਕੁਝ ਨੁਕਸਾਨ ਵੀ ਹਨ। ਇਥੇ ਇਹੋ ਉਮੀਦ ਨਾਲ ਗੱਲ ਖ਼ਤਮ ਕਰਦੇ ਹਾਂ ਕਿ ਅਸੀਂ ਭਵਿੱਖ ਵੱਲ ਤਾਂ ਤਰੱਕੀ ਦਿਨ ਦੁੱਗਣੀ ਤੇ ਰਾਤ ਚੌਗੁਣੀ ਕਰੀਏ ਪਰ ਇਹ ਜ਼ਰੂਰ ਯਕੀਨੀ ਬਣਾਈਏ ਕਿ ਮਨੁੱਖਤਾ ਦੀ ਪੂਰਨ ਅਜ਼ਾਦੀ ਜਾਂ ਜੀਵਨ ਦੀ ਤੰਦਰੁਸਤੀ ਅਤੇ ਵਾਤਾਵਰਨ ਦਾ ਵੀ ਮੁਕੰਮਲ ਤੌਰ 'ਤੇ ਪੂਰਨ ਧਿਆਨ ਰੱਖਿਆ ਜਾਵੇ।

# ਮੁੱਕੇਬਾਜ਼ ਪੰਜਾਬ ਦੀ ਧੀ ਸ਼ਾਹੀਨ ਗਿੱਲ ਨੇ ਭਾਰਤ ਦੀ ਝੋਲੀ ਪਾਇਆ ਸੋਨ ਤਮਗ਼ਾ

**ਬੀਰਪਾਲ ਗਿੱਲ**

ਪੰਜਾਬ ਦੀ ਧੀ ਸ਼ਾਹੀਨ ਗਿੱਲ ਦਾ ਜਨਮ 30 ਜਨਵਰੀ, 2004 ਨੂੰ ਮਾਤਾ ਰੋਜ਼ੀ ਖਾਨਮ ਅਤੇ ਪਿਤਾ ਸੁਲਤਾਨ ਖਾਂ ਉਰਫ਼ ਸੋਨੀ ਗਿੱਲ ਦੇ ਘਰ ਖੰਨਾ (ਪੰਜਾਬ) ਵਿਖੇ ਹੋਇਆ। ਪਿਤਾ ਨਿੱਜੀ ਕਾਰੋਬਾਰੀ ਅਤੇ ਪੱਤਰਕਾਰੀ ਦਾ ਕੰਮ ਕਰਦੇ ਹਨ, ਅਤੇ ਮਾਤਾ ਜੀ ਘਰ ਦਾ ਕੰਮ ਕਰਨ ਉਪਰੰਤ, ਸ਼ਾਹੀਨ ਨੂੰ ਖੇਡ ਮੈਦਾਨ ਵਿਚ ਮੁਕਾਬਲੇ ਲਈ ਵੀ ਉਤਸ਼ਾਹਿਤ ਕਰਦੇ ਸਨ। ਸ਼ਾਹੀਨ ਨੂੰ ਖੇਡ ਮੈਦਾਨ ਵਿਚ ਮੁਕਾਬਲੇ ਲਈ ਵੀ ਉਤਸ਼ਾਹਿਤ ਕਰਦੇ ਸਨ। ਸ਼ਾਹੀਨ ਨੇ ਆਪਣੀ ਖੇਡਣ ਦੀ ਪ੍ਰਕਿਰਿਆ ਬਹੁਤ ਹੀ ਛੋਟੀ ਉਮਰ ਤੋਂ ਸ਼ੁਰੂ ਕਰ ਦਿੱਤੀ ਸੀ। ਖੇਡਾਂ ਦੀ ਦੁਨੀਆ ਵਿਚ ਸ਼ੁਰੂਆਤ ਕਰਾਟੇ ਖੇਡ ਤੋਂ ਕੀਤੀ, ਕਰਾਟਿਆਂ ਵਿਚ ਵੀ ਚੰਗਾ ਪ੍ਰਦਰਸ਼ਨ ਕੀਤਾ, ਕੁਝ ਕੁ ਸਾਲ ਬਾਅਦ ਮਨ ਵਿਚ ਸ਼ਹੀਨ ਗਿੱਲ ਦੇ ਸੁਪਨੇ ਕੁਝ ਹੋਰ ਹੀ ਸਨ। ਬਾਕਸਿੰਗ ਖੇਡਣੀ ਸ਼ੁਰੂ ਕੀਤੀ, ਪੈਰਾਂ ਅਤੇ ਹੱਥਾਂ ਦੀ ਤੇਜ਼-ਤਰਾਰ ਸ਼ਾਹੀਨ ਨੇ ਬਾਕਸਿੰਗ ਖੇਡਣ ਦਾ ਮਨ ਬਣਾ ਲਿਆ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਪੰਜਾਬ ਦੇ ਸ਼ਹਿਰ ਖੰਨਾ ਜੋ ਕਿ ਬਾਕਸਿੰਗ ਖਿਡਾਰੀਆਂ ਦਾ ਮੱਕਾ ਮੰਨਿਆ ਜਾ ਰਿਹਾ ਹੈ, ਸ਼ਾਹੀਨ ਨੇ ਉਸ ਸੈਂਟਰ ਤੋਂ ਪ੍ਰੇਰਨਾ ਲੈ ਕੇ ਚੰਗੇ-ਚੰਗੇ ਬਾਕਸਰਾਂ ਨੂੰ ਆਪਣੇ ਮੁੱਕੇ ਦਾ ਲੋਹਾ ਮਨਵਾਉਣਾ ਸ਼ੁਰੂ ਕੀਤਾ।

ਪੰਜਾਬ ਦੀ ਧੀ ਨੇ ਬੀਤੇ ਦਿਨੀਂ ਏਸ਼ੀਅਨ ਯੂਥ ਅਤੇ ਜੂਨੀਅਰ ਬਾਕਸਿੰਗ ਚੈਂਪੀਅਨਸ਼ਿਪ 2022 ਅਮਾਨ (ਜੌਰਡਨ) ਵਿਖੇ 27 ਫਰਵਰੀ ਤੋਂ 16 ਮਾਰਚ, 2022 ਤੱਕ ਭਾਗ ਲਿਆ।

ਇਨ੍ਹਾਂ ਖੇਡਾਂ ਵਿਚ ਏਸ਼ੀਆ ਭਰ ਦੇ 21 ਦੇਸ਼ਾਂ ਤੋਂ 352



ਖਿਡਾਰੀਆਂ ਨੇ ਭਾਗ ਲਿਆ। ਇਸ ਚੈਂਪੀਅਨਸ਼ਿਪ ਵਿਚ ਸ਼ਾਹੀਨ ਨੇ ਯੂਥ ਕੈਟਾਗਿਰੀ ਵਿਚ 60 ਕਿੱਲੋ ਭਾਰ ਵਰਗ ਵਿਚ ਭਾਗ ਲਿਆ। ਖੇਡ ਦਾ ਵਧੀਆ ਪ੍ਰਦਰਸ਼ਨ ਕਰਦੇ ਹੋਏ ਸ਼ਾਹੀਨ ਫਾਈਨਲ ਮੁਕਾਬਲਾ

**ਖੇਡ ਸੰਸਾਰ**

ਉਜ਼ਬੇਕਿਸਤਾਨ ਦੀ ਬਾਕਸਰ ਨਾਲ ਹੋਣਾ ਸੀ ਮੁਕਾਬਲੇ ਦੌਰਾਨ ਸ਼ਾਹੀਨ ਨੇ ਆਪਣੇ ਮੁੱਕੇ ਦੇ ਜੌਹਰ ਦਿਖਾਏ, ਇਸ ਮਕਾਬਲੇ ਨੂੰ ਜਿੱਤ ਕੇ ਭਾਰਤ ਦੀ ਝੋਲੀ ਸੋਨੇ ਦਾ ਤਮਗ਼ਾ ਪਾਇਆ। ਇਸ ਪ੍ਰਾਪਤੀ ਨਾਲ ਦੇਸ਼ ਵਾਸੀਆਂ ਅਤੇ ਪੰਜਾਬ ਦੇ ਖੰਨਾ ਸ਼ਹਿਰ ਨਿਵਾਸੀਆਂ ਦਾ ਮਾਣ ਨਾਲ ਸਿਰ ਉੱਚਾ ਹੋ ਗਿਆ। ਇਸ ਕਾਮਯਾਬੀ ਲਈ ਸ਼ਾਹੀਨ ਦੇ ਜਿਹੜੇ-ਜਿਹੜੇ ਵੀ ਖੇਡ ਗੁਰੂਆਂ ਨੇ ਸਿਖਲਾਈ ਪ੍ਰਦਾਨ ਕੀਤੀ, ਉਹ ਸਾਰੇ ਹੀ ਵਧਾਈ ਦੇ ਪਾਤਰ ਹਨ। ਇਸ ਖੁਸ਼ੀ ਵਿਚ ਦਾਦਾ ਮੋਹਰ ਦੀਨ ਅਤੇ ਦਾਦੀ ਬੀਬੀ ਫ਼ਾਤਿਮਾ ਸਮਾਜ ਸੇਵਕਾ ਚੇਅਰਪਰਸ਼ਨ ਬਾਬਾ ਫ਼ਰੀਦ ਨਿਸ਼ਕਾਮ ਸੁਸਾਇਟੀ ਪੰਜਾਬ ਫੁੱਲੇ ਨਹੀਂ ਸਮਾ ਰਹੇ ਸਨ। ਇਕ ਕਹਾਵਤ ਹੈ, 'ਮੂਲ ਨਾਲੋਂ ਵਿਆਜ ਪਿਆਰਾ' ਜਿਹੜੇ ਹੱਥਾਂ ਨੂੰ ਦਾਦਾ ਦਾਦੀ ਪਿਆਰ ਨਾਲ ਚੁੰਮਦੇ ਰਹੇ ਅੱਜ ਲੋਹੇ ਤੋਂ ਵੀ ਵੱਧ ਮਜ਼ਬੂਤ ਹੋ ਗਏ। ਇਸ ਤਰਾਂ ਅੱਜ ਮਾਣ ਹੈ ਉਸ ਬਾਕਸਿੰਗ ਸੈਂਟਰ ਨਾਲ ਜੁੜੇ ਖਿਡਾਰੀਆਂ ਨੂੰ ਜਿਨਾਂ ਨਾਲ ਖੇਡ ਬਾਰੀਕੀਆ ਸਾਂਝੀ ਕਰਦੀ ਰਹੀ।

ਇਸ ਸੈਂਟਰ ਨੇ ਹਜ਼ਾਰਾਂ ਖਿਡਾਰੀ ਤਿਆਰ ਕੀਤੇ ਹਨ ਜੋ ਕਿ ਅੱਜ ਵੀ ਚੰਗੇ ਅਹੁਦਿਆਂ 'ਤੇ ਬਿਰਾਜਮਾਨ ਹਨ ਪ੍ਰੰਤੂ ਸਹੂਲਤਾਂ ਦੀ ਘਾਟ ਨਜ਼ਰ ਆ ਰਹੀ ਹੈ। ਇਸ ਤਰਾਂ ਦੇ ਖੇਡ ਮੈਦਾਨਾਂ ਨੂੰ ਉੱਚ ਪੱਧਰ ਅਤੇ ਨਵੀਨ ਤਕਨੀਕੀ ਪੱਖ ਤੋਂ ਮਜ਼ਬੂਤ ਕਰਨ ਦੀ ਲੋੜ ਹੈ, ਤਾਂ ਜੋ ਹੋਰ ਵੀ ਸ਼ਾਹੀਨ ਵਰਗੀਆਂ ਧੀਆਂ ਪੈਦਾ ਕੀਤੀਆਂ ਜਾਣ। ਅੱਜ ਸ਼ਾਹੀਨ ਨੇ ਜੋ ਵੀ ਮੰਜ਼ਿਲ ਪ੍ਰਾਪਤ ਕੀਤੀ ਹੈ ਵਧਾਈ ਦੀ ਪਾਤਰ ਹੈ। ਆਸ ਕਰਦੇ ਹਾਂ ਕਿ ਏਸ਼ੀਆਈ ਖੇਡਾਂ, ਵਿਸ਼ਵ ਪੱਧਰ ਮੁਕਾਬਲਿਆਂ, ਉਲੰਪਿਕ ਪੈਰਿਸ-2024 ਵਿਚ ਚੰਗੇ ਪ੍ਰਦਰਸ਼ਨ ਦੀ ਬਦੌਲਤ ਦੇਸ਼ ਵਾਸੀਆਂ ਦੀਆਂ ਦੁਆਵਾਂ ਸਦਕਾ ਭਾਰਤ ਦੀ ਝੋਲੀ ਸੋਨੇ ਦੇ ਤਮਗੇ ਪਾਉਂਦੀ ਰਹੇਗੀ।

## ਹੂੰ

ਕਦੇ ਕਦੇ ਸੀ ਗੱਲ ਪੂਰੀ ਹੁੰਦੀ
ਅੱਜ ਕੱਲ ਤਾਂ ਬਸ ਹੂੰ ਹੀ ਹੁੰਦੀ।
ਕਿੰਨੇ ਲਹਿਜ਼ੇ, ਕਿੰਨੇ ਸਹਿਜੇ
ਮੇਰੀ ਵਾਰੀ ਇੱਕ ਤੂੰ ਸੀ ਹੁੰਦੀ।
ਗੱਲ ਤਾਂ ਪੂਰੀ ਸੁਣ ਲੈਂਦੀ
ਮੂੰਹੋ ਫਿਰ ਵੀ ਹੂੰ ਹੀ ਹੁੰਦੀ।
ਦੁੱਖ ਸੁੱਖ ਵੰਡਾਉਣਾ ਛੱਡ ਗਏ ਨੇ
ਤਾਹੀਓਂ ਦਿਲ ਦੀ ਸੂਹ ਨਾ ਹੁੰਦੀ
ਕੀ ਗੱਲ ? ਚੰਗੇ ਲੱਗਦੇ ਨਾ ਹੁਣ।
ਤੇਰੇ ਦਿਲ ਵਿੱਚ ਠੂਹ ਨਾ ਹੁੰਦੀ ?
ਤੱਕਿਆ ਦੇਖਿਆ ਦਿਨ ਲੱਗਦਾ ਨਾ ਸੀ
ਹੁਣ ਮਿਲਨੇ ਦੀ ਰੂਹ ਨਾ ਹੁੰਦੀ ?
ਚੱਲ ਛੱਡ......
ਦਿਨ ਬਦਲ ਗਏ, ਸਮਾਂ ਬਦਲ ਗਿਆ,
ਖਿਆਲ ਬਦਲ ਗਏ, ਧਿਆਨ ਬਦਲ ਗਏ,
ਤੇਰੇ ਦਿਲ ਦੇ ਵੀ ਤਾਂ ਬਿਆਨ ਬਦਲ ਗਏ।
ਤੱਕਣੀ ਵਿੱਚ ਵੀ ਫਰਕ ਪੈ ਗਿਆ,
ਬੋਲਾਂ ਵਿੱਚ ਵੀ ਨਰਕ ਵਹਿ ਗਿਆ,
ਕਿਸੇ ਸਮੇਂ ਨਾ ਰੱਜਦੇ ਸੀ ਤੱਕਿਆ,
ਹੁਣ ਤੱਕ ਕੇ ਵੀ........ ਹੂੰ ਹੀ ਹੁੰਦੀ।
ਬਸ ਹੁਣ ਤਾਂ ਹੂੰ ਹੀ ਹੁੰਦੀ,
ਸੱਚੀ ਅੱਜ ਕੱਲ ਹੂੰ ਹੀ ਹੁੰਦੀ।

**ਨਰਿੰਦਰ ਗਰੇਵਾਲ**

## ਹਿੰਦੋਸਤਾਨ ਤੇ ਪਾਕਿਸਤਾਨ

ਤਬਾਹੀ ਦੀ ਇੱਕ ਅਜਬ,
ਸਮਾਂ ਦਾਸਤਾਨ ਸੁਣਾ ਗਿਆ।
ਹੱਸਦੇ-ਵੱਸਦੇ ਘਰਾਂ ਵਿੱਚ,
ਉਜਾੜਾ.... ਪਾ ਗਿਆ।
ਮੈਂ ਹਿੰਦੋਸਤਾਨ ਆ ਗਿਆ,
ਤੇ ਤੂੰ ਪਾਕਿਸਤਾਨ ਰਹਿ ਗਿਆ।
ਮੈਂ ਇੱਥੇ ਸਿੰਘ ਬਣ ਗਿਆ,
ਤੇ ਤੂੰ ਉੱਧਰ ਖ਼ਾਨ ਬਣ ਗਿਆ।
ਲਹੂ ਤੇਰਾ ਵੀ ਸੀ ਉਹੀ,
ਜੋ ਮੇਰੇ ਅੰਦਰ ਵਹਿ ਗਿਆ।
ਕੋਈ ਸਾਹਾਂ 'ਚ ਰੁਲ ਗਿਆ,
ਕੁਝ ਧਰਤੀ 'ਤੇ ਡੁੱਲ ਗਿਆ,
ਮਾਪੇ ਸਾਂਝੇ ਸਨ ਸਾਡੇ,
ਵੰਡ ਕਾਣੀ ਕੋਈ ਪਾ ਗਿਆ।
ਸਾਨੂੰ ਅੱਡ ਕਰ ਕੇ,
ਦਾਅ ਆਪਣਾ ਉਹ ਖੇਡ ਗਿਆ।
ਤੇਰਾ ਦਿਲ ਮੇਰੇ ਵਿਚ ਧੜਕੇ,
ਤੇ ਮੈਂ ਤੇਰੀ ਯਾਦ ਵਿੱਚ ਖੋ ਗਿਆ।
ਮੈਂ ਹਿੰਦੋਸਤਾਨ ਬਣ ਗਿਆ,
ਤੇ ਤੂੰ ਪਾਕਿਸਤਾਨ ਰਹਿ ਗਿਆ।
ਪੀੜਾਂ ਸਾਡੀਆਂ ਕੀ ਜਾਣੇ,
ਹਾਕਮ ਗ਼ਦਾਰ ਹੋ ਗਿਆ।
ਰੁਲੇ ਅਸੀਂ ਦੋਹੇਂ ਭਾਈ,
ਤੇ ਰਾਜ ਬੇਈਮਾਨ ਕਰ ਗਿਆ।
ਵੰਡ ਜਿਸਮਾਂ ਦੀ ਹੋ ਗਈ,
ਇਕੱਠ ਰਾਜਿਆਂ ਦਾ ਹੋ ਗਿਆ।
ਬਰਬਾਦ ਮੈਂ ਵੀ ਹੋ ਗਿਆ,
ਤੇ ਘਰ ਤੇਰਾ ਵੀ ਉਜੜ ਗਿਆ।
ਗੁੰਮਨਾਮੀ ਦੇ ਹਨੇਰੇ ਵਿੱਚ,
ਕਾਫ਼ਲਾ ਰੂਹਾਂ ਦਾ ਰੁਲ਼ ਗਿਆ।
ਸਫ਼ਰ ਸਾਂਝਾ ਦਾ ਸੀ ਸਾਡਾ,
ਜੋ ਵੱਖੋ-ਵੱਖ ਹੋ ਗਿਆ।
ਤੜਫ਼ ਸੀਨੇ 'ਚ ਸੀ ਮੇਰੇ,
ਵਿਛੋੜਾ ਤੂੰ ਵੀ ਸਹਿ ਗਿਆ।
ਅਰਮਾਨ ਮੇਰੇ ਵੀ ਬਿਖਰ ਗਏ,
ਦਿਲ ਤੇਰਾ ਵੀ ਟੁੱਟ ਗਿਆ।
ਸਾਲਾਂ ਬਾਅਦ ਵੀ ਤੜਫ਼ ਨੂੰ,
ਦਿਲ ਮਹਿਸੂਸ ਕਰ ਗਿਆ।
ਮੈਂ ਹਿੰਦੋਸਤਾਨ ਬਣ ਗਿਆ,
ਤੇ ਤੂੰ ਪਾਕਿਸਤਾਨ ਰਹਿ ਗਿਆ।
ਸਾਲਾਂ ਬਾਅਦ ਮਿਲੇ ਭਾਈ,
ਦਰਦ ਹੰਝੂਆਂ ਰਾਹੀਂ ਵਹਿ ਗਿਆ।
ਪੁੱਛਦੀਆਂ ਨੇ ਚੁੱਪ ਬੁਲੀਆਂ,
ਤੂੰ ਕਿਉਂ ਮੈਥੋਂ ਦੂਰ ਹੋ ਗਿਆ।
ਸਵਾਲ ਮੇਰੇ ਵੀ ਸੀ ਬਹੁਤੇ,
ਚੁੱਪ ਤੂੰ ਵੀ ਕਰ ਗਿਆ।
ਆ, ਘੁੱਟ ਮਿਲੀਏ ਦੋਵੇਂ ਵੀਰ,
ਵਕਤ ਬੜਾ ਬਰਬਾਦ ਹੋ ਗਿਆ।
ਧਰਮਾਂ ਤੇ ਜਾਤਾਂ ਦੀਆਂ ਵੰਡਾਂ ਪਾ ਕੇ,
ਭਰਾਵਾਂ ਨੂੰ ਹਾਕਮ ਵੱਖ ਕਰ ਗਿਆ।

**ਪਰਵੀਨ ਕੌਰ ਸਿੱਧੂ,**
**ਮੋ. 8146536200**

## ਅੰਨ ਦਾਤਾ

ਪੁੱਤ ਮੇਰਾ ਸਰਹੱਦਾਂ ਦਾ ਰਾਖਾ,
ਮੈਂ ਖੇਤੀਂ ਅੰਨ ਉਗਾਉਂਦਾ ਹਾਂ।
ਉੱਚੀ-ਸੁੱਚੀ ਮੇਰੀ ਕਿਰਤ ਕਮਾਈ,
ਭੁੱਖਿਆ ਤਾਈਂ ਰਜਾਉਂਦਾ ਹਾਂ।
ਧੁੱਪ-ਛਾਂ ਨਾ ਦਿਨ-ਰਾਤ ਵੇਖਾਂ,
ਬਲਦਾਂ ਸੰਗ ਹਲ ਵਾਹੁੰਦਾ ਹਾਂ।
ਜਾਤ-ਪਾਤ ਦਾ ਭੇਦ-ਭਾਵ ਨਾ ਰੱਖਾਂ,
ਨਾਨਕ ਨਾਮ ਧਿਆਉਂਦਾ ਹਾਂ।
ਭਰਾਂ ਮੈਂ ਅੰਨ- ਭੰਡਾਰ ਦੇਸ਼ ਦਾ,
ਤਾਂ ਹੀ ਅੰਨਦਾਤਾ ਕਹਿਲਾਉਂਦਾ ਹਾਂ।

**ਸੁਖਬੀਰ ਕੌਰ**

## ਰਵਾਨਗੀ

ਕਿਨਾਰੇ ਅੱਪੜ
ਭਰਮ ਵੱਡਾ ਦੂਰ ਹੋਇਆ
ਨਵੇਂ ਸਫ਼ਰ ਦੇ
ਆਗਾਜ਼ ਦਾ ਇੱਕ
ਪੜਾਅ ਸੀ ਬਸ।
ਪੈਂਡੇ ਨਵੇਂ ਰਾਹਾਂ ਦੇ
ਕਦਮਾਂ ਵਿੱਚ ਜੋਸ਼ ਭਰਦੇ
ਹੌਂਸਲੇ ਬੁਲੰਦ ਕਰਦੇ
ਖੜਤ ਖੜੋਤ
ਤਾਂ ਚਾਅ ਮੁਕਾ ਦਿੰਦੀ।
ਸਫ਼ਰ ਹੈ,
ਰਵਾਨਗੀ ਹੈ ,
ਤਾਂ ਹੈ ਜੀਵਨ
ਜੜ ਹੋਏ ਤਾਂ ਜੀਵਨ
ਤਮਾਮ ਹੋਇਆ।

**ਕਿਰਨ ਅਰੋੜਾ**

## ਬੁਝਾਰਤ

ਬੁਝਾਰਤ ਖਾਸੀ ਵੱਡੀ ਏ
ਗੱਲ ਗੱਲਾਂ ਚੋਂ ਕੱਢੀ ਏ।
ਦੱਸੋ, ਉਹ ਪਹਿਲਾ ਕੌਣ ਸੀ ?
ਕਿਸਨੇ ਪਹਿਲਾ ਬੋਲ ਬੋਲ਼ਿਆ
ਕਿਸਨੂੰ ਦਿੱਤਾ ਸੁਣਾਈ
ਕਿਸਨੇ ਕੀਤੀ ਗੱਲ ਕੰਮ ਦੀ
ਕਿਸਨੇ ਮਾਰੀ ਭਕਾਈ
ਕਿਸਨੇ ਪਹਿਲੀ ਚੁਗਲੀ ਕੀਤੀ
ਕਿਸਨੇ ਮਾਰਿਆ ਤਾਅਨਾ
ਕਿਸਨੇ ਕੀਤੀ ਕਾਨਾ ਫੂਸੀ
ਕਿਸਨੇ ਲਾਇਆ ਬਹਾਨਾ
ਕਿਸਨੇ ਪਹਿਲਾ ਸੱਚ ਬੋਲਿਆ
ਕਿਸਨੇ ਮਾਰਿਆ ਝੂਠ
ਕਿਸਨੇ ਕੀਤੀ ਸੁੱਚਮ ਦੀ ਗੱਲ
ਕਿਸਨੇ ਛੱਡੀ ਜੂਠ
ਕਿਸਨੇ ਪਹਿਲਾ ਹਾਸਾ ਹੱਸਿਆ
ਕੌਣ ਸੀ ਪਹਿਲਾਂ ਰੋਇਆ
ਕਿਸਦੇ ਮੂੰਹ ਤੇ ਖੁਸ਼ੀ ਸੀ ਝਲਕੀ
ਕੌਣ ਉਦਾਸ ਸੀ ਹੋਇਆ
ਕਿਸਨੇ ਪਹਿਲੀ ਰੋਟੀ ਲਾਹੀ
ਕਿਸਨੇ ਤੰਦੂਰ ਤਪਾਇਆ
ਕਿਸਨੇ ਤੇਲ ਚ ਤਲੇ ਪਕੌੜੇ
ਕਿਸਨੇ ਕੜਾਹ ਬਣਾਇਆ
ਕਿਸਨੇ ਪਹਿਲਾ ਦਾਨ ਸੀ ਕਰਿਆ
ਕਿਸਨੇ ਕੀਤੀ ਚੋਰੀ
ਕਿਸਨੇ ਸ਼ੋਹਰਤ ਕੀਤੀ ਕੱਠੀ
ਕਿਸਨੇ ਲਾਹਣਤ ਜੋੜੀ
ਕਿਸਨੇ ਪਹਿਲਾ ਪਿਆਰ ਸੀ ਕਰਿਆ
ਕਿਸਦਾ ਪਿਆ ਵਿਛੋੜਾ
ਕਿਸਨੇ ਵਿਛੜਿਆਂ ਤਾਂਈਂ ਮਿਲਾਇਆ
ਬਣਿਆ ਕੌਣ ਰਾਹਾਂ ਦਾ ਰੋੜਾ
ਕਿਸਨੇ ਪਹਿਲਾ ਗਿਆਨ ਵੰਡਿਆ
ਕੌਣ ਸੀ ਗੁਣੀ ਗਿਆਨੀ
ਕੌਣ ਸੀ ਜੱਗ ਦਾ ਪਹਿਲਾ ਠੇਠਰ
ਕਿਸਨੇ ਖੱਟੀ ਬਦਨਾਮੀ
ਕਿਸਨੇ ਪਹਿਲਾ ਵਿਆਹ ਕਰਵਾਇਆ
ਕਿਸਨੇ ਦਿੱਤਾ ਤਲਾਕ
ਕਿਸਨੇ ਕਿਹਾ ਸੀ ਮੌਤ ਨੂੰ ਮਾਸੀ
ਕਿਸਨੇ ਉਡਾਇਆ ਮਜਾਕ
ਕੁਲਵਿੰਦਰ ਨੇ ਤਾਂ ਕਹਾਣੀ ਤੋਰਤੀ
ਸਿਰੇ ਆਪ ਤੁਸੀਂ ਲਾਓ
ਕਿਸਨੇ ਪਹਿਲਾਂ ਕੀ ਕੀਤਾ ਸੀ
ਬੈਠੇ ਸੋਚੀ ਜਾਓ

**ਕੁਲਵਿੰਦਰ ਸਿੱਧੂ ਕਾਮੇ ਕਾ**




## ਸੜਿਆ ਰੁੱਖ

ਜਦੋਂ ਵੀ ਮਨ,
ਉਦਾਸ ਹੋਵੇ।
ਜਗ ਦੇ, ਝਮੇਲਿਆਂ ਤੋਂ,
ਨਿਰਾਸ਼ ਹੋਵੇ।
ਘਬਰਾ ਕਿਉਂ ਜਾਂਦਾ ਏ ?
ਸਿੱਖਦਾ ਕਿਉਂ ਨਹੀਂ ?
ਪੁੱਛਦਾ ਕਿਉਂ ਨਹੀਂ ?
ਅੱਗ ਨਾਲ ਸੜੇ,
ਹੋਏ ਰੁੱਖ ਤੋਂ।
ਕਿ ਤੂੰ ਸੜ ਕੇ ਵੀ,
ਹਰਾ ਕਿਵੇਂ,
ਹੋ ਜਾਂਦਾ ਏ ?

**ਸੁਖਜਿੰਦਰ ਸਿੰਘ ਭੰਗਚੜੀ**

## ਬੰਦੇ ਦਾ ਮੁੱਲ

ਬੰਦਿਆ ਮੁੱਲ ਕੌਡੀ ਰਹਿ ਜਾਣਾ,
ਅਕਲ ਏਥੇ ਛੱਡਣੀ ਪੈਣੀ।
ਨਾ ਤੇਰਾ ਕੋਈ ਚੰਗਾ ਸਾਥੀ,
ਨਾ ਚੰਗੀ ਉਠਣੀ ਬਹਿਣੀ।
ਏਧਰ ਓਧਰ ਭੱਜਿਆ ਫਿਰਦਾ,
ਆਪੇ ਬੀਜੀ ਵੱਢਣੀ ਪੈਣੀ।
ਲੜਦਾ ਰਹਿ ਜਿੰਦਗੀ ਦੀ ਜੰਗ,
ਇਹ ਤੈਨੂੰ ਹੀ ਜਿੱਤਣੀ ਪੈਣੀ।
ਆਪਣਿਆਂ ਵੀ ਸਾਥ ਨੀ ਦੇਣਾ,
ਬੰਦਿਆ ਆਪੇ ਲੜਨੀ ਪੈਣੀ।
ਜਸਵੰਤ' ਨੂੰ ਜੇ ਲੋੜ ਵੀ ਪੈ ਗਈ,
ਕਹਿਣੀ ਕਥਨੀ ਕਰਨੀ ਪੈਣੀ।

**'ਜਸਵੰਤ ਸਿੰਘ ਢੀਂਡਸਾ'**

## ਕੁਦਰਤ

ਕੁਦਰਤ ਤੇਰੇ ਪਿਆਰ ਤੋਂ ਕੁਰਬਾਨ ਜਾਂਦੀ ਹਾਂ,
ਤੇਰੇ ਹਰ ਫ਼ੈਸਲੇ ਦਾ ਸਤਿਕਾਰ ਕਰਦੀ ਹਾਂ।
ਤੂੰ ਬਰਸਦੀ ਹੈ ਹਰ ਇਕ 'ਤੇ ਇਕਸਾਰ ਜਹੀ,
ਕਦੀ ਕਿਸੇ ਨਾਲ ਨਾ ਭੇਦ ਭਾਵ ਕਰਦੀ ਹੈ।
ਭਿੱਜਦੀ ਹਾਂ ਤੇਰੀ ਰਹਿਮਤ ਦੇ ਮੀਂਹ ਹੇਠਾਂ,
ਬੰਦ ਕਰਕੇ ਅੱਖਾਂ ਤੈਨੂੰ ਮਹਿਸੂਸ ਕਰਦੀ ਹਾਂ।
ਤੂੰ ਦੇਂਦੀ ਹੈ ਸੰਦੇਸ਼ ਸਭ ਨੂੰ ਆਪਣੇਪਨ ਦਾ,
ਰਹਿਮਤ ਦੀ ਨਦਰਿ ਹਰ ਇੱਕ 'ਤੇ ਕਰਦੀ ਹੈ।
ਤੇਰੇ ਕਣ ਕਣ 'ਚ ਹੈ ਸੰਦੇਸ਼ ਰੌਸ਼ਨ ਭਰਿਆ,
ਤੇਰੇ ਸੋਹਣੇ ਨਜ਼ਾਰਿਆਂ ਦਾ ਦੀਦਾਰ ਕਰਦੀ ਹਾਂ,
ਤੂੰ ਸੁਣਦੀ ਹੈ ਮੇਰੇ ਦਿਲ ਦੀ ਹਰ ਧੜਕਣ,
ਮੇਰੇ ਦੁੱਖ-ਸੁੱਖ ਨੂੰ ਸਦਾ ਮਹਿਸੂਸ ਕਰਦੀ ਹੈ।

**ਪਰਵੀਨ ਕੌਰ ਸਿੱਧੂ,**
**ਮੋ. 8146536200**

## ਅੱਖੀਂ ਅੱਥਰੂ

ਅੱਖੀਂ ਅੱਥਰੂ, ਚਿਹਰੇ ਮੁਸਕਾਨ ਇਹ ਸਭ ਚਲਦਾ ਰਹਿੰਦਾ।
ਇਸ ਦੇਹ ਦੇ ਧੁਰ ਅੰਦਰ ਇੱਕ ਚਿਰਾਗ ਬਲਦਾ ਰਹਿੰਦਾ।
ਕੁੱਝ ਪਲ ਬੋਝ ਬਣ ਜਾਵੇ, ਦੂਜੇ ਹੀ ਪਲ ਚੇਤਾ ਫਰਜ਼ਾਂ ਦਾ,
ਹਰ ਪਲ ਮਸਤਿਕ ਪਗਲੇ ਖਿਆਲ ਇੱਕ ਪਲਦਾ ਰਹਿੰਦਾ।
ਹੱਡੀ ਪੀੜਾਂ, ਸੀਨੇ ਕਸਕਾਂ, ਅੰਗ ਮੁੜ ਮੁੜ ਜਾਵਣ ਬਾਝੋਂ,
ਸਵਾਸ ਸਵਾਸ ਇਤਰ ਅਹਿਸਾਸ ਦਾ ਫਿਰ ਫਲਦਾ ਰਹਿੰਦਾ।
ਝੱਖੜ ਨੇਰੀਆਂ, ਕਦੀ ਕਦਾਈਂ ਰਾਤਾਂ ਕਾਲੀਆਂ ਹਨੇਰੀਆਂ,
ਫਿਰ ਵੀ ਸੀਨੇ ਦੀਪਕ ਅਪਨੱਤ ਦਾ ਇਹ ਜਲਦਾ ਰਹਿੰਦਾ।
ਇਬਾਦਤ ਸਕੂਨੀ, ਇੰਤਜ਼ਾਰ ਸਬਰੀ, ਰੋਜ਼ ਨਵੀਂ ਸਵੇਰ ਦਾ,
ਭਾਵੇਂ ਸੂਰਜ ਹਰ ਸ਼ਾਮ ਕੁੱਲ ਦੁਨੀਆਂ ਵਿੱਚ ਢਲਦਾ ਰਹਿੰਦਾ।
ਸੀਨਾ ਖੁਰਿਆ, ਪਲ ਪਲ ਰੋਮ ਰੋਮ ਤਨਹਾਈਆਂ ਖੁਰਿਆ,
ਫਿਰ ਵੀ ਸਵਾਸ ਖਿਆਲਾਂ ਗੁਰਪਾਲ ਚਲਦਾ ਹੀ ਰਹਿੰਦਾ।

**ਗੁਰਪਾਲ ਸਿੰਘ**

## ਉਦੇਸ਼

ਆਖਿਆ, ਇੱਕ ਦਿਨ ਰੱਬ ਨੇ ਬੰਦੇ ਨੂੰ।
ਕੀ ਚਾਹੀਦਾ, ਤੈਨੂੰ ਮੈਥੋਂ ?
ਬੰਦੇ ਆਖਿਆ,
ਰੋਟੀ, ਪੇਟ ਦੀ ਭੁੱਖ ਲਈ।
ਮਕਾਨ, ਬਸੇਰੇ ਲਈ।
ਪੈਸਾ, ਬਸ ਥੋੜ ਨਾ ਹੋਵੇ।
ਅਕਲ, ਸਭ ਤੋਂ ਉੱਚੀ।
ਕੱਪੜੇ, ਕੋਈ ਕਮੀਂ ਨਾ ਹੋਵੇ।
ਪਰਿਵਾਰ, ਇਕੱਲਾ ਨਾ ਹੋਵੇ।
ਹਰ ਸੁੱਖ ਸਹੂਲਤ, ਜੋ ਦੇਵੇ ਅਰਾਮ ਜ਼ਿੰਦਗੀ ਨੂੰ।
ਆਖ ਕੇ, ਤਥਾਸਤੂ।
ਚਲਾ ਗਿਆ ਰੱਬ।
ਥੋੜੇ ਦਿਨਾਂ ਬਾਅਦ,
ਕਰ ਰਿਹਾ ਅਰਦਾਸ ਬੰਦਾ।
ਬਹੁੜ ਵੇ ਰੱਬਾ, ਹੋਇਆ
ਜੀਣਾ ਮੇਰਾ ਬੇਹਾਲ।
ਆਇਆ ਰੱਬ, ਪੁੱਛਿਆ
ਹੁਣ ਕੀ ਹੋਇਆ ?
ਦਿੱਤਾ ਸਭ ਕੁਝ, ਜੋ ਤੂੰ ਮੰਗਿਆ।
ਆਖੇ ਬੰਦਾ, ਦਿੱਤਾ ਤੂੰ ਸਭ ਕੁਝ।
ਪਰ ਉੱਡ ਗਈ,
ਖੁਸ਼ੀ ਮੇਰੀ ਰੂਹ ਦੀ।
ਕਿਉਂ ਲੱਗ ਰਿਹਾ, ਸਭ ਕੁਝ ਬੇਜਾਨ ?
ਨਿੰਮੀਂ ਜਿਹੀ ਮੁਸਕਰਾਹਟ ਵਿੱਚ, ਰੱਬ ਨੇ ਆਖਿਆ
ਕਿਉਂਕਿ, ਤੂੰ ਮੈਨੂੰ ਮੇਰੇ ਕੋਲੋਂ ਮੰਗਿਆ ਹੀ ਨਹੀਂ।

**ਪਰਮਿੰਦਰ ਕੌਰ**

## ਤੇਰਾ ਜ਼ਿਕਰ

ਹਾਲਾਤ ਤੇ ਜਜ਼ਬਾਤ ਬਥੇਰੇ ਅਸੀਂ ਲਿਖ ਬੈਠੇ,
ਹੁਣ ਤੇਰਾ ਜ਼ਿਕਰ ਬਾਕੀ ਏ।
ਕਈ ਪਲ ਖੁਸ਼ੀ ਤੇ ਕਈ ਦੁੱਖ ਦਿੰਦੇ ਰਹੇ,
ਬੱਸ ਤੇਰਾ ਫਿਕਰ ਬਾਕੀ ਏ।
ਲਾ ਇਲਾਜ ਰੋਗ ਜੋ ਲਾ ਬੈਠੇ,
ਇਸਕੇ ਦੀ ਅੱਗ ਵਿੱਚ ਧੁਖਿਆ ਹਿਜਰ ਬਾਕੀ।
ਅਸੀਂ ਹਾਰ ਹਾਰ ਕੇ ਬਾਜ਼ੀ ਜਿੱਤੇ ਹਾਂ,
ਇੱਕ ਤੇਰੀ ਮੰਜਿਲ ਦਾ ਸਿਖਰ ਬਾਕੀ ਏ।
ਧੋਖੇ ਖਾ ਕੇ ਵੀ ਅਸੀਂ ਕਰ ਵਫਾ ਗਏ,
ਕੌੜੇ ਬੋਲਾਂ ਵਿੱਚ ਘੋਲਣਾ ਮਿਸਰ ਬਾਕੀ ਏ।
ਜਦ ਵੀ ਡਿੱਗੇ ਆਪੇ ਉੱਠੇ,
ਸਾਹਾਂ ਦੀ ਮਾਲਾ ਜਾਵੇ ਬਿਖਰ ਬਾਕੀ ਏ।
ਗੈਰਾਂ ਦੇ ਘਰ ਵਿੱਚ ਧਾਲੀਵਾਲ ਵਾਸ ਕੀਤਾ ,
ਗਗਨ ਦੀ ਕਲਮ 'ਚ ਤੇਰਾ ਜ਼ਿਕਰ ਬਾਕੀ ਏ।



**ਗਗਨਦੀਪ ਕੌਰ ਧਾਲੀਵਾਲ**

## ਤੇਰੇ ਮੇਚ

ਮੈਂ ਆਪਣੀਆਂ ਆਂਦਰਾਂ 'ਚੋਂ ਤੈਨੂੰ ਸਿਰਜਿਆ,
ਜੰਮਿਆ ਪਾਲਿਆ,
ਹੱਡੀਆਂ ਖੋਰ ਤੈਨੂੰ ਦੁੱਧ ਪਿਲਾਇਆ,
ਵੱਡਿਆਂ ਕੀਤਾ,
ਫਿਰ ਵੀ ਮੈਂ ਤੇਰੇ ਮੇਚ ਨਾ ਆਈ।
ਮੈਂ ਝੋਲੀ ਅੱਡ ਅੱਡ ਮੰਗੀਆਂ ਦੁਆਵਾਂ,
ਤੇਰੀ ਲੰਬੀ ਉਮਰ ਦੀਆਂ,
ਕਿਉਂਕਿ ਭੈਣਾਂ ਨੂੰ ਵੀਰ ਹਮੇਸ਼ਾ ਹੱਸਦੇ ਸੋਹਣੇ ਲੱਗਦੇ ਨੇ,
ਚਿੱਟੀਆਂ ਚਿੱਟੀਆਂ ਪੱਗਾਂ ਵਾਲੇ,
ਪਰ ਅਫ਼ਸੋਸ,ਮੈਂ ਫਿਰ ਵੀ ਤੇਰੇ ਮੇਚ ਨਾ ਆਈ।
ਮੈਂ ਹਮੇਸ਼ਾ ਤੇਰੇ ਨਾਲ ਚੱਲੀ ਕਦੇ ਮਹਿਬੂਬ ਬਣਕੇ,
ਕਦੇ ਤੇਰੀ ਹਮਸਫ਼ਰ ਬਣਕੇ,
ਪਰ ਤੂੰ, ਤੂੰ ਮੈਨੂੰ ਆਖ਼ਰੀ ਹੱਦ ਤੱਕ ਵਰਤਿਆ,
ਕਿਸੇ ਸ਼ੈਅ ਦੀ ਤਰਾਂ,
ਪਰ ਅਜੇ ਵੀ ਮੈਂ ਕਿਸੇ ਜਗਾ ਮੇਚ ਨਾ ਆਈ।
ਆਪਣੇ ਛੋਟੇ ਛੋਟੇ ਕੋਮਲ ਹੱਥਾਂ ਨਾਲ,
ਮੈਂ ਤੇਰੇ ਅੱਥਰੂ ਪੁੰਝੇ,
ਧੀਆਂ ਹੀ ਤਾਂ ਬਾਬਲ ਦੇ ਦੁੱਖ ਵੰਡਾਉਂਦੀਆਂ ਨੇ,
ਖ਼ੈਰ ਮੰਗਦੀਆਂ ਨੇ,
.ਖ਼ੈਰ, ਇੱਥੇ ਵੀ ਮੈਂ ਤੇਰੇ ਮੇਚ ਨਾ ਆਈ।
ਮੇਰੇ ਬੁੱਢੇ ਹੱਥਾਂ ਨੇ ਤੇਰੇ ਦੋਹਤਿਆਂ ਪੋਤਿਆਂ ਨੂੰ,
ਕੀਤੀਆਂ ਹੱਥੀਂ ਛਾਵਾਂ,
ਬੁੱਢੇ ਵੇਲੇ ਵੀ ਮੈਂ ਪਤੀ, ਪੁੱਤਰ, ਪੋਤੇ ਦੀ,
ਚਿੰਤਾ ਵਿੱਚ ਹੀ ਰਹੀ,
ਪਰ ਤੇਰੇ ਮੇਚ ਆਉਣਾ ਮੇਰੇ ਲੇਖਾਂ ਵਿੱਚ ਹੀ ਨਹੀਂ ਹੈ ਸ਼ਾਇਦ।
ਹਾਂ ਸੱਚ, ਮੈਂ ਤੇਰੇ ਮੇਚ ਆ ਹੀ ਨਹੀਂ ਸਕਦੀ,
ਕਿਉਂਕਿ ਰੱਬ ਨੇ ਮੈਨੂੰ ਆਪਣੇ ਮੇਚ ਦੀ ਜੋ ਬਣਾ ਲਿਆ ਹੈ,
ਮੈਂ ਤੇਰੀ ਪਹੁੰਚ ਤੋਂ ਬਹੁਤ ਦੂਰ ਹਾਂ,
ਤੇਰੀ ਸੋਚ ਤੋਂ ਕਿਤੇ....... ਪਰੇ।
ਤੂੰ ਤੇ ਤੇਰਾ ਅਹਿਮ ਕਦੇ ਵੀ ਮੇਰੇ ਤੀਕ ਨਾ ਪਹੁੰਚੇ ਨੇ,
ਨਾ ਕਦੇ ਪਹੁੰਚਣਗੇ।



**ਅੰਜੂ ਥਾਪਰ**

# ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਸਾਂਭ-ਸੰਭਾਲ ਕਰਦੀ ਪੰਜਾਬੀ ਯੂਨੀਵਰਸਿਟੀ

## ਪੰਜਾਬੀ ਯੂਨੀਵਰਸਿਟੀ ਵਿਖੇ ਧਰਮਾਂ ਦੇ ਅਧਿਐਨ ਨਾਲ ਸੰਬੰਧਿਤ ਵਿਭਾਗ



**ਡਾ. ਪਰਮਵੀਰ ਸਿੰਘ**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਹੈ ਜਿਸ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਸਾਂਭ-ਸੰਭਾਲ ਅਤੇ ਵਿਕਾਸ ਵਿਚ ਮਹੱਤਵਪੂਰਨ ਹਿੱਸਾ ਪਾਇਆ ਹੈ। 1962 ਵਿਚ ਪਟਿਆਲਾ ਦੇ ਬਾਰਾਂਦਰੀ ਬਾਗ਼ ਵਿਖੇ ਸਥਾਪਿਤ ਹੋਈ ਇਹ ਸੰਸਥਾ ਪੰਜਾਬ ਦੀ ਸਭ ਤੋਂ ਵਧੇਰੇ ਅਬਾਦੀ ਨੂੰ ਸਿੱਖਿਅਤ ਕਰਨ ਵਿਚ ਯੋਗਦਾਨ ਪਾ ਰਹੀ ਹੈ। ਇੱਥੋਂ ਵਿੱਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੇ ਸਮਾਜ ਦੇ ਹਰ ਖ਼ੇਤਰ ਵਿਚ ਆਪਣੀ ਯੋਗਤਾ ਦਾ ਪ੍ਰਦਰਸ਼ਨ ਕੀਤਾ ਹੈ। ਇਸ ਯੂਨੀਵਰਸਿਟੀ ਦਾ ਸਭ ਤੋਂ ਵਿਲੱਖਣ ਕਾਰਜ ਇਹ ਹੈ ਕਿ ਇਸ ਨੇ ਪੰਜਾਬੀ ਭਾਸ਼ਾ ਵਿਚ ਸਿੱਖਿਆ ਪ੍ਰਦਾਨ ਕਰਨ ਨੂੰ ਤਰਜੀਹ ਦਿੱਤੀ ਹੈ ਅਤੇ ਇਹ ਯਤਨ ਕੀਤਾ ਹੈ ਕਿ ਉਚੇਰੀ ਸਿੱਖਿਆ ਵਿਚ ਵੀ ਇਸ ਮਾਧਿਅਮ ਰਾਹੀਂ ਵਿੱਦਿਆ ਪ੍ਰਦਾਨ ਕੀਤੀ ਜਾਵੇ। ਇਸ ਯੂਨੀਵਰਸਿਟੀ ਵਿਖੇ ਜਿਹੜੇ ਵਿਭਾਗ ਸਥਾਪਿਤ ਕੀਤੇ ਗਏ ਉਨਾਂ ਨੇ ਇਸਦੀ ਸਥਾਪਨਾ ਦੇ ਉਦੇਸ਼ ਨੂੰ ਅੱਗੇ ਵਧਾਉਣ ਲਈ ਵਿਲੱਖਣ ਕਾਰਜ ਕੀਤੇ ਹਨ।

ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਜਿਹੜੇ ਵਿਭਾਗ ਸਥਾਪਿਤ ਕੀਤੇ ਗਏ ਉਹਨਾਂ ਵਿਚ ਪੰਜਾਬੀ ਨਾਲ ਸੰਬੰਧਿਤ ਵਿਭਾਗਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਧਰਮ ਅਧਿਐਨ ਵਿਭਾਗ, ਸਿੱਖ ਵਿਸ਼ਵਕੋਸ਼ ਵਿਭਾਗ, ਇਤਿਹਾਸ ਵਿਭਾਗ ਅਜਿਹੇ ਵਿਭਾਗ ਹਨ ਜਿਹੜੇ ਆਮ ਲੋਕਾਂ ਦੀਆਂ ਭਾਵਨਾਵਾਂ ਅਤੇ ਭਾਈਚਾਰਕ ਸਾਂਝ ਨਾਲ ਜੁੜੇ ਹੋਏ ਹਨ। ਧਰਮਾਂ ਦੇ ਅਧਿਐਨ ਨਾਲ ਸਿੱਧੇ ਤੌਰ ’ਤੇ ਜੁੜੇ ਹੋਏ ਪਹਿਲੇ ਤਿੰਨ ਵਿਭਾਗਾਂ ਨੇ ਅਜਿਹੇ ਮਹੱਤਵਪੂਰਨ ਕਾਰਜ ਕੀਤੇ ਹਨ ਜਿਨਾਂ ਨੇ ਪੰਜਾਬੀ ਅਤੇ ਸਿੱਖ ਅਧਿਐਨ ਦੇ ਖ਼ੇਤਰ ਨਾਲ ਜੁੜੇ ਹੋਏ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਨਾਂ ਵਿਚੋਂ ਪਹਿਲੇ ਦੋ ਵਿਭਾਗ ਯੂਨੀਵਰਸਿਟੀ ਦੇ ਮੁੱਢਲੇ ਸਮੇਂ ਵਿਚ ਹੀ ਸਥਾਪਿਤ ਹੋ ਗਏ ਸਨ। ਇਹ ਦੋ ਅਜਿਹੇ ਵਿਭਾਗ ਹਨ ਜਿਹੜੇ ਕਿ ਭਾਰਤੀ ਯੂਨੀਵਰਸਿਟੀਆਂ ਵਿਖੇ ਅਕਾਦਮਿਕ ਅਧਿਐਨ ਦੀ ਦ੍ਰਿਸ਼ਟੀ ਤੋਂ ਬਿਲਕੁਲ ਨਵੇਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ 1965 ਵਿਚ ਆਰੰਭ ਕੀਤਾ ਗਿਆ ਸੀ ਅਤੇ 1966 ਵਿਚ ਡਾ. ਤਾਰਨ ਸਿੰਘ ਇਸ ਵਿਭਾਗ ਦੇ ਮੁਖੀ ਬਣੇ ਸਨ ਜਿਨਾਂ ਨੇ 10 ਸਾਲ ਇਸ ਵਿਭਾਗ ਨੂੰ ਸਫ਼ਲਤਾ ਪੂਰਵਕ ਚਲਾਇਆ ਅਤੇ ਮਹੱਤਵਪੂਰਨ ਖੋਜ ਕਾਰਜ ਸੰਪੂਰਨ ਕੀਤੇ। ਇਨਾਂ ਦੇ ਯਤਨਾਂ ਸਦਕਾ ਨਾਨਕ ਪ੍ਰਕਾਸ਼ ਪੱਤ੍ਰਿਕਾ ਆਰੰਭ ਹੋਈ ਜਿਹੜੀ ਕਿ ਮੌਜੂਦਾ ਸਮੇਂ ਤੱਕ ਛਿਮਾਹੀ ਰੂਪ ਵਿਚ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਇਸ ਪੱਤ੍ਰਿਕਾ ਵਿਚ ਸਿੱਖ ਅਧਿਐਨ ਦੇ ਵਿਭਿੰਨ ਵਿਸ਼ਿਆਂ ’ਤੇ ਖੋਜ ਭਰਪੂਰ ਲੇਖ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਵਿਭਾਗ ਵੱਲੋਂ ਗੁਰੂ ਨਾਨਕ ਬਾਣੀ ਪ੍ਰਕਾਸ਼ (ਦੋ ਭਾਗ), ਗੁਰੂ ਗ੍ਰੰਥ ਰਤਨਾਵਲੀ, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਕਰਤਾਰਪੁਰੀ ਬੀੜ ਦੇ ਦਰਸ਼ਨ, ਸ਼ਬਦ ਅਨੁਕ੍ਰਮਣਿਕਾ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ-ਹਿੰਦੀ ਸ਼ਬਦਾਰਥ, ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਤਿੰਨ ਭਾਗ), ਦਸਮ ਗ੍ਰੰਥ ਤੁਕ-ਤਤਕਰਾ, ਕਬਿੱਤ ਸਵੈਯੇ ਭਾਈ ਗੁਰਦਾਸ ਆਦਿ ਅਨੇਕਾਂ ਖੋਜ ਭਰਪੂਰ ਪੁਸਤਕਾਂ ਪਾਠਕਾਂ ਦੇ ਸਨਮੁਖ ਪੇਸ਼ ਕੀਤੀਆਂ ਗਈਆਂ ਹਨ ਜਿਨਾਂ ਨੇ ਸਿੱਖ ਅਧਿਐਨ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੂੰ ਮਿਆਰੀ ਖੋਜ ਸਮੱਗਰੀ ਪ੍ਰਦਾਨ ਕੀਤੀ ਹੈ। ਕਾਨਫ਼ਰੰਸਾਂ ਅਤੇ ਸੈਮੀਨਾਰਾਂ ਤੋਂ ਇਲਾਵਾ ਵਿਭਾਗ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਸਰਟੀਫਿਕੇਟ ਕੋਰਸ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਪੀਐਚ.ਡੀ. ਪੱਧਰ ਤੱਕ ਖੋਜ ਕਰਵਾਈ ਜਾਂਦੀ ਹੈ।

1966-67 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤੀਜੀ ਸ਼ਤਾਬਦੀ ਮਨਾਉਂਦਿਆਂ ਪੰਜਾਬੀ ਯੂਨੀਵਰਸਿਟੀ ਨੇ ਵਿਭਿੰਨ ਧਰਮਾਂ ਦੇ ਅਧਿਐਨ ਲਈ ਇਕ ਨਵਾਂ ਵਿਭਾਗ ਖੋਲਣ ਦਾ ਫ਼ੈਸਲਾ ਹੋਇਆ ਜਿਸ ਦਾ ਨਾਂ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਰੱਖਿਆ ਗਿਆ। ਇਹ ਵਿਭਾਗ ਯੂਨੀਵਰਸਿਟੀ ਦੇ ਤਤਕਾਲੀ ਵਾਈਸ ਚਾਂਸਲਰ ਡਾ. ਕਿਰਪਾਲ ਸਿੰਘ ਨਾਰੰਗ ਅਤੇ ਪ੍ਰੋ. ਹਰਬੰਸ ਸਿੰਘ ਦੇ ਯਤਨਾਂ ਦਾ ਸਿੱਟਾ ਹੈ। ਇਸ ਸਮੇਂ ਦੌਰਾਨ ਡਾ. ਕਿਰਪਾਲ ਸਿੰਘ ਨਾਰੰਗ ਨੇ ਅਮਰੀਕਾ ਦੀਆਂ ਹਾਰਵਰਡ ਅਤੇ ਸਟੈਨਫ਼ੋਰਡ ਯੂਨੀਵਰਸਿਟੀਆਂ ਦੀ ਯਾਤਰਾ ਕੀਤੀ ਸੀ ਅਤੇ ਉੱਥੇ ਇਨਾਂ ਦਾ ਮੇਲ ਅਜਿਹੀਆਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਹੋਇਆ ਜਿਹੜੀਆਂ ਵਿਭਿੰਨ ਧਰਮਾਂ ਦੇ ਅਧਿਐਨ ਵਿਚ ਕਾਰਜ ਕਰ ਰਹੀਆਂ ਸਨ। ਧਰਮ ਅਧਿਐਨ ਵਿਸ਼ੇ ਦੇ ਅਕਾਦਮਿਕ ਅਧਿਐਨ ਲਈ ਪੈਦਾ ਹੋਈ ਪ੍ਰੇਰਨਾ ਨੇ ਇਹਨਾਂ ਦੇ ਮਨ ਨੂੰ ਦਿਸ਼ਾ ਪ੍ਰਦਾਨ ਕੀਤੀ ਅਤੇ ਭਾਰਤ ਵਾਪਸ ਆ ਕੇ ਇਨਾਂ ਨੇ ਆਪਣੇ ਵਿਚਾਰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਗੁਰੂ ਗੋਬਿੰਦ ਸਿੰਘ ਫ਼ਾਉਂਡੇਸ਼ਨ ਆਦਿ ਸੰਸਥਾਵਾਂ ਨੂੰ ਲਿਖ ਭੇਜੇ। ਉਨਾਂ ਦੇ ਜਵਾਬ ਆਉਣ ’ਤੇ ਇਨਾਂ ਦੇ ਮਨ ਵਿਚ ਇਸ ਵਿਭਾਗ ਦੀ ਸਥਾਪਤੀ ਲਈ ਉਤਸ਼ਾਹ ਪੈਦਾ ਹੋਇਆ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਪੰਜਾਬ ਸਰਕਾਰ ਨੇ ਇਸ ਵਿਭਾਗ ਨੂੰ ਖੋਲਣ ਲਈ ਰਾਸ਼ੀ ਮੁਹੱਈਆ ਕਰਵਾਈ ਅਤੇ ਯੂਨੀਵਰਸਿਟੀ ਦਾ ਇਹ ਵਿਭਾਗ ਧਰਮ ਅਧਿਐਨ ਦੇ ਖ਼ੇਤਰ ਵਿਚ ਭਾਰਤ ਦੇ ਪਹਿਲੇ ਵਿਭਾਗ ਵੱਜੋਂ ਸਾਹਮਣੇ ਆਇਆ। ਦੂਜੇ ਧਰਮਾਂ ਨੂੰ ਸਮਝਣ ਅਤੇ ਭਾਈਚਾਰਕ ਸਾਂਝ ਵਧਾਉਣ ਦੇ ਉਦੇਸ਼ ਨਾਲ ਇਹ ਵਿਭਾਗ ਕਾਰਜਸ਼ੀਲ ਹੋਇਆ ਤਾਂ ਧਰਮ ਦਰਸ਼ਨ, ਤੁਲਨਾਤਮਿਕ ਧਰਮ ਅਧਿਐਨ, ਅੰਤਰ-ਧਰਮ ਸੰਵਾਦ, ਧਰਮ ਗ੍ਰੰਥਾਂ ਦੀ ਵਿਆਖਿਆਕਰੀ ਆਦਿ ਵਿਸ਼ਿਆਂ ’ਤੇ ਖੋਜ ਕਾਰਜ ਅਰੰਭ ਹੋਣ ਲੱਗੇ। ਇਕੋ ਛੱਤ ਹੇਠਾਂ ਵਿਭਿੰਨ ਧਰਮਾਂ ਦਾ ਅਧਿਐਨ ਇਕ ਨਿਵੇਕਲਾ ਯਤਨ ਸੀ ਜਿਹੜਾ ਸਫ਼ਲ ਸਿੱਧ ਹੋਇਆ।

ਪ੍ਰੋ. ਹਰਬੰਸ ਸਿੰਘ ਦੀ ਸਿੱਖ ਅਧਿਐਨ ਵਿਚ ਵਿਸ਼ੇਸ਼ ਰੁਚੀ ਸੀ। ਰਜਿਸਟਰਾਰ ਦੀ ਪਦਵੀ ਤੋਂ ਸੇਵਾ ਮੁਕਤ ਹੋਏ ਤਾਂ 1968 ਵਿਚ ਹਾਰਵਰਡ ਯੂਨੀਵਰਸਿਟੀ ਦੇ ਸੱਦੇ ’ਤੇ ਅਮਰੀਕਾ ਚਲੇ ਗਏ ਜਿੱਥੇ ਇਹਨਾਂ ਨੇ ਪੱਛਮ ਦੇ ਵਿਦਵਾਨਾਂ ਨੂੰ ਸਮਝਣ ਅਤੇ ਉਹਨਾਂ ਨੂੰ ਸਿੱਖ ਧਰਮ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਦਾ ਕਾਰਜ ਕੀਤਾ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਵਿਭਿੰਨ ਪਹਿਲੂਆਂ ’ਤੇ ਇਨਾਂ ਵੱਲੋਂ ਦਿੱਤੇ ਗਏ ਲੈਕਚਰ ਬਹੁਤ ਪ੍ਰਭਾਵਸ਼ਾਲੀ ਸਿੱਧ ਹੋਏ। ਇਸ ਤੋਂ ਬਾਅਦ ਇਹ ਬਰਕਲੇ ਅਤੇ ਹੋਰਨਾਂ ਦੇਸ਼ਾਂ ਦੀਆਂ ਯੂਨੀਵਰਸਿਟੀ ਵਿਖੇ ਵੀ ਸਿੱਖ ਧਰਮ ਨਾਲ ਸਬੰਧਤ ਲੈਕਚਰ ਦਿੰਦੇ ਰਹੇ ਜਿਸ ਕਰਕੇ ਇਨਾਂ ਦੀ ਪੱਛਮ ਦੇ ਉੱਘੇ ਵਿਦਵਾਨਾਂ ਨਾਲ ਅਕਾਦਮਿਕ ਸਾਂਝ ਪੈਦਾ ਹੋ ਗਈ ਅਤੇ ਉਹ ਵਿਦਵਾਨ ਪੰਜਾਬੀ ਯੂਨੀਵਰਸਿਟੀ ਦੇ ਧਰਮ ਅਧਿਐਨ ਵਿਭਾਗ ਵਿਖੇ ਅਕਸਰ ਅਕਾਦਮਿਕ ਯਾਤਰਾ ਕਰਨ ਲਈ ਆ ਜਾਂਦੇ ਸਨ ਜਿਸ ਕਾਰਨ ਇਹ ਵਿਭਾਗ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਗਿਆ ਸੀ।

ਇਹ ਵਿਭਾਗ ਗੁਰੂ ਗੋਬਿੰਦ ਸਿੰਘ ਭਵਨ ਵਿਖੇ ਕਾਰਜਸ਼ੀਲ ਹੈ ਜਿਸ ਦੀ ਨੀਂਹ 1967 ਵਿਚ ਤਤਕਾਲੀ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਨੇ ਰੱਖੀ ਸੀ। ਜਿਸ ਸਥਾਨ ’ਤੇ ਇਹ ਨੀਂਹ ਪੱਥਰ ਲੱਗਿਆ ਹੋਇਆ ਹੈ ਉਸ ਦੇ ਸਾਹਮਣੇ ਹੀ ਇਕ ਹੋਰ ਪੱਥਰ ’ਤੇ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚੋਂ ‘ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ’ ਵਾਲੀਆਂ ਪੰਕਤੀਆਂ ਉਕਰੀਆਂ ਹੋਈਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੀਆਂ ਇਹ ਪੰਕਤੀਆਂ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਸੰਦੇਸ਼ ਦਿੰਦੀਆਂ ਹਨ ਅਤੇ ਇਹੀ ਇਸ ਵਿਭਾਗ ਦਾ ਪ੍ਰਮੁੱਖ ਸੰਦੇਸ਼ ਵੀ ਮੰਨਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ’ਤੇ ਉਸਾਰੀ ਗਈ ਇਹ ਇਮਾਰਤ ਯੂਨੀਵਰਸਿਟੀ ਦਾ ਚਿੰਨ ਹੈ।

ਜਰਨਲ ਆਫ਼ ਰਿਲੀਜੀਅਸ ਸਟੱਡੀਜ਼ ਤੋਂ ਇਲਾਵਾ ਇਸ ਵਿਭਾਗ ਨੇ ਸਭ ਤੋਂ ਪਹਿਲਾਂ ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ, ਇਸਾਈ ਧਰਮ, ਇਸਲਾਮ, ਅਤੇ ਸਿੱਖ ਧਰਮ ’ਤੇ ਪੁਸਤਕਾਂ ਤਿਆਰ ਕੀਤੀਆਂ ਜਿਨਾਂ ਨੇ ਇਨਾਂ ਧਰਮਾਂ ਦੇ ਧਰਮ ਗ੍ਰੰਥਾਂ, ਪਰੰਪਰਾਵਾਂ, ਸਿਧਾਂਤਾਂ ਅਤੇ ਰੀਤੀ ਰਿਵਾਜਾਂ ਨੂੰ ਸਮਝਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਸ ਤੋਂ ਇਲਾਵਾ ਇਸ ਵਿਭਾਗ ਵਿਖੇ ਕਾਰਜ ਕਰਨ ਵਾਲੇ ਅਧਿਆਪਕਾਂ ਨੇ ਧਰਮ ਅਧਿਐਨ ਅਤੇ ਸਿੱਖ ਧਰਮ ਨਾਲ ਸੰਬੰਧਿਤ ਵਿਭਿੰਨ ਵਿਸ਼ਿਆਂ ’ਤੇ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿਚ ਪੁਸਤਕਾਂ ਤਿਆਰ ਕਰਕੇ ਭਾਰਤ ਵਿਖੇ ਧਰਮਾਂ ਦੇ ਅਧਿਐਨ ਦੀ ਖੋਜ ਲਈ ਰਾਹ ਖੋਲਿਆ। ਚਾਰ ਭਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜ਼ੀ ਅਨੁਵਾਦ ਅਤੇ ਚਾਰ ਭਾਗਾਂ ਵਿਚ ਦ ਐਨਸਾਈਕਲੋਪੀਡੀਆ ਆਫ਼ ਸਿੱਖਿਜ਼ਮ ਇਸ ਵਿਭਾਗ ਦੀ ਵਡਮੁੱਲੀ ਦੇਣ ਹਨ ਜਿਨਾਂ ਨੇ ਅੰਗਰੇਜ਼ੀ ਭਾਸ਼ਾ ਵਿਚ ਸਿੱਖ ਧਰਮ ਦੀ ਜਾਣਕਾਰੀ ਪ੍ਰਾਪਤ ਕਰਨ ਵਾਲਿਆਂ ਅਤੇ ਖੋਜਾਰਥੀਆਂ ਲਈ ਮਹੱਤਵਪੂਰਨ ਖੋਜ ਸਮੱਗਰੀ ਮੁਹੱਈਆ ਕਰਵਾਈ ਹੈ। ਮੌਜੂਦਾ ਸਮੇਂ ਵਿਚ ਗੁਰੂ ਗੋਬਿੰਦ ਸਿੰਘ ਚੇਅਰ ਤੋਂ ਇਲਾਵਾ ਇਸ ਵਿਭਾਗ ਵਿਖੇ ਧਰਮ ਅਧਿਐਨ ਅਤੇ ਸਿੱਖ ਅਧਿਐਨ ਦੇ ਵਿਸ਼ਿਆਂ ਵਿਚ ਪੋਸਟ ਗ੍ਰੈਜੂਏਟ ਅਤੇ ਪੀਐਚ.ਡੀ. ਪੱਧਰ ਦੀ ਵਿੱਦਿਆ ਪ੍ਰਦਾਨ ਕੀਤੀ ਜਾ ਰਹੀ ਹੈ। ਕਾਨਫ਼ਰੰਸਾਂ, ਗੋਸ਼ਟੀਆਂ, ਸੈਮੀਨਾਰਾਂ ਅਤੇ ਵਰਕਸ਼ਾਪਾਂ ਰਾਹੀਂ ਵਿਦਿਆਰਥੀਆਂ ਨੂੰ ਧਰਮ ਅਧਿਐਨ ਅਤੇ ਸਿੱਖ ਅਧਿਐਨ ਵਿਚ ਪੈਦਾ ਹੋ ਰਹੇ ਨਵੇਂ ਰੁਝਾਨਾਂ ਬਾਰੇ ਚੇਤਨਾ ਪੈਦਾ ਕੀਤੀ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਭਵਨ ਵਿਖੇ ਹੀ ਸਿੱਖ ਵਿਸ਼ਵਕੋਸ਼ ਵਿਭਾਗ ਕਾਰਜਸ਼ੀਲ ਹੈ। ਪਹਿਲਾਂ ਇਹ ਵਿਭਾਗ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਦੇ ਇਕ ਸੈਲ ਵਜੋਂ ਪ੍ਰੋ. ਹਰਬੰਸ ਸਿੰਘ ਅਧੀਨ ਕਾਰਜਸ਼ੀਲ ਸੀ ਜਿਸ ਵਿਚ ਦ ਐਨਸਾਈਕਲੋਪੀਡੀਆ ਆਫ਼ ਸਿੱਖਿਜ਼ਮ ਦੀ ਤਿਆਰੀ ਦਾ ਕਾਰਜ ਚੱਲ ਰਿਹਾ ਸੀ। 30 ਮਈ 1998 ਨੂੰ ਪ੍ਰੋ. ਹਰਬੰਸ ਸਿੰਘ ਦੇ ਅਕਾਲ ਚਲਾਣਾ ਕਰ ਜਾਣ ’ਤੇ ਉਨਾਂ ਅਧੀਨ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਖੇ ਚੱਲ ਰਹੇ ਸੈਲ ਨੂੰ ਵਿਭਾਗ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ। ਡਾ. ਪ੍ਰਿਥੀਪਾਲ ਸਿੰਘ ਕਪੂਰ, ਡਾ. ਜੋਧ ਸਿੰਘ, ਡਾ. ਧਰਮ ਸਿੰਘ ਇਸ ਵਿਭਾਗ ਦੇ ਮੁੱਖ ਸੰਪਾਦਕ ਵੱਜੋਂ ਕਾਰਜਸ਼ੀਲ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਭਾਰਤ ਦੇ ਵਿਭਿੰਨ ਭਾਗਾਂ ਵਿਖੇ ਸਰਬ ਭਾਰਤੀ ਪੰਜਾਬੀ ਕਾਨਫ਼ਰੰਸ ਕਰਾਉਣ ਵਿਚ ਵੀ ਇਸ ਵਿਭਾਗ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਪ੍ਰੋ. ਹਰਬੰਸ ਸਿੰਘ ਦੁਆਰਾ ਚਾਰ ਭਾਗਾਂ ਵਿਚ ਤਿਆਰ ਕੀਤੇ ਗਏ ‘ਦ ਐਨਸਾਈਕਲੋਪੀਡੀਆ ਆਫ਼ ਸਿੱਖਿਜ਼ਮ’ ਨੂੰ ਸਿੱਖ ਧਰਮ ਵਿਸ਼ਵਕੋਸ਼ ਸਿਰਲੇਖ ਅਧੀਨ ਚਾਰ ਭਾਗਾਂ ਵਿਚ ਹੀ ਪੰਜਾਬੀ ਰੂਪਾਂਤਰਣ ਦਾ ਕਾਰਜ ਸੌਂਪਿਆ ਗਿਆ ਸੀ ਜਿਸਦੇ ਤਿੰਨ ਭਾਗ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਚੌਥੇ ਭਾਗ ਦੀ ਤਿਆਰੀ ਦਾ ਕਾਰਜ ਚੱਲ ਰਿਹਾ ਹੈ। ਵਿਭਾਗ ਵੱਲੋਂ ਹਰ ਸਾਲ ਸਰਦਾਰਨੀ ਕੈਲਾਸ਼ ਕੌਰ ਮੈਮੋਰੀਅਲ ਲੈਕਚਰ ਅਤੇ ਕਰਨਲ ਹਰਪ੍ਰਤਾਪ ਸਿੰਘ ਮੈਮੋਰੀਅਲ ਲੈਕਚਰਾਂ ਤੋਂ ਇਲਾਵਾ ਕਾਨਫ਼ਰੰਸਾਂ ਅਤੇ ਸੈਮੀਨਾਰ ਕਰਵਾਏ ਜਾਂਦੇ ਹਨ। ਸੀਮਿਤ ਫੈਕਲਟੀ ਵੱਲੋਂ ਆਪਣੇ ਪੱਧਰ ’ਤੇ ਵੀ ਖੋਜ ਕਾਰਜ ਕੀਤੇ ਜਾ ਰਹੇ ਹਨ।

ਇਹ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪਛਾਣ ਹਨ ਅਤੇ ਇਨਾਂ ਵਿਭਾਗਾਂ ਰਾਹੀਂ ਜਿਹੜੇ ਖੋਜ ਕਾਰਜ ਸਾਹਮਣੇ ਆਏ ਹਨ ਉਨਾਂ ਨੇ ਮਿਆਰੀ ਖੋਜ ਸਮੱਗਰੀ ਪੈਦਾ ਕਰਨ ਦੇ ਨਾਲ-ਨਾਲ ਧਰਮਾਂ ਦੇ ਅਕਾਦਮਿਕ ਅਧਿਐਨ ਵਿਚ ਵਿਸ਼ੇਸ਼ ਰੁਚੀ ਪੈਦਾ ਕੀਤੀ ਹੈ।









# ਹੁਣ ਨੀਂ ਹਾਰਦਾ ਮੇਰਾ ਪੁੱਤ




**ਮਨਦੀਪ ਰਿੰਪੀ, ਰੂਪਨਗਰ**

**ਮੋ. 98143 85918**


ਅੱਜ ਟ੍ਰੇਨ ਵਿਚ ਬੈਠਿਆਂ ਮੈਨੂੰ ਕਦੋਂ ਨੀਂਦ ਆ ਗਈ ਪਤਾ ਹੀ ਨਾ ਲੱਗਿਆ।ਮੈਂ ਤਾਂ ਪਿੱਛੇ ਵੱਲ ਦੌੜੇ ਜਾਂਦੇ ਰੁੱਖਾਂ ਵੱਲ ਵੇਖ ਰਿਹਾ ਸੀ। ਅੱਖ ਖੁੱਲਦੇ ਸਾਰ ਮੇਰੀ ਸੋਚਾਂ ਦੀ ਸੂਈ ਮੱਲੋ-ਮੱਲੀ ਅਤੀਤ ਵੱਲ ਘੁੰਮ ਗਈ। ਉਦੋਂ ਮਸਾਂ ਦਸਾਂ ਕੁ ਵਰਿਆਂ ਦਾ ਸਾਂ, ਮੈਂ ਜਦੋਂ ਪਿਓ ਨਾਲ ਪੰਜਾਬ ਆਇਆ। ਉੱਧਰ ਵੀ ਭੁੱਖੇ ਮਰਦੇ ਸਾਂ। ਨਾ ਦਿਹਾੜੀ ਪੱਲੇ ਪੈਂਦੀ ਸੀ ਤੇ ਨਾ ਦੋ ਵਕਤ ਦੀ ਰੋਟੀ। ਤਰਸਦੇ ਸਾਂ ਟੁੱਕ-ਟੁੱਕ ਨੂੰ। ਮੇਰੇ ਪਿਓ ਦਾ ਖ਼ਾਸ ਮਿੱਤਰ ਜਿਹਨੂੰ ਇੱਧਰ ਵਸਦਿਆਂ ਸੱਤ-ਅੱਠ ਵਰੇ ਹੋ ਗਏ ਸਨ, ਜਦੋਂ ਉਹ ਉੱਧਰ ਜਾਂਦਾ, ਉਹਦੇ ਬੱਚਿਆਂ ਦੇ ਸੋਹਣੇ-ਸੋਹਣੇ ਕੱਪੜਿਆਂ ਨਾਲ ਢਕੇ ਤਨ ਦੇਖਦੇ ਤਾਂ ਮੱਲੋ਼-ਮੱਲੀ ਸਾਡਾ ਧਿਆਨ ਆਪਣੇ ਤਨ ’ਤੇ ਪਏ ਟਾਕੀਆਂ ਲੱਗੇ ਕੱਪੜਿਆਂ ਵਿੱਚ ਉਲਝ ਕੇ ਰਹਿ ਜਾਂਦਾ। ਭੁੱਖੀਆਂ ਆਂਦਰਾਂ ਨੂੰ ਖਿੱਚ ਪੈਂਦੀ ਤੇ ਮਨ ਮਸੋਸਿਆ ਜਾਂਦਾ।

ਮੇਰੀ ਮਾਂ ਮੇਰੇ ਪਿਉ ਨਾਲ ਲੜਦੀ ਤੇ ਕਈ ਵਾਰ ਆਖ ਦਿੰਦੀ, ‘ਤੂੰ ਨਹੀਂ ਜਾ ਸਕਦਾ ਉੱਧਰ ਦਿਹਾੜੀਆਂ ਲੱਭਣ ਜਿੱਥੇ ਉਹ ਜਾਂਦੈ। ਕਿਉਂ ਤੂੰ ਤਾਂ ਸਾਡੇ ਮਰਨ ਦੀ ਉਡੀਕ ਕਰਦਾ ? ਇੱਥੇ ਤਾਂ ਅਸੀਂ ਉਂਜ ਈ ਭੁੱਖ ਨਾਲ ਮਰ ਜਾਣਾ।’ ਨਿੱਤ ਦੇ ਕਲੇਸ਼ ਤੋਂ ਡਰਦਿਆਂ ਮੇਰੇ ਪਿਉ ਨੇ ਇੱਕ ਦਿਨ ਆਪਣੇ ਉਸ ਸਾਥੀ ਨਾਲ ਆਪਣਾ ਦਿਲ ਫਰੋਲ ਹੀ ਲਿਆ। ਉਹਨੇ ਵੀ ਹਾਮੀ ਭਰਨ ਲੱਗਿਆਂ ਦੇਰ ਨਾ ਲਾਈ ਆਪਣੇ ਨਾਲ ਲਿਜਾਉਣ ਦੀ ਤੇ ਅਸੀਂ ਇੱਥੇ ਆ ਗਏ ਪੰਜਾਬ ਦੇ ਸ਼ਹਿਰ ਰੋਪੜ। ਮੇਰੇ ਪਿਓ ਦਾ ਉਹ ਮਿੱਤਰ ਜਿਸ ਨੂੰ ਅਸੀਂ ਚਾਚਾ ਆਖਦੇ ਸਾਂ ਰੋਪੜ ਰੇਲਵੇ ਫਾਟਕ ਕੋਲ ਰਹਿੰਦਾ ਸੀ ਤੇ ਉਸ ਨੇ ਸਾਨੂੰ ਵੀ ਇੱਕ ਛੋਟਾ ਜਿਹਾ ਕਮਰਾ ਕਿਰਾਏ ’ਤੇ ਲੈ ਦਿੱਤਾ।

ਮੇਰਾ ਪਿਓ ਨੇ ਜਿਸ ਨੂੰ ਖੇਤੀਬਾੜੀ ਤੋਂ ਇਲਾਵਾ ਕੁਝ ਨਹੀਂ ਸੀ ਆਉਂਦਾ, ਆਪਣੇ ਮਿੱਤਰ ਨੂੰ ਤਰਲਾ ਕੀਤਾ ਕਿ ਉਸ ਨੂੰ ਕਿਧਰੇ ਖੇਤਾਂ ਵਿੱਚ ਦਿਹਾੜੀ ’ਤੇ ਲਵਾ ਦਵੇ। ਮੇਰੇ ਪਿਓ ਦਾ ਮਿੱਤਰ ਜਿਸ ਨੂੰ ਅਸੀਂ ਚਾਚਾ ਆਖਦੇ ਸਾਂ ਨੇ ਆਪਣੇ ਨਾਲ ਹੀ ਉਸ ਨੂੰ ਕੰਮ ’ਤੇ ਲਾ ਲਿਆ। ਮੇਰਾ ਪਿਓ ਉਹਦੇ ਨਾਲ ਮਾਲੀ ਲੱਗ ਕੇ ਥੋੜੇ ਸਮੇਂ ਵਿੱਚ ਹੀ ਪੌਦਿਆਂ ਬਾਰੇ ਚੰਗੀ ਤਰਾਂ ਜਾਣੂ ਹੋ ਗਿਆ।

ਮੇਰਾ ਪਿਓ ਇੱਥੇ ਐਸ.ਐਚ.ਓ ਸੁਖਵੀਰ ਰਾਣਾ ਦੇ ਘਰ ਮੌਸਮੀ ਫੁੱਲ ਲਾਉਂਦਾ ਅਤੇ ਉਨਾਂ ਦੀ ਦੇਖਭਾਲ ਕਰਦਾ। ਕਦੇ-ਕਦੇ ਮੈਂ ਵੀ ਆਪਣੇ ਪਿਉ ਨਾਲ ਚਲਿਆ ਜਾਂਦਾ ਉਸਦੇ ਕੰਮ ਵਿਚ ਹੱਥ ਵਟਾਉਣ। ਜਦੋਂ ਮੈਂ ਉਨਾਂ ਦੇ ਘਰ ਦੇ ਬੱਚਿਆਂ ਨੂੰ ਵੇਖਦਾ ਤਾਂ ਆਪਣੇ ਆਪ ਵਿੱਚ ਅਜੀਬ ਜਿਹੀ ਭਾਵਨਾ ਨਾਲ ਭਰ ਜਾਂਦਾ। ਕਿੱਥੇ ਉਹ ਬੱਚੇ ਹੱਥਾਂ ’ਚ ਚਾਕਲੇਟ ਤੇ ਕੁਰਕਰਿਆਂ ਦੇ ਪੈਕਟ ਚੁੱਕੀ ਆਪਣੇ ਖਿਡੌਣਿਆਂ ਨਾਲ ਗੱਲਾਂ ਕਰਦੇ ਆਪਣੇ ਵਿਹੜਿਆਂ ਵਿਚ ਪੈਲਾਂ ਪਾਉਂਦੇ ਘੁੰਮਦੇ, ਉਨਾਂ ਦੇ ਮਾਪੇ ਵੀ ਉਨਾਂ ਨੂੰ ਸਾਂਭ-ਸਾਂਭ ਰੱਖਦੇ ਕਿ ਕਿਧਰੇ ਮਿੱਟੀ ਨਾ ਲੱਗ ਜਾਏ ਤੇ ਕਿੱਥੇ ਮੈਂ ਆਪਣੇ ਪਿਉ ਨਾਲ ਖੁਰਪਾ ਫੜੀ ਮਿੱਟੀ ਨਾਲ ਮਿੱਟੀ ਹੁੰਦਾ। ਉਨਾਂ ਬੱਚਿਆਂ ਦੇ ਖਿਡੌਣੇ ਅਤੇ ਕੱਪੜੇ ਵੇਖ ਮੇਰੇ ਦਿਲ ਵਿਚ ਅਜੀਬ ਜਿਹੀ ਚੀਸ ਉੱਠਦੀ। ਮੇਰਾ ਜੀਅ ਕਰਦਾ ਮੇਰੀ ਜੀਭ ਵੀ ਚਾਕਲੇਟਾਂ ਦੇ ਸਵਾਦ ਚੱਖੇ ਤੇ ਮੇਰਾ ਮੂੰਹ ਮੱਲੋ-ਮੱਲੀ ਪਾਣੀ ਨਾਲ਼ ਭਰ ਜਾਂਦਾ।ਮੇਰਾ ਮਨ ਆਪਣੇ ਆਪ ਉਸ ਚੀਜ਼ ਦੇ ਸੁਆਦ ਦੀ ਕਲਪਨਾ ਕਰ ਠੰਡਾ ਹੋ ਜਾਂਦਾ।

ਇੱਕ ਦਿਨ ਮੈਨੂੰ ਐਸ.ਐਚ.ਓ ਸਾਹਿਬ ਆਪਣੇ ਨਾਲ ਸਟੇਡੀਅਮ ਵਿੱਚ ਲੈ ਗਏ। ਉਹ ਕੁਸ਼ਤੀ ਦੇ ਸ਼ੌਕੀਨ ਸਨ। ਉਨਾਂ ਕੋਲ ਖੜਾ ਮੈਂ ਵੀ ਬੱਚਿਆਂ ਦੇ ਘੋਲ ਵੇਖਣ ਲੱਗਿਆ। ਬੱਚਿਆਂ ਨੂੰ ਘੁਲਦੇ ਵੇਖ ਪਤਾ ਹੀ ਨਹੀਂ ਕਦੋਂ ਮੈਂ ਕਚੀਚੀਆਂ ਵੱਟਦਾ ਹੋਇਆ, ਜੋਸ਼ ਵਿੱਚ ਆਪਣੇ ਹੱਥ-ਪੈਰ ਮਾਰਨ ਲੱਗਿਆ। ਐਸ. ਐਚ.ਓ ਸਾਹਿਬ ਮੈਨੂੰ ਵੇਖ ਕੇ ਹੱਸਣ ਲੱਗੇ। ਅਚਾਨਕ ਕਿਸੇ ਨੇ ਮੈਨੂੰ ਇਹ ਆਖਦੇ ਹੋਏ ਅਖਾੜੇ ਵਿੱਚ ਧੱਕ ਦਿੱਤਾ, ‘ਲੈ, ਹੁਣ ਮਾਰ ਹੱਥ ਪੈਰ ਜਿਹੜੇ ਮਾਰਨੇ।’ ਮੈਂ ਸੰਗਦਾ ਹੋਇਆ ਅੱਖਾਂ ਨੀਵੀਆਂ ਕਰ ਖੜ ਗਿਆ। ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ, ਸਮਝਦਾ, ਸਮਝਾਉਂਦਾ ਮੈਨੂੰ ਇੱਕ ਪਹਿਲਵਾਨ ਨੇ ਆ ਦਬੋਚਿਆ। ਘੋਲ ਸ਼ੁਰੂ ਹੋ ਗਿਆ। ਮੈਂ ਤਾਂ ਕਦੇ ਵੀ ਅਜਿਹੀ ਖੇਡ ਦਾ ਹਿੱਸਾ ਨਹੀਂ ਸਾਂ ਬਣਿਆ ਪਰ ਇਸ ਖੇਡ ਨੇ ਧੱਕੇ ਨਾਲ ਮੈਨੂੰ ਆਪਣਾ ਹਿੱਸਾ ਬਣਾ ਲਿਆ। ਮੈਥੋਂ ਉਮਰ ’ਚ ਘੱਟ ਉਸ ਪਹਿਲਵਾਨ ਨੇ ਮੈਨੂੰ ਚੰਗੀ ਤਰਾਂ ਝੰਜੋੜਿਆ, ਮਰੋੜਿਆ ਤੇ ਮੈਂ ਥੱਕ-ਟੁੱਟ ਕੇ ਆਪਣੇ ਘਰ ਆ ਵੜਿਆ।

ਮੈਂ ਸਾਰੀ ਰਾਤ ਕੜਥਲਾਂ ਲੈਂਦਾ, ਦੁਖਦੇ ਹੱਡੀਂ ਹੋਇਆ ਸੋਚਦਾ ਰਿਹਾ ਕਿ ਉਹ ਮੈਥੋਂ ਕਿਤੇ ਛੋਟਾ ਸੀ ਪਰ ਫੇਰ ਵੀ ਉਸਨੇ ਮੈਨੂੰ ਕਿੰਨੀ ਸੌਖ ਨਾਲ ਹਰਾ ਦਿੱਤਾ। ਮੇਰੇ ਸਰੀਰ ਦਾ ‘ਕੱਲਾ-ਕੱਲਾ’ ਅੰਗ ਪੀੜ ਨੇ ਮਿੱਧਿਆ ਹੋਇਆ ਸੀ ਪਰ ਫੇਰ ਵੀ ਇਹ ਪੀੜ ਮੈਨੂੰ ਉਸ ਪੀੜ ਨਾਲੋਂ ਕਿਤੇ ਘੱਟ ਜਾਪ ਰਹੀ ਸੀ ਜਿਹੜੀ ਪੀੜ ਮੈਂ ਉਸ ਸਮੇਂ ਝੱਲੀ ਜਦੋਂ ਉਹ ਨਿੱਕਾ ਪਹਿਲਵਾਨ ਮੈਨੂੰ ਵਾਰ-ਵਾਰ ਪਟਕ ਰਿਹਾ ਸੀ ਤੇ ਲੋਕ ਤਾੜੀਆਂ ਮਾਰ-ਮਾਰ ਹੱਸ ਰਹੇ ਸਨ।

ਅਗਲੇ ਦਿਨ ਮੈਂ ਮੁੜ ਸਟੇਡੀਅਮ ਜਾਣ ਦੀ ਗੱਲ ਦੁਹਰਾਈ ਤਾਂ ਮੇਰਾ ਪਿਓ ਮੈਨੂੰ ਝਈ ਲੈ ਕੇ ਪਿਆ, ‘ਸਾਥੋਂ ਨਹੀਂ ਪੁੱਗਣੇ ਇਹ ਕੁੱਤੇ ਸ਼ੌਂਕ। ਜੇ ਕਿਤੇ ਤੇਰੀ ਲੱਤ-ਬਾਂਹ ਟੁੱਟ ਗਈ ਤਾਂ ਕੌਣ ਦੇਖੂ ? ਸਾਥੋਂ ਤਾਂ ਦਾਲ-ਰੋਟੀ ਨੀਂ ਤੁਰਦੀ। ਸੁੱਕੀਆਂ ਰੋਟੀਆਂ ਨਾਲ ਪਹਿਲਵਾਨੀ ਨਈ ਹੁੰਦੀ।’

ਪਿਓ ਨੇ ਤਾਂ ਆਪਣਾ ਫੈਸਲਾ ਸੁਣਾ ਦਿੱਤਾ ਪਰ ਮੈਨੂੰ ਪਿਓ ਦੀ ਮਨਾਹੀ ਮਨਜ਼ੂਰ ਨਹੀਂ ਸੀ। ਮੇਰਾ ਪਿਓ ਤੜਕੇ ਉੱਠ ਆਪਣੇ ਕੰਮ ’ਤੇ ਜਾਣ ਦੀ ਤਿਆਰੀ ਕਰਨ ਲੱਗਦਾ। ਮੇਰੀ ਵੀ ਅੱਖ ਖੁੱਲ ਜਾਂਦੀ ਪਰ ਮੈਂ ਮਚਲਾ ਹੋਇਆ ਅੱਖਾਂ ਬੰਦ ਕਰ ਪਿਆ ਰਹਿੰਦਾ। ਮੇਰੇ ਪਿਉ ਦੀ ਘਰੋਂ ਪੈਰ ਪੁੱਟਣ ਦੀ ਦੇਰ ਹੁੰਦੀ, ਮੈਂ ਵੀ ਕਾਹਲ਼ੀ ਨਾਲ ਉੱਠ ਪਿਉ ਦੇ ਮਗਰ ਹੀ ਘਰੋਂ ਬਾਹਰ ਨਿਕਲ ਜਾਂਦਾ। ਸਾਰਾ ਟੱਬਰ ਘੂਕ ਸੁੱਤਾ ਹੁੰਦਾ ਤੇ ਮੈਂ ਸਟੇਡੀਅਮ ਵੱਲ ਦੌੜਿਆ ਹੁੰਦਾ।ਉੱਥੇ ਪੁੱਜ ਕੇ ਅਭਿਆਸ ਕਰਦੇ ਬੱਚਿਆਂ ਵੱਲ ਵੇਖਦਾ ਤਾਂ ਲੂਹਰੀਆਂ ਉੱਠਦੀਆਂ। ਮੈਨੂੰ ਉੱਥੇ ਅਖਾੜੇ ਦੇ ਉਸਤਾਦ ਜੀ ਰੋਜ਼ ਵੇਖਦੇ ਪਰ ਮੇਰੀ ਹਿੰਮਤ ਨਾ ਹੁੰਦੀ ਉਨਾਂ ਨੂੰ ਆਖਣ ਦੀ ਕਿ ਮੈਨੂੰ ਆਪਣਾ ਸ਼ਗਿਰਦ ਬਣਾ ਲਓ। ਉਸਤਾਦ ਜੀ ਵੀ ਜਿਵੇਂ ਮੇਰਾ ਕੋਈ ਇਮਤਿਹਾਨ ਲੈਂਦੇ ਹੋਣ। ਉਹ ਮੈਨੂੰ ਨਿੱਤ ਅਣਦੇਖਿਆ ਕਰ ਛੱਡਦੇ ਜਦੋਂ ਕਿ ਮੈਂ ਚਾਹੁੰਦਾ ਸੀ ਉਹ ਮੈਨੂੰ ਵੇਖਣ ਤੇ ਆਖਣ, ‘ਆ ਪੁੱਤਰਾ, ਤੂੰ ਵੀ ਆਜਾ। ਤੈਨੂੰ ਪਹਿਲਵਾਨੀ ਦੇ ਗੁਰ ਸਿਖਾਈਏ।’

ਮੈਂ ਘੁਲਦੇ ਪਹਿਲਵਾਨਾਂ ਨੂੰ ਵੇਖਦਾ ਰਹਿੰਦਾ ਤੇ ਸ਼ਾਇਦ ਉਸਤਾਦ ਜੀ ਮੈਨੂੰ।ਮੈਂ ਰਾਤ ਨੂੰ ਸੁੱਤਿਆਂ-ਸੁੱਤਿਆਂ ਵੀ ਉਨਾਂ ਦੇ ਦੱਸੇ ਦਾਅ-ਪੇਚਾਂ ਨਾਲ ਗੁੱਥਮ-ਗੁੱਥੀ ਹੁੰਦਾ ਹੋਇਆ ਆਪਣੇ ਛੋਟੇ ਭਰਾ ਨਾਲ ਘੁਲਣ ਲੱਗਦਾ ਤੇ ਉਦੋਂ ਮੇਰੀ ‘ਹਾਏ’,‘ਹਾਏ’ ਕਰਦੇ ਦੀ ਜਾਗ ਖੁੱਲ ਜਾਂਦੀ ਜਦੋਂ ਉਹ ਮੇਰੇ ਜੋਰ ਦੇਣੀ ਕੱਸ ਕੇ ਗੁੱਸੇ ਨਾਲ ਲੱਤ-ਪੈਰ ਮਾਰਦਾ। ਮੇਰੀ ਮਾਂ ਮੇਰਾ ਫ਼ਿਕਰ ਕਰਦੀ ਹੋਈ ਪਿਉ ਨੂੰ ਆਖਦੀ, ‘ਮੁੰਡਾ ਕਿਸੇ ਓਪਰੀ ਕਸਰ ’ਚ ਲੱਗਦੈ... ਕਿਧਰੇ ਝਾੜਾ ਕਰਵਾ ਲਓ।’ ਮੈਂ ਮਾਂ ਦੀਆਂ ਗੱਲਾਂ ਸੁਣ ਡਰ ਜਾਂਦਾ ਕਿਉਂਕਿ ਮੈਨੂੰ ਪਤਾ ਸੀ ਮੈਨੂੰ ਕਿਹੜੀ ਕਸਰ ਹੋਈ ਐ। ਮੇਰੇ ਸਿਰ ’ਤੇ ਤਾਂ ਪਹਿਲਵਾਨੀ ਦਾ ਭੂਤ ਸਵਾਰ ਸੀ। ਮੈਂ ਦਿਨੇ ਵੀ ਆਪਣੇ ਛੋਟੇ ਭਰਾ ਨਾਲ ਹੇਠ-ਉੱਪਰ ਹੁੰਦਾ ਦਾਅ-ਪੇਚ ਅਜ਼ਮਾਉਂਦਾ ਰਹਿੰਦਾ। ਮੇਰੇ ਪਿਓ ਨੇ ਮੈਨੂੰ ਤੇ ਮੇਰੇ ਛੋਟੇ ਭਰਾ ਨੂੰ ਪ੍ਰਾਇਮਰੀ ਸਕੂਲਾਂ ਵਿਚ ਪੜਨ ਲਾ ਦਿੱਤਾ। ਮੈਂ ਸਕੂਲ ਵਿੱਚ ਵੀ ਜਦੋਂ ਮੌਕਾ ਮਿਲਦਾ ਹੋਰ ਬੱਚਿਆਂ ਨਾਲ ਮਿੱਟੀ ਵਿਚ ਘੁਲਣ ਲੱਗਦਾ।

ਮੈਂ ਔਖਿਆਂ-ਸੌਖਿਆਂ ਪੰਜਵੀਂ ਤਾਂ ਪਾਸ ਕਰ ਲਈ ਪਰ ਹੁਣ ਅੱਗੇ ਹੋਰ ਕੋਈ ਰਾਹ ਨਹੀਂ ਸੀ ਲੱਭ ਰਿਹਾ ਕਿ ਕਿਵੇਂ ਅਖਾੜਿਆਂ ਦੀ ਮਿੱਟੀ ਨੂੰ ਮੱਥੇ ਨਾਲ਼ ਲਾਵਾਂ। ਮੈਂ ਤਾਂ ਪਹਿਲਵਾਨਾਂ ਨਾਲ ਘੁਲਦੇ ਹੋਏ ਮਿੱਟੀ ਦੀ ਮਹਿਕ ਨੂੰ ਆਪਣੀ ਰੂਹ ਅੰਦਰ ਤਕ ਖਿੱਚ ਲੈ ਜਾਣਾ ਚਾਹੁੰਦਾ ਸਾਂ। ਮੇਰੇ ਲਈ ਅਖਾੜੇ ਵਿਚ ਵੜਨਾ ਮੇਰਾ ਸੁਪਨਾ ਸੀ ਤੇ ਸ਼ਾਇਦ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੂਬਸੂਰਤ ਖੁਸ਼ੀ ਵੀ।

ਮੇਰੇ ਪਿਓ ਨੇ ਮੈਨੂੰ ਗਾਂਧੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ। ਮੇਰਾ ਪਿਓ ਇਸੇ ਸਕੂਲ ਦੇ ਮਾਸਟਰ ਮੋਹਨ ਲਾਲ ਚੋਪੜਾ ਦੇ ਘਰ ਮਾਲੀ ਦਾ ਕੰਮ ਕਰਦਾ ਸੀ। ਜਦੋਂ ਮੈਂ ਗਾਂਧੀ ਸਕੂਲ ’ਚ ਦਾਖਲ ਹੋਇਆ ਮੇਰੇ ਸੁਪਨਿਆਂ ਨੇ ਮੇਰੀ ਨੀਂਦ ਖੋਹ ਲਈ। ਮੈਂ ਸਕੂਲ ਖੇਡਾਂ ਵਿਚ ਆਪਣੇ ਪਿਓ ਤੋਂ ਬਾਗੀ ਹੋ, ਆਪਣਾ ਨਾਂ ਪਹਿਲਵਾਨੀ ਵਿਚ ਲਿਖਵਾ ਹੀ ਦਿੱਤਾ।ਜਦੋਂ ਮੇਰੇ ਪਿਓ ਨੂੰ ਪਤਾ ਲੱਗਿਆ ਤਾਂ ਉਹਨੇ ਪਿਆਰ ਨਾਲ ਸਮਝਾਉਣਾ ਚਾਹਿਆ ਪਰ ਜਦੋਂ ਉਸਦੇ ਪਿਆਰ ਦਾ ਅਸਰ ਜਵਾਬ ਦੇ ਗਿਆ ਤਾਂ ਪਹਿਲਾਂ ਵਾਂਗੂੰ ਭੜਕ ਪਿਆ ਪਰ ਪਿਓ ਦੀਆਂ ਝਿੜਕਾਂ ਦਾ ਮੇਰੇ ’ਤੇ ਕੋਈ ਬਹੁਤਾ ਅਸਰ ਨਾ ਹੁੰਦਾ। ਮੈਂ ਤਾਂ ਸੌਂਦਾ-ਜਾਗਦਾ ਹਰ ਵੇਲੇ ਅਖਾੜੇ ਵਿਚ ਹੀ ਘੁੰਮਦਾ ਰਹਿੰਦਾ।ਮੈਂ ਸਟੇਡੀਅਮ ਜਾਣਾ ਕਦੇ ਨਾ ਛੱਡਿਆ। ਆਖਰ ਮੇਰੇ ਉਸਤਾਦ ਨੇ ਮੇਰੀ ਬਾਂਹ ਫੜ ਹੀ ਲਈ ਤੇ ਮੈਨੂੰ ਆਪਣਾ ਪੱਠਾ ਬਣਾ ਲਿਆ। ਉਸ ਦਿਨ ਮੇਰੀ ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ ਦਿਨ ਸੀ ਜਦੋਂ ਮੇਰੇ ਉਸਤਾਦ ਜੀ ਮੇਰੇ ਵੱਲ ਕਿੰਨੀ ਦੇਰ ਤੱਕ ਨੀਝ ਲਗਾ ਕੇ ਤੱਕਦੇ ਰਹੇ ਤੇ ਫਿਰ ਆਖਣ ਲੱਗੇ, ‘ਹਾਂ, ਕਾਕਾ, ਕੀ ਸੋਚਦੈਂ ? ਅਖਾੜੇ ਦੇ ਬਾਹਰ ਖੜ ਕੇ ਪਹਿਲਵਾਨੀ ਨਹੀਂ ਸਿੱਖੀ ਜਾਂਦੀ। ਆ, ਅਖਾੜੇ ਵਿਚ ਆ।’ ਉਸਤਾਦ ਦੇ ਮੂੰਹੋਂ ਨਿਕਲੇ ਇਹ ਸ਼ਬਦ ਰੱਬ ਦੇ ਮੂੰਹੋਂ ਨਿਕਲੇ ਸ਼ਬਦਾਂ ਨਾਲੋਂ ਘੱਟ ਨਹੀਂ ਸਨ।

ਮੈਂ ਕੁੱਦ ਕੇ ਅਖਾੜੇ ਵਿਚ ਜਾ ਵੜਿਆ। ਅਖਾੜੇ ਦੀ ਜਿਸ ਮਿੱਟੀ ਦੀ ਮਹਿਕ ਮੈਨੂੰ ਸੌਣ ਨਹੀਂ ਸੀ ਦਿੰਦੀ, ਉਸੇ ਮਿੱਟੀ ਵਿੱਚ ਮੈਂ ਆਪਣੇ ਸੁਪਨਿਆਂ ਦੀਆਂ ਕਲੀਆਂ ਨੂੰ ਮਹਿਕਦੇ ਮਹਿਸੂਸ ਕਰਨ ਲੱਗਿਆ।ਮੈਂ ਉਸਤਾਦ ਜੀ ਤੋਂ ਸਿੱਖੇ ਦਾਅ-ਪੇਚ ਏਨੀ ਕੁਸ਼ਲਤਾ ਨਾਲ ਵਰਤ ਰਿਹਾ ਸਾਂ ਕਿ ਨਾਲ ਦੇ ਹੋਰ ਪਹਿਲਵਾਨ ਸਾਡੇ ਆਲੇ-ਦੁਆਲੇ ਇਕੱਠੇ ਹੋ ਗਏ। ਕਿੱਥੇ ਉਸਤਾਦ ਜੀ ਦਾ ਪੁਰਾਣਾ ਸ਼ਾਗਿਰਦ ਤੇ ਕਿੱਥੇ ਮੈਂ ਨਵਾਂ ਸਿਖਾਂਦਰੂ, ਸਭ ਦੇ ਸਾਹ ਰੁਕੇ ਹੋਏ ਸਨ ਤੇ ਮੈਂ ਆਖ਼ਰੀ ਦਾਅ ਨਾਲ ਸਭ ਤੋਂ ਤਕੜੇ ਪਹਿਲਵਾਨ ਨੂੰ ਚਿੱਤ ਕਰ ਦਿੱਤਾ। ਉਸਤਾਦ ਜੀ ਨੇ ਭੱਜ ਕੇ ਮੈਨੂੰ ਕਲਾਵੇ ਵਿਚ ਲੈ ਲਿਆ। ਮੈਨੂੰ ਇੰਜ ਲੱਗਿਆ ਜਿਵੇਂ ਮੈ ਜ਼ਿੰਦਗੀ ਦੀ ਬਾਜ਼ੀ ਜਿੱਤ ਲਈ ਹੋਵੇ ਪਰ ਅਸਲੀ ਖੇਡ ਤਾਂ ਹਾਲੇ ਬਾਕੀ ਸੀ।

ਜਦੋਂ ਮੈਂ ਘਰ ਆ ਕੇ ਚਾਈਂ-ਚਾਈਂ ਇਹ ਗੱਲ ਆਪਣੀ ਮਾਂ ਨਾਲ ਸਾਂਝੀ ਕੀਤੀ ਤਾਂ ਮੇਰਾ ਪਿਓ ਭੜਕ ਪਿਆ, ‘ਤੂੰ ਕਿਹੜੇ ਰਾਹ ਤੇ ਤੁਰ ਪਿਆ ...ਤੈਨੂੰ ਕਿੰਨੀ ਵਾਰ ਸਮਝਾਇਆ ਭਲਵਾਨੀ ਸ਼ੌਂਕ ਸਾਡੇ ਵਰਗਿਆਂ ਤੋਂ ਨਹੀਂ ਪੁੱਗਣੇ। ਅਖਾੜਿਆਂ ਨੇ ਤੈਨੂੰ ਰੋਲ਼ ਦੇਣਾ। ਦਿਹਾੜੀਆਂ ਜੋਗਾ ਵੀ ਨਹੀਂ ਛੱਡਣਾ। ਦੋ ਅੱਖਰ ਪੜ ਕੇ ਤੇਰਾ ਦਿਮਾਗ ਖ਼ਰਾਬ ਹੋ ਗਿਆ।ਕੱਲ ਤੋਂ ਤੇਰਾ ਸਕੂਲ ਜਾਣਾ ਬੰਦ।’

ਮੇਰੇ ਪਿਓ ਦਾ ਇਹ ਹੁਕਮ ਮੈਨੂੰ ਫਾਹੇ ਲਾਉਣ ਵਰਗਾ ਸੀ। ਮੈਨੂੰ ਜਿਊਂਦੇ ਜੀ ਇਹ ਮੌਤ ਮਨਜ਼ੂਰ ਨਹੀਂ ਸੀ। ਮੇਰੇ ਸੁਫਨਿਆਂ ਦੀ ਮੌਤ, ਹਾਲੇ ਹੁਣੇ ਤਾਂ ਮੇਰੇ ਸੁਪਨੇ ਸਾਹ ਲੈਣ ਲੱਗੇ ਸਨ ਤੇ ਐਨੀ ਛੇਤੀ ਕਿਵੇਂ ਦਮ ਤੋੜ ਦਿੰਦੇ। ਮੇਰਾ ਪਿਉ ਮੈਨੂੰ ਆਪਣੇ ਨਾਲ ਦਿਹਾੜੀ ’ਤੇ ਲੈ ਜਾਣ ਲੱਗਿਆ।ਉਹਨੇ ਹੱਥ ਖੜੇ ਕਰ ਦਿੱਤੇ ਮੇਰੀ ਫੀਸ ਤੇ ਕਿਤਾਬਾਂ ਦਾ ਖਰਚਾ ਝੱਲਣ ਤੋਂ। ਮੇਰੇ ਹੱਥਾਂ ਵਿੱਚੋਂ ਕਿਤਾਬਾਂ ਖੋਹ ਰੰਬਾ ਫੜਾ ਦਿੱਤਾ।ਮੇਰਾ ਕਿਧਰੇ ਚਿੱਤ ਨਾ ਲੱਗਦਾ।

ਜਦੋਂ ਮੈਂ ਤਿੰਨ-ਚਾਰ ਦਿਨ ਸਕੂਲ ਨਾ ਗਿਆ ਤਾਂ ਮਾਸਟਰ ਜੀ ਪੁੱਛਦੇ-ਪੁਛਾਉਂਦੇ ਸਵਖਤੇ ਹੀ ਸਾਡੇ ਘਰ ਆ ਪਹੁੰਚੇ। ਮੇਰਾ ਪਿਓ ਸਾਈਕਲ ਦੇ ਟਾਇਰ ਵਿਚ ਹਵਾ ਭਰ ਰਿਹਾ ਸੀ ਤੇ ਮੈਂ ਪੌਦੇ ਟੋਕਰੀ ’ਚ ਰੱਖ ਰਿਹਾ ਸਾਂ। ਉਨਾਂ ਆਉਂਦੇ ਸਾਰ ਮੈਨੂੰ ਸਕੂਲ ਨਾ ਆਉਣ ਦਾ ਕਾਰਨ ਪੁੱਛਿਆ। ਮੈਂ ਕੁਝ ਨਾ ਬੋਲ ਸਕਿਆ ਪਰ ਮੈਨੂੰ ਇੰਜ ਲੱਗਿਆ ਜਿਵੇਂ ਮੇਰੀ ਖ਼ਾਮੋਸ਼ੀ ਤੇ ਭਿੱਜੀਆਂ ਅੱਖਾਂ ਨੇ ਉਨਾਂ ਨੂੰ ਸਭ ਕੁਝ ਸਮਝਾ ਦਿੱਤਾ ਹੋਵੇ। ਉਹ ਮੇਰੇ ਪਿਓ ਦੇ ਮੂੰਹ ’ਤੇ ਨੀਝ ਲਾ ਕੇ ਵੇਖਣ ਲੱਗੇ ਤੇ ਮੇਰਾ ਪਿਓ ਹੱਥ ਜੋੜ ਕੇ ਆਖਣ ਲੱਗਿਆ, ‘ਮਾਸਟਰ ਜੀ, ਤੁਹਾਨੂੰ ਸਾਡੀ ਹਾਲਤ ਦਾ ਪਤਾ ਈ ਐ। ਤੁਹਾਡੇ ਕੋਲੋਂ ਕੀ ਲੁਕਿਐ ? ਮੈਂ ਤਾਂ ਦਿਹਾੜੀ-ਦੱਪੇ ਦੇ ਸਿਰ ’ਤੇ ਆਪਣੇ ਬੱਚੇ ਪਾਲ ਰਿਹਾ। ਦੋ ਵਕਤ ਦੀ ਰੋਟੀ ਲਈ ਤਰਲੇ ਕਰਦਾ ਤੇ ਇਹ ਗ਼ਲਤ ਕੰਮਾਂ ਵਿਚ ਪੈ ਗਿਆ। ਭਲਾ ਇਹਨੂੰ ਕੀ ਮਿਲਣਾ ਅਖਾੜਿਆਂ ’ਚੋਂ ? ਜੇ ਕੱਲ ਨੂੰ ਕੋਈ ਉੱਨੀ-ਇੱਕੀ ਹੋ ਗਈ ਤਾਂ ਮੈਂ ਕੀ ਕਰੂੰ ? ਇਹਨੇ ਚੰਗੇ ਭਲੇ ਨੇ ਦੋ ਵਕਤ ਦੀ ਰੋਟੀ ਕਮਾਉਣ ਜੋਗਾ ਵੀ ਨਹੀਂ ਰਹਿਣਾ। ਨਾਲੇ ਸਾਡੇ ਵੱਸ ਦੀ ਗੱਲ ਕਿੱਥੇ ਪਹਿਲਵਾਨੀ ? ਉਂਜ ਵੀ ਮੈਂ ਹੁਣ ਕਿਤਾਬਾਂ ਕਾਪੀਆਂ ਦਾ ਬੋਝ ਨਹੀਂ ਚੁੱਕ ਸਕਦਾ। ਤੀਏ ਦਿਨ ਦਾ ਕੰਮ ਇਨਾਂ ਦਾ ਕਦੇ ਕਾਪੀ ਚਾਹੀਦੀ, ਕਦੇ ਪੈਨਸਿਲ। ਹੁਣ ਮੈਂ ਕਿੱਥੇ ਡਾਕੇ ਮਾਰਾਂ ? ਕਿਹਦੇ ਅੱਗੇ ਹੱਥ ਅੱਡਾਂ ? ਇਹ ਕਿਹੜਾ ‘ਕੱਲਾ ਈ ਐ ! ਮੈਂ ਦੂਜੇ ਜੁਆਕਾਂ ਨੂੰ ਵੀ ਵੇਖਣਾ। ਉਨਾਂ ਦੀ ਰੋਟੀ ਦਾ ਜੁਗਾੜ ਵੀ ਕਰਨਾ। ਤੁਸੀਂ ਓ ਸਮਝਾਓ ਇਹਨੂੰ। ਤੁਹਾਡੀ ਗੱਲ ਛੇਤੀ ਸਮਝਦੈ। ਹੁਣ ਪੰਜ ਜਮਾਤਾਂ ਪੜ ਜੋ ਗਿਆ।ਅਨਪੜ ਪਿਓ ਦੀ ਗੱਲ ਹੁਣ ਇਹਦੇ ਪੱਲੇ ਕਿੱਥੇ ਪੈਂਦੀ ?’

ਮਾਸਟਰ ਜੀ ਚੁੱਪ-ਚਾਪ ਮੇਰੇ ਪਿਓ ਦੀਆਂ ਗੱਲਾਂ ਸੁਣਦੇ ਰਹੇ ਤੇ ਫੇਰ ਸਮਝਾਉਣ ਦੇ ਲਹਿਜ਼ੇ ਵਿੱਚ ਆਖਣ ਲੱਗੇ, ‘ਤੂੰ ਫ਼ਿਕਰ ਨਾ ਕਰ।ਅੱਜ ਤੋਂ ਇਹ ਤੇਰਾ ਹੀ ਨਹੀਂ, ਮੇਰਾ ਵੀ ਪੁੱਤ ਐ।ਮੈਂ ਆਪੇ ਝੱਲੂੰ ਕਿਤਾਬਾਂ ਦਾ ਖ਼ਰਚ।’ ਫੇਰ ਪਰਤ ਕੇ ਮੇਰੇ ਵੱਲ ਵੇਖਕੇ ਆਖਣ ਲੱਗੇ, ‘ਅੱਜ ਤੋਂ ਬਾਅਦ ਤੈਨੂੰ ਜਿਹੜੀ ਚੀਜ਼ ਦੀ ਲੋੜ ਹੋਵੇ, ਮੈਨੂੰ ਆਖੀਂ। ਆਪਣੇ ਪਿਉ ਨੂੰ ਬਹੁਤਾ ਤੰਗ ਨਾ ਕਰੀਂ।’

ਮਾਸਟਰ ਜੀ ਹਾਲੇ ਮੈਨੂੰ ਆਖ ਈ ਰਹੇ ਸਨ ਕਿ ਮੇਰਾ ਪਿਓ ਉਨਾਂ ਨੂੰ ਵਿੱਚੋਂ ਈ ਟੋਕਦੇ ਹੋਏ ਆਖਣ ਲੱਗਿਆ, ‘ਜੇ ਲੱਤ-ਬਾਂਹ ਤੁੜਾ ਬੈਠਿਆ ਫੇਰ ?’

ਮੇਰੇ ਭੋਲ਼ੇ ਪਿਉ ਦੇ ਮੋਢੇ ’ਤੇ ਹੱਥ ਰੱਖ ਮਾਸਟਰ ਜੀ ਕਹਿਣ ਲੱਗੇ, ‘ਨਾ ਭਾਈ, ਘਬਰਾ ਨਾ, ਮੈਂ ਕਿਹਾ ਤਾਂ ਹੈ, ਮੈਂ ਹੈਗਾ। ਹੁਣ ਤਾਂ ਮੰਨ ਲੈ ਭਰਾਵਾ ਚੱਲ ਤੋਰ ਮੁੰਡੇ ਨੂੰ ਮੇਰੇ ਨਾਲ।’

ਮਾਸਟਰ ਜੀ ਮੇਰੇ ਵੱਲ ਵੇਖਦੇ ਹੋਏ ਆਖਣ ਲੱਗੇ, ‘ਚੱਲ ਪੁੱਤ, ਚੱਕ ਬਸਤਾ।’ ਮਾਸਟਰ ਜੀ ਦੀ ਗੱਲ ਸੁਣ ਮੈਂ ਚਾਅ ਨਾਲ ਨੱਕੋ-ਨੱਕ ਭਰ ਗਿਆ। ਮੈਂ ਝੱਟ ਦੇਣੀ ਆਪਣਾ ਬਸਤਾ ਮੋਢਿਆਂ ’ਤੇ ਪਾ ਬਿਨਾਂ ਕੁਝ ਕਹੇ-ਸੁਣੇ ਮਾਸਟਰ ਜੀ ਦੇ ਸਕੂਟਰ ਵੱਲ ਤੁਰ ਪਿਆ।

ਜਦੋਂ ਮੈਂ ਸਕੂਲ ਪਹੁੰਚਿਆ ਮੈਨੂੰ ਇੰਜ ਲੱਗਿਆ ਜਿਵੇਂ ਮੈਂ ਸਾਰੀ ਦੁਨੀਆਂ ਜਿੱਤ ਲਈ।ਮੇਰਾ ਸਕੂਲ ਵਿੱਚ ਦਿਨ ਬਹੁਤ ਹੀ ਵਧੀਆ ਰਿਹਾ ਪਰ ਜਦੋਂ ਸ਼ਾਮ ਨੂੰ ਘਰ ਪਹੁੰਚਿਆ ਤਾਂ ਪਿਉ ਦੀਆਂ ਘੂਰਦੀਆਂ ਅੱਖਾਂ ਵਿਚ ਗੁੱਸੇ ਦੇ ਅੰਗਾਰ ਵੇਖ ਮੇਰੀ ਰੂਹ ਕੰਬ ਗਈ। ਭਾਵੇਂ ਮੇਰੇ ਪਿਉ ਨੇ ਮੂੰਹੋਂ ਕੁਝ ਨਾ ਆਖਿਆ ਪਰ ਉਸ ਦੀ ਘੂਰੀ ਹਰ ਪਲ ਮੈਨੂੰ ਘੇਰੀ ਰੱਖਦੀ। ਅਗਲੇ ਦਿਨ ਵੀ ਮੈਂ ਸਕੂਲ ਜਾਣ ਲਈ ਡਰਦਾ-ਡਰਦਾ ਤਿਆਰ ਹੋਇਆ। ਮੈਂ ਪਹਿਲਾਂ ਦੀ ਤਰਾਂ ਤੜਕੇ ਅਖਾੜੇ ਵੱਲ ਜਦੋਂ ਭੱਜਦਾ ਜਾ ਰਿਹਾ ਸਾਂ ਤਾਂ ਇੱਕ ਵਾਰ ਤਾਂ ਮੈਨੂੰ ਇੰਜ ਲੱਗਿਆ ਜਿਵੇਂ ਮਾਸਟਰ ਜੀ ਦਾ ਹੌਸਲਾ ਮੇਰੇ ਨਾਲ-ਨਾਲ ਭੱਜ ਰਿਹਾ ਹੋਵੇ ਪਰ ਦੂਜੇ ਹੀ ਪਲ ਇੰਜ ਜਾਪਣ ਜਿਵੇਂ ਮੇਰੇ ਪਿਓ ਦੀ ਘੂਰੀ ਮੇਰੇ ਪੈਰਾਂ ਨੂੰ ਬੰਨਣ ਦੀ ਕੋਸ਼ਿਸ਼ ਕਰਦੀ ਹੋਵੇ ਤੇ ਮੇਰੇ ਪੈਰ ਥਾਏਂ ਰੁਕ ਗਏ। ਮੈਂ ਕੁਝ ਨਹੀਂ ਸਮਝ ਪਾ ਰਿਹਾ ਸਾਂ ਕਿਉਂਕਿ ਮੇਰੇ ਪਿਉ ਦੇ ਗੁੱਸੇ ਵਿਚ ਮੇਰੇ ਲਈ ਫ਼ਿਕਰਾਂ ਲੱਦਿਆ ਅਥਾਹ ਪਿਆਰ ਵੀ ਸੀ।

ਮਾਸਟਰ ਜੀ ਨੇ ਮੇਰਾ ਨਾਂ ਮੁਕਾਬਲਿਆਂ ਲਈ ਭੇਜ ਦਿੱਤਾ। ਇੱਕ ਪਾਸੇ ਮੈਂ ਅਖਾੜੇ ਵਿੱਚ ਦੂਸਰੇ ਪਹਿਲਵਾਨ ਨਾਲ ਘੁਲ ਰਿਹਾ ਸਾਂ ਤੇ ਦੂਜੇ ਪਾਸੇ ਆਪਣੇ ਪਿਓ ਦੀ ਘੂਰਦੀਆਂ ਅੱਖਾਂ ਨਾਲ। ਫੇਰ ਵੀ ਮੈਂ ਦੂਸਰੇ ਪਹਿਲਵਾਨ ਨੂੰ ਚਿੱਤ ਕਰ ਦਿੱਤਾ। ਇਸ ਤਰਾਂ ਸੈਂਟਰ ’ਚ ਜੇਤੂ ਰਿਹਾ। ਫੇਰ ਬਲਾਕ ਦੇ ਮੁਕਾਬਲਿਆਂ ਵਿੱਚ ਵੀ ਮੇਰੀ ਬੱਲੇ-ਬੱਲੇ ਹੋ ਗਈ। ਜ਼ਿਲੇ ਤੱਕ ਪਹੁੰਚਦੇ- ਪਹੁੰਚਦੇ ਮੇਰੀ ਇੱਕ ਵੱਖਰੀ ਪਛਾਣ ਬਣ ਗਈ। ਮੈਂ ਸਟੇਟ ਖੇਡਣ ਜਾਣਾ ਸੀ ਪਰ ਮੇਰੇ ਪਿਓ ਦੀਆਂ ਗੁੱਸੇ ਭਰੀਆਂ ਖੁਸ਼ਕ ਅੱਖਾਂ ਮੈਥੋਂ ਝੱਲੀਆਂ ਨਹੀਂ ਸਨ ਜਾ ਰਹੀਆਂ। ਹਰ ਵੇਲੇ ਇੰਜ ਲੱਗਦਾ ਜਿਵੇਂ ਮੇਰਾ ਪਿਓ ਮੈਨੂੰ ਭੋਰਾ ਪਿਆਰ ਨਹੀਂ ਕਰਦਾ।

ਮੇਰੀ ਮਾਂ ਮੈਨੂੰ ਸਮਝਾਉਂਦੀ-ਸਮਝਾਉਂਦੀ ਹੰਭ ਜਾਂਦੀ ਕਿ ਮੈਂ ਆਪਣੇ ਪਿਓ ਵੱਲ ਵੇਖਾਂ... ਉਹ ਮੇਰਾ ਦੋਖੀ ਨਹੀਂ... ਮੇਰੀ ਭਲਾਈ ਬਾਰੇ ਈ ਸੋਚਦਾ... ਪਰ ਮੇਰੇ ਲਈ ਤਾਂ ਅਖਾੜਾ ਹੀ ਸਭ ਕੁਝ ਬਣ ਗਿਆ। ਮੈਨੂੰ ਇੰਜ ਲੱਗਣ ਲੱਗਿਆ ਜਿਵੇਂ ਮੈਂ ਰਾਤ ਕੱਟਣ ਲਈ ਹੀ ਘਰ ਆਉਂਦਾ ਹੋਵਾਂ। ਜਦੋਂ ਮੇਰਾ ਪਿਓ ਘਰ ਹੁੰਦਾ ਮੇਰੀ ਕੋਸ਼ਿਸ਼ ਹੁੰਦੀ ਕਿ ਮੈਂ ਉਹਦੇ ਸਾਹਮਣੇ ਨਾ ਹੋਵਾਂ ਕਿਉਂਕਿ ਮੈਨੂੰ ਆਪਣੇ ਪਿਓ ਦੀਆਂ ਅੱਖਾਂ ਵਿਚ ਆਈ ਉਹ ਘੂਰੀ, ਜਿਸ ਦਿਨ ਮਾਸਟਰ ਜੀ ਮੈਨੂੰ ਘਰ ਲੈਣ ਆਏ ਸਨ ਹਾਲੇ ਤੱਕ ਨਹੀਂ ਸੀ ਭੁੱਲੀ। ਉਸ ਦਿਨ ਤੋਂ ਬਾਅਦ ਮੈਂ ਆਪਣੇ ਪਿਓ ਦੇ ਮੂੰਹੋਂ ਵੀ ਆਪਣਾ ਨਾਂ ਕਦੇ ਨਾ ਸੁਣਿਆ। ਉਹ ਮੈਨੂੰ ਕਦੇ ਨਾ ਬੁਲਾਉਂਦਾ। ਸਗੋਂ ਮੇਰੇ ਭੈਣ- ਭਰਾਵਾਂ ਨਾਲ ਹੀ ਗੱਲੀਂ ਰੁੱਝਿਆ ਰਹਿੰਦਾ। ਮੈਂ ਤਾਂ ਜਿਵੇਂ ਉਸ ਘਰ ਵਿਚ ਮੌਜੂਦ ਹੀ ਨਾ ਹੋਵਾਂ। ਮੈਂ ਉਸ ਘਰ ਵਿਚ ਹਾਜ਼ਰ ਹੋ ਕੇ ਵੀ ਆਪਣੇ ਪਿਓ ਲਈ ਗ਼ੈਰ-ਹਾਜ਼ਰ ਹੀ ਬਣਿਆ ਰਹਿੰਦਾ।

ਜਦੋਂ ਮੈਂ ਸਟੇਟ ਚੈਪੀਅਨਸ਼ਿਪ ਵਿੱਚ ਜਾਣਾ ਸੀ ਮਾਸਟਰ ਮੋਹਨ ਲਾਲ ਜੀ ਨੇ ਹਰ ਤਰਾਂ ਦੀ ਤਿਆਰੀ ਕਰ ਲਈ। ਮੈਂ ਸਟੇਟ ਮੁਕਾਬਲੇ ਵਿੱਚ ਜਾਣ ਦੀ ਗੱਲ ਆਪਣੇ ਪਿਓ ਨਾਲ ਸਾਂਝੀ ਨਾ ਕਰ ਸਕਿਆ ਭਾਵੇਂ ਮੈਂ ਆਪਣੀ ਮਾਂ ਦੇ ਕੰਨਾਂ ਵਿਚੋਂ ਜ਼ਰੂਰ ਇਹ ਗੱਲ ਕੱਢ ਦਿੱਤੀ ਸੀ। ਮੈਂ ਆਪਣੇ ਲੀੜੇ ਇੱਕ ਬੈਗ ਵਿੱਚ ਪਾ ਲਏ। ਮੈਨੂੰ ਸਾਰੀ ਰਾਤ ਨੀਂਦ ਨਾ ਆਈ ਤੇ ਮੈਂ ਸੋਚਦਾ ਰਿਹਾ, ਕਾਸ਼, ਮੇਰਾ ਪਿਓ ਵੀ ਹੋਰਾਂ ਵਾਂਗੂੰ ਮੇਰੀ ਜਿੱਤ ’ਤੇ ਖ਼ੁਸ਼ੀ ਮਨਾਉਂਦਾ। ਮੈਨੂੰ ਸ਼ਾਬਾਸ਼ੀ ਦਿੰਦਾ, ਮੇਰੇ ਕਾਲਜੇ ਵਿਚੋਂ ਅਜੀਬ ਜਿਹੀ ਹੂਕ ਨਿਕਲਦੀ ਤੇ ਮੈਂ ਮਸੋਸ ਕੇ ਰਹਿ ਜਾਂਦਾ।

ਅਗਲੇ ਦਿਨ ਮੈਂ ਸਵੇਰੇ ਤੜਕੇ ਨਹਾ-ਧੋ ਕੇ ਆਪਣਾ ਬੈਗ ਚੁੱਕ ਸਟੇਸ਼ਨ ’ਤੇ ਜਾ ਖੜਿਆ।ਸਾਰੇ ਖਿਡਾਰੀ ਪਹੁੰਚ ਚੁੱਕੇ ਸਨ ਪਰ ਮਾਸਟਰ ਜੀ ਹਾਲੇ ਤੱਕ ਨਹੀਂ ਸਨ ਆਏ। ਸਭ ਨੂੰ ਫ਼ਿਕਰ ਹੋਣ ਲੱਗੀ ਕਿਉਂਕਿ ਅੱਗੇ ਤਾਂ ਕਦੇ ਅਜਿਹਾ ਨਹੀਂ ਸੀ ਹੋਇਆ। ਸਾਡੇ ਦਿਲਾਂ ਦੀਆਂ ਧੜਕਣਾ ਰਫ਼ਤਾਰ ਫੜਨ ਲੱਗੀਆਂ ਪਰ ਛੇਤੀ ਹੀ ਮਾਸਟਰ ਜੀ ਨੂੰ ਵੇਖ ਕੇ ਸਾਡੇ ਸਭ ਦੇ ਸਾਹਾਂ ’ਚ ਸਾਹ ਆ ਗਏ। ਅਸੀਂ ਟ੍ਰੇਨ ਵਿਚ ਜਾ ਬੈਠੇ। ਮੈਂ ਖਿੜਕੀ ’ਚ ਬੈਠਾ ਵੀ ਆਪਣੇ ਪਿਓ ਬਾਰੇ ਹੀ ਸੋਚਦਾ ਰਿਹਾ ਕਿ ਮੇਰਾ ਪਿਓ ਐਨਾ ਪੱਥਰ ਦਿਲ ਕਿਉਂ ਹੈ ?

**ਬਾਕੀ ਸਫ਼ਾ 30 ’ਤੇ**




# ਪਾਠਕਾਂ ਦਾ ਨਜ਼ਰੀਆ

## ‘ਵਾਰਿਸ ਪੰਜਾਬ ਦੇ’ ਜਥੇਬੰਦੀ ਤੋਂ ਵੱਡੀਆਂ ਆਸਾਂ

ਬੀਤੇ ਦਿਨੀਂ ਉਸ ਦਾ ਜਨਮ ਦਿਨ ਹੈ। ਉਨਾਂ ਤਮਾਮ ਵੀਰਾਂ ਭੈਣਾਂ ਨੂੰ ਮੁਬਾਰਕਾਂ ਜੋ ਦੀਪ ਸਿੱਧੂ ਦੀ ਯਾਦ ਨੂੰ ਤਾਜ਼ਾ ਰੱਖਣਾ ਚਾਹੁੰਦੇ ਹਨ, ਜੋ ਉਸ ਦੇ ਜਜ਼ਬਿਆਂ, ਰੀਝਾਂ ਤੇ ਵਲਵਲਿਆਂ ਨੂੰ ਅਮਲ ਵਿਚ ਉਤਾਰਨ ਅਤੇ ਮੌਜੂਦਾ ਹਾਲਤਾਂ ਦੀ ਰੌਸ਼ਨੀ ਵਿਚ ਇਕ ਅਜਿਹੀ ਸੇਧ, ਅਜਿਹੀ ਦਿਸ਼ਾ ਦੇਣ ਲਈ ਦਿਨ ਰਾਤ ਸੋਚਦੇ ਰਹਿੰਦੇ ਹਨ, ਜਿਸ ਦਾ ਮਕਸਦ, ਜਿਸ ਦਾ ਨਿਸ਼ਾਨਾ ਸਮੁੱਚੀ ਸਿੱਖ ਕੌਮ ਨੂੰ ਆਪਣੇ ਕਲਾਵੇ ਵਿੱਚ ਲੈਣਾ ਹੈ। ਇਹ ਕੰਮ ਤੇ ਫਰਜ਼ ‘ਵਾਰਿਸ ਪੰਜਾਬ ਦੇ’ ਜਥੇਬੰਦੀ ਨੇ ਹੀ ਨਿਭਾਉਣਾ ਹੈ। ਪਰ ਇਸ ਜਥੇਬੰਦੀ ਦੀ ਰਫ਼ਤਾਰ ਤੇ ਤੌਰ ਵਿੱਚ ਗੰਭੀਰਤਾ, ਜੋਸ਼ ਤੇ ਹੋਸ਼ ਸਹਿਜੇ ਸਹਿਜੇ ਮੱਧਮ ਪੈਂਦਾ ਜਾ ਰਿਹਾ ਹੈ। ਦੀਪ ਸਿੱਧੂ ਦੀਆਂ ਗੱਲਾਂ ਨੂੰ ਕੌਮ ਦੇ ਧੁਰ ਅੰਦਰ ਵਸਾਉਣ ਲਈ ਜੋ ਉਤਸ਼ਾਹ ਅਤੇ ਚਾਅ ਮੈਂ ਫਤਿਹਗੜ ਸਾਹਿਬ ਦੇ ਸਮਾਗਮ ਵਿਚ ਵੇਖਿਆ, ਉਸੇ ਜੋਸ਼ ਦੀਆਂ ਵੱਖ ਵੱਖ ਪਰਤਾਂ ਨੂੰ ਪਛਾਨਣ ਦੀ ਲੋੜ ਸੀ ਤਾਂ ਜੋ ਜਥੇਬੰਦੀ ਦੇ ਜਥੇਬੰਦਕ ਢਾਂਚੇ ਵਿੱਚ ਉਨਾਂ ਪਰਤਾਂ ਨੂੰ ਥਾਂ ਮਿਲਦੀ ਤੇ ਇਨਾਂ ਪਰਤਾਂ ਨਾਲ ਜੁੜੇ ਨੌਜਵਾਨ ਸਰਗਰਮ ਹੁੰਦੇ।ਪਰ ਵੇਖਣ ਵਿੱਚ ਕੁਝ ਵੀ ਸਾਹਮਣੇ ਅਜੇ ਨਹੀਂ ਆਇਆ।

ਇਹ ਇਕ ਹਕੀਕਤ ਹੈ ਕਿ ਬਹੁਤ ਸਾਰੇ ਲੋਕ ਦੀਪ ਸਿੱਧੂ ਦੀ ਸ਼ਖ਼ਸੀਅਤ ਨਾਲ ਜੁੜੇ ਹੋਏ ਸਨ।ਉਸ ਦੀ ਸ਼ਖ਼ਸੀਅਤ ਹੀ ਏਨੀ ਦਿਲਕਸ਼, ਬਹੁਰੰਗੀ, ਮੋਹ ਭਿੱਜੀ ਸੀ ਕਿ ਵਿਰੋਧ ਵਿੱਚ ਖੜੇ ਵਿਅਕਤੀ ਦਾ ਵਿਰੋਧ ਵੀ ਜੇਕਰ ਖ਼ਤਮ ਨਹੀਂ ਸੀ ਹੁੰਦਾ ਤਾਂ ਮੱਠਾ ਜ਼ਰੂਰ ਪੈ ਜਾਂਦਾ ਸੀ। ਅਸਲ ਵਿਚ ਦੀਪ ਸਿੱਧੂ ਕਈ ਪਰਤਾਂ ਵਿੱਚ ਜਿਊਂਦਾ-ਜਾਗਦਾ ਸੀ ਅਤੇ ਇਹ ਜਗਦਾ ਅਹਿਸਾਸ ਉਨਾਂ ਸਭ ਲੋਕਾਂ ਵਿੱਚ ਭਰ ਦਿੰਦਾ ਸੀ ਜੋ ਉਸ ਦੇ ਨੇੜੇ ਆਉਂਦੇ ਸਨ।ਹੁਣ ਜਥੇਬੰਦੀ ਨੇ ਇਹ ਵੇਖਣਾ ਹੈ ਕਿ ਉਨਾਂ ਸਭਨਾਂ ਨੂੰ ਜਥੇਬੰਦੀ ਨੇ ਆਪਣੀ ਗਲਵੱਕੜੀ ਵਿੱਚ ਕਿਵੇਂ ਲੈਣਾ ਹੈ। ਕਿਸੇ ਨਾਲ ਬਹੁਤ ਨੇੜੇ ਦੀ ਸਾਂਝ ਪੈ ਸਕਦੀ ਹੈ ਅਤੇ ਕਿਸੇ ਨਾਲ ਦੂਰ ਰਹਿ ਕੇ ਨੇੜਤਾ ਪਾਉਣ ਦਾ ਹੁਨਰ ਸਿੱਖਣਾ ਪੈਣਾ ਹੈ। ਇਸ ਮਨੋਰਥ ਲਈ ਦੀਪ ਸਿੱਧੂ ਦੀਆਂ ਉਨਾਂ ਵੀਡੀਓਜ਼ ਨੂੰ ਬਾਰ ਬਾਰ ਵੇਖਣਾ ਚਾਹੀਦਾ ਹੈ, ਜਿਸ ਵਿੱਚ ਉਸ ਦੀ ਸ਼ਖ਼ਸੀਅਤ ਦੇ ਭਿੰਨ ਭਿੰਨ ਪਹਿਲੂ ਨਿਖਰ ਕੇ ਸਾਹਮਣੇ ਆਉਂਦੇ ਹਨ। ਇਹ ਜ਼ਿੰਮੇਵਾਰੀ ਤੇ ਬੋਝ ਜੱਥੇਬੰਦੀ ਦੇ ਮੁੱਖ ਸੇਵਾਦਾਰ ਅੰਮ੍ਰਿਤਪਾਲ ਸਿੰਘ ਉੱਤੇ ਸਭ ਤੋਂ ਵੱਧ ਹੈ ਅਤੇ ਉਸੇ ਨੂੰ ਸਭ ਨਿੱਕੇ ਮੋਟੇ ਗਿਲੇ ਸ਼ਿਕਵਿਆਂ ਮੱਤਭੇਦਾਂ ਤੇ ਵਿਰੋਧਾਂ ਨੂੰ ਆਪਣੀ ਝੋਲੀ ਵਿੱਚ ਖੁਸ਼ੀ ਖੁਸ਼ੀ ਪਵਾਉਣਾ ਹੀ ਪੈਣਾ ਹੈ।

ਮੇਰਾ ਖਿਆਲ ਹੈ ਕਿ ਦੀਪ ਸਿੱਧੂ ਵੀ ਇਸੇ ਨੀਤੀ ਤੇ ਚੱਲ ਕੇ ਪੰਜਾਬ ਦੇ ਅਸਮਾਨ ਤੇ ਧਰੂ ਤਾਰੇ ਵਾਂਗ ਚਮਕਿਆ ਸੀ ‘ਵਾਰਿਸ ਪੰਜਾਬ ਦੇ’ ਜਥੇਬੰਦੀ ਨੂੰ ਅੱਜ ਉਸ ਦੇ ਜਨਮ ਦਿਨ ਤੇ ਇੱਕ ਬਹੁਤ ਵੱਡਾ ਸੱਚ ਮੈਂ ਦੱਸਣ ਜਾ ਰਿਹਾ ਹਾਂ ਜਿਸ ਨੂੰ ਜਥੇਬੰਦੀ ਜਿੰਨੀ ਛੇਤੀ ਮਹਿਸੂਸ ਕਰੇ ਉਨੀ ਛੇਤੀ ਜਥੇਬੰਦੀ ਲਈ ਵੀ ਚੰਗਾ ਹੈ ਅਤੇ ਕੌਮ ਲਈ ਵੀ।ਉਹ ਸੱਚ ਇਹ ਹੈ ਕਿ ਖ਼ਾਲਸਾ ਪੰਥ ਅੱਜ ਬੁਰੀ ਤਰਾਂ ਖਿੰਡਿਆ ਪਿਆ ਹੈ। ਹਰ ਜਥੇਬੰਦੀ ਦਾ ਰਾਹ ਵੱਖਰਾ ਵੱਖਰਾ ਹੈ ਪਰ ਹਰ ਜਥੇਬੰਦੀ ਰਸਮੀ ਤੌਰ ਤੇ ਏਕਤਾ ਦੀ ਗੱਲ ਵੀ ਕਰਦੀ ਹੈ ਪਰ ਅਸਲ ਵਿੱਚ ਅਨੇਕਤਾ ਦੀ ਪਿਛਲਗ ਹੈ। ਕੋਈ ਸਾਂਝਾ ਧੁਰਾ ਨਹੀਂ,ਕੁਝ ਸਾਂਝਾ ਮੰਚ ਨਹੀਂ, ਇਹੋ ਜਿਹੀ ਕੋਈ ਸ਼ਖ਼ਸੀਅਤ ਨਹੀਂ ਜੋ ਸਾਰੇ ਪੰਥ ਨੂੰ ਇਕੱਠਿਆਂ ਰੱਖ ਸਕੇ।

ਪਰ ਫਤਹਿਗੜ ਸਾਹਿਬ ਦੇ ਹੈਰਾਨਕੁੰਨ ਤੇ ਵਿਸਮਾਦੀ-ਇਕੱਠ ਦੇ ਅਚੇਤ ਤੇ ਸੁਚੇਤ ਮਨ ਨੇ ਏਕਤਾ ਲਈ ‘ਵਾਰਸ ਪੰਜਾਬ ਦੇ’ ਜਥੇਬੰਦੀ ਨੂੰ ਚੁਣਿਆ।ਪਰ ਕੀ ਉਨਾਂ ਨੇ ਇਸ ਇਕੱਠ ਦੇ ਅਣਸੁਣੇ ਐਲਾਨ ਨੂੰ ਸੁਣਿਆ ਹੈ ਕਿ ਇਸ ਜਥੇਬੰਦੀ ਦੇ ਰਹਿਬਰਾਂ ਨੇ ਇਸ ਸਮੁੰਦਰੀ-ਇਕੱਠ ਦੇ ਦਰਦ ਨੂੰ ਮਹਿਸੂਸ ਕੀਤਾ। ਕੀ ਤੁਹਾਡੇ ਕੰਨਾਂ ਨੇ ਨਹੀਂ ਸੁਣਿਆ ਕਿ ਇਹ ਇਕੱਠ ਤੁਹਾਨੂੰ ਹੀ ਲੱਭਦਾ ਫਿਰਦਾ ਹੈ ?

ਦੀਪ ਦਾ ਜਨਮ ਦਿਨ ਤੁਹਾਨੂੰ ਆਵਾਜ਼ ਦੇ ਰਿਹਾ ਹੈ ਕਿ ਵਕਤ ਦੀ ਆਵਾਜ਼ ਨੂੰ ਪਛਾਣੋ, ਆਜ਼ਾਦ ਹੋ ਕੇ ਤੁਰੋ, ਆਜ਼ਾਦਾਨਾ ਫੈਸਲੇ ਕਰੋ, ਉਨਾਂ ਸਭਨਾਂ ਨੂੰ ਨਾਲ ਲੈ ਕੇ ਤੁਰੋ ਜੋ ਦੀਪ ਦੇ ਨੇੜੇ ਸਨ ਅਤੇ ਉਨਾਂ ਨੂੰ ਵੀ ਜੋ ਦੂਰ ਰਹਿ ਕੇ ਨੇੜੇ ਸਨ। ਆਪਣੀ ਅੰਦਰਲੀ ਤਾਕਤ ਨੂੰ ਪਛਾਣੋ। ਇਸ ਧਾਰਮਿਕ ਅਤੇ ਰਾਜਨੀਤਿਕ ਖਿਲਾਅ ਨੂੰ ਭਰਨ ਲਈ ਇਤਿਹਾਸ ਤੁਹਾਡੀ ਉਡੀਕ ਕਰ ਰਿਹਾ ਹੈ। ਵਕਤ ਤੀਰ ਵਾਂਗ ਉਡ ਰਿਹਾ ਹੈ। ਅਸੀਂ ਉਸ ਤੋਂ ਅੱਗੇ ਲੰਘਣਾ ਹੈ।

ਪ੍ਰੋ. ਹਰਦੇਵ ਸਿੰਘ ਵਿਰਕ

## ਪੰਜਾਬੀਓ, ਜਾਗੋ, ਆਪਣੇ ਹੱਕਾਂ ਲਈ ਜਾਗੋ

1947 ਦੇ ਅੱਲੇ ਜ਼ਖ਼ਮ ਹੁਣ ਤੱਕ ਸੁੱਕੇ ਨਹੀਂ, ਬਿਨਾਂ ਮਤਲਬ ਬਰਤਾਨਵੀਆਂ ਦੇ ਇਸ਼ਾਰੇ ਤੇ ਪੰਜਾਬ ਦੇ ਦੋ ਟੁਕੜੇ ਕੀਤੇ ਗਏ। ਲੱਖਾਂ ਜਾਨਾਂ ਭੇਟ ਚੜ ਗਈਆਂ। ਕਾਰਨ ਕੀ ਸੀ, ਅੱਜ ਤੱਕ ਕਿਸੇ ਨੂੰ ਸਮਝ ਨਹੀਂ ਆਇਆ। ਕਤਲੇਆਮ ਪਿੱਛੇ ਕਿਸ ਦਾ ਹੱਥ ਸੀ, ਹੁਣ ਤਕ ਸਮਝ ਨਹੀਂ ਆਇਆ । ਚੜਦੇ ਤੇ ਲਹਿੰਦੇ ਪੰਜਾਬ ਦੀ ਭਾਸ਼ਾ, ਪਹਿਰਾਵਾ, ਵਿਰਸਾ ਸਭ ਇੱਕੋ ਹੈ, ਦੋਨਾਂ ਪੰਜਾਬਾਂ ਵਿਚ ਸਾਰੇ ਧਰਮਾਂ ਵਾਲੇ ਲੋਕ ਰਹਿੰਦੇ ਹਨ। ਫਿਰ ਟੁਕੜੇ ਕਿਉਂ ਹੋਏ, ਕਦੇ ਕਿਸੇ ਨੇ ਸੋਚਿਆ ? ਲਹਿੰਦੇ ਤੇ ਚੜਦੇ ਪੰਜਾਬ ਵਿਚ ਵਪਾਰ ਆਰਾਮ ਨਾਲ ਹੋ ਸਕਦਾ ਹੈ, ਕੁਝ ਘੰਟਿਆਂ ਵਿਚ ਟਰੱਕਾਂ ਨਾਲ ਜ਼ਰੂਰੀ ਮਾਲ ਇੱਧਰ ਉੱਧਰ ਕੀਤਾ ਜਾ ਸਕਦਾ ਹੈ ਪਰ ਨਹੀਂ, ਕਾਰਨ ਕੀ ਹੈ ਗੁਜਰਾਤ ਸਮੁੰਦਰੀ ਰਸਤੇ ਰਾਹੀਂ ਵਪਾਰ ਕੀਤਾ ਜਾ ਰਿਹਾ ਹੈ। ਵਪਾਰੀ ਮੁਫ਼ਤ ਵਿਚ ਮੋਟੀ ਰਕਮ ਕਮਾ ਰਹੇ ਹਨ ਅਤੇ ਸਾਨੂੰ ਮਹਿੰਗਾ ਮਾਲ ਮਿਲ ਰਿਹਾ ਹੈ। ਦੋਹਾਂ ਪੰਜਾਬਾਂ ਵਿਚ ਰਹਿੰਦੇ ਲੋਕਾਂ ਦੇ ਧਾਰਮਿਕ ਸਥਾਨ ਅਲੱਗ ਅਲੱਗ ਥਾਵਾਂ ਉੱਤੇ ਹਨ ਤੇ ਰਿਸ਼ਤੇਦਾਰ ਵੀ ਅਲੱਗ ਥਾਵਾਂ ਤੇ ਰਹਿੰਦੇ ਹਨ। ਮਿਲਣ ਲਈ ਵੀਜ਼ਾ ਪ੍ਰਾਪਤ ਕਰਨਾ ਪੈਂਦਾ ਹੈ ਜਿਸ ਲਈ ਬਹੁਤ ਖੱਜਲ ਖੁਆਰੀ ਹੁੰਦੀ ਹੈ। 2019 ਵਿਚ ਸ੍ਰੀ ਗੁਰੂ ਨਾਨਕ ਜੀ ਦਾ ਪ੍ਰਕਾਸ਼ ਉਤਸਵ ਕਰਤਾਰਪੁਰ ਸਾਹਿਬ ਵਿਚ ਮਨਾਇਆ ਗਿਆ। ਆਉਣ ਜਾਣ ਲਈ ਰਸਤਾ ਖੁੱਲਵਾਉਣ ਲਈ ਕਿੰਨੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਫਿਰ ਕਰੋਨਾ ਕਾਰਨ ਰਸਤਾ ਬੰਦ ਕਰ ਦਿੱਤਾ ਗਿਆ ਅਤੇ ਇਹ ਰਾਹ ਦੁਬਾਰਾ ਖੁੱਲਵਾਉਣ ਲਈ ਸਰਕਾਰਾਂ ਦੀਆਂ ਮਿੰਨਤਾਂ ਕਰਨੀਆਂ ਪਈਆਂ। ਇਸੇ ਤਰਾਂ ਲਹਿੰਦੇ ਪੰਜਾਬ ਵਾਲਿਆਂ ਦੇ ਇਧਰ ਬਹੁਤ ਧਾਰਮਿਕ ਸਥਾਨ ਹਨ, ਉਨਾਂ ਨੂੰ ਵੀ ਦਰਸ਼ਨ ਕਰਨ ਲਈ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਵੀਜ਼ੇ ਦੀ ਵੀ ਸੀਮਾ ਹੁੰਦੀ ਹੈ। ਜਾਣ ਵਾਲੇ ਉਸ ਥਾਂ ਤੇ ਹੀ ਜਾ ਸਕਦੇ ਹਨ ਜਿੱਥੇ ਜਾਣ ਦੀ ਸਰਕਾਰ ਨੇ ਮੋਹਰ ਲਾਈ ਹੋਵੇ। ਲੱਖਾਂ ਲੋਕ ਇਧਰ ਉੱਧਰ ਕਰਤਾਰਪੁਰ ਦੇ ਦਰਸ਼ਨਾਂ ਲਈ ਜਾ ਕੇ ਆ ਗਏ ਪਰ ਬਾਕੀ ਧਾਰਮਿਕ ਸਥਾਨ ਅਤੇ ਲੋਕਾਂ ਨੂੰ ਮਿਲਣਾ ਰਹਿ ਗਿਆ।

ਸਾਡੀ ਭਾਸ਼ਾ, ਵਿਰਸਾ ਸਭ ਇੱਕ ਹੈ। ਲਹਿੰਦੇ ਤੇ ਚੜਦੇ ਪੰਜਾਬ ਵਿਚ ਅਨੇਕਾਂ ਰੇਡੀਓ ਹਨ ਪਰ ਪਤਾ ਨਹੀਂ ਕਿਨਾਂ ਕਾਰਨਾਂ ਕਰਕੇ ਸਰਕਾਰਾਂ ਨੇ ਇੱਕ ਦੂਜੇ ਪਾਸੇ ਆਵਾਜ਼ ਜਾਣ ਤੇ ਪਾਬੰਦੀ ਲਾਈ ਹੋਈ ਹੈ। ਨਾ ਲਹਿੰਦੇ ਪੰਜਾਬ ਦੀ ਸਰਕਾਰ ਨੇ ਅਤੇ ਨਾ ਹੀ ਚੜਦੇ ਪੰਜਾਬ ਦੀ ਸਰਕਾਰ ਨੇ ਕਦੇ ਇਹ ਮਸਲਾ ਨਹੀਂ ਚੁੱਕਿਆ। ਰੇਡੀਓ ਅਤੇ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਤੋਂ ਅਸੀਂ ਦੋਨੋਂ ਪੰਜਾਬਾਂ ਵਾਲੇ ਵਾਂਝੇ ਹਾਂ। ਇਹ ਸਨ ਉਹ ਪਾਬੰਦੀਆਂ ਜੋ ਬਿਨਾਂ ਕਾਰਨ 1947 ਵਿਚ ਲਗਾ ਦਿੱਤੀਆਂ ਗਈਆਂ। ਫਿਰ ਆਇਆ ਸਾਲ 1966 ਸਾਡੇ ਪੰਜਾਬ ਦੇ ਤਿੰਨ ਟੁਕੜੇ ਕਰ ਦਿੱਤੇ ਗਏ। ਕਾਰਨ ਕੀ ਸੀ ? ਅੱਜ ਤਕ ਕਿਸੇ ਨੂੰ ਸਮਝ ਨਹੀਂ ਆਇਆ। ਦੂਸਰੀ ਭਾਸ਼ਾ ਵਾਲੇ ਅਲੱਗ ਸੂਬਿਆਂ ਵਿਚ ਬੈਠੇ ਹਨ ਤੇ ਰਾਜਨੀਤਕ ਪਾਰਟੀਆਂ ਕੋਈ ਨਾ ਕੋਈ ਮੁੱਦਾ ਲੱਭ ਕੇ ਲੜਾਈ ਕਰਾਉਣ ਲਈ ਅੱਗੇ ਰਹਿੰਦੀਆਂ ਹਨ। ਕਦੇ ਪਾਣੀ ਦਾ ਝਗੜਾ, ਕਦੇ ਭਾਸ਼ਾ ਦਾ ਝਗੜਾ।

ਚੰਡੀਗੜ੍ਹ ਪੰਜਾਬ ਦੀ ਧਰਤੀ ਉੱਤੇ ਵਸਿਆ ਤੇ ਇਸ ਉੱਤੇ ਰਾਜ ਹੁਣ ਕੇਂਦਰ ਸਰਕਾਰ ਕਰ ਰਹੀ ਹੈ। ਅਨੇਕਾਂ ਰਾਜਨੀਤਕ ਪਾਰਟੀਆਂ ਚੰਡੀਗੜ੍ਹ ਦੇ ਮਸਲੇ ਨੂੰ ਲੈ ਕੇ ਵੋਟਾਂ ਪ੍ਰਾਪਤ ਕਰ ਗਈਆਂ ਪਰ ਚੰਡੀਗੜ੍ਹ ਕੇਂਦਰ ਕੋਲ ਹੀ ਹੈ।

ਫਿਰ ਆਇਆ ਸਾਲ 1984 ਗਲਤੀ ਕਿਸੇ ਨੇ ਕੀਤੀ, ਸਜ਼ਾ ਲੱਖਾਂ ਲੋਕਾਂ ਨੂੰ ਭੁਗਤਣੀ ਪਈ। ਇਹ ਜ਼ਖ਼ਮ ਹੁਣ ਤਕ ਅੱਲੇ ਹਨ। ਸਭ ਪਤਾ ਹੈ ਕਿਸ ਨੇ ਗ਼ਲਤ ਕਦਮ ਚੁੱਕੇ ਪਰ ਸਜ਼ਾ ਕਿਸੇ ਨੂੰ ਅੱਜ ਤੱਕ ਨਹੀਂ ਮਿਲੀ। ਕਾਰਨ, ਸਾਨੂੰ ਮਿਲ ਕੇ ਬੈਠ ਕੇ ਦੁੱਖਾਂ ਬਾਰੇ ਵਿਚਾਰ ਕਰਨਾ ਨਹੀਂ ਆਉਂਦਾ, ਤੇ ਰਾਜਨੀਤਕ ਪਾਰਟੀਆਂ ਰੋਟੀ ਸੇਕ ਜਾਂਦੀਆਂ ਹਨ। ਉਸ ਤੋਂ ਬਾਅਦ ਲਾਰੇ ਲੱਪੇ ਚਾਲੂ ਰਹਿੰਦੇ ਹਨ। ਹੁਣ ਸਰਕਾਰ ਨੂੰ ਨਵਾਂ ਸ਼ੋਸ਼ਾ ਸੁੱਝਿਆ ਹੈ। ਭਾਖੜਾ ਬੰਨ ਪੰਜਾਬ ਦੀ ਧਰਤੀ ਉੱਤੇ ਹੈ, ਸਾਰੀ ਦੁਨੀਆ ਜਾਣਦੀ ਹੈ, ਫਿਰ ਵੀ ਪਤਾ ਨਹੀਂ ਸਰਕਾਰ ਨੂੰ ਕੀ ਅਹੁੜਿਆ ਕਿ ਹਿੱਸਾ ਹੀ ਖ਼ਤਮ ਕਰ ਦਿੱਤਾ। ਭਾਖੜਾ ਤੋਂ ਪੰਜਾਬ ਦੀ ਲੋੜ ਜਿੰਨਾ ਪਾਣੀ ਵੀ ਕਦੇ ਨਹੀਂ ਦਿੱਤਾ ਗਿਆ।

ਪੰਜਾਬ ਵਿਚ ਨਵੀਂ ਸਰਕਾਰ ਹੋਂਦ ਵਿਚ ਆ ਗਈ ਹੈ। ਸਭ ਤੋਂ ਪਹਿਲਾਂ ਪੰਜਾਬ ਦੇ ਜਿਸ ਜਿਸ ਥਾਂ ਤੇ ਚੀਜ਼ਾਂ ਅਤੇ ਹੱਕ ਹਨ, ਉਹ ਲੈਣ ਲਈ ਉਪਰਾਲਾ ਕਰਨਾ ਚਾਹੀਦਾ ਹੈ। ਸਰਕਾਰਾਂ ਦੇ ਲਾਰੇ ਸੁਣਨੇ ਬੰਦ ਕਰ ਦਿਉ। ਅਸੀਂ ਦਿੱਲੀ ਜਾ ਕੇ ਜਬਰੀ ਥੋਪੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਏ ਹਨ। ਫਿਰ ਆਪਣੇ ਹੱਕ ਕਿਉਂ ਨਹੀਂ ਲੈਂਦੇ? ਰਾਜਨੀਤਕ ਪਾਰਟੀਆਂ ਸਭ ਇੱਕੋ ਹੀ ਹਨ। ਨਹਿਰਾਂ, ਸੂਏ, ਕੱਸੀਆਂ ਸਭ ਪੱਕੀਆਂ ਕਰ ਦਿੱਤੀਆਂ, ਪਾਣੀ ਰਿਸ ਕੇ ਧਰਤੀ ਵਿਚ ਕੀ ਜਾਣਾ ਸੀ। ਉਲਟਾ ਪੰਜਾਬੀਆਂ ਉੱਤੇ ਇਲਜ਼ਾਮ ਲਾਇਆ ਜਾਂਦਾ ਹੈ ਕਿ ਝੋਨੇ ਦੀ ਫ਼ਸਲ ਲਗਾ ਕੇ ਧਰਤੀ ਵਿਚੋਂ ਪਾਣੀ ਖਿੱਚਦੇ ਹਨ। ਇਸ ਲਈ ਪੰਜਾਬੀਓ, ਜਾਗੋ। ਆਪਣੇ ਹੱਕਾਂ ਲਈ ਜਾਗੋ। ਪੰਜਾਬ ਮਾਰੂਥਲ ਬਣਨ ਵੱਲ ਵਧ ਰਿਹਾ ਹੈ। ਆਪਣੇ ਹੱਕ ਪਛਾਣੋ ਤੇ ਜਲਦੀ ਤੋਂ ਜਲਦੀ ਪ੍ਰਾਪਤ ਕਰੋ। ਸਰਕਾਰਾਂ ਆਪਾਂ ਬਣਾਉਂਦੇ ਹਾਂ, ਉਨਾਂ ਵੱਲ ਨਾ ਦੇਖੋ। ਖੇਤੀ ਆਪਣਾ ਮੁੱਖ ਧੰਦਾ ਹੈ, ਇਸ ਨੂੰ ਬਚਾਓ।

ਕਰਮਜੀਤ ਸਿੰਘ ਚੰਡੀਗੜ੍ਹ

## ਪੰਜਾਬੀ ਚੈਨਲਾਂ ’ਚ ਭਗਵੰਤ ਮਾਨ ਦਾ ਬੋਲਬਾਲਾ

ਸਾਰੇ ਪੰਜਾਬੀ ਚੈਨਲਾਂ ਅਤੇ ਸੋਸ਼ਲ ਮੀਡੀਆ ਦਾ ਧਿਆਨ ਅਜੇ ਵੀ ਆਪ ਪਾਰਟੀ ਦੀ ਪੰਜਾਬ ਵਿਚ ਬਣੀ ਸਰਕਾਰ ’ਤੇ ਲੱਗਾ ਹੋਇਆ ਹੈ। ਲੋਕਾਂ ਨੂੰ, ਮੀਡੀਆ ਨੂੰ ਇਹ ਉਤਸੁਕਤਾ ਰਹਿੰਦੀ ਹੈ ਕਿ ਅੱਜ ਮੁੱਖ ਮੰਤਰੀ ਭਗਵੰਤ ਮਾਨ ਕਿਹੜਾ ਐਲਾਨ ਕਰਨਗੇ, ਕਿਹੜਾ ਫ਼ੈਸਲਾ ਲੈਣਗੇ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਬਹੁਤ ਦੇਰ ਹੋ ਚੁੱਕੀ ਹੈ। ਬੜੇ ਕੰਮ ਕਰਨ ਵਾਲੇ ਹਨ। ਇਸ ਲਈ ਦਿਨਾਂ ਦੇ ਹਿਸਾਬ ਨਾਲ ਫ਼ੈਸਲੇ ਕੀਤੇ ਜਾ ਰਹੇ ਹਨ। ਐਲਾਨ ਹੋ ਰਹੇ ਹਨ। ਵਧੇਰੇ ਕਰਕੇ ਅਜਿਹੇ ਐਲਾਨ ਸਿਆਸੀ ਪਾਰਟੀਆਂ ਚੋਣਾਂ ਤੋਂ ਪਹਿਲਾਂ ਕਰਦੀਆਂ ਹਨ। ਚੋਣਾਂ ਤੋਂ ਬਾਅਦ ਜਿੱਤ ਕੇ, ਸਰਕਾਰ ਬਣਾ ਕੇ ਨੇਤਾ ਚੁੱਪ ਕਰ ਜਾਂਦੇ ਹਨ। ਇਸ ਵਾਰ ਉਲਟ ਹੋ ਰਿਹਾ ਹੈ। ਫ਼ੈਸਲਿਆਂ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਰੋਜ਼ਾਨਾ ਸਰਗਰਮ ਨਜ਼ਰ ਆ ਰਹੇ ਹਨ। ਇਹ ਸਰਗਰਮੀ ਮੀਡੀਆ ਦਾ ਵਿਸ਼ੇਸ਼ ਕਰਕੇ ਚੈਨਲਾਂ ਦਾ ਧਿਆਨ ਖਿੱਚ ਰਹੀ ਹੈ।

ਪੰਜਾਬ ਵਿਧਾਨ ਸਭਾ ਵਿਚ ਕਿਉਂਕਿ ਚੰਡੀਗੜ੍ਹ ਨਾਲ ਜੁੜੇ ਮਸਲਿਆਂ ’ਤੇ ਚਰਚਾ ਹੋ ਰਹੀ ਸੀ, ਇਸ ਲਈ ਦੁਨੀਆ ਭਰ ਦੇ ਪੰਜਾਬੀ ਦਰਸ਼ਕਾਂ ਦੀ ਇਸ ਚਰਚਾ ਨੂੰ ਸੁਣਨ ਵਿਚ ਦਿਲਚਸਪੀ ਸੀ। ਜਦ ਮੁੱਖ ਮੰਤਰੀ ਭਗਵੰਤ ਮਾਨ ਬੋਲ ਰਹੇ ਸਨ ਤਾਂ ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਦਾ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਬਣਿਆ ਬੇਟਾ ਰਾਣਾ ਇੰਦਰ ਪ੍ਰਤਾਪ ਸਿੰਘ ਵਿਚਾਲੇ ਬੋਲਣ ਲੱਗ ਪਿਆ ਤਾਂ ਮਾਹੌਲ ਤਲਖ਼ੀ ਵਾਲਾ ਬਣ ਗਿਆ। ਇਸ ਸਥਿਤੀ ਨੇ ਪੰਜਾਬੀਆਂ ਦੀ ਦਿਲਚਸਪੀ ਸਿੱਧੇ ਪ੍ਰਸਾਰਨ ਵਿਚ ਹੋਰ ਵਧਾ ਦਿੱਤੀ। ਇਸ ਹਿੱਸੇ ਨੂੰ ਦਰਸ਼ਕ ਯੂ-ਟਿਊਬ ’ਤੇ ਵਾਰ-ਵਾਰ ਵੇਖਦੇ ਰਹੇ ਅਤੇ ਚੈਨਲ ਵੀ ਇਸ ਦਾ ਪ੍ਰਸਾਰਨ ਕਈ ਵਾਰ ਦੁਹਰਾਉਂਦੇ ਵੇਖੇ ਗਏ।

ਮੁੱਖ ਮੰਤਰੀ ਭਗਵੰਤ ਮਾਨ ਸਿੱਧੇ ਪ੍ਰਸਾਰਨ ਤੋਂ ਵੀ ਅੱਗੇ ਸੋਚ ਰਹੇ ਹਨ। ਉਨਾਂ ਦਾ ਵਿਚਾਰ ਹੈ ਕਿ ਵਿਧਾਨ ਸਭਾ ਦਾ ਆਪਣਾ ਚੈਨਲ ਹੋਣਾ ਚਾਹੀਦਾ ਹੈ। ਇਸ ਨੂੰ ਸਮਾਂ ਲਗ ਸਕਦਾ ਹੈ ਪ੍ਰੰਤੂ ਇਸ ’ਤੇ ਜ਼ਰੂਰ ਅਮਲ ਹੋਵੇਗਾ। ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਵਜੋਂ ਵੀ ਸਿੱਧੇ ਪ੍ਰਸਾਰਨ ਦੀ ਮੰਗ ਉਠਾਈ ਸੀ। ਪ੍ਰੰਤੂ ਕਿਸੇ ਨੇ ਗੌਰ ਨਹੀਂ ਸੀ ਕੀਤਾ। ਉਦੋਂ ਵੀ ਕੁਝ ਕੁ ਵਿਸ਼ੇਸ਼ ਸੈਸ਼ਨ ਲਾਈਵ ਵਿਖਾਉਣ ਦਾ ਪ੍ਰਬੰਧ ਕੀਤਾ ਜਾਂਦਾ ਸੀ, ਪ੍ਰੰਤੂ ਕੇਵਲ ਹਕੂਮਤ ਕਰ ਰਹੀ ਪਾਰਟੀ ਦੇ ਵੱਡੇ ਨੇਤਾਵਾਂ ਨੂੰ ਹੀ ਵਿਖਾਇਆ ਤੇ ਸੁਣਾਇਆ ਜਾਂਦਾ ਸੀ। ਵਿਰੋਧੀ ਧਿਰ ਦੇ ਆਗੂ ਆਪਣੀ ਪੱਧਰ ’ਤੇ ਵੀਡੀਓ ਬਣਾ ਕੇ ਮੀਡੀਆ ਨੂੰ ਰਿਲੀਜ਼ ਕਰਦੇ ਸਨ ਜਾਂ ਸੋਸ਼ਲ ਮੀਡੀਆ ’ਤੇ ਪਾਉਂਦੇ ਸਨ।

ਰਮੇਸ਼ਵਰ ਸਿੰਘ

## ਯਹੂਦੀਆਂ ਤੋਂ ਸਿੱਖ ਕੌਮ ਸਬਕ ਸਿੱਖੇ

ਸਿੱਖਾਂ ਵਾਂਗ ਯਹੂਦੀਆਂ ਦਾ ਵੀ ਕੋਈ ਹੋਮਲੈਂਡ ਨਹੀਂ ਸੀ। ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਉਹ ਇਜ਼ਰਾਈਲ ਦੀ ਧਰਤੀ ’ਤੇ ਕਬੀਲਿਆਂ ਦੇ ਰੂਪ ਵਿੱਚ ਰਹਿੰਦੇ ਸਨ। ਜਦੋਂ ਦੇਸ ਵਿੱਚ ਕਾਲ ਪੈ ਗਿਆ, ਤਾਂ ਉਹ ਮਿਸਰ ਜਾ ਵੱਸੇ। ਜਦੋਂ ਉਨਾਂ ਨੂੰ ਉੱਥੋਂ ਦੇਸ ਨਿਕਾਲਾ ਮਿਲਿਆ ਤਾਂ ਉਨਾਂ ਹਜ਼ਰਤ ਮੂਸਾ ਦੀ ਅਗਵਾਈ ਵਿੱਚ ਚਾਲੀ ਸਾਲ ਖੱਜਲ ਹੁੰਦੇ-ਹੁੰਦੇ ਫਿਰ ਇਜ਼ਰਾਈਲ ਵਿੱਚ ਰਾਜ ਭਾਗ ਕਾਇਮ ਕਰ ਲਿਆ। ਸੁਲੇਮਾਨ ਬਾਦਸ਼ਾਹ ਯੂਰੋਸ਼ਲਮ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾ ਕੇ ਯਹੂਦੀਆਂ ਦਾ ਪਹਿਲਾ ਧਾਰਮਿਕ ਸਥਾਨ ਕਾਇਮ ਕੀਤਾ। ਇਹ ਸਮਾਂ ਯਹੂਦੀ ਧਰਮ ਲਈ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ। ਯਹੂਦੀਆਂ ਤੋਂ ਵੀ ਸਿੱਖਾਂ ਵਾਂਗ ਰਾਜ ਭਾਗ ਸਾਂਭਿਆ ਨਾ ਗਿਆ। ਪਹਿਲਾਂ ਦੇਸ ਦੇ ਦੋ ਟੁਕੜੇ ਹੋਏ ਅਤੇ ਆਪਸੀ ਫੁੱਟ ਦਾ ਫ਼ਾਇਦਾ ਚੁੱਕ ਕੇ ਧਾੜਵੀਆਂ ਨੇ ਇਜ਼ਰਾਈਲ 2700 ਸਾਲ ਦੀ ਗ਼ੁਲਾਮੀ ਭੋਗਦਾ ਰਿਹਾ, ਜਿਸ ਵਿੱਚ ਅਸੀਰੀਅਨ, ਈਰਾਨੀ, ਯੂਨਾਨੀ, ਰੋਮਨ, ਅਰਬ ਅਤੇ ਤੁਰਕ ਹੁਕਮਰਾਨ ਕਾਬਜ਼ ਹੁੰਦੇ ਰਹੇ। ਯਹੂਦੀਆਂ ਨੂੰ ਅਜਿਹੀ ਮਾਰ ਪਈ ਕਿ 19ਵੀਂ ਸਦੀ ਦੇ ਅਖ਼ੀਰ ਤੱਕ ਉਨਾਂ ਦੀ ਗਿਣਤੀ ਸਿਰਫ਼ ਪੰਜ ਲੱਖ ਹੀ ਰਹਿ ਗਈ। ਉਹ ਈਸਾਈਆਂ ਅਤੇ ਮੁਸਲਮਾਨਾਂ ਤੋਂ ਮਾਰ ਖਾਂਦੇ ਰਹੇ। ਇਹੋ ਹਾਲ ਪੰਜਾਬ ਵਿੱਚ ਸਿੱਖਾਂ ਦਾ ਹੋਇਆ ਸੀ ਜਦੋਂ ਹਕੂਮਤ ਉਨਾਂ ਦੇ ਸਿਰਾਂ ਦਾ ਮੁੱਲ ਪਾ ਕੇ ਕਤਲੇਆਮ ਕਰਵਾ ਰਹੀ ਸੀ। 1918 ਈਸਵੀ ਵਿੱਚ ਅੰਗ੍ਰੇਜ਼ਾਂ ਨੇ ਤੁਰਕੀ ਨੂੰ ਹਰਾ ਕੇ ਫ਼ਿਲਸਤੀਨ ਉੱਪਰ ਕਬਜ਼ਾ ਕਰ ਲਿਆ ਅਤੇ 1947 ਵਿੱਚ ਯਹੂਦੀਆਂ ਨੂੰ ਆਪਣਾ ਹੋਮਲੈਂਡ ਵਾਪਸ ਮਿਲ ਗਿਆ। ਇਸ ਹੋਮਲੈਂਡ ਲਈ ਯਹੂਦੀਆਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ। ਦੂਸਰੇ ਵਿਸ਼ਵ ਯੁੱਧ ਦੌਰਾਨ ਹਿਟਲਰ ਨੇ ਵੀਹ ਲੱਖ ਯਹੂਦੀ, ਕੈਂਪਾਂ ਵਿੱਚ ਕੈਦ ਕਰਕੇ ਕਤਲ ਕੀਤੇ। ਉਸ ਨੇ ਇਸ ਕੌਮ ਦਾ ਬੀਜ ਨਾਸ਼ ਕਰਨ ਦੀ ਤਜਵੀਜ਼ ਬਣਾ ਰੱਖੀ ਸੀ। ਉਸ ਸਮੇਂ ਜੋ ਹਿਟਲਰ ਦੀ ਮਾਰ ਤੋਂ ਬਚ ਨਿਕਲੇ, ਉਹ ਸ਼ਰਨਾਰਥੀ ਬਣ ਕੇ ਇਜ਼ਰਾਈਲ ਪਹੁੰਚ ਗਏ। ਬਹੁਤੇ ਯਹੂਦੀ ਪੋਲੈਂਡ ਤੇ ਰੂਸ ਵਿੱਚੋਂ ਇਜ਼ਰਾਈਲ ਆਏ। 1948 ਵਿੱਚ ਯਹੂਦੀਆਂ ਦੀ ਅਬਾਦੀ 6 ਲੱਖ ਸੀ ਅਤੇ ਹੁਣ ਇਹ 60 ਲੱਖ ਹੋ ਗਈ ਹੈ। ਇਸ ਦੇ ਦੋ ਕਾਰਨ ਹਨ। ਇੱਕ ਤਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਤੋਂ, ਕੋਈ ਵੀ ਯਹੂਦੀ ਪਰਿਵਾਰ ਇਜ਼ਰਾਈਲ ਜਾ ਕੇ ਵੱਸ ਸਕਦਾ ਹੈ ਅਤੇ ਹੁਣ ਵੀ ਰੂਸ ਦੇ ਯਹੂਦੀ ਵਿਗਿਆਨੀ ਇਜ਼ਰਾਈਲ ਆ ਰਹੇ ਹਨ, ਪ੍ਰੰਤੂ ਦੂਜਾ ਕਾਰਨ ਵਧੇਰੇ ਕਾਰਗਰ ਸਾਬਤ ਹੋਇਆ ਹੈ। ਯਹੂਦੀ ਨਹੀਂ ਕਰਦੇ ਪਰਿਵਾਰ ਨਿਯੋਜਨ ਯਹੂਦੀ ਪਰਿਵਾਰ ਨਿਯੋਜਨ ਨਹੀਂ ਕਰਦੇ ਅਤੇ ਵੱਧ ਬੱਚੇ ਪੈਦਾ ਕਰਨੇ ਕੌਮ ਦੀ ਬਿਹਤਰੀ ਲਈ ਜ਼ਰੂਰੀ ਸਮਝਦੇ ਹਨ। ਯਹੂਦੀਆਂ ਨੂੰ ਆਪਣਾ ਹੋਮਲੈਂਡ ਕਿਵੇਂ ਮਿਲ ਗਿਆ ਜਦਕਿ ਸਿੱਖ ਕੌਮ ਇਸ ਤੋਂ ਵਾਂਝੀ ਰਹਿ ਗਈ ? ਯੂਰਪ ਅਤੇ ਅਮਰੀਕਾ ਵਿੱਚ ਸਭ ਤੋਂ ਚੰਗੇ ਵਿਗਿਆਨੀ ਯਹੂਦੀਆਂ ਵਿੱਚੋਂ ਪੈਦਾ ਹੋਏ ਹਨ। ਹਿਟਲਰ ਦੀ ਮਾਰੂ ਨੀਤੀ ਦਾ ਵਿਰੋਧ ਕਰ ਕੇ ਸਾਰੇ ਯਹੂਦੀ ਵਿਗਿਆਨੀ ਅਮਰੀਕਾ ਜਾ ਵਸੇ ਤੇ ਹਿਟਲਰ ਐਟਮ ਬੰਬ ਤਿਆਰ ਕਰਨ ਵਿੱਚ ਨਾਕਾਮਯਾਬ ਰਿਹਾ, ਜਦਕਿ ਅਮਰੀਕਾ ਕਾਮਯਾਬ ਹੋ ਗਿਆ। ਲੀਗ ਆਫ ਨੇਸ਼ਨਜ਼ ਤੇ ਯੂ. ਐਨ. ਓ. ’ਚ ਅਮਰੀਕਾ ਦਾ ਬੋਲਬਾਲਾ ਰਿਹਾ ਹੈ। ਯਹੂਦੀ ਅਮਰੀਕਾ ਦੀ ਬੈਂਕਿੰਗ ਇੰਡਸਟਰੀ, ਉੱਥੋਂ ਦੇ ਅਖ਼ਬਾਰਾਂ ’ਤੇ ਕਾਬਜ਼ ਹੋ ਗਏ ਤੇ ਇਸ ਤਰਾਂ ਉੱਥੋਂ ਦੀ ਸਿਆਸਤ ਉੱਪਰ ਵੀ ਹਾਵੀ ਹੋ ਗਏ। ਭਾਵੇਂ ਇਨਾਂ ਦੀ ਗਿਣਤੀ ਬਹੁਤ ਘੱਟ ਹੈ, ਪ੍ਰੰਤੂ ਵਿਗਿਆਨ, ਟੈਕਨਾਲੋਜੀ ਤੇ ਵਪਾਰਕ ਖੇਤਰ ਵਿੱਚ ਮੋਹਰੀ ਹਨ। ਅੰਗ੍ਰੇਜ਼ ਸਰਕਾਰ ਨੇ ਫ਼ਿਲਸਤੀਨ ਦੀ ਵੰਡ ਤੋਂ ਪਹਿਲਾਂ ਯਹੂਦੀਆਂ ਅੱਗੇ ਸੁਝਾਅ ਰੱਖਿਆ ਕਿ ਉਹ ਅਫ਼ਰੀਕਾ ਦੇ ਯੁਗਾਂਡਾ ਦੇਸ ਨੂੰ ਹੋਮਲੈਂਡ ਬਣਾ ਲੈਣ, ਪਰ ਯਹੂਦੀ ਅੜ ਗਏ ਅਤੇ ਆਪਣੇ ਜੱਦੀ ਪੁਸ਼ਤੀ ਦੇਸ ਇਜ਼ਰਾਈਲ ਦੀ ਮੰਗ ਕਰਨ ਲੱਗੇ। ਅਮਰੀਕਾ ਤੇ ਯੂ. ਐਨ. ਓ. ਦੀ ਮਦਦ ਨਾਲ ਉਹ ਅੰਗ੍ਰੇਜ਼ ਸਰਕਾਰ ਉੱਪਰ ਹਾਵੀ ਹੋ ਗਏ ਅਤੇ ਇਜ਼ਰਾਈਲ ਦਾ ਦੇਸ ਦੁਨੀਆਂ ਦੇ ਨਕਸ਼ੇ ’ਤੇ ਯਹੂਦੀ ਹੋਮਲੈਂਡ ਬਣ ਕੇ ਉਭਰਿਆ। ਈਸਾਈ ਧਰਮ ਵਾਲੇ ਵੀ ਅਰਬਾਂ ਵਾਂਗ ਯਹੂਦੀਆਂ ਦੇ ਜਾਨੀ ਦੁਸ਼ਮਣ ਹੀ ਰਹੇ ਹਨ, ਪਰ ਯਹੂਦੀ ਲਾਬੀ ਦੇ ਜ਼ੋਰਦਾਰ ਪ੍ਰਭਾਵ ਕਾਰਨ ਇਸਾਈ ਦੇਸਾਂ ਨੇ ਇਜ਼ਰਾਈਲ ਘੜਨ ਵਿੱਚ ਯੋਗਦਾਨ ਪਾਇਆ। ਸਿੱਖ ਕੀ ਕਰਨ ਯਹੂਦੀਆਂ ਨੇ ਆਪਣੇ ਧਰਮ ਅਤੇ ਦੇਸ ਪ੍ਰਤੀ ਜੋ ਵਤੀਰਾ ਅਪਣਾ ਰੱਖਿਆ ਹੈ, ਉਹ ਬੇਮਿਸਾਲ ਹੈ। ਹਰ ਮਰਦ ਅਤੇ ਔਰਤ ਇਜ਼ਰਾਈਲ ਦੀ ਆਜ਼ਾਦੀ ਲਈ ਜਾਨ ਨਿਛਾਵਰ ਕਰਨ ਲਈ ਤਿਆਰ ਰਹਿੰਦਾ ਹੈ। ਘਰਾਂ ਵਿਚ ਧਰਮ ਦੀ ਪਕੜ ਕਾਇਮ ਹੈ ਅਤੇ ਪੁਰਾਤਨ ਖ਼ਾਲਸੇ ਵਾਂਗ ਕੁਰਬਾਨ ਹੋਣ ਦੀ ਪਰੰਪਰਾ ਧਰਮ ਤੋਂ ਹੀ ਮਿਲਦੀ ਹੈ। ਸਿੱਖਾਂ ਦੀ ਸਮੱਸਿਆ ਇਹ ਹੈ ਕਿ ਇਨਾਂ ਦੀ ਸਿਆਸੀ ਪਾਰਟੀ ਅਕਾਲੀ ਦਲ ਹੁਣ ਸਿੱਖਾਂ ਦੀ ਅਗਵਾਈ ਨਹੀਂ ਕਰ ਰਹੀ, ਸਗੋਂ ਕੱਟੜ ਹਿੰਦੂ ਪਾਰਟੀ ਦੀ ਭਾਈਵਾਲ ਬਣ ਕੇ ਸਿੱਖੀ ਦਾ ਨਿਘਾਰ ਕਰ ਰਹੀ ਹੈ। ਸਾਡੀ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ’ਤੇ ਅਕਾਲੀ ਦਲ ਦਾ ਕਬਜ਼ਾ ਹੋਣ ਕਰ ਕੇ ਇਸ ਤੋਂ ਕੋਈ ਚੰਗੀ ਆਸ ਰੱਖਣੀ ਪਾਣੀ ਵਿੱਚ ਮਧਾਣੀ ਮਾਰਨ ਵਾਲੀ ਗੱਲ ਹੈ। ਜੋ ਸੱਭਿਆਚਾਰ ਇਸ ਦੀ ਸਿੱਖਿਆ ’ਤੇ ਆਧਾਰਿਤ ਹੋਵੇਗਾ, ਉਹ ਵਿਸ਼ਵ ਪੱਧਰੀ ਹੋਣ ਦਾ ਦਾਅਵਾ ਕਰ ਸਕਦਾ ਹੈ। ਸਿਧਾਂਤਕ ਤੌਰ ’ਤੇ ਇਹ ਗੱਲ ਠੀਕ ਹੈ, ਪ੍ਰੰਤੂ ਨਿਰੇ ਸਿਧਾਂਤ ਦੇ ਆਸਰੇ ਜਿਊਣਾ ਨਿਰਾਰਥਕ ਸਿੱਧ ਹੁੰਦਾ ਹੈ। ਬੁੱਧ ਧਰਮ ਚੰਗੇ ਸਿਧਾਂਤਾਂ ਦੇ ਬਾਵਜੂਦ ਵੀ ਭਾਰਤ ਵਿੱਚੋਂ ਕੂਚ ਕਰ ਗਿਆ। ਹੁਣ ਇਹ ਖ਼ਤਰਾ ਭਾਰਤ ਵਿਚ ਸਿੱਖ ਧਰਮ ਉੱਪਰ ਮੰਡਰਾ ਰਿਹਾ ਹੈ। ਪ੍ਰੋ. ਪੂਰਨ ਸਿੰਘ ਦਾ ਕਹਿਣਾ ਹੈ ਕਿ ਜੇਕਰ ਸਿੱਖ ਆਪਣੇ ਸੱਭਿਆਚਾਰ ਦੀ ਖ਼ੈਰ ਚਾਹੁੰਦੇ ਹਨ, ਤਾਂ ਸਿੱਖ ਹੋਮਲੈਂਡ ਦੀ ਲੋੜ ਵੀ ਪੈ ਸਕਦੀ ਹੈ।

ਕੁਲਬੀਰ ਸਿੰਘ

# ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਸਾਜ਼

**ਅਜੈਪਾਲ ਸਿੰਘ ਚਵਿੰਡਾ**
**ਮੋ. 9464265464**

ਸਿੱਖ ਗੁਰੂ ਸਾਹਿਬਾਨ ਦੁਆਰਾ ਚਲਾਈ ਗਈ ਸੰਗੀਤ ਪ੍ਰਣਾਲੀ ਨੂੰ ਅੱਜ ਅਸੀਂ ਗੁਰਮਤਿ ਸੰਗੀਤ ਕਹਿੰਦੇ ਹਾਂ। ਗੁਰਮਤਿ ਸੰਗੀਤ ਦੀ ਪਰੰਪਰਾ ਮੱਧਕਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਆਰੰਭ ਹੋਈ। ਗੁਰੂ ਜੀ ਨੇ ਅਧਿਆਤਮਕ ਵਿਸ਼ਿਆਂ ਨਾਲ ਭਰਪੂਰ ਕਾਵਿ ਰਚਿਆ ਅਤੇ ਪ੍ਰਭੂ ਉਸਤਤੀ ਦੇ ਲਈ ਬਾਣੀ ਦਾ ਗਾਇਨ ਕੀਤਾ। ਗੁਰਬਾਣੀ ਗਾਇਨ ਨਾਲ ਸੰਗੀਤ ਵਿਚ ਕੀਰਤਨ ਦੀ ਪ੍ਰਥਾ ਆਰੰਭ ਹੋਈ। ਸ਼ਬਦ ਕੀਰਤਨ ਦੀ ਇਹੀ ਪ੍ਰਥਾ ਅੱਜ ਗੁਰਮਤਿ ਸੰਗਤਿ ਦੇ ਨਾਮ ਨਾਲ ਜਾਣੀ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਬਾਕੀ ਗੁਰੂ ਸਾਹਿਬਾਨਾਂ ਨੇ ਵੀ ਬਾਣੀ ਦਾ ਉਚਾਰਨ ਕੀਤਾ ਜਿਸਦਾ ਸੰਕਲਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਨੂੰ ਪ੍ਰਾਪਤ ਹੈ। ਉਨਾਂ ਨੇ ਕੀਰਤਨ ਦੀ ਇਸ ਪ੍ਰਥਾ ਨੂੰ ਕਾਇਮ ਰੱਖਿਆ ਅਤੇ ਵਿਕਸਤ ਵੀ ਕੀਤਾ। ਇਸਤਰਾਂ ਸ਼ਬਦ ਕੀਰਤਨ ਦੀ ਇਕ ਨਵੀਨ ਪ੍ਰਣਾਲੀ ਗੁਰਮਤਿ ਸੰਗਤਿ ਦੇ ਰੂਪ ਵਿਚ ਸਾਨੂੰ ਪ੍ਰਾਪਤ ਹੋਈ ਜੋ ਅੱਜ ਵੀ ਆਪਣਾ ਇਕ ਨਿਵੇਕਲਾ ਸਥਾਨ ਰੱਖਦੀ ਹੈ।

ਗੁਰਬਾਣੀ ਕੀਰਤਨਕਾਰਾਂ ਦੀ ਇਸ ਕੀਰਤਨ ਪ੍ਰਥਾ ਦੇ ਆਰੰਭ ਤੋਂ ਹੀ ਗਾਇਨ ਦੇ ਨਾਲ-ਨਾਲ ਸਾਜ਼ਾਂ ਨੂੰ ਵੀ ਮਹੱਤਵਪੂਰਨ ਸਥਾਨ ਮਿਲਿਆ ਹੈ। ਗੁਰਬਾਣੀ ਵਿਚ ਸਾਜ਼ਾਂ ਲਈ ਸਾਜ਼, ਜੰਤ, ਵਾਜੇ ਅਤੇ ਬਾਜਾ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਵਾਦਕ ਲਈ ਬਜਾਵਨਹਾਰ ਸ਼ਬਦ ਦਾ ਉਲੇਖ ਮਿਲਦਾ ਹੈ ਜਿਵੇਂ :-

1. ਹਮ ਤੇਰੇ ਜੰਤ ਤੂ ਬਜਾਵਨਹਾਰ॥ (ਆਦਿ ਗ੍ਰੰਥ, ਭੈਰਉ ਮਹਲਾ 5, ਪੰਨਾ 1144)
2. ਨਿਰਤਿ ਕਰੇ ਬਹੁ ਵਾਜੇ ਵਜਾਏ॥ (ਆਦਿ ਗ੍ਰੰਥ, ਆਸਾ ਮਹਲਾ 5, ਪੰਨਾ 364)
3. ਬਾਜੇ ਅਨਹਦ ਬਾਜਾ॥ (ਆਦਿ ਗ੍ਰੰਥ, ਰਾਮਕਲੀ ਮਹਲਾ 5, ਪੰਨਾ 892)

ਅਨੇਕ ਪ੍ਰਕਾਰ ਦੇ ਸਾਜ਼ਾ ਦਾ ਉਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ ਜਿਵੇਂ ਬੇਨ, ਬੀਨਾ, ਤੰਤੀ, ਰਬਾਬ, ਬੰਸਰੀ, ਪਖਾਵਜ, ਮ੍ਰਿਦੰਗ, ਢੋਲ, ਕਰਤਾਲ, ਦਮਾਮਾ, ਘੁੰਗਰੂ, ਮਦੀਰੇ, ਡੌਰੂ, ਛੈਣੇ ਆਦਿ।

ਗੁਰਮਤਿ ਸੰਗੀਤ ਦੇ ਸਾਜ਼ਾਂ ਦਾ ਵਰਗੀਕਰਨ- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਸਾਜ਼ਾਂ ਨੂੰ ਅਲੱਗ-ਅਲੱਗ ਵਰਗਾਂ ਵਿਚ ਨਹੀਂ ਵੰਡਿਆ ਗਿਆ ਪ੍ਰੰਤੂ 'ਪੰਚਨਾਦ ਤੂਰ ਵਜਾਇ' (ਆਦਿ ਗ੍ਰੰਥ, ਪੰਨਾ 388) ਅਨੁਸਾਰ ਪੰਜ ਪ੍ਰਕਾਰ ਦੇ ਵਾਦਿਆਂ ਦੇ ਪ੍ਰਯੋਗ ਵੱਲ ਸੰਕੇਤ ਕਰਦਾ ਹੈ। ਭਾਰਤੀ ਸੰਗੀਤ ਵਿਚ ਅਸੀਂ ਆਮ ਤੌਰ ਤੇ ਸਾਜ਼ਾਂ ਦੇ ਚਾਰ ਪ੍ਰਕਾਰ ਤੱਤ, ਸੁਸਿਰ, ਅਵਨਧ ਅਤੇ ਘਨ ਸਾਜ਼ ਮੰਨਦੇ ਹਾਂ। ਕੁਝ ਵਿਦਵਾਨ ਤੱਤ ਵਾਦਿਆ ਜਾਂ ਘਨ ਸਾਜ਼ਾਂ ਦੀਆਂ ਅੱਗੋਂ ਦੋ ਕਿਸਮਾਂ ਬਣਾ ਕੇ ਸਾਜ਼ਾਂ ਦਾ ਵਰਗੀਕਰਨ ਪੰਜ ਭਾਗਾਂ ਵਿਚ ਕਰਦੇ ਹਨ ਪ੍ਰੰਤੂ ਆਮ ਤੌਰ 'ਤੇ ਚਾਰ ਭਾਗਾਂ ਵਿਚ ਹੀ ਸਾਜ਼ਾਂ ਦੇ ਵਰਗੀਕਰਨ ਦੀ ਧਾਰਨਾ ਵਧੇਰੇ ਪ੍ਰਚਲਿਤ ਹੈ। ਭਾਰਤੀ ਸੰਗੀਤ ਦੇ ਸਾਜ਼ਾਂ ਦੇ ਆਧਾਰ ਤੇ ਅਸੀਂ ਗੁਰਮਤਿ ਸੰਗੀਤ ਵਿਚ ਪ੍ਰਯੋਗ ਕੀਤੇ ਜਾਂਦੇ ਸਾਜ਼ਾਂ ਦੀ ਵੰਡ ਹੇਠ ਲਿਖੇ ਚਾਰ ਭਾਗਾਂ ਵਿਚ ਕਰ ਰਹੇ ਹਾਂ।

ਤੱਤ ਵਾਦਿਆ ਜਾਂ ਤੰਤੂ ਸਾਜ਼- ਇਸ ਸ਼੍ਰੇਣੀ ਦੇ ਅੰਤਰਗਤ ਤਾਰਾਂ ਵਾਲੇ ਸਾਜ਼ ਆਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਰਾਂ ਵਾਲੇ ਸਾਜ਼ਾਂ ਦੇ ਅੰਤਰਗਤ ਬੀਨਾ, ਬੇਨੁ, ਤੰਤੀ, ਸਾਰੰਦਾ, ਰਬਾਬ, ਦਿਲਰੁਬਾ ਆਦਿ ਦਾ ਉਲੇਖ ਮਿਲਦਾ ਹੈ ਜਿਨਾਂ ਵਿਚੋਂ ਕੀਰਤਨ ਦੀ ਸੰਗਤ ਲਈ ਪ੍ਰਯੋਗ ਕੀਤੇ ਜਾਂਦੇ ਸਾਜ਼ਾਂ ਦਾ ਵਰਣਨ ਹੇਠ ਲਿਖਤ ਹੈ।

1. ਰਬਾਬ- ਮੱਧਕਾਲ ਵਿਚ ਰਬਾਬ ਨਾਮਕ ਇਕ ਸਾਜ਼ ਦਾ ਉਲੇਖ ਮਿਲਦਾ ਹੈ। ਰਬਾਬ ਇਕ ਤਾਰਾਂ ਵਾਲਾ ਸਾਜ਼ ਹੈ ਜਿਸ ਨੂੰ ਵਜਾਉਣ ਨਾਲ ਸੰਗੀਤ ਉਤਪੰਨ ਹੁੰਦਾ ਹੈ। ਗੁਰਬਾਣੀ ਵਿਚ ਇਸਦਾ ਉਲੇਖ ਇਸ ਤਰਾਂ ਆਇਆ ਹੈ :-

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਵਜਾਵੈ॥
(ਆਦਿ ਗ੍ਰੰਥ, ਆਸਾ ਮਹਲਾ 5, ਪੰਨਾ 381)

ਗੁਰੂ ਨਾਨਕ ਦੇਵ ਜੀ ਦੇ ਸਮਕਾਲੀਨ ਭਾਈ ਮਰਦਾਨਾ ਜੀ ਪ੍ਰਸਿੱਧ ਰਬਾਬ ਵਾਦਕ ਹੋਏ ਹਨ ਕਿਹਾ ਜਾਂਦਾ ਹੈ ਕਿ ਗੁਰੂ ਜੀ ਦੀ ਸੋਜ਼ ਭਰੀ ਅਵਾਜ਼ ਨਾਲ ਭਾਈ ਮਰਦਾਨੇ ਦੀ ਰਬਾਬ ਤੇ ਸੰਗਤ ਇਕ ਅਨੂਠਾ ਵਾਤਾਵਰਣ ਪੈਦਾ ਕਰ ਦਿੰਦੀ ਸੀ। ਜਿਵੇਂ-

ਫਿਰ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ॥
ਇਕੁ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥(ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 35)

ਰਬਾਬ ਵਾਦਕ ਭਾਈ ਮਰਦਾਨਾ ਦੀ ਪ੍ਰਬੀਨਤਾ ਕਾਰਨ ਹੀ ਉਸਦੇ ਵੰਸ਼ਜ਼ ਰਬਾਬੀ ਜਾਂ ਮਰਦਾਨੇ ਕੇ ਕਹਾਏ। ਇਨਾਂ ਦਾ ਨਾਮ ਗੁਰਮਤਿ ਸੰਗਤਿ ਵਿਚ ਹਮੇਸ਼ਾ ਸਤਿਕਾਰ ਸਹਿਤ ਲਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਭਾਈ ਮਰਦਾਨੇ ਦੇ ਵੰਸ਼ ਸੱਤਾ ਅਤੇ ਬਲਵੰਡ ਰਬਾਬੀ ਹੀ ਕੀਰਤਨ ਕਰਦੇ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਰਬਾਬ ਸਾਜ਼ ਦਾ ਉਲੇਖ ਚੰਡੀ ਚਰਿੱਤਰ ਵਿਚ ਇਸ ਤਰਾਂ ਮਿਲਦਾ ਹੈ।

ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈ॥

2. ਸਾਰੰਦਾ- ਸਾਰੰਦਾ ਨਾਮਕ ਤਾਰਾਂ ਵਾਲੇ ਸਾਜ਼ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ। ਇਸਦਾ ਪ੍ਰਚਲਨ ਗੁਰੂ ਅਮਰਦਾਸ ਜੀ ਦੇ ਸਮੇਂ ਗੁਰਮਤਿ ਸੰਗੀਤ ਵਿਚ ਹੋਇਆ। ਗੁਰੂ ਜੀ ਨੇ ਹੀ ਇਸ ਸਾਜ਼ ਦਾ ਆਵਿਸ਼ਕਾਰ ਕੀਤਾ। ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਇਕ ਸਾਰੰਦਾ ਰੱਖਿਆ ਹੋਇਆ ਹੈ ਜੋ ਗੁਰੂ ਅਮਰਦਾਸ ਜੀ ਦੁਆਰਾ ਬਣਾਇਆ ਗਿਆ ਸੀ। ਹਿਮਾਚਲ ਪ੍ਰਦੇਸ਼ ਮੰਡੀ ਸ਼ਹਿਰ ਦੇ ਇਕ ਗੁਰਦੁਆਰੇ ਵਿਚ ਇਕ ਸਾਰੰਦਾ ਅਜੇ ਤੱਕ ਸੁਰੱਖਿਅਤ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਆਪ ਵਜਾਇਆ ਕਰਦੇ ਸਨ।

3. ਤਾਊਸ- ਤਾਊਸ ਵੀ ਗਜ਼ ਨਾਲ ਵਜਾਇਆ ਜਾਣ ਵਾਲਾ ਤੰਤੀ ਸਾਜ਼ ਹੈ। ਦਿਲਰੁਬਾ ਤੇ ਤਾਊਸ ਦੇ ਬਣਤਰ ਵਿਚ ਥੋੜਾ-ਥੋੜਾ ਅੰਤਰ ਹੈ। ਇਹਨਾਂ ਦੇ ਅੰਗ ਸਮਾਨ ਹੀ ਹਨ। ਗੁਰਮਤਿ ਸੰਗੀਤ ਵਿਚ ਤਾਊਸ ਦਾ ਪ੍ਰਯੋਗ ਕੀਰਤਨ ਦੀ ਸੰਗਤ ਲਈ ਕੀਤਾ ਜਾਂਦਾ ਹੈ।

4. ਦਿਲਰੁਬਾ- ਦਿਲਰੁਬਾ ਵੀ ਗਜ਼ ਨਾਲ ਵਜਾਇਆ ਜਾਣ ਵਾਲਾ ਤੰਤੀ ਸਾਜ਼ ਹੈ। ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਾਊਸ ਦੇ ਆਕਾਰ ਵਿਚ ਥੋੜਾ ਪਰਿਵਰਤਨ ਕਰਕੇ ਦਿਲਰੁਬਾ ਸਾਜ਼ ਦਾ ਪ੍ਰਚਲਨ ਹੋਇਆ। ਗੁਰਮਤਿ ਸੰਗੀਤ ਵਿਚ ਇਸ ਸਾਜ਼ ਦਾ ਪ੍ਰਯੋਗ ਕੀਰਤਨ ਦੀ ਸੰਗਤ ਲਈ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨ ਦੀ ਸੰਗਤ ਲਈ ਰੋਜ਼ਾਨਾ ਇਸ ਸਾਜ਼ ਦਾ ਪ੍ਰਯੋਗ ਕਰਕੇ ਇਸ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ।

5. ਸਾਰੰਗੀ- ਸਾਰੰਗੀ ਗਜ਼ ਨਾਲ ਵਜਾਇਆ ਜਾਣ ਵਾਲਾ ਪ੍ਰਮੁੱਖ ਤੰਤੀ ਸਾਜ਼ ਹੈ। ਇਹ ਕੰਠ ਸਵਰ ਨਾਲ ਸਭ ਤੋਂ ਵਧੇਰੇ ਮਿਲਦਾ ਜੁਲਦਾ ਹੋਣ ਕਾਰਨ ਗਾਇਨ ਦੀ ਸੰਗਤ ਲਈ ਇਹ ਸਾਜ਼ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਸ਼ਾਸਤਰੀ ਅਤੇ ਲੋਕ-ਸੰਗੀਤ ਦੋਨਾਂ ਵਿਚ ਸਾਰੰਗੀ ਦਾ ਪ੍ਰਯੋਗ ਹੁੰਦਾ ਹੈ।

ਗੁਰਮਤਿ ਸੰਗੀਤ ਵਿਚ ਸਾਰੰਗੀ ਦਾ ਪ੍ਰਯੋਗ ਵੀ ਹੁੰਦਾ ਹੈ। ਰਾਗੀ ਜਥਿਆਂ ਦੁਆਰਾ ਗੁਰਬਾਣੀ ਦਾ ਰਾਗਬੱਧ ਗਾਇਨ ਕਰਨ ਦੇ ਨਾਲ ਸਾਰੰਗੀ ਦੀ ਸੰਗਤ ਬੜੀ ਆਨੰਦ ਦਾਇਕ ਪ੍ਰਤੀਤ ਹੁੰਦੀ ਹੈ। ਢਾਡੀ ਜਥਿਆਂ ਵਿਚ ਅੱਜ ਕੱਲ ਵੀ ਸਾਰੰਗੀ ਦਾ ਪ੍ਰਚਲਿਨ ਹੈ।

6. ਸਿਤਾਰ- ਗੁਰਮਤਿ ਸੰਗੀਤ ਵਿਚ ਸਿਤਾਰ ਸਾਜ਼ ਦੀ ਸੰਗਤ ਅੱਜ ਕੱਲ ਆਮ ਹੋ ਗਈ ਹੈ। ਨਾਮੀ ਰਾਗੀ ਜਥਿਆਂ ਵਿਚ ਅਤੇ ਦੂਰਦਰਸ਼ਨ ਤੇ ਪ੍ਰਸਾਰਿਤ ਹੋਣ ਵਾਲੇ ਗੁਰਮਤਿ ਸੰਗਤਿ ਦੇ ਪ੍ਰੋਗਰਾਮਾਂ ਵਿਚ ਇਸ ਸਾਜ਼ ਦੀ ਸੰਗਤ ਵਧੇਰੇ ਪ੍ਰਚਲਿਤ ਹੈ।

ਅਵਨੱਧ ਸਾਜ਼- ਚਮੜੇ ਨਾਲ ਮੜੇ ਹੋਏ ਸਾਰੇ ਤਾਲ ਸਾਜ਼ ਅਵਨੱਧ ਸਾਜ਼ਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਨਾਂ ਸਾਜ਼ਾਂ ਦਾ ਪ੍ਰਯੋਗ ਅਕਸਰ ਗਾਇਨ ਜਾਂ ਵਾਦਨ ਦੇ ਨਾਲ ਤਾਲ ਦੇਣ ਲਈ ਕੀਤਾ ਜਾਂਦਾ ਹੈ। ਅੱਜ ਕੱਲ ਸੁਤੰਤਰ ਵਾਦਿਆਂ ਦੇ ਰੂਪ ਵਿਚ ਵੀ ਇਨਾਂ ਨੂੰ ਵਜਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼੍ਰੇਣੀ ਦੇ ਅੰਤਰਗਤ ਪਖਾਵਜ, ਟਮਕ, ਭੇਰੀਆਂ, ਡੌਰੂ, ਮ੍ਰਿਦੰਗ, ਦਮਾਮਾ, ਦੁੰਦਬੀ, ਮੰਦਰ, ਮੰਦਲ ਆਦਿ ਵਾਦਿਆਂ ਦਾ ਉਲੇਖ ਮਿਲਦਾ ਹੈ ਪ੍ਰੰਤੂ ਗੁਰਮਤਿ ਸੰਗਤਿ ਦੀ ਸੰਗਤ ਲਈ ਇਹਨਾਂ ਵਿਚੋਂ ਕੁਝ ਹੀ ਸਾਜ਼ ਜਿਵੇਂ ਪਖਾਵਜ, ਮ੍ਰਿਦੰਗ, ਢੱਡ, ਤਬਲਾ ਆਦਿ ਦਾ ਪ੍ਰਯੋਗ ਪਾਇਆ ਜਾਂਦਾ ਹੈ।

1. ਪਖਾਵਜ ਅਤੇ ਮ੍ਰਿਦੰਗ- ਭਾਰਤੀ ਸੰਗੀਤ ਵਿਚ ਸਭ ਤੋਂ ਪ੍ਰਾਚੀਨ ਤਾਲ ਸਾਜ਼ ਪਖਾਵਜ ਹੈ। ਇਸ ਸਾਜ਼ ਦੀ ਅਵਾਜ਼ ਕੁਝ ਗੰਭੀਰ ਹੁੰਦੀ ਹੈ। ਧਰੁੱਪਦ, ਧਮਾਰ, ਆਦਿ ਗੰਭੀਰ ਪ੍ਰਕਿਰਤੀ ਦੀਆਂ ਗਾਇਨ ਸ਼ੈਲੀਆਂ ਅਤੇ ਰੁਦਰਵੀਣਾ ਅਤੇ ਸਰੋਦ ਵਾਦਨ ਦੇ ਨਾਲ ਪਖਾਵਜ ਤੇ ਸੰਗਤ ਕੀਤੀ ਜਾਂਦੀ ਹੈ।

ਪਖਾਵਜ ਨਾਲ ਮਿਲਦਾ ਜੁਲਦਾ ਸਾਜ਼ ਮ੍ਰਿਦੰਗ ਕਰਨਾਟਕੀ ਸੰਗੀਤ ਵਿਚ ਪ੍ਰਚੱਲਿਤ ਹੈ। ਗੁਰਬਾਣੀ ਵਿਚ ਇਨਾਂ ਸਾਜ਼ਾਂ ਦਾ ਉਲੇਖ ਇਸ ਪ੍ਰਕਾਰ ਆਇਆ ਹੈ :-

ਕਰ ਕਰਿ ਤਾਲੁ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ॥
(ਆਦਿ ਗ੍ਰੰਥ, ਰਾਮਕਲੀ ਮਹਲਾ 5, ਪੰਨਾ 884)
ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥
(ਆਦਿ ਗ੍ਰੰਥ, ਆਸਾ ਮਹਲਾ 5, ਪੰਨਾ 381)

**ਬਾਕੀ ਸਫ਼ਾ 30 'ਤੇ**

---

## ਪਾਕਿ ਸੰਸਦ ਹੋਈ...

ਸੂਰੀ ਨੇ ਇਜਲਾਸ ਦੀ ਪ੍ਰਧਾਨਗੀ ਕੀਤੀ । ਮਤੇ ਨੂੰ ਖ਼ਾਰਜ ਕੀਤੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਉਨਾਂ ਨੇ ਰਾਸ਼ਟਰਪਤੀ ਆਰਿਫ਼ ਅਲਵੀ ਨੂੰ ਪੱਤਰ ਲਿਖ ਕੇ ਸੰਸਦ ਭੰਗ ਕਰਨ ਦੀ ਅਪੀਲ ਕੀਤੀ ਹੈ ਅਤੇ ਰਾਸ਼ਟਰਪਤੀ ਨੇ ਉਨਾਂ ਦੀ ਸਿਫ਼ਾਰਿਸ਼ ਨੂੰ ਸਵੀਕਾਰ ਕਰਕੇ ਸੰਸਦ ਨੂੰ ਭੰਗ ਕਰ ਦਿੱਤਾ ਹੈ । ਦੱਸਿਆ ਜਾ ਰਿਹਾ ਹੈ ਕਿ ਪਾਕਿ ਵਿਚ 90 ਦਿਨਾਂ ਦੇ ਅੰਦਰ ਚੋਣਾਂ ਹੋਣਗੀਆਂ ਤੇ ਉਦੋਂ ਤੱਕ ਇਮਰਾਨ ਖ਼ਾਨ ਕਾਰਜਕਾਰੀ ਪ੍ਰਧਾਨ ਮੰਤਰੀ ਰਹਿਣਗੇ ।

**ਸ਼ਾਹਬਾਜ਼ ਪ੍ਰਧਾਨ ਮੰਤਰੀ ਬਣੇ ਤਾਂ ਅਮਰੀਕਾ ਦੀ ਗ਼ੁਲਾਮੀ ਕਰਨਗੇ : ਇਮਰਾਨ ਖ਼ਾਨ**

ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਕਰਦਿਆਂ ਇਹ ਵੀ ਕਿਹਾ ਕਿ ਜੇਕਰ ਪੀ. ਐਮ. ਐਲ.-ਐਨ. ਦੇ ਨੇਤਾ ਸ਼ਾਹਬਾਜ਼ ਸ਼ਰੀਫ਼ ਪਾਕਿ ਦੀ ਸੱਤਾ ਸੰਭਾਲਦੇ ਹਨ ਤਾਂ ਉਹ ਅਮਰੀਕਾ ਦੀ ਗੁਲਾਮੀ ਕਰਨਗੇ । ਉਨਾਂ ਇਹ ਵੀ ਕਿਹਾ ਕਿ ਸ਼ਰੀਫ਼ 'ਤੇ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਹਨ।

**ਇਮਰਾਨ ਖ਼ਾਨ ਦੇਸ਼ ਨੂੰ ਘਰੇਲੂ ਜੰਗ ਵੱਲ ਧੱਕ ਰਹੇ ਹਨ : ਸ਼ਾਹਬਾਜ਼ ਸ਼ਰੀਫ਼**

ਨੈਸ਼ਨਲ ਅਸੰਬਲੀ ਵਿਚ ਵਿਰੋਧੀ ਧਿਰ ਦੇ ਨੇਤਾ ਸ਼ਾਹਬਾਜ਼ ਸ਼ਰੀਫ਼ ਨੇ ਦੋਸ਼ ਲਗਾਇਆ ਕਿ ਇਮਰਾਨ ਖ਼ਾਨ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਨਾਲ ਹੀ ਦੇਸ਼ ਨੂੰ ਘਰੇਲੂ ਯੁੱਧ ਵੱਲ ਧੱਕ ਰਹੇ ਹਨ। ਉਨਾਂ ਇਹ ਵੀ ਦੋਸ਼ ਲਗਾਇਆ ਕਿ ਪਾਕਿ ਦੀ ਸੱਤਾਧਾਰੀ ਪਾਰਟੀ ਨੇ ਇਸਲਾਮਾਬਾਦ ਵਿਚ ਹਿੰਸਾ ਭੜਕਾਉਣ ਦੀ ਯੋਜਨਾ ਬਣਾਈ ਹੈ ।

**ਦੇਸ਼ ਵਿਚ ਜੰਗਲ ਦਾ ਕਾਨੂੰਨ ਲਾਗੂ ਹੋਵੇਗਾ- ਮਰੀਅਮ ਨਵਾਜ਼**

ਮਰੀਅਮ ਨਵਾਜ਼ ਸ਼ਰੀਫ਼ ਨੇ ਕਿਹਾ ਕਿ ਆਪਣੀ ਸੀਟ ਬਚਾਉਣ ਲਈ ਕਿਸੇ ਨੂੰ ਵੀ ਪਾਕਿਸਤਾਨ ਦੇ ਸੰਵਿਧਾਨ ਨੂੰ ਤੋੜਨ-ਮਰੋੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।ਜੇਕਰ ਇਸ ਪਾਗਲ ਤੇ ਜਨੂੰਨੀ ਵਿਅਕਤੀ (ਇਮਰਾਨ ਖ਼ਾਨ) ਨੂੰ ਇਸ ਗੁਨਾਹ ਦੀ ਸਜ਼ਾ ਨਾ ਦਿੱਤੀ ਗਈ ਤਾਂ ਅੱਜ ਤੋਂ ਇਸ ਦੇਸ਼ ਵਿਚ ਜੰਗਲ ਦਾ ਕਾਨੂੰਨ ਲਾਗੂ ਹੋ ਜਾਵੇਗਾ।

**ਵੋਟਿੰਗ ਰੋਕ ਕੇ ਸਰਕਾਰ ਨੇ ਸੰਵਿਧਾਨ ਦੀ ਉਲੰਘਣਾ ਕੀਤੀ : ਬਿਲਾਵਲ ਭੁੱਟੋ**

ਪੀਪੀਪੀ. (ਪਾਕਿਸਤਾਨ ਪੀਪਲਜ਼ ਪਾਰਟੀ) ਦੇ ਮੁਖੀ ਬਿਲਾਵਲ ਭੁੱਟੋ ਜ਼ਰਦਾਰੀ ਨੇ ਕਿਹਾ ਕਿ ਬੇਭਰੋਸਗੀ ਮਤੇ 'ਤੇ ਵੋਟਿੰਗ ਰੋਕ ਕੇ ਸਰਕਾਰ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ।ਉਨਾਂ ਕਿਹਾ ਕਿ ਸੰਯੁਕਤ ਵਿਰੋਧੀ ਧਿਰ ਸੰਸਦ ਨੂੰ ਨਹੀਂ ਛੱਡੇਗੀ ਤੇ ਸਰਕਾਰ ਦੇ ਫ਼ੈਸਲੇ ਵਿਰੁੱਧ ਸਾਡੇ ਵਕੀਲ ਸੁਪਰੀਮ ਕੋਰਟ ਜਾ ਰਹੇ ਹਨ।

## ਦਿੱਲੀ ਵਿੱਚ ਪ੍ਰਸ਼ਾਸਨ...

ਜਨਸੰਖਿਆ ਕੰਟ੍ਰੋਲ, ਸਮਾਨ ਸਿੱਖਿਆ, ਮੰਦਿਰ ਮੁਕਤੀ, ਘੁਸਪੈਠ ਕੰਟ੍ਰੋਲ ਅਤੇ ਧਰਮ ਪਰਿਵਰਤਨ।

ਹਿੰਦੂ ਮਹਾਂਪੰਚਾਇਤ ਵਿੱਚ ਇਕੱਠੇ ਹੋਏ ਲੋਕ ਇਨਾਂ ਪੰਜਾਂ ਮੁੱਦਿਆਂ ਦੇ ਆਲੇ-ਦੁਆਲੇ ਹੀ ਭਾਸ਼ਣ ਦੇ ਰਹੇ ਸਨ, ਪਰ ਉਨਾਂ ਦੇ ਤੇਵਰ ਬਹੁਤ ਭੜਕਾਊ ਸਨ ਅਤੇ ਨਿਸ਼ਾਨੇ 'ਤੇ ਮੁਸਲਮਾਨ ਭਾਈਚਾਰਾ ਸੀ।

ਮਹੰਤ ਯਤੀ ਨਰਸਿੰਘਾਨਿੰਦ ਨੇ ਮੰਚ ਤੋਂ ਭਾਸ਼ਣ ਦੇਣਾ ਸ਼ੁਰੂ ਕੀਤਾ ਤਾਂ ਕੁਝ ਹੀ ਦੇਰ ਵਿੱਚ ਉਹ ਮੁਸਲਮਾਨ ਭਾਈਚਾਰੇ ਦੇ ਨਾਲ ਹਿੰਦੂਆਂ ਨੂੰ ਵੀ ਲਲਕਾਰਨ ਲੱਗੇ। ਮਹੰਤ ਯਤੀ ਨਰਸਿੰਘਾਨੰਦ ਨੇ ਭਾਸ਼ਣ ਵਿੱਚ ਕਿਹਾ, 'ਕੇਵਲ ਬੱਚੇ ਪੈਦਾ ਕਰੋ ਅਤੇ ਆਪਣੇ ਬੱਚਿਆਂ ਨੂੰ ਲੜਨ ਲਾਇਕ ਬਣਾਓ।'

'ਜੇਕਰ ਤੁਸੀਂ ਚਾਹੁੰਦੇ ਹੋ ਕਿ ਇਸ ਧਰਤੀ 'ਤੇ ਹਿੰਦੂ-ਮੁਸਲਮਾਨਾਂ ਦੀ ਲੜਾਈ ਨਾ ਹੋਵੇ ਤਾਂ ਇਸ ਦਾ ਇੱਕ ਤਰੀਕਾ ਹੈ, 'ਦ ਕਸ਼ਮੀਰ ਫਾਈਲਸ' ਦੇਖਣੀ ਹੋਵੇਗੀ। ਜਿਵੇਂ ਕਸ਼ਮੀਰ ਦੇ ਲੋਕ ਆਪਣੀ ਜ਼ਮੀਨ-ਜਾਇਦਾਦ ਅਤੇ ਆਪਣੀਆਂ ਧੀਆਂ ਨੂੰ ਛੱਡ ਕੇ ਭੱਜੇ ਸਨ, ਇਸ ਤਰਾਂ ਹੀ ਤੁਸੀਂ ਛੱਡ ਕੇ ਭੱਜ ਜਾਓ ਤੇ ਹਿੰਦ ਮਹਾਸਾਗਰ ਵਿੱਚ ਡੁੱਬ ਕੇ ਮਰ ਜਾਓ, ਕੇਵਲ ਇਹੀ ਇੱਕ ਰਸਤਾ ਹੈ।'

ਮਹੰਤ ਯਤੀ ਨਰਸਿੰਘਾਨੰਦ ਨੇ ਆਪਣੇ ਭਾਸ਼ਣ ਵਿੱਚ ਅਯੁੱਧਿਆ ਦੀ ਰਾਮ ਜਨਮ ਭੂਮੀ ਨੂੰ ਲੈ ਕੇ ਮੁਸਲਮਾਨ ਭਾਈਚਾਰੇ 'ਤੇ ਸਵਾਲ ਚੁੱਕੇ।ਉਨਾਂ ਨੇ ਦਾਅਵਾ ਕੀਤਾ, 'ਰਾਮ ਜਨਮ ਭੂਮੀ ਵੀ ਮੰਗਣ ਨਾਲ ਸਾਨੂੰ ਨਹੀਂ ਮਿਲੀ ਹੈ। ਉਹ ਸਾਨੂੰ ਕੋਰਟ ਜਾ ਕੇ ਮਿਲੀ ਹੈ। ਉੱਧਰ, ਇੱਕ-ਇੱਕ ਮੁਸਲਮਾਨ ਨੇ ਸਹੁੰ ਚੁੱਕੀ ਹੈ, ਜਿਸ ਦਿਨ ਇਹ ਨਿਜ਼ਾਮ ਸਾਡੇ ਹੱਥ ਵਿੱਚ ਹੋਵੇਗਾ, ਅਸੀਂ ਇਸ ਮੰਦਿਰ ਨੂੰ ਤੋੜਾਂਗੇ ਅਤੇ ਮੁੜ ਮਸਜਿਦ ਉਸਾਰਾਂਗੇ।'

ਮਹੰਤ ਯਤੀ ਨਰਸਿੰਘਾਨੰਦ ਇੱਥੇ ਹੀ ਨਹੀਂ ਰੁਕੇ, ਉਨਾਂ ਨੇ ਹਿੰਦੂਆਂ ਨੂੰ ਹਥਿਆਰ ਚੁੱਕਣ ਦੀ ਅਪੀਲ ਕੀਤੀ। ਜਿੰਨਾ ਪਿਆਰ ਪਤਨੀ ਆਪਣੇ ਮੰਗਲਸੂਤਰ ਨਾਲ ਕਰਦੀ ਹੈ, ਮਰਦ ਓਨਾ ਹੀ ਪਿਆਰ ਆਪਣੇ ਹਥਿਆਰਾਂ ਨਾਲ ਕਰਦੇ ਹਨ।'

ਹਿੰਦੂ ਮਹਾਂਪੰਚਾਇਤ ਦੇ ਮੰਚ ਤੋਂ ਦੂਜੇ ਬੁਲਾਰਿਆਂ ਦੇ ਤੇਵਰ ਵੀ ਤਿੱਖੇ ਸਨ। ਕਿਸੇ ਨੇ ਲਾਲ ਕਿਲੇ 'ਤੇ ਭਗਵਾ ਝੰਡਾ ਲਹਿਰਾਉਣ ਦੀ ਗੱਲ ਕੀਤੀ ਤਾਂ ਕਿਸੇ ਨੇ ਮੁਸਲਮਾਨਾਂ ਦਾ ਡਰ ਦਿਖਾ ਕੇ ਹਿੰਦੂਆਂ ਨੂੰ ਅਬਾਦੀ ਵਧਾਉਣ ਦੀ ਅਪੀਲ ਕੀਤੀ।

**ਪੱਤਰਕਾਰ ਵੀ ਨਿਸ਼ਾਨਾ ਬਣੇ**

ਹਿੰਦੂ ਮਹਾਂਪੰਚਾਇਤ ਦੌਰਾਨ ਕਈ ਵਰਕਰਾਂ ਨੇ ਪੱਤਰਕਾਰਾਂ ਖ਼ਿਲਾਫ਼ ਵੀ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਵਰਕਰ ਪੱਤਰਕਾਰਾਂ ਨੂੰ ਖੱਬੇਪੱਖੀ ਅਤੇ ਮੁਸਲਮਾਨ ਦੱਸ ਰਹੇ ਸਨ। ਗੱਲ ਇੱਥੇ ਹੀ ਨਹੀਂ ਰੁਕੀ। ਪ੍ਰੋਗਰਾਮ ਦੌਰਾਨ ਕੁਝ ਵਰਕਰਾਂ ਨੇ ਕੁਝ ਪੱਤਰਕਾਰਾਂ ਨਾਲ ਹੱਥੋਪਾਈ ਵੀ ਸ਼ੁਰੂ ਕਰ ਦਿੱਤੀ।

ਮਾਮਲਾ ਵਿਗੜਦਾ ਦੇਖ ਦਿੱਲੀ ਪੁਲਿਸ ਕੁਝ ਪੱਤਰਕਾਰਾਂ ਨੂੰ ਜ਼ਬਰਦਸਤੀ ਆਪਣੀ ਗੱਡੀ ਵਿੱਚ ਬਿਠਾ ਕੇ ਥਾਣੇ ਲੈ ਗਈ।

ਬਾਅਦ ਵਿੱਚ ਡੀਸੀਪੀ ਨੌਰਥ ਵੈਸਥ ਊਸ਼ਾ ਰੰਗਰਾਨੀ ਨੇ ਟਵੀਟ ਕਰ ਕੇ ਸਫਾਈ ਦਿੱਤੀ ਪੁਲਿਸ ਨੇ ਸੁਰੱਖਿਆ ਦੇ ਮੱਦੇਨਜ਼ਰ ਪੱਤਰਕਾਰਾਂ ਨੂੰ ਆਪਣੇ ਲਿਆਂਦਾ ਸੀ। ਕਿਸੇ ਪੱਤਰਕਾਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

24 ਘੰਟਿਆਂ ਬਾਅਦ ਦਿੱਲੀ ਪੁਲਿਸ ਨੇ ਬਿਨਾਂ ਆਗਿਆ ਦੇ ਪ੍ਰਬੰਧ ਕਰਨ, ਭੜਕਾਊ ਭਾਸ਼ਣ ਦੇਣ ਤੇ ਪੱਤਰਕਾਰਾਂ ਨਾਲ ਹੱਥੋਪਾਈ ਦੇ ਮਾਮਲੇ ਵਿੱਚ ਵੱਖ-ਵੱਖ ਐੱਫਆਈਆਰ ਦਰਜ ਕੀਤੀਆਂ ਹਨ।

## ਹੁਣ ਨੀਂ ਹਾਰਦਾ ਮੇਰਾ...

ਅਚਾਨਕ ਮੈਂ ਆਪਣੀਆਂ ਸੋਚਾਂ 'ਚੋਂ ਵਾਪਸ ਪਰਤ ਆਇਆ ਜਦੋਂ ਕਿਸੇ ਨੇ ਮੇਰੇ ਮੋਢੇ 'ਤੇ ਹੱਥ ਧਰਿਆ। ਮੇਰੇ ਪਿਉ ਦੇ ਹੱਥ ਵਿਚ ਮੇਰੇ ਲਈ ਰੋਟੀ ਦਾ ਡੱਬਾ ਵੇਖ ਮੇਰੀਆਂ ਅੱਖਾਂ ਭਰ ਆਈਆਂ ਤੇ ਰੋਕਦੇ-ਰੋਕਦੇ ਵੀ ਛਲਕ ਪਈਆਂ। ਮੇਰੇ ਪਿਉ ਦੀਆਂ ਅੱਖਾਂ ਨੂੰ ਅੱਜ ਘੂਰੀ ਦੀ ਥਾਂ ਪਿਆਰ ਦੇ ਹੰਝੂਆਂ ਨੇ ਮੱਲਿਆ ਹੋਇਆ ਸੀ। ਮੇਰਾ ਪਿਉ ਦਾ ਗਲਾ ਰੁੰਦਿਆਂ ਗਿਆ ਤੇ ਉਹ ਮੈਨੂੰ ਕਲਾਵੇ 'ਚ ਲੈ ਆਖਣ ਲੱਗਿਆ, 'ਝੱਲਿਆ, ਕਿੰਨੀ ਕੁ ਦੇਰ ਨਾਰਾਜ਼ ਰਹਿੰਦਾ ਮੈਂ? ਆਖਰ ਹੈ ਤਾਂ ਤੇਰਾ ਪਿਉ। ਲੈ ਫੜ ਰੋਟੀ, ਖਾ ਲਈਂ ਰਾਹ ਵਿਚ। ਨਾਲੇ ਜਿੱਤ ਕੇ ਆਵੀਂ ਪੁੱਤ।'

ਮੈਂ ਅੱਖਾਂ ਪੂੰਝਦਿਆਂ-ਪੂੰਝਦਿਆਂ ਹੌਂਸਲੇ ਨਾਲ ਆਖਿਆ, 'ਬਾਪੂ, ਹੁਣ ਤੇਰੇ ਪੁੱਤ ਨੂੰ ਕੋਈ ਨਹੀਂ ਹਰਾ ਸਕਦਾ।'

ਬਾਪੂ ਦੀਆਂ ਅੱਖਾਂ ਦੀ ਲਿਸ਼ਕ ਪਈਆਂ, 'ਹੁਣ ਨੀਂ ਹਾਰਦਾ ਮੇਰਾ ਪੁੱਤ।'

## 'ਹਮ ਰਾਖਤ ਪਾਤਸ਼ਾਹੀ...

ਸ਼ਾਇਦ ਅੰਗਰੇਜ਼ ਸਰਕਾਰ ਇਹ ਸੋਚਦੀ ਸੀ ਕਿ ਇਸ ਤਰਾਂ ਕਰਨ ਨਾਲ ਇੱਕ ਤਾਂ ਦਲੀਪ ਸਿੰਘ ਸਿੱਖੀ ਤੋਂ ਦੂਰ ਹੋ ਜਾਵੇਗਾ ਸਗੋਂ ਉਸਨੂੰ ਆਪਣੇ ਅਕਸ ਦਾ ਵੀ ਨਹੀਂ ਪਤਾ ਹੋਵੇਗਾ ਤੇ ਪਾਤਸ਼ਾਹੀ ਦਾਅਵੇ ਦਾ ਤੇ ਸਵਾਲ ਹੀ ਪੈਦਾ ਨਹੀਂ ਹੁੰਦਾ।

ਅਜਿਹੇ ਹਾਲਾਤਾਂ ਵਿੱਚ ਪਲਿਆ ਦਲੀਪ ਸਿੰਘ ਹੁਣ ਜਵਾਨ ਹੋ ਚੁੱਕਿਆ ਸੀ। ਉਸ ਦੀ ਸੂਰਤ ਤੇ ਸੀਰਤ ਬਿਲਕੁਲ ਬਦਲ ਚੁੱਕੀ ਸੀ। ਬਚਪਨ ਵਿਚ ਉਸਦੇ ਸਿਰ ਤੇ ਲੰਬੇ ਵਾਲ ਤੇ ਦਸਤਾਰ ਸਜਾਈ ਹੁੰਦੀ ਸੀ ਪਰ ਹੁਣ ਅਜਿਹਾ ਕੁਝ ਵੀ ਨਹੀਂ ਸੀ, ਉਹ ਪੂਰੀ ਤਰਾਂ ਇਸਾਈ ਰੰਗ ਵਿੱਚ ਰੰਗਿਆ ਜਾ ਚੁੱਕਾ ਸੀ। ਉਸਨੂੰ ਸ਼ਾਹੀ ਮਹਿਲ ਵਿਚ ਮਹਾਰਾਜੇ ਦੀ ਥਾਂ ਪ੍ਰਿੰਸ ਕਹਿ ਕੇ ਬੁਲਾਇਆ ਜਾਂਦਾ, ਹਾਂ ਪਰ ਮਹਾਰਾਣੀ ਵਿਕਟੋਰੀਆ ਉਸ ਨੂੰ ਬਹੁਤ ਪਿਆਰ ਕਰਦੀ ਸੀ, ਪਤਾ ਨਹੀਂ ਅਸਲੀ ਸੀ ਜਾਂ ਫਰਜੀ ਪਰ ਉਸਨੂੰ ਆਪਣੇ ਬੱਚੇ ਵਾਂਗ ਸਮਝਦੀ ਸੀ।

ਹੁਣ ਦਲੀਪ ਸਿੰਘ ਨੂੰ ਆਪਣੀ ਪਿਛਲੀ ਜਿੰਦਗੀ ਬਾਰੇ ਉੱਕਾ ਹੀ ਯਾਦ ਨਹੀਂ ਸੀ। ਸ਼ਾਇਦ ਉਹ ਆਪਣੇ ਆਪ ਨੂੰ ਹੀ ਭੁੱਲ ਬੈਠਾ ਸੀ ਪਰ ਉਹ ਆਪਣੀ ਮਾਂ ਨੂੰ ਨਹੀਂ ਸੀ ਭੁੱਲਿਆ।ਪਰ ਆਪਣੀ ਵਿਰਾਸਤ ਆਪਣੇ ਸੱਭਿਆਚਾਰ ਤੋਂ ਕੋਹਾਂ ਦੂਰ ਜਾ ਚੁੱਕਾ ਸੀ। ਸ਼ਾਇਦ ਅੰਗਰੇਜ਼ ਆਪਣੀ ਚਾਲ ਵਿੱਚ ਕਾਮਯਾਬ ਹੋ ਚੁੱਕੇ ਸੀ, ਉਹ ਸਮਝਦੇ ਸਨ ਕਿ ਸਾਲਾਂ ਦੀ ਮਿਹਨਤ ਰੰਗ ਲਿਆਈ ਹੈ। ਉਨਾਂ ਨੇ ਮਹਾਰਾਜੇ ਨੂੰ ਬਿਲਕੁਲ ਬਦਲ ਦਿੱਤਾ ਹੈ, ਉਸਨੂੰ ਕੋਈ ਉਚੇਰੀ ਵਿੱਦਿਆ ਨਹੀਂ ਸੀ ਲੈਣ ਦਿੱਤੀ। ਉਸਨੂੰ ਉੱਥੋਂ ਦੀ ਰੰਗੀਨ ਜਿੰਦਗੀ ਵੱਲ ਧੱਕ ਦਿੱਤਾ ਗਿਆ ਉਸਦਾ ਕਲੱਬਾਂ ਵਿੱਚ ਜਾਣਾ ਆਮ ਹੋ ਗਿਆ ਸੀ।ਦਲੀਪ ਸਿੰਘ ਨੂੰ ਬਹੁਤ ਐਸ਼ੋ ਆਰਾਮ ਭਰੀ ਜਿੰਦਗੀ ਦਿੱਤੀ ਸੀ ਤੇ ਉਸਨੂੰ ਗੁਲਾਮੀ ਦਾ ਅਹਿਸਾਸ ਨਹੀਂ ਸੀ ਹੋਣ ਦਿੱਤਾ ਜਾਂਦਾ, ਸਗੋਂ ਬੜੀ ਚਲਾਕੀ ਨਾਲ ਉਸਦੇ ਦਿਮਾਗ ਵਿਚ ਉਸਦੀ ਫਰਜੀ ਅਜ਼ਾਦ ਜਿੰਦਗੀ ਦਾ ਮਿੱਠਾ ਜ਼ਹਿਰ ਘੋਲਿਆ ਗਿਆ ਸੀ। ਅੰਗਰੇਜ਼ ਸੋਚਦੇ ਸਨ ਕਿ ਉਸਦੇ ਮਨ ਵਿੱਚ ਹੁਣ ਪਾਤਸ਼ਾਹੀ ਦਾਅਵੇ ਦਾ ਸੰਕਲਪ ਕਦੇ ਨਹੀਂ ਆ ਸਕਦਾ। ਪਰ ਜਵਾਲਾਮੁਖੀ ਕੁਝ ਸਮੇਂ ਲਈ ਸ਼ਾਂਤ ਹੋ ਸਕਦਾ ਹੈ, ਕਦੇ ਬੁਝਦਾ ਨਹੀਂ। ਸਰਦਾਰ ਚੜਤ ਸਿੰਘ ਦਾ ਅੰਸ਼ ਸੀ ਉਹ, ਇਹ ਖੂਨ ਇੰਨੀ ਜਲਦੀ ਪਾਣੀ ਨਹੀਂ ਸੀ ਬਣ ਸਕਦਾ।

## ਲੋਕ-ਦਿਲਾਂ ਦੀ ਧੜਕਣ...

ਜ਼ੋਹਰ ਲੋਕਾਂ ਵਿੱਚ ਪ੍ਰਗਟਾਉਂਦੇ ਰਹਿਣ, ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰਨ ਅਤੇ ਅਵਾਮ ਦੇ ਦਿਲਾਂ ਵਿੱਚ ਵਸੇ ਰਹਿਣ।

'ਪਾਤੇ ਹੈਂ ਮੁਕਾਮ ਵੋ ਹਰ ਕਦਮ ਪਰ, ਬੜਤੇ ਹੈਂ ਜੋ ਆਗੇ ਇਨਸਾਨੀਅਤ ਕੇ ਦਮ ਪਰ, ਰੋਨਾ ਨਾ ਕਭੀ ਹਿੰਮਤ ਕੋ ਹਾਰ ਕੇ, ਪਤਝੜ ਕੇ ਬਾਅਦ ਹੀ ਆਤੇ ਹੈਂ ਦਿਨ ਬਹਾਰ ਕੇ।'

## 5 ਜੀ : ਤਕਨੀਕ...

300 ਗੀਗਾ ਹਰਟਜ਼ ਤੋਂ ਜ਼ਿਆਦਾ ਫ਼੍ਰੀਕੁਐਂਸੀ ਦੀਆਂ ਬਿਜਲ-ਚੁੰਬਕੀ ਤਰੰਗਾਂ ਵਿੱਚ ਆਇਨ ਬਣਾਉਣ ਦੀ ਸਮਰੱਥਾ ਹੁੰਦੀ ਹੈ। ਇਸ ਲਈ ਇਹ ਸਿਹਤ ਲਈ ਖ਼ਤਰਨਾਕ ਹੁੰਦੀਆਂ ਹਨ। ਰੇਡੀਓ ਤਰੰਗਾਂ ਦੀ ਫ਼੍ਰੀਕੁਐਂਸੀ 3 ਕਿੱਲੋ ਤੋਂ 300 ਗੀਗਾ ਹਰਟਜ਼ ਹੁੰਦੀ ਹੈ। ਇਸ ਲਈ ਆਮ ਤੌਰ 'ਤੇ ਰੇਡੀਓ ਤਰੂੰਗਾਂ ਖ਼ਤਰਨਾਕ ਨਹੀਂ ਹੁੰਦੀਆਂ।

ਅੱਜ ਕੱਲ ਚੱਲ ਰਹੇ 4ਜੀ ਨੈੱਟਵਰਕ ਦੀਆਂ ਰੇਡੀਓ ਤਰੰਗਾਂ ਦੀ ਫ਼੍ਰੀਕੁਐਂਸੀ 2-8 ਗੀਗਾ ਹਰਟਜ਼ ਹੈ, ਇਸ 4ਜੀ ਤੋਂ ਸਾਡੀ ਸਿਹਤ ਨੂੰ ਕੋਈ ਖ਼ਤਰਾ ਨਹੀਂ ਹੈ। 5ਜੀ ਦੀ ਫ਼੍ਰੀਕੁਐਂਸੀ 3 ਤੋਂ 300 ਗੀਗਾ ਹਰਟਜ਼ ਹੈ ਜਿਹੜੀ ਕਿ ਖ਼ਤਰਨਾਕ ਸੀਮਾ ਨੂੰ ਪਾਰ ਨਹੀਂ ਕਰਦੀ। ਨਾਲ ਹੀ, ਚਾਹੇ 5ਜੀ ਦੀ ਫ਼੍ਰੀਕੁਐਂਸੀ 4ਜੀ ਨਾਲੋਂ ਕਰੀਬ 30-40 ਗੁਣਾ ਤੱਕ ਵੱਧ ਹੈ, ਪਰ ਐਨੇ ਵਿਚ ਹੀ ਹੈ 100 ਗੁਣਾ ਵਧਦਾ ਕੁਨੈਕਸ਼ਨ ਦੇ ਸਕਦੀ ਹੈ। ਕੁੱਲ ਰੇਡੀਏਸ਼ਨ ਕਰੀਬ ਕਰੀਬ ਓਨੀ ਹੀ ਰਹੇਗੀ।

ਮੋਬਾਈਲ ਰੇਡੀਏਸ਼ਨ ਤੋਂ ਇਲਾਵਾ ਵੀ ਰੇਡੀਏਸ਼ਨ ਦੇ ਕਈ ਸਰੋਤ ਹਨ। ਕੀ ਤੁਸੀਂ ਜਾਣਦੇ ਹੋ ਕਿ ਸਾਡਾ ਸਰੀਰ 80 ਵਾਟ ਬੱਲਬ ਦੀ ਤਰਾਂ ਨਾਨ-ਆਇਓਨਾਈਜ਼ਿੰਗ ਪਰਾਲਾਲ (ਇਨਫਰਾਰੈੱਡ) ਰੇਡੀਏਸ਼ਨ ਛੱਡਦਾ ਹੈ, ਜਦੋਂ ਤੁਸੀਂ ਆਪਣੇ ਦੋਸਤ ਨੂੰ ਜੱਫੀ ਪਾਉਂਦੇ ਹੋ, ਤੁਸੀਂ ਇੱਕ 5 ਟਾਵਰ ਤੋਂ ਕਈ ਗੁਣਾ ਜ਼ਿਆਦਾ ਨਾਨ-ਆਇਓਨਾਈਜ਼ਿੰਗ ਰੇਡੀਏਸ਼ਨ ਮਹਿਸੂਸ ਕਰਦੇ ਹੋ। ਸਾਰੇ ਬ੍ਰਹਿਮੰਡ ਵਿੱਚ ਇੱਕ 0.3 ਤੋਂ 300 ਗੀਗਾ ਹਰਟਜ਼ ਦੀ ਰੇਡੀਏਸ਼ਨ ਹੈ ਜਿਸ ਨੂੰ **cosmic microwave background radiation** ਕਹਿੰਦੇ ਹਨ। ਇਸ ਦੀ ਫ਼੍ਰੀਕੁਐਂਸੀ 5ਜੀ ਨੂੰ ਵੀ ਕਰਦੀ ਹੈ। ਜੇ ਇਹ ਖ਼ਤਰਨਾਕ ਹੁੰਦੀ ਤੇ ਸਾਡੇ ਵਿੱਚੋਂ ਕੋਈ ਜਿਉਂਦਾ ਨਹੀਂ ਹੋਣਾ ਸੀ। ਕੇਲੇ ਵਿੱਚ ਕੁਦਰਤੀ ਤੌਰ 'ਤੇ ਪੋਟਾਸ਼ੀਅਮ ਦਾ ਰੇਡੀਓਐਕਟਿਵ ਆਈਸੋਟੋਪ ਪੋਟਾਸ਼ੀਅਮ-40 ਹੁੰਦਾ ਹੈ ਜਿਸ ਨੂੰ ਅਸੀਂ ਖਾਂਦੇ ਹਾਂ ਅਤੇ ਇਹ ਸਰੀਰ ਨੂੰ ਰੇਡੀਏਸ਼ਨ ਡੋਜ਼ ਦਿੰਦਾ ਹੈ।

ਬਿਜਲ-ਚੁੰਬਕੀ ਤਰੰਗਾਂ ਦੇ ਸਾਡੀ ਸਿਹਤ 'ਤੇ ਮੁੱਖ ਤੌਰ 'ਤੇ ਦੋ ਪ੍ਰਭਾਵ ਹੋ ਸਕਦੇ ਹਨ: ਬਾਹਰੀ ਚਮੜੀ ਦੇ ਟਿਸ਼ੂਆਂ ਦਾ ਮੱਚ ਜਾਣਾ ਜਾਂ ਕੈਂਸਰ ਰੇਡੀਓ ਵਿਕਿਰਣਾਂ ਦਾ ਜ਼ਿਆਦਾ ਤੋਂ ਜ਼ਿਆਦਾ ਨੁਕਸਾਨ ਸਰੀਰ ਦੇ ਟਿਸ਼ੂਆਂ ਦਾ ਗਰਮ ਹੋ ਕੇ ਮੱਚ ਜਾਣਾ ਹੈ। ਰੇਡੀਓ ਤਰੰਗਾਂ ਸਰੀਰ ਵਿੱਚ ਦਾਖ਼ਲ ਹੋ ਕੇ ਸਰੀਰ ਦੇ ਟਿਸ਼ੂਆਂ ਦੇ ਅਣੂਆਂ ਤੇ ਪ੍ਰਮਾਣੂਆਂ ਵਿੱਚ ਕੰਪਨ ਪੈਦਾ ਕਰ ਸਕਦੀਆਂ ਹਨ। ਇਸ ਕੰਪਨ ਨਾਲ ਗਰਮੀ ਪੈਦਾ ਹੁੰਦੀ ਹੈ। ਇਹ ਕੋਈ ਵੱਡੀ ਗੱਲ ਨਹੀਂ ਹੈ ਕਿਉਂਕਿ ਸਾਡੇ ਸਰੀਰ ਅੰਦਰ ਬਹੁਤ ਸਾਰੀਆਂ ਕਿਰਿਆਵਾਂ ਤੋਂ ਗ਼ਰਮੀ ਪੈਦਾ ਹੁੰਦੀ ਹੈ ਅਤੇ ਸਾਡਾ ਸਰੀਰ ਇੱਕ ਪੱਧਰ ਤੱਕ ਤਾਪਮਾਨ ਨੂੰ ਕੰਟਰੋਲ ਕਰ ਸਕਦਾ ਹੈ। ਹੁਣ ਤੱਕ ਹੋਏ ਅਧਿਐਨ ਵਿੱਚ ਤਰੰਗਾਂ ਦਾ ਲੰਬੇ ਸਮੇਂ ਤੱਕ ਰਹਿਣ ਵਾਲਾ ਕੋਈ ਪ੍ਰਭਾਵ ਦਰਜ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਕਿਸੇ ਵੀ ਅਧਿਐਨ ਵਿੱਚ ਰੇਡੀਓ ਤਰੰਗਾਂ ਦਾ ਸਿਰ ਦਰਦ, ਦਿਲ, ਦਿਮਾਗ, ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਅਤੇ ਨੀਂਦ 'ਤੇ ਕੋਈ ਪ੍ਰਭਾਵ ਨਹੀਂ ਵੇਖਿਆ ਗਿਆ। ਪਰ ਕੁਝ ਅਧਿਐਨਾਂ ਨੇ ਇਹ ਦਰਸਾਇਆ ਹੈ ਕਿ ਰੇਡੀਓ ਵਿਕਿਰਣਾਂ ਦਿਮਾਗ਼ ਵਿੱਚ ਕੁਝ ਖ਼ਾਸ ਟਿਊਮਰਾਂ ਦੇ ਬਣਨ ਦੀ ਸੰਭਾਵਨਾ ਨੂੰ ਵਧਾ ਸਕਦੀਆਂ ਹਨ। ਇਨਾਂ ਖ਼ਦਸ਼ਿਆਂ ਦੀ ਪੁਸ਼ਟੀ ਕਰਨ ਲਈ ਕੰਨ ਨਾਲ ਜ਼ਿਆਦਾ ਫੋਨ ਲਗਾ ਕੇ ਰੱਖਣ ਵਾਲੇ ਲੋਕਾਂ 'ਤੇ ਅਧਿਐਨ ਕੀਤੇ ਗਏ ਪਰ ਇਨਾਂ ਵਿੱਚੋਂ ਕਿਸੇ ਵੀ ਅਧਿਐਨ ਵਿੱਚ ਅਜਿਹਾ ਪ੍ਰਭਾਵ ਨਹੀਂ ਦਰਜ ਕੀਤਾ ਗਿਆ।

ਕੈਂਸਰ ਦੀ ਗੱਲ ਕਰੀਏ ਤਾਂ ਇਹ ਇੱਕਦਮ ਹੋਣ ਵਾਲੀ ਬਿਮਾਰੀ ਨਹੀਂ ਹੈ ਬਲਕਿ ਇਹ ਸਰੀਰ ਵਿੱਚ ਹੌਲੀ-ਹੌਲੀ ਪਣਪਦਾ ਹੈ। ਹੁਣ ਅਸੀਂ ਜ਼ਿਆਦਾ ਆਵਿਰਤੀ ਵਾਲੀਆਂ ਰੇਡੀਓ ਤਰੰਗਾਂ ਵਿੱਚ ਲਗਭਗ 20 ਸਾਲਾਂ ਤੋਂ ਰਹਿ ਰਹੇ ਹਾਂ। ਦੁਨੀਆ ਦੀ ਕੈਂਸਰ 'ਤੇ ਬਣੀ ਸਭ ਤੋਂ ਵੱਡੀ ਸੰਸਥਾ ਨੇ ਮੋਬਾਇਲ ਫ਼ੋਨਾਂ ਦੀ ਵਰਤੋਂ ਅਤੇ ਦਿਮਾਗ਼ ਦੇ ਕੈਂਸਰ ਵਿਚਕਾਰ ਕੋਈ ਸੰਬੰਧ ਬਾਰੇ ਅੱਜ ਤੱਕ ਦਾ ਸਭ ਤੋਂ ਵੱਡਾ ਅਧਿਐਨ ਕੀਤਾ। ਇਸ ਅਧਿਐਨ ਵਿੱਚ 13 ਦੇਸ਼ਾਂ ਦੇ ਪਿਛਲੇ 10 ਸਾਲਾਂ ਤੋਂ ਜ਼ਿਆਦਾ ਫ਼ੋਨ ਵਰਤ ਰਹੇ ਲੋਕਾਂ ਨੂੰ ਸ਼ਾਮਿਲ ਕੀਤਾ ਗਿਆ। ਇਸ ਅਧਿਐਨ ਦੇ ਐਨੇ ਵੱਡੇ ਪੱਧਰ ਦੇ ਹੋਣ ਦੇ ਬਾਵਜੂਦ ਵੀ ਇਸ ਵਿੱਚ ਕੈਂਸਰ ਦਾ ਕੋਈ ਠੋਸ ਸਬੂਤ ਨਹੀਂ ਪਾਇਆ ਗਿਆ। ਇਸ ਅਧਿਐਨ ਦੀ ਸੀਮਾ ਹੈ ਕਿ ਇਸ ਵਿੱਚ 15 ਸਾਲਾਂ ਦਾ ਡਾਟਾ ਹੀ ਵਰਤਿਆ ਗਿਆ ਹੈ ਕਿਉਂਕਿ ਲਗਭਗ ਐਨੇ ਸਾਲਾਂ ਤੋਂ ਹੀ ਜ਼ਿਆਦਾ ਆਵਿਰਤੀ ਵਾਲੇ ਮੋਬਾਇਲ ਫ਼ੋਨਾਂ ਦੀ ਵਰਤੋਂ ਹੋ ਰਹੀ ਹੈ। ਇਸ ਲਈ ਇਸ ਅਧਿਐਨ ਦੇ ਦੁਬਾਰਾ ਭਵਿੱਖ ਵਿੱਚ ਹੋਰ ਜ਼ਿਆਦਾ ਸ਼ੁੱਧਤਾ ਨਾਲ ਕੀਤੇ ਜਾਣ ਦੀ ਉਮੀਦ ਹੈ। ਪਰ ਓਨੇ ਸਮੇਂ ਲਈ ਰੇਡੀਓ ਤਰੰਗਾਂ ਨੂੰ ਸੰਭਾਵਿਤ ਕੈਂਸਰੀ ਕਾਰਕਾਂ ਵਿੱਚ ਰੱਖਿਆ ਗਿਆ ਹੈ।

5ਜੀ ਲਈ ਬੇਸ ਐਨਟੀਨੇ ਜ਼ਿਆਦਾ ਲਗਾਏ ਜਾਣਗੇ ਜਿਸ ਕਾਰਨ ਵੀ ਲੋਕਾਂ ਵਿੱਚ ਡਰ ਬਣਿਆ ਹੋਇਆ ਹੈ। ਪਰ ਐਨਟੀਨਿਆਂ ਦੀ ਗਿਣਤੀ ਸਿਹਤ ਨੂੰ ਧਿਆਨ ਵਿੱਚ ਰੱਖ ਕੇ ਹੀ ਵਧਾਈ ਗਈ ਹੈ। ਜੇ ਪੂਰੇ ਪੰਜਾਬ ਵਿੱਚ 5ਜੀ ਦਾ ਇੱਕ ਐਨਟੀਨਾ ਲਗਾਇਆ ਜਾਂਦਾ ਹੈ ਤਾਂ ਪੂਰੇ ਪੰਜਾਬ ਦੇ ਕੋਨੇ-ਕੋਨੇ ਤੱਕ ਡਾਟਾ ਪਹੁੰਚਾਉਣ ਲਈ ਆਵਿਰਤੀ ਅਤੇ ਇਸਦੀ ਮਜ਼ਬੂਤੀ ਨੂੰ ਜ਼ਿਆਦਾ ਰੱਖਣਾ ਪਵੇਗਾ ਅਤੇ ਇਸ ਲਈ ਘੱਟੋ-ਘੱਟ ਐਕਸ ਤਰੰਗਾਂ ਤਾਂ ਵਰਤਣੀਆਂ ਹੀ ਪੈਣਗੀਆਂ। ਅਜਿਹਾ ਕਰਨ ਨਾਲ ਐਨਟੀਨੇ ਦੇ ਨੇੜੇ ਰਹਿਣ ਵਾਲੇ ਜ਼ਿਲੇ ਕੈਂਸਰ ਤੇ ਹੋਰਨਾਂ ਬਿਮਾਰੀਆਂ ਦਾ ਸ਼ਿਕਾਰ 100% ਹੋਣਗੇ। ਇਸ ਲਈ ਐਨਟੀਨਿਆਂ ਦੀ ਗਿਣਤੀ 4ਜੀ ਤੋਂ ਵੀ ਵਧਾਈ ਗਈ ਹੈ ਤਾਂ ਕਿ ਇੱਕ ਐਨਟੀਨਾ ਥੋੜੇ ਖੇਤਰ ਵਿੱਚ ਘੱਟ ਮਜ਼ਬੂਤੀ ਦੀਆਂ ਰੇਡੀਓ ਤਰੰਗਾਂ ਛੱਡੇ ਅਤੇ ਇਹ ਤਰੰਗਾਂ ਉਸ ਖੇਤਰ ਦੇ ਲੋਕਾਂ ਲਈ 5ਜੀ ਦੀ ਸੁਵਿਧਾ ਪ੍ਰਦਾਨ ਕਰਨ ਵਾਸਤੇ ਕਾਫ਼ੀ ਹੋਣ।

ਸੋ ਇਸ ਲੇਖ ਵਿੱਚ ਅਸੀਂ 5ਜੀ ਦੀ ਤਕਨੀਕ ਇਸਦੇ ਬਾਰੇ ਚਲਦੀਆਂ ਅਫਵਾਹਾਂ ਅਤੇ ਵਿਗਿਆਨਕ ਤੱਥ ਪੇਸ਼ ਕੀਤੇ ਹਨ। ਉਮੀਦ ਹੈ ਕਿ ਤੁਸੀਂ ਇਹ ਲੇਖ ਪੜਨ ਤੋਂ ਬਾਅਦ ਆਜ਼ਾਦ ਨਿਰਣੇ 'ਤੇ ਪਹੁੰਚ ਸਕੋਗੇ ਕਿ 5ਜੀ ਸਾਡੇ ਲਈ ਨੁਕਸਾਨਦੇਹ ਹੈ ਕਿ ਨਹੀਂ।

## ਖੇਤੀ ਕਾਨੂੰਨਾਂ ਬਾਰੇ...

ਉਨਾਂ ਅਨੁਸਾਰ ਐਮਐਸਪੀ. ਦੀ ਕਾਨੂੰਨੀ ਗਾਰੰਟੀ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ, ਜਿਸ ਦਾ ਜੀਡੀਪੀ 'ਤੇ ਡੂੰਘਾ ਅਸਰ ਪਵੇਗਾ ਅਤੇ ਇਸ ਨਾਲ ਪ੍ਰਧਾਨ ਮੰਤਰੀ ਦਾ ਸੁਪਨਾ ਵੀ ਪੂਰਾ ਹੋਵੇਗਾ। ਵੀ.ਐਮ. ਸਿੰਘ ਦੇ ਇਸ ਬਿਆਨ ਨਾਲ ਜ਼ਾਹਰ ਹੈ ਕਿ ਨਵੇਂ 'ਐਮ.ਐਸ.ਪੀ. ਗਾਰੰਟੀ ਕਿਸਾਨ ਮੋਰਚਾ' ਦੇ ਗਠਨ ਦਾ ਕੀ ਪਿਛੋਕੜ ਹੈ ਅਤੇ ਇਸ ਵਿਚ ਟਿਕੈਤ ਦੀ ਭਾਰਤੀ ਕਿਸਾਨ ਯੂਨੀਅਨ ਤੇ ਸੰਯੁਕਤ ਕਿਸਾਨ ਮੋਰਚੇ ਨੂੰ ਸ਼ਾਮਿਲ ਕਿਉਂ ਨਹੀਂ ਕੀਤਾ ਗਿਆ ਅਤੇ ਇਸ ਨਾਲ ਕਿਸਾਨ ਰਾਜਨੀਤੀ ਵਿਚ ਉਬਾਲ ਕਿਉਂ ਆ ਰਿਹਾ ਹੈ।

## ਮਿੱਕੀ ਸਰਾਂ ਨੂੰ...

ਓਥੇ ਪੀਸੀਏ ਪਰਿਵਾਰ ਵੀ ਇਸ ਦੁੱਖ ਦੀ ਘੜੀ ਵਿੱਚ ਮਿੱਕੀ ਸਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜਾ ਹੈ। ਦੁੱਖ ਸਾਂਝਾ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ ਤੁਸੀਂ ਮਿੱਕੀ ਸਰਾਂ ਨੂੰ (408) 966-7019 'ਤੇ ਸੰਪਰਕ ਕਰ ਸਕਦੇ ਹੋ।

## ਚੰਡੀਗੜ੍ਹ ਉਪਰ ਕੇਂਦਰੀ...

ਵੋਟਾਂ ਸਮੇਂ ਬਹੁਤ ਹੀ ਪ੍ਰਬਲ ਤਰੀਕੇ ਨਾਲ ਨਜ਼ਰ ਆਉਂਦਾ ਹੈ ਅਤੇ ਬਾਅਦ ਵਿਚ ਖ਼ਤਮ ਹੋ ਜਾਂਦਾ ਹੈ। ਅੱਜ ਸੂਬੇ ਦੇ ਲੋਕ ਰਾਜਨੀਤਕ ਪਾਰਟੀਆਂ ਦੇ ਇਨਾਂ ਵਰਤਾਰਿਆਂ ਤੋਂ ਤੰਗ ਆ ਚੁੱਕੇ ਹਨ ਅਤੇ ਉਨਾਂ ਨੇ ਬੜਾ ਵੱਡਾ ਬਹੁਮਤ ਮੌਜੂਦਾ ਸਰਕਾਰ ਨੂੰ ਦਿੱਤਾ ਹੈ। ਇਸ ਲਈ ਉਹ ਆਸ ਕਰਦੇ ਹਨ ਕਿ ਮੌਜੂਦਾ ਸਰਕਾਰ ਆਪਣੇ ਸੂਬੇ ਦੇ ਹਿਤਾਂ ਲਈ ਡਟ ਕੇ ਖੜੇਗੀ ਅਤੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਰਾਏਗੀ ਕਿ ਸਰਕਾਰ ਲੋਕਾਂ ਦੀ ਹੈ ਅਤੇ ਲੋਕਾਂ ਦੇ ਮੁੱਦੇ ਸਰਕਾਰ ਦੇ ਮੁੱਦੇ ਹਨ।

## ਸ਼ਹੀਦ ਭਗਤ ਸਿੰਘ...

ਲਿਖਤੀ ਸਮੱਗਰੀ ਦੇ ਰੂਪ ਵਿਚ ਪ੍ਰਾਪਤ ਉਸ ਦੀ ਵਿਰਾਸਤ ਨੂੰ ਖੱਬੇਪੱਖੀ ਜਥੇਬੰਦੀਆਂ ਦੁਆਰਾ ਜ਼ਿਆਦਾ ਪ੍ਰਚਾਰਿਆ ਗਿਆ ਹੈ। ਹਾਲਾਂਕਿ, ਉਨਾਂ ਦੇ ਆਪਣੇ ਵਿਚਾਰ ਵੀ ਆਪਣੇ ਰਾਜਨੀਤਿਕ ਹਿੱਤਾਂ ਨੂੰ ਸੁਰੱਖਿਅਤ ਰੱਖਣ ਕਰਕੇ ਥਿੜਕਦੇ ਰਹੇ ਹਨ। ਲੈਨਿਨਵਾਦ ਦੀ ਵਿਚਾਰਧਾਰਾ ਨੇ ਆਪਣੀ ਚਮਕ ਗੁਆ ਲਈ ਅਤੇ ਇਹੋ ਹੀ ਹਸ਼ਰ ਮਾਰਕਸਵਾਦੀ ਵਿਚਾਰਧਾਰਾ ਦਾ ਹੋਇਆ ਜੋ ਬਾਅਦ ਵਿਚ ਸਮਾਜਵਾਦ ਵਿਚ ਸਮਾ ਗਈ।

## ਨਿਊਯਾਰਕ ਵਿਚ ਬਜ਼ੁਰਗ..

ਪੀੜਤ ਬਜ਼ੁਰਗ ਜੋ ਕੈਨੇਡਾ ਤੋਂ ਸਿਰਫ਼ ਦੋ ਕੁ ਹਫ਼ਤੇ ਪਹਿਲਾਂ ਨਿਊਯਾਰਕ ਆਇਆ ਸੀ ਅਤੇ ਇਹ ਪਹਿਲੀ ਵਾਰ ਹੈ ਜਦੋਂ ਉਹ ਨਿਊਯਾਰਕ ਆ ਰਿਹਾ ਹੈ। ਚੇਅਰਮੈਨ ਤੂਰ ਨੇ ਕਿਹਾ ਕਿ ਸਾਡੇ ਚਾਚੇ, ਸਾਡੇ ਮਾਤਾ-ਪਿਤਾ, ਉਹ ਗੁਰੂ ਘਰ ਵਿਚ ਅਰਦਾਸ ਕਰਨ ਲਈ ਆ ਰਹੇ ਹਨ ਤੇ ਹੁਣ ਉਹ ਡਰ ਮਹਿਸੂਸ ਕਰ ਰਹੇ ਹਨ। ਸ਼ਹਿਰ ਦੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨਰ ਸਿੱਖ ਆਗੂ ਗੁਰਦੇਵ ਸਿੰਘ ਕੰਗ ਨੇ ਇਸ ਸੰਬੰਧ ਵਿਚ ਮੇਅਰ ਐਰਿਕ ਐਡਮਜ਼ ਅਤੇ ਐਨਵਾਈਪੀਡੀ ਦੇ ਕਮਿਸ਼ਨਰ ਕੀਚੈਂਟ ਸੇਵੇਲ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਬੁਲਾਇਆ ਹੈ।ਇਸ ਖੇਤਰ ਵਿੱਚ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਅਜਿਹਾ ਹੋਇਆ ਹੈ। ਤੂਰ ਨੇ ਕਿਹਾ ਸਾਨੂੰ ਉਮੀਦ ਹੈ ਕਿ ਹਮਲੇ ਦੀ ਜਾਂਚ ਨਫ਼ਰਤੀ ਅਪਰਾਧ ਵਜੋਂ ਕੀਤੀ ਜਾਵੇਗੀ ਤੇ ਦੋਸ਼ੀ ਵਿਅਕਤੀ ਜਲਦ ਫੜਿਆ ਜਾਵੇਗਾ।

## ਗੁਰਮਤਿ ਸੰਗੀਤ ਵਿਚ ...

2. ਤਬਲਾ- ਤਾਲ ਦੇਣ ਲਈ ਜੋੜੀ ਜਾਂ ਤਬਲਾ ਦਾ ਪ੍ਰਯੋਗ ਗੁਰਮਤਿ ਸੰਗੀਤ ਵਿਚ ਅੱਜ ਸਭ ਤੋਂ ਵਧੇਰੇ ਹੋ ਰਿਹਾ ਹੈ। ਆਮ ਤੌਰ 'ਤੇ ਚਾਰ ਵਿਅਕਤੀਆਂ ਦੇ ਰਾਗੀ ਜਥੇ ਵਿਚ ਇਕ ਜੋੜੀ ਵਾਦਕ ਹੁੰਦਾ ਹੈ। ਤਬਲਾ ਵਾਦਕ ਤਬਲਾ ਵਜਾਉਣ ਦੇ ਨਾਲ-ਨਾਲ ਆਪਣੇ ਸਾਥੀ ਕੀਰਤਨਕਾਰਾਂ ਨਾਲ ਗਾਇਨ ਵਿਚ ਵੀ ਸੰਗਤ ਕਰਦਾ ਹੈ।

3. ਢੱਡ- ਢੱਡ ਡੱਮਰੂ ਤੋਂ ਛੋਟੇ ਆਕਾਰ ਦਾ ਤਾਲ ਸਾਜ਼ ਹੈ। ਗੁਰਮਤਿ ਸੰਗੀਤ ਵਿਚ ਇਸ ਸਾਜ਼ ਦਾ ਪ੍ਰਯੋਗ ਢਾਡੀ ਕਰਦੇ ਹਨ। ਵਾਰ ਗਾਇਨ ਵਿਚ ਅਕਸਰ ਢਾਡੀ ਜਥਿਆਂ ਵਿਚ ਇਕ ਪ੍ਰਮੁੱਖ ਕਥਾ-ਵਾਚਕ, ਇਕ ਸਾਰੰਗੀ ਵਾਦਕ ਅਤੇ ਦੋ ਢੱਡ ਵਾਦਕ ਹੁੰਦੇ ਹਨ। ਢੱਡ ਵਾਦਕ ਨੂੰ ਢਾਡੀ ਕਿਹਾ ਜਾਂਦਾ ਹੈ।

4. ਢੋਲਕੀ- ਢੋਲਕੀ ਪੰਜਾਬ ਦਾ ਪ੍ਰਸਿੱਧ ਲੋਕਸਾਜ਼ ਹੈ ਜਿਸਦਾ ਪ੍ਰਯੋਗ ਲੋਕਨਾਚ ਅਤੇ ਲੋਕਗੀਤਾਂ ਵਿਚ ਸਭ ਤੋਂ ਵਧੇਰੇ ਪਾਇਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਅੰਤਰਗਤ ਜਦੋਂ ਹਲਕੀਆਂ ਫੁਲਕੀਆਂ ਧੁਨਾਂ ਵਿਚ ਸਮੂਹ ਸੰਗਤ ਮਿਲ ਕੇ ਗਾਇਨ ਕਰਦੀ ਹੈ ਤਾਂ ਉਸਦੀ ਸੰਗਤੀ ਲਈ ਢੋਲਕੀ ਦੇ ਹਲਕੇ-ਫੁਲਕੇ ਬੋਲਾਂ ਨਾਲ ਤਾਲ ਦਿੱਤੀ ਜਾਂਦੀ ਹੈ।

ਸੁਸ਼ਿਰ ਸਾਜ਼-ਜਿਨਾਂ ਸਾਜ਼ਾਂ ਵਿਚ ਸਵਰਾਂ ਦੀ ਉਤਪਤੀ ਫੂਕ ਮਾਰਨ ਨਾਲ ਜਾਂ ਹਵਾ ਦੇ ਪ੍ਰਵੇਸ਼ ਨਾਲ ਹੁੰਦੀ ਹੈ ਉਹ ਇਸ ਸ਼੍ਰੇਣੀ ਦੇ ਅੰਤਰਗਤ ਆਉਂਦੇ ਹਨ। ਗੁਰਬਾਣੀ ਵਿਚ ਬੰਸਰੀ, ਸਿੰਙੀ, ਸ਼ਹਿਨਾਈ, ਸ਼ੰਖ ਆਦਿ ਸਾਜ਼ਾਂ ਦਾ ਉਲੇਖ ਇਸ ਸ਼੍ਰੇਣੀ ਦੇ ਅੰਤਰਗਤ ਮਿਲਦਾ ਹੈ।

1. ਹਾਰਮੋਨੀਅਮ- ਹਾਰਮੋਨੀਅਮ ਇਕ ਵਿਦੇਸ਼ੀ ਸਾਜ਼ ਹੈ ਪ੍ਰੰਤੂ ਇਸਦਾ ਪ੍ਰਯੋਗ ਸ਼ਾਸਤਰੀ ਸੰਗੀਤ, ਸੁਗਮ ਸੰਗੀਤ, ਲੋਕ ਸੰਗੀਤ ਅਤੇ ਗੁਰਮਤਿ ਗੰਗੀਤ ਵਿਚ ਸਭ ਤੋਂ ਵਧੇਰੇ ਹੋ ਰਿਹਾ ਹੈ। ਬੇਸ਼ੱਕ ਇਸ ਸਾਜ਼ ਵਿਚ ਕੁਝ ਕਮੀਆਂ ਵੀ ਹਨ ਪ੍ਰੰਤੂ ਇਹ ਵਜਾਉਣ ਵਿਚ ਬਹੁਤ ਸਰਲ ਹੈ।

ਗੁਰਮਤਿ ਸੰਗੀਤ ਵਿਚ ਰਾਗੀ ਜਥਿਆਂ ਵਿਚ ਦੋ ਹਾਰਮੋਨੀਅਮ ਵਾਦਕ ਹੁੰਦੇ ਹਨ। ਅਸਲ ਵਿਚ ਅੱਜ ਬਾਕੀ ਸਾਜ਼ਾਂ ਨਾਲੋਂ ਹਾਰਮੋਨੀਅਮ ਅਤੇ ਤਬਲੇ ਦਾ ਪ੍ਰਯੋਗ ਗੁਰਮਤਿ ਸੰਗੀਤ ਵਿਚ ਵਧੇਰੇ ਪਾਇਆ ਜਾਂਦਾ ਹੈ।

ਘਨ ਸਾਜ਼- ਇਸ ਸ਼੍ਰੇਣੀ ਦੇ ਅੰਤਰਗਤ ਉਹ ਸਾਜ਼ ਆਉਂਦੇ ਹਨ ਜਿਹਨਾਂ ਤੇ ਚੋਟ ਮਾਰਨ ਨਾਲ ਆਵਾਜ਼ ਦੀ ਉਤਪਤੀ ਹੁੰਦੀ ਹੈ। ਗੁਰਬਾਣੀ ਵਿਚ ਬੇਸ਼ੱਕ ਕਰਿਤਾਲ, ਛੈਣੇ, ਘੁੰਗਰੂ, ਮਦੀਰੇ ਆਦਿ ਘਨ ਸਾਜ਼ਾਂ ਦਾ ਉਲੇਖ ਆਇਆ ਹੈ ਪ੍ਰੰਤੂ ਗੁਰਮਤਿ ਸੰਗੀਤ ਵਿਚ ਕੀਰਤਨ ਦੀ ਸੰਗਤ ਲਈ ਕਦੀ-ਕਦੀ ਖੜਤਾਲ, ਛੈਣੇ, ਚਿਮਟੇ ਆਦਿ ਘਨ ਸਾਜ਼ਾਂ ਦਾ ਪ੍ਰਯੋਗ ਹੁੰਦਾ ਹੈ।

ਉਪਰੋਕਤ ਵਰਣਨ ਤੋਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੱਤ, ਅਵਨੱਧ, ਸੁਸ਼ਿਰ ਅਤੇ ਘਨ ਚਾਰੇ ਪ੍ਰਕਾਰ ਦੇ ਸਾਜ਼ਾਂ ਦਾ ਉਲੇਖ ਮਿਲਦਾ ਹੈ। ਇਨਾਂ ਸਾਜ਼ਾਂ ਦਾ ਪ੍ਰਯੋਗ ਗੁਰਮਤਿ ਸੰਗੀਤ ਵਿਚ ਸਮੇਂ-ਸਮੇਂ ਕੀਤਾ ਜਾਂਦਾ ਹੈ। ਕੁਝ ਸਾਜ਼ ਜਿਵੇਂ ਪਖਾਵਜ, ਸਾਰੰਗੀ ਆਦਿ ਦਾ ਪ੍ਰਯੋਗ ਅੱਜ ਵੀ ਗੁਰਮਤਿ ਸੰਗੀਤ ਵਿਚ ਪਾਇਆ ਜਾਂਦਾ ਹੈ। ਇਨਾਂ ਸਾਜ਼ਾਂ ਦੇ ਨਾਲ ਹੀ ਸਿਤਾਰ, ਤਬਲਾ ਅਤੇ ਹਾਰਮੋਨੀਅਮ ਸਾਜ਼ਾਂ ਦਾ ਪ੍ਰਚਲਨ ਅੱਜ ਗੁਰਮਤਿ ਸੰਗੀਤ ਵਿਚ ਵੱਧਦਾ ਜਾ ਰਿਹਾ ਹੈ ਜੋ ਕਿ ਸੰਗੀਤ ਦੇ ਹੋਰ ਖੇਤਰਾਂ ਵਾਂਗ ਗੁਰਮਤਿ ਸੰਗੀਤ ਪ੍ਰਣਾਲੀ ਵਿਚ ਵੀ ਆਈਆਂ ਤਬਦੀਲੀਆਂ ਦਾ ਸੂਚਕ ਹਨ।

# ਇੱਕ ਦਲੇਰ ਬਾਪ ਸ. ਕਰਮਜੀਤ ਸਿੰਘ ਗਿੱਲ

### ਹਰਪ੍ਰੀਤ ਸਿੰਘ ਜਵੰਦਾ

ਜਿਉਂ-ਜਿਉਂ ਉਮਰ ਵਧੀ ਜਾਂਦੀ ਮੈਂ ਅਕਸਰ ਹੀ ਆਪਣੇ ਅਪਾਹਜ ਪੁੱਤ ਬਾਰੇ ਸੋਚਦਾ ਰਹਿੰਦਾ। ਅਖੀਰ ਇੱਕ ਦਿਨ ਕੌੜਾ ਘੁੱਟ ਭਰ ਕੈਨੇਡਾ ਵਾਲੀ ਆਪਣੀ ਅੱਧੀ ਜਾਇਦਾਦ ਦੀ ਵਸੀਅਤ ਧੀ ਦੇ ਨਾਮ ’ਤੇ ਅੱਧੀ ਉਸਦੇ ਨਾਮ ਕਰ ਦਿੱਤੀ। ਪਰ ਜਦੋਂ ਪੰਜਾਬ ਵਾਲੀ ਜੱਦੀ ਪੁਰਖੀ ਪੈਲ਼ੀ ਉਸਦੇ ਨਾਮ ਕਰਨ ਕਚਹਿਰੀ ਗਿਆ ਤਾਂ ਕਿਸੇ ਸਲਾਹ ਦਿੱਤੀ ਕਿ ਸਰਦਾਰ ਜੀ ਜਦੋਂ ਤੁਸੀਂ ਅੱਖੀਆਂ ਮੀਟ ਗਏ ਤਾਂ ਉਸ ਵਿਚਾਰੇ ਦੇ ਕਿਸੇ ਨੇ ਪੈਰ ਨੀ ਲੱਗਣ ਦੇਣੇ, ਅੱਗੇ ਉਹ ਹੈ ਵੀ ਤਾਂ ਇੰਝ ਦਾ, ਮੇਰੀ ਮੰਨੋ ਸਾਰੀ ਧੀ ਦੇ ਨਾਮ ਹੀ ਕਰ ਦੇਵੋ।

ਗੱਲ ਮਨ ਨੂੰ ਜਚ ਜਿਹੀ ਗਈ ਤੇ ਪੰਜਾਬ ਵਾਲਾ ਸਾਰਾ ਕੁਝ ਧੀ ਦੇ ਨਾਮ ਕਰ ਦਿੱਤਾ।

ਘਰੇ ਆਇਆ ਤਾਂ ਨੀਂਦਰ ਨਾ ਪਵੇ, ਹਮੇਸ਼ਾ ਹੀ ਮੇਰੇ ਨਾਲ ਸੌਂਦਾ ਉਹ ਅੱਜ ਮੇਰੇ ਵੱਲ ਪਿੱਠ ਜਿਹੀ ਕਰ ਕੇ ਸੁੱਤਾ ਪਿਆ ਸੀ, ਇੰਝ ਲੱਗੇ ਰੁੱਸ ਗਿਆ ਆਖ ਰਿਹਾ ਹੋਵੇ ਕਿ ਪਾਪਾ ਤਹਿਸੀਲਦਾਰ ਦੀ ਫਰਦ ਵਿਚੋਂ ਤੇ ਭਾਵੇਂ ਤੀਜੀ ਪੀੜ੍ਹੀ ਬਾਅਦ ਨਾਮ ਗਾਇਬ ਹੋ ਜਾਂਦਾ ਹੋਵੇ ਪਰ ਤੁਸਾਂ ਤੇ ਮੈਨੂੰ ਜਿਉਂਦੇ ਜੀ ਹੀ ਬੇਦਖਲ ਕਰ ਦਿੱਤਾ।

ਮੇਰੀ ਸਾਰੀ ਰਾਤ ਉੱਸਲਵੱਟੇ ਲੈਂਦਿਆਂ ਹੀ ਲੰਘ ਗਈ, ਇੰਝ ਲੱਗੇ ਸਿਧੜੇ ਜਿਹੇ ਪੁੱਤ ਦੇ ਰਹਿੰਦੇ ਸਹਿੰਦੇ ਸਾਹ ਵੀ ਨਿਚੋੜ ਲਏ ਹੋਣ।

ਦੋ ਤਿੰਨ ਦਿਨ ਕੰਮ ਵਿਚ ਜੀ ਨਾ ਲੱਗਾ, ਨਾ ਰਾਤੀਂ ਨੀਂਦਰ ਹੀ ਪਈ, ਕਿੰਨੇ ਦਿਨ ਰੱਬ ਨਾਲ ਗੁੱਸੇ ਨਰਾਜਗੀਆਂ ਵਿਚ ਹੀ ਨਿੱਕਲ ਗਏ, ਰੱਬਾ ਉਸਨੂੰ ਇੰਝ ਦਾ ਕਿਓਂ ਬਣਾਇਆ ?

ਅਚਾਨਕ ਇੱਕ ਦਿਨ ਸੰਸਥਾ ਰਾਹੀਂ ਪਿੱਛੇ ਇੱਕ ਪਰਿਵਾਰ ਦੀ ਦੱਸ ਪਈ, ਚਾਰ ਬੱਚਿਆਂ ਦਾ ਬਾਪ ਨਾਮੁਰਾਦ ਬਿਮਾਰੀ ਕਰਕੇ ਜਹਾਨੋ ਕੂਚ ਕਰ ਗਿਆ ਸੀ, ਮਗਰ ਛੱਡ ਗਿਆ ਬੁੱਢੇ ਮਾਂ-ਪਿਓ, ਬੰਦ ਪਈ ਦੁਕਾਨ, ਸਿਰ ’ਤੇ ਚੜ ਗਿਆ ਕਿੰਨਾ ਸਾਰਾ ਕਰਜਾ ਤੇ ਲੋਕਾਂ ਦੇ ਘਰਾਂ ਵਿਚ ਕੰਮ ਕਰਨ ਲਈ ਮਜਬੂਰ ਕਰਮਾਂ ਮਾਰੇ ਬੱਚਿਆਂ ਦੀ ਮਾਂ।



ਹਰਫਾਂ ਦੇ ਨੂਰ

ਇੰਝ ਲੱਗਿਆ ਮੇਰੇ ਅੰਦਰ ਇੱਕ ਤਾਜ਼ਾ ਖ਼ੂਨ ਦੌੜਨ ਲੱਗਾ ਹੋਵੇ, ਚੰਗੀ ਤਰਾਂ ਪਤਾ ਕੀਤਾ, ਪਰਿਵਾਰ ਵਾਕਿਆ ਹੀ ਲੋੜਵੰਦ ਸੀ, ਮਗਰੋਂ ਹੀਲਾ ਵਸੀਲਾ ਕੀਤਿਆਂ ਬੰਦ ਪਈ ਉਹ ਦੁਕਾਨ ਖੁੱਲ ਗਈ, ਸਿਰ ’ਤੇ ਚੜਿਆ ਕਰਜਾ ਉੱਤਰ ਗਿਆ, ਸਕੂਲੋਂ ਹਟ ਗਏ ਨਿਆਣੇ ਵੀ ਦੁਬਾਰਾ ਸਕੂਲ ਜਾਣੇ ਸ਼ੁਰੂ ਹੋ ਗਏ।

ਮਨ ਨੂੰ ਤਸੱਲੀ ਕਿ ਫਰਦਾਂ ਵਿਚੋਂ ਭਾਵੇਂ ਤੀਜੀ ਪੀੜ੍ਹੀ ਦਾ ਨਾਮ ਕੱਟ ਦਿੱਤਾ ਜਾਂਦਾ ਹੋਵੇ ਪਰ ਇੱਕ ਦੁਕਾਨ ਵਿਚ ਬੈਠੀ ਮਾਂ ਤੇ ਸਕੂਲ ਜਾਂਦੇ ਉਸਦੇ ਨਿਆਣਿਆਂ ਦੇ ਮੂਹੋਂ ਨਿਕਲਦੀਆਂ ਮਣਾਂ ਮੂੰਹੀਂ ਦੁਆਵਾਂ ਅਤੇ ਦੁਕਾਨ ’ਤੇ ਲਿਖਿਆ ਮੇਰੇ ਪੁੱਤ ਦਾ ਨਾਮ ਉਸਨੂੰ ਜਿਉਂਦਾ ਰੱਖੇਗਾ, ਹਮੇਸ਼ਾ ਲਈ।

ਦੋਸਤੋ, ਤੂਫ਼ਾਨ ਮਗਰੋਂ ਕੰਢੇ ’ਤੇ ਆ ਗਈਆਂ ਮੱਛੀਆਂ ਨੂੰ ਵਾਪਿਸ ਸਮੁੰਦਰ ਵਿਚ ਪਾਉਂਦੇ ਇੱਕ ਬਜ਼ੁਰਗ ਦਾ ਮਜਾਕ ਉਡਾਉਂਦਿਆਂ ਇੱਕ ਨੇ ਪੁੱਛਿਆ, ਇਸ ਨਾਲ ਕੀ ਫਰਕ ਪੈ ਜੂ, ਹਜ਼ਾਰਾਂ ਹੀ ਬਾਹਰ ਪਈਆਂ ਤੜਪ ਰਹੀਆਂ ਨੇ ?

ਇੱਕ ਮੱਛੀ ਵਾਪਿਸ ਪਾਣੀ ਵਿਚ ਛੱਡਦਾ ਹੋਇਆ ਆਖਣ ਲੱਗਾ ਬਾਕੀਆਂ ਦਾ ਤੇ ਪਤਾ ਨਹੀਂ ਪਰ ਇਸਨੂੰ ਫਰਕ ਜਰੂਰ ਪਊ, ਜਿਸਨੂੰ ਗਵਾਚੀ ਹੋਈ ਜਿੰਦਗੀ ਵਾਪਿਸ ਮਿਲ ਰਹੀ ਏ !

ਉਸ ਬੱਚੇ ਨੂੰ ਅੱਜ ਤੁਹਾਡੀਆਂ ਅਰਦਾਸਾਂ ਅਤੇ ਦੁਆਵਾਂ ਦੀ ਲੋੜ ਹੈ, ਟਰਾਂਟੋ ਹਸਪਤਾਲ ਵਿਚ ਪਿਆ ਇੱਕ ਫੈਸਲਾਕੁੰਨ ਜੰਗ ਲੜ ਰਿਹਾ ਤੇ ਉਸ ਤੋਂ ਵੀ ਔਖੇ ਮੁਹਾਜ ’ਤੇ ਡਟਿਆ ਪਿਆ ਹੈ ਇੱਕ ਦਲੇਰ ਬਾਪ ਸ. ਕਰਮਜੀਤ ਸਿੰਘ ਗਿੱਲ, ਉਨਾਂ ਦੀ ਹਿੰਮਤ, ਸਹਿਜਤਾ ਇਹ ਦੱਸਦੀ ਹੈ ਕਿ ਜ਼ਿੰਦਗੀ ਵਿਚ ਆਉਂਦੀਆਂ ਮੁਸ਼ਕਲਾਂ ਦਾ ਇਨਸਾਨ ਨੂੰ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ। ਕਿਉਂਕਿ ਅਕਾਲ ਪੁਰਖ ਉਸ ਬੰਦੇ ਨੂੰ ਹੀ ਮੁਸ਼ਕਲਾਂ ਦਿੰਦਾ ਹੈ ਜਿਸ ਨੂੰ ਉਹ ਕਾਬਲ ਸਮਝਦਾ ਹੈ।

---

# ਸਾਡੇ ਵੇਲੇ ਦਾ 31 ਮਾਰਚ....

### ਹਰਜੀਤ ਸਿੰਘ ਖੇੜੀ

ਪਿਛਲੇ ਕਈਆਂ ਸਾਲਾਂ ਤੋਂ 31 ਮਾਰਚ ਦੀ ਚਮਕ ਉਹੋ ਜਿਹੀ ਨਹੀਂ ਰਹੀ, ਜਿਹੋ ਜੀ ਅੱਜ ਤੋਂ 15-20 ਸਾਲ ਪਹਿਲਾਂ ਹੁੰਦੀ ਸੀ। ਸਮੇਂ ਦੇ ਚੱਕਰਵਿਊ ਨੇ ਇਸ ਦਿਨ ਦੀ ਮਹੱਤਤਾ ਨੂੰ ਅੱਖੋਂ ਪਰੋਖੇ ਕਰ ਛੱਡਿਆ ਹੈ।

ਕਦੇ ਉਹ ਵੀ ਸਮਾਂ ਸੀ ਜਦੋਂ 31 ਮਾਰਚ ਦੇ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਸਕੂਲਾਂ ਚ ਪੜਨ ਵਾਲੇ ਨਿਆਣੇ ਸਵਾ ਰੁਪਈਏ ਤੋਂ ਲੈ ਕੇ ਸਵਾ ਪੰਜ ਰੁਪਏ ਤੱਕ ਦੀਆਂ ਸੁੱਖਾਂ ਸੁੱਖਦੇ ਹੁੰਦੇ ਸੀ ਕੇ ‘ਹੇ ਰੱਬਾ ਇਸ ਪਾਸ ਕਰਾਦੇ ਬੱਸ ਅਗਲੇ ਸਾਲ ਤੋਂ ਫੁੱਲ ਪੜਾਈ ਕਰਾਂਗੇ।’

ਜਿਹੜਾ ਨਿਆਣਾ ਘਰਦਿਆਂ ਦੇ ਲੱਖ ਘੂਰਨ ਜਾਂ ਸਮਝਾਉਣ ਦੇ ਬਾਵਜੂਦ ਗੁਰੂ ਘਰ ਜਾਂ ਪਿੰਡ ਦੇ ਕਿਸੇ ਹੋਰ ਧਾਰਮਿਕ ਸਥਾਨਾਂ ਤੇ ਜਾਣ ਤੋਂ ਕਤਰਾਉਂਦਾ ਹੁੰਦਾ ਸੀ, 31 ਮਾਰਚ ਆਉਂਦੇ-ਆਉਂਦੇ ਉਹ ਵੀ ਪੂਰਾ ਧਾਰਮਿਕ ਬਣ ਜਾਂਦਾ ਸੀ।

ਮਾੜੇ ਨਤੀਜੇ ਦੇ ਡਰ ਤੋਂ ਕਈ ਮੇਰੇ ਵਰਗੇ ਤਾਂ ਥਾਂ-ਥਾਂ ਤੇ ਸੁੱਖੀ ਜਾਂਦੇ ਜਿਹੜੀਆਂ ਕੇ ਪਿੱਛੋਂ ਯਾਦ ਵੀ ਨਾ ਰਹਿੰਦੀਆਂ। ਬੱਸ ਫੇਰ ਬਾਬਾ ਆਪ ਹੀ ਜਾਨੀ-ਜਾਣ ਸੀ ਜੋ ਸਾਰਿਆਂ ਨੂੰ ਆਪੇ ਮਾਫ ਕਰ ਦਿੰਦਾ ਸੀ।

ਜਿਨਾਂ ਨੂੰ ਆਪਣੇ ਆਪ ਤੇ ਬਹੁਤਾ ਵਿਸ਼ਵਾਸ ਹੁੰਦਾ ਸੀ ਭਾਵ ਜਿਹੜੇ ਪੜਾਈ ਵਿਚ ਬਹੁਤੇ ਹੁਸ਼ਿਆਰ ਹੁੰਦੇ ਸੀ, ਉਨਾਂ ਨੇ ਦੋ ਦਿਨ ਪਹਿਲਾਂ ਤੋਂ ਹੀ ਗੇਂਦੇ ਦੇ ਫੁੱਲਾਂ ਦੀ ਕਵਾਸਤੀ ਲਿਆ ਛੱਡਣੀ। ਕਈ ਵਾਰੀ ਤਾਂ ਸੱਚੀਂ ਜਵਾਕਾਂ ਦੀਆਂ ਮਾਵਾਂ ਨੇ ਆਪਸ ਵਿੱਚ ਲੜ ਪੈਣਾ ਕਿ ਥੋਡਾ ਮੁੰਡਾ ਸਾਡੇ ਸਾਰੇ ਫੁੱਲ ਮੁੱਸ਼ ਕੇ ਲੈ ਗਿਆ ਨਾਲੇ ਬੂਟੇ ਮਿੱਧ ਗਿਆ।

ਜੇ ਕਿਸੇ ਮਾਤੜ ਨੂੰ ਕਿਸੇ ਪਾਸਿਓਂ ਗੇਂਦੇ ਦੇ ਫੁੱਲ ਨਾ ਮਿਲਣੇ ਤਾਂ ਉਸਨੇ ਕੋਈ ਹੋਰ ਜੁਗਾੜ ਲੱਭਣਾ। ਜਾਂਦੀ ਹੱਦ ਫਿਰ ਡੇਕ ਦੇ ਫੁੱਲਾਂ ਨਾਲ ਹੀ ਕੰਮ ਸਾਰਨਾ। ਕਿਆ ਵੇਲੇ ਸੀ। ਸਕੂਲ ’ਚ ਸਾਰਿਆਂ ਦੇ ਦਿਲ ਉਸ ਦਿਨ ਪੂਰੀ ਸਪੀਡ ਤੇ ਧੜਕਦੇ, ਸਭ ਦੀਆਂ ਨਜ਼ਰਾਂ ਇੱਕ ਪਾਸੇ ਝੁੰਡ ਵਿਚ ਬੈਠੇ ਅਧਿਆਪਕਾਂ ਤੇ ਹੋਣੀਆਂ ਕੇ ਕਦੋਂ ਉਹ ਉੱਠ ਕੇ ਵਿਦਿਆਰਥੀਆਂ ਕੋਲ ਆਉਣ ਤੇ ਨਤੀਜਾ ਸੁਣਾਉਣ। ਹਾਂ ਸੱਚ ਜਿਨਾਂ ਸੂਰਮਿਆਂ ਨੂੰ ਪੱਕਾ ਯਕੀਨ ਹੋਣਾ ਕਿ ਉਨਾਂ ਫੇਲ ਹੋਣਾ ਹੀ ਹੋਣਾ ਉਹ ਉਸ ਦਿਨ ਸਕੂਲ ਆਉਣ ਤੋਂ ਟਾਲਾ ਹੀ ਵੱਟ ਜਾਂਦੇ।



ਕਲਮਾਂ ਦੇ ਜਜ਼ਬਾਤ

ਜਦੋਂ ਹੀ ਅਧਿਆਪਕ ਸਾਹਿਬਾਨ ਨੇ ਨਤੀਜੇ ਘੋਸ਼ਿਤ ਕਰਨੇ, ਪਾਸ ਹੋਣ ਵਾਲੇ ਵਿਦਿਆਰਥੀਆਂ ਫੁੱਲਾਂ ਦੇ ਮੀਂਹ ਵਰਾ ਦੇਣੇ। ਉਨਾਂ ਦੇ ਲੱਖ ਰੋਕਣ ਦੇ ਬਾਵਜੂਦ ਇਹ ਜਸ਼ਨ ਚੱਲਦੇ ਰਹਿਣੇ।

ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਮਨੀਟਰ ਖਾਸ ਖਿੱਚ ਦਾ ਕੇਂਦਰ ਬਣਦੇ। ਜੇਕਰ ਕੋਈ ਫੇਲ ਵੀ ਹੁੰਦਾ ਉਸਨੂੰ ਵੀ ਅਧਿਆਪਕ ਹਮਦਰਦੀ ਸਮਝਾਉਂਦੇ ਵੀ ਅਗਲੀ ਵਾਰ ਵਧੀਆ ਪੜਾਈ ਕਰੇ।

ਕਈ ਵਿਦਿਆਰਥੀ ਨਾਲ ਪਤਾਸੇ ਵੀ ਲੈ ਕੇ ਆਉਂਦੇ ਜਿਹੜੇ ਪਹਿਲਾਂ ਅਧਿਆਪਕਾਂ ਨੂੰ ਵੰਡੇ ਜਾਂਦੇ ਤੇ ਫਿਰ ਆਪਣੇ ਦੋਸਤਾਂ ਮਿੱਤਰਾਂ ਨੂੰ। ਕਿਸੇ ਨੂੰ ਕੋਈ ਈਰਖਾ ਨਾ ਹੋਣਾ। ਸਭ ਨੇ ਪਾਸ ਹੋ ਕੇ ਹੱਸਦੇ-ਖੇਡਦੇ ਘਰ ਆ ਵੜਨਾ। ਇਹ ਸੀ ਸਾਡੇ ਵੇਲੇ ਦਾ 31 ਮਾਰਚ। ਹੁਣ ਦਾ 31 ਮਾਰਚ ਤਾਂ 3 ਮਾਰਚ ਹੀ ਨਹੀਂ ਲੱਗਦਾ। ਨਾ ਉਹ ਪੜਾਵੇ ਰਹੇ ਨਾ ਉਹ ਸਕੂਲ ਤੇ ਨਾ ਉਹੋ ਜਿਹਾ 31 ਮਾਰਚ।

ਤੇਜ਼ੀ ਤੇ ਤਰੱਕੀ ਦੀ ਅੱਗ ਨੇ 3 ਮਾਰਚ ਸਮੇਂ ਤੋਂ ਪਹਿਲਾਂ ਹੀ ਪਕਾ ਕੇ ਧਰ ਦਿੱਤਾ। ਸਿੱਖਿਆ ਦੇ ਵਪਾਰੀਕਰਨ ਨੇ ਸਾਰਾ ਢਾਂਚਾ ਹੀ ਬਦਲ ਦਿੱਤਾ ਹੈ। ਹੁਣ ਸਕੂਲਾਂ ਵਾਲੇ ਨਤੀਜੇ ਘੋਸ਼ਿਤ ਕਰਨ ਲਈ 31 ਮਾਰਚ ਨਹੀਂ ਉਡੀਕਦੇ।

ਕਿਉਂਕਿ, ਉਨਾਂ ਨੂੰ ਡਰ ਹੁੰਦਾ ਹੈ ਕੇ ਜੇਕਰ ਉਨਾਂ ਨੇ ਨਤੀਜੇ ਪਹਿਲਾਂ ਨਾ ਕੱਢੇ ਤਾਂ ਉਨਾਂ ਕੋਲ ਨਵੇਂ ਵਿਦਿਆਰਥੀ ਨਹੀਂ ਆਉਣੇ ਤੇ ਸਾਡੇ ਵਿਦਿਆਰਥੀ ਹੋਰ ਸਕੂਲਾਂ ਵੱਲ ਨਾ ਚਲੇ ਜਾਣ। ਸਕੂਲਾਂ ਦੇ ਸੈਸ਼ਨ ਲਗਾਤਾਰ ਛੋਟੇ ਹੁੰਦੇ ਜਾ ਰਹੇ ਨੇ। ਹੁਣ ਕੋਈ ਵਿਦਿਆਰਥੀ ਫੁੱਲ ਲੈ ਕੇ ਸਕੂਲ ਨਹੀਂ ਆਉਂਦਾ। ਆਨਨ-ਫਾਨਨ ਵਿੱਚ ਨਤੀਜੇ ਬਣਾਏ ਤੇ ਘੋਸ਼ਿਤ ਕੀਤੇ ਜਾਂਦੇ ਹਨ।

ਬਾਕੀ ਰਹਿੰਦੀ-ਖੂੰਹਦੀ ਕਸਰ ਅੱਜ ਕੱਲ ਦੇ ਵਿਦਿਆਰਥੀਆਂ ਤੇ ਮਾਪਿਆਂ ਵਿੱਚ ਹੁੰਦੀ ਆਪਸੀ ਮੁਕਾਬਲੇਬਾਜੀ ਨੇ ਕੱਢ ਰੱਖੀ ਹੈ।

ਹਰ ਮਾਪਾ ਇਹੀ ਚਾਹੁੰਦਾ ਕੇ ਉਸਦਾ ਬੱਚਾ 100 ਵਿਚੋਂ 100 ਨੰਬਰ ਲੈ ਕੇ ਆਵੇ। 95% ਨੰਬਰ ਲਿਆਉਣ ਵਾਲੇ ਵਿਦਿਆਰਥੀ ਵੀ ਆਤਮ ਹੱਤਿਆ ਤੱਕ ਕਰੀ ਜਾਂਦੇ ਹਨ ਕਿ ਉਨਾਂ ਦੇ ਨੰਬਰ ਘੱਟ ਆਏ ਹਨ। ਕਿੱਧਰ ਨੂੰ ਤੁਰ ਪਏ ਅਸੀਂ ?

ਅਸਲ ਵਿਚ ਅਸੀਂ ਰਾਹੋਂ ਭਟਕ ਗਏ ਹਾਂ। ਅੰਨੀ ਮੁਕਾਬਲੇਬਾਜ਼ੀ ਤੇ ਬੱਚਿਆਂ ਤੇ ਹੱਦੋਂ ਵੱਧ ਰੱਖੀਆਂ ਆਸਾਂ ਉਨਾਂ ਨੂੰ ਵਧੀਆ ਮਨੁੱਖ ਬਣਨ ਦੀ ਬਜਾਏ ਮਸ਼ੀਨਾਂ ਬਣਨ ਵੱਲ ਲੈ ਕੇ ਜਾ ਰਹੀਆਂ ਹਨ।

ਨਾ ਹੀ ਉਹੋ ਜਿਹਾ 31 ਮਾਰਚ ਰਿਹਾ ਤੇ ਨਾ ਹੀ ਉਹ ਚਾਅ ਤੇ ਉਤਸ਼ਾਹ। ਬਹੁਤ ਦੌੜ ਕੇ ਦੇਖ ਲਿਆ ਹੁਣ ਅਰਾਮ ਨਾਲ ਚੱਲਣ ਦਾ ਯਤਨ ਕਰੀਏ। ਬੇਲੋੜੀ ਮੁਕਾਬਲੇਬਾਜ਼ੀ ਨੂੰ ਤਿਲਾਂਜਲੀ ਦੇ ਕੇ ਸਮਾਜ ਵਿੱਚ ਸਿਹਤਮੰਦ ਵਾਤਾਵਰਨ ਦੀ ਸਿਰਜਣਾ ਕਰੀਏ। ਆਓ ਦੁਬਾਰਾ ਓਹੀ 31 ਮਾਰਚ ਲਿਆਉਣ ਦੇ ਯਤਨ ਕਰੀਏ।

---

# ਜੀਵਨ ਨੂੰ ਕਿਸਮਤ ਦੇ ਸਹਾਰੇ ਨਹੀਂ ਛੱਡਿਆ ਜਾ ਸਕਦਾ



ਹਰਕੀਰਤ ਕੌਰ
9779118066

ਪੂਰੇ ਬ੍ਰਹਿਮੰਡ ਵਿਚੋਂ ਸਰਵਸ੍ਰੇਸ਼ਟ ਜੂਨ ਮਨੁੱਖਾ ਜੀਵਨ ਹੈ। ਇੱਕ ਅਜਿਹੀ ਹੋਂਦ ਜਿਸ ਵਿੱਚ ਕੁਝ ਵੀ ਕਰਨ ਦੀ ਸਮਰੱਥਾ ਕੁਦਰਤ ਨੇ ਬਖਸ਼ੀ ਹੋਈ ਹੈ। ਜਿੰਨੀ ਪ੍ਰਪੱਕਤਾ ਨਾਲ ਮਨੁੱਖ ਨੂੰ ਸੋਚਣ ਦੀ ਸ਼ਕਤੀ ਮਿਲੀ, ਏਨੀ ਸੂਝ ਬ੍ਰਹਿਮੰਡ ਦੇ ਕਿਸੇ ਵੀ ਹੋਰ ਜੀਵ ਕੋਲ ਨਹੀਂ ਹੈ। ਅਜਿਹੀ ਅਸੀਮ ਸ਼ਕਤੀ ਦਾ ਮਾਲਕ ਬਣਾ ਕਾਦਰ ਨੇ ਦੂਸਰੀਆਂ ਸਾਰੀਆਂ ਜੂਨਾਂ ਨੂੰ ਮਨੁੱਖ ਦੇ ਅਧੀਨ ਕਰ ਦਿੱਤਾ।

ਹਰ ਇਨਸਾਨ ਚਾਹੁੰਦਾ ਹੈ ਕਿ ਉਹ ਜੀਵਨ ਵਿੱਚ ਸਫ਼ਲ ਹੋਵੇ। ਉਸਦਾ ਇੱਕ ਨਾਮ ਹੋਵੇ, ਇੱਕ ਅਜਿਹੀ ਪਹਿਚਾਣ ਹੋਵੇ, ਜਿਸ ਦੇ ਹੁੰਦਿਆਂ ਉਸਦੇ ਕਰੀਬੀ ਉਸਤੇ ਮਾਣ ਮਹਿਸੂਸ ਕਰਨ। ਪਰ ਸਫ਼ਲ ਹੋਣਾ ਕੋਈ ਸੌਖੀ ਖੇਡ ਨਹੀਂ।ਅੱਜ ਤੱਕ ਸਫ਼ਲਤਾ ਉਨਾਂ ਦੇ ਹੱਥ ਆਈ ਜਿਨਾਂ ਮਿਹਨਤ ਕੀਤੀ, ਦ੍ਰਿੜ ਭਰੋਸਾ ਰੱਖਿਆ, ਆਲਸ ਨੂੰ ਤਿਆਗ, ਬਿਖੜੇ ਪੈਂਡਿਆਂ ਨਾਲ ਨਿਪਟਿਆ ਤੇ ਸਫ਼ਲਤਾ ਦਾ ਝੰਡਾ ਗੱਡਿਆ। ਜੀਵਨ ਦੇ ਚੱਲਦਿਆਂ ਬਹੁਤ ਸਾਰੇ ਰਸਤੇ ਸਾਡੇ ਸਾਰਿਆਂ ਦੇ ਰਾਹ ਵਿੱਚ ਆਉਂਦੇ ਹਨ, ਜਿਨਾਂ ਇਮਤਿਹਾਨਾਂ ਵਿੱਚ ਮਨੁੱਖ ਕਈ ਵਾਰ ਪਾਸ ਹੁੰਦਾ ਹੈ ਅਤੇ ਕਈ ਵਾਰ ਨਿਰਾਸ਼ ਹੁੰਦਾ ਹੈ। ਅਸੀਂ ਆਲੇ ਦੁਆਲੇ ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਆਪਣੀਆਂ ਮੁਸ਼ਕਿਲਾਂ ਨਾਲ ਨਜਿੱਠਣ ਦੀ ਬਜਾਏ ਕਿਸਮਤ ਨੂੰ ਕੋਸਦੇ ਰਹਿੰਦੇ ਹਨ। ਕਈ ਅਜਿਹੇ ਵੀ ਹੁੰਦੇ ਹਨ ਜੋ ਮਿਹਨਤ ਕਰਨ ਲਈ ਤਿਆਰ ਨਹੀਂ ਹੁੰਦੇ ਅਤੇ ਕਿਸਮਤ ਭਰੋਸੇ ਬੈਠੇ ਰਹਿੰਦੇ ਹਨ ਅਤੇ ਜਦੋਂ ਨਿਰਾਸ਼ਤਾ ਹੱਥ ਲੱਗਦੀ ਹੈ ਤਾਂ ਕਿਸਮਤ ਨੂੰ ਝੂਰਦੇ ਹਨ।

ਇਹ ਕੁਦਰਤ ਦਾ ਨਿਯਮ ਹੈ, ਜਿੰਨੇ ਯਤਨ, ਰੀਝ, ਉਤਸ਼ਾਹ ਨਾਲ ਤੁਸੀਂ ਕੰਮ ਕਰੋਗੇ, ਉਸੇ ਤਰਾਂ ਦੇ ਹੀ ਨਤੀਜੇ ਤੁਹਾਡੇ ਹੱਥ ਲੱਗਣਗੇ। ਕਿਸਮਤ ਕਦੇ ਵੀ ਬਣੀ ਬਣਾਈ ਨਹੀਂ ਹੁੰਦੀ, ਇਸਨੂੰ ਘੜਨਾ ਪੈਂਦਾ ਹੈ। ਜੇਕਰ ਕਿਸਮਤਾਂ ਪਹਿਲਾਂ ਹੀ ਬਣੀਆਂ ਹੁੰਦੀਆਂ ਤਾਂ ਹਰ ਕੰਮ ਪਹਿਲਾਂ ਹੀ ਬਣੀਆਂ ਸ਼ਕਤੀਆਂ ਦੇ ਅਧੀਨ ਹੋ ਕੇ ਆਪਣੇ ਆਪ ਹੀ ਚੱਲਦਾ ਜਾਣਾ ਸੀ ਤਾਂ ਕਿਸੇ ਨੂੰ ਕਿਸੇ ਵੀ ਤਰਾਂ ਦਾ ਯਤਨ ਕਰਨ ਦੀ ਜਰੂਰਤ ਨਹੀਂ ਸੀ ਪੈਣੀ। ਪਰ ਅਜਿਹਾ ਨਹੀਂ ਹੈ, ਹਰ ਕਾਮਯਾਬੀ ਪਿੱਛੇ ਇੱਕ ਬਹੁਤ ਵੱਡੀ ਘਾਲਣਾ ਹੁੰਦੀ ਹੈ, ਸਵੈ ਵਿਸ਼ਵਾਸ, ਦ੍ਰਿੜਤਾ, ਸਾਹਸ, ਕੁਝ ਕਰ ਗੁਜ਼ਰਨ ਦਾ ਜ਼ਜਬਾ ਹੁੰਦਾ ਹੈ। ਕਿਸਮਤ ਦੇ ਸਹਾਰਾ ਸਿਰਫ਼ ਆਲਸੀ, ਅਵੇਸਲੇ, ਬਹਾਨੇਬਾਜ ਲੋਕ ਲੈਂਦੇ ਹਨ।

ਜਿਹੜੇ ਲੋਕਾਂ ਨੇ ਦੁਨੀਆਂ ਵਿੱਚ ਆਪਣੇ ਨਾਮ ਦਾ ਝੰਡਾ ਬੁਲੰਦ ਕੀਤਾ ਹੈ, ਉਨਾਂ ਕਦੇ ਵੀ ਆਪਣੇ ਕਿਸੇ ਕਾਰਜ ਨੂੰ ਕਿਸਮਤ ਦੇ ਸਹਾਰੇ ਨਹੀਂ ਛੱਡਿਆ। ਇਹ ਨਹੀਂ ਕਿ ਉਨਾਂ ਦੇ ਰਾਹਾਂ ਵਿੱਚ ਔਕੜਾਂ ਨਹੀਂ ਆਈਆਂ, ਇਹ ਨਹੀਂ ਕਿ ਉਨਾਂ ਨੇ ਚੁਣੌਤੀਆਂ ਦਾ ਸਾਹਮਣਾ ਨਹੀਂ ਕੀਤਾ, ਬਲਕਿ ਔਕੜਾਂ, ਚੁਣੌਤੀਆਂ ਨਾਲ ਆਪਣੇ ਬਲਬੂਤੇ ਤੇ ਦੋ ਹੱਥ ਕੀਤੇ। ਜੀਵਨ ਇੱਕ ਖੇਡ ਹੈ, ਇਸ ਬਾਜੀ ਨੂੰ ਜੀਅ ਤਾਂ ਹਰ ਕੋਈ ਲੈਂਦਾ ਹੈ, ਪਰ ਮਾਣਦਾ ਕੋਈ ਕੋਈ ਹੈ। ਇਸ ਬਾਜੀ ਨੂੰ ਕਿਸਮਤ ਦੇ ਸਹਾਰੇ ਨਹੀਂ ਛੱਡਿਆ ਜਾ ਸਕਦਾ। ਜਿਵੇਂ ਮੈਂ ਸ਼ੁਰੂਆਤ ਵਿੱਚ ਜ਼ਿਕਰ ਕੀਤਾ ਕਿ ਮਨੁੱਖ ਇਸ ਬ੍ਰਹਿਮੰਡ ਦਾ ਸਰਵਉੱਚ ਪ੍ਰਾਣੀ ਹੈ, ਇਸ ਦੀ ਤਾਕਤ, ਇਸਦਾ ਦ੍ਰਿੜ ਸੰਕਲਪ ਕੁਦਰਤ ਵਿੱਚ ਵੀ ਕਿਸੇ ਤਰਾਂ ਦੀ ਤਬਦੀਲੀ ਕਰ ਸਕਦੀ ਹੈ। ਇਮਤਿਹਾਨ ਹਰ ਇੱਕ ਦੇ ਜੀਵਨ ਵਿੱਚ ਆਉਂਦੇ ਹਨ, ਪਰ ਜਿਹੜੇ ਵੱਡਾ ਜਿਗਰਾ ਕਰਦੇ ਹੋਏ ਉਨਾਂ ਦੇ ਹੱਲ ਲੱਭਦੇ ਹਨ, ਉਹ ਜੀਵਨ ਰੂਪੀ ਇਮਤਿਹਾਨ ਨੂੰ ਪਾਸ ਕਰ ਜਾਂਦੇ ਹਨ। ਬਾਕੀ ਲੋਕਾਂ ਲਈ ਪ੍ਰੇਰਨਾ ਸਰੋਤ ਬਣਦੇ ਹਨ। ਇਸਦੇ ਉੱਲਟ ਕੇਵਲ ਕਿਸਮਤ ਦਾ ਸਹਾਰਾ ਲੈਣ ਵਾਲੇ ਹਮੇਸ਼ਾ ਨਤੀਜੇ ਆਉਣ ’ਤੇ ਹੱਥਾਂ ਨੂੰ ਦੰਦੀਆਂ ਵੰਡਦੇ, ਪਛਤਾਉਂਦੇ ਹੀ ਵੇਖੇ ਗਏ ਹਨ।

ਸੋ ਅਸੀਂ ਆਪਣੇ ਜੀਵਨ ਨੂੰ ਕਿਸਮਤ ਦੇ ਭਰੋਸੇ ਨਹੀਂ ਛੱਡ ਸਕਦੇ। ਕਿਸਮਤ, ਹੱਥਾਂ ਦੀ ਲਕੀਰਾਂ ਉਸ ਵੇਲੇ ਬੇਅਰਥ ਹੋ ਜਾਂਦੀਆਂ ਹਨ, ਜਦੋਂ ਤੁਸੀਂ ਹੱਥਾਂ ਤੋਂ ਕੰਮ ਲੈਣਾ ਬੰਦ ਕਰ ਦਿੰਦੇ ਹੋ। ਅੱਜ ਤੱਕ ਕਦੇ ਵੀ ਥਾਲੀ ਵਿੱਚ ਪਈ ਖਾਣੇ ਦੀ ਬੁਰਕੀ ਆਪ ਮੂੰਹ ਵਿੱਚ ਨਹੀਂ ਪਈ, ਉਸਨੂੰ ਤੋੜਣ ਲਈ ਹੱਥ ਹਿਲਾਉਣੇ ਹੀ ਪਏ ਹਨ। ਬਸ ਇਸੇ ਤਰਾਂ ਹੱਥੀਂ ਕਿਰਤ ਕਰਨੀ ਪਵੇਗੀ, ਵੱਡਾ ਹੌਸਲਾ ਕਰ ਚੁਣੌਤੀਆਂ ਦੀ ਧੌਣ ਮਰੋੜਨੀ ਪਵੇਗੀ। ਵਿਹਲੇ ਬੈਠਿਆਂ ਕਦੇ ਕਾਮਯਾਬੀਆਂ ਨਹੀਂ ਮਿਲਦੀਆਂ।

ਕਿਸਮਤਾਂ ਬਣੀਆਂ ਨਹੀਂ, ਬਣਾਈਆਂ ਜਾਂਦੀਆਂ ਹਨ। ਹੱਥਾਂ ਦੀਆਂ ਲਕੀਰਾਂ ਆਪ ਘੜਨੀਆਂ ਪੈਂਦੀਆਂ ਹਨ, ਫਿਰ ਕਿਤੇ ਜਾ ਕੇ ਜੀਵਨ ਸਫ਼ਲ ਹੁੰਦੇ ਹਨ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

## ਸਰਕਾਰੀ ਬੰਗਲਿਆਂ...

ਜਿਹੜਾ ਸਾਮਾਨ ਦੱਸਿਆ ਜਾ ਰਿਹਾ ਹੈ, ਉਸ ਨੂੰ ਵਿਭਾਗ ਦੇ ਹਵਾਲੇ ਕਰ ਦਿੱਤਾ ਜਾਏਗਾ।

ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਗੁਰਪ੍ਰੀਤ ਸਿੰਘ ਕਾਂਗੜ ਨੂੰ ਚੰਡੀਗੜ੍ਹ ਵਿਚ ਅਲਾਟ ਕੀਤੀਆਂ ਸਰਕਾਰੀ ਕੋਠੀਆਂ ਵਿਚੋਂ ਕਥਿਤ ਤੌਰ ਉਤੇ ਗਾਇਬ ਹੋਏ ਸਾਮਾਨ ਸਬੰਧੀ ਆਪਣਾ ਪ੍ਰਤੀਕਰਮ ਦਿੰਦਿਆਂ ਸੂਬੇ ਦੇ ਪੇਂਡੂ ਵਿਕਾਸ ਤੇ ਪੰਚਾਇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਕਾਰੀ ਕੋਠੀਆਂ ਵਿਚੋਂ ਗਾਇਬ ਹੋਏ ਸਾਮਾਨ ਦੀ ਜਾਂਚ ਕਰਵਾਈ ਜਾਵੇਗੀ। ਉਨਾਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਸਿਆਸਤਦਾਨ ਸੂਬੇ ਨੂੰ ਲੁੱਟ ਰਹੇ ਸਨ ਪਰ ਹੈਰਾਨੀ ਦੀ ਗੱਲ ਹੈ ਕਿ ਸਾਬਕਾ ਕੈਬਨਿਟ ਮੰਤਰੀਆਂ ਨੂੰ ਸਰਕਾਰ ਵਲੋਂ ਅਲਾਟ ਕੀਤੀਆਂ ਗਈਆਂ ਕੋਠੀਆਂ ਵਿਚੋਂ ਸਾਮਾਨ ਹੀ ਗਾਇਬ ਹੈ। ਧਾਲੀਵਾਲ ਨੇ ਕਿਹਾ ਕਿ ਮੇਰੀ ਕੋਠੀ ਤੋਂ ਵੀ ਸਾਮਾਨ ਗਾਇਬ ਹੋਇਆ ਹੈ। ਉਨਾਂ ਕਿਹਾ ਕਿ 'ਮੈਨੂੰ ਇਸ ਗੱਲ ਦੀ ਹੈਰਾਨੀ ਹੈ ਕਿ ਅਸੀਂ ਨੇਤਾ ਹਾਂ ਜਾਂ ਕੋਈ ਚੋਰ-ਡਾਕੂ, ਜਿਹੜਾ ਸਾਡਾ ਢਿੱਡ ਨਹੀਂ ਭਰਦਾ।'

ਹਾਲਾਂਕਿ, ਕਾਂਗਰਸ ਦੇ ਖਜ਼ਾਨਾ ਮੰਤਰੀ ਰਹੇ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਉਨਾਂ ਨੇ ਜੋ ਵੀ ਸਾਮਾਨ ਸਰਕਾਰੀ ਰਿਹਾਇਸ਼ ਵਿਚੋਂ ਲਿਆ ਹੈ, ਉਸ ਦਾ ਖ਼ਰਚਾ ਭਰ ਦਿੱਤਾ ਗਿਆ ਹੈ। ਮਨਪ੍ਰੀਤ ਬਾਦਲ ਤੇ ਬ੍ਰਹਮ ਮਹਿੰਦਰਾ ਦਾ ਚੈਕ ਵਿਭਾਗ ਕੋਲ ਗਿਆ ਹੈ, ਵਿਭਾਗ ਮਨਜ਼ੂਰੀ ਲੈ ਕੇ ਜਾਂਚ ਕਰੇਗਾ, 2007 ਤੋਂ ਡਾਈਨਿੰਗ ਟੇਬਲ ਅਤੇ ਫਰਨੀਚਰ ਦੀ ਵਰਤੋਂ ਮਨਪ੍ਰੀਤ ਬਾਦਲ ਕਰ ਰਹੇ ਹਨ, ਬਾਦਲ ਵੱਲੋਂ ਸਰਕਾਰ ਨੂੰ 2 ਲੱਖ ਦੇ ਕਰੀਬ ਦਾ ਚੈੱਕ ਦਿੱਤਾ ਗਿਆ ਹੈ। ਜਦਕਿ ਗੁਰਪ੍ਰੀਤ ਕਾਂਗੜ ਦੇ ਮਾਮਲੇ ਵਿਚ ਰਿਕਵਰੀ ਪਾ ਦਿੱਤੀ ਗਈ ਹੈ ਅਤੇ ਕੋਠੀ ਵਿਚੋਂ ਸਾਮਾਨ ਗਾਇਬ ਸੀ, ਉਸ ਬਾਬਤ ਨਾ ਤਾਂ ਕੋਈ ਚੈੱਕ ਨਹੀਂ ਆਇਆ, ਨਾ ਹੀ ਕੋਈ ਅਦਾਇਗੀ ਹੋਈ, ਜਿਸ 'ਤੇ ਸਰਕਾਰ ਨੇ ਰਿਕਵਰੀ ਦੇ ਹੁਕਮ ਦਿੱਤੇ ਗਏ ਹਨ, ਜਦੋਂ ਤੱਕ ਰਿਕਵਰੀ ਨਹੀਂ ਹੁੰਦੀ, ਕਾਂਗੜ ਨੂੰ ਨਾ ਤਾਂ ਐਨ.ਓ.ਸੀ. ਤੇ ਸਾਬਕਾ ਵਿਧਾਇਕ ਦੀ ਪੈਨਸ਼ਨ ਦਿੱਤੀ ਜਾਵੇਗੀ।

### ਜੌਹਲ ਨੇ ਰੱਖਿਆ ਮਨਪ੍ਰੀਤ ਬਾਦਲ ਦਾ ਪੱਖ

ਦੂਜੇ ਪਾਸੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਕਰੀਬੀ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਨੇ ਆਪਣੇ ਫੇਸਬੁੱਕ ਪੇਜ ਰਾਹੀਂ ਇਸ ਮਾਮਲੇ 'ਤੇ ਪੱਖ ਰੱਖਿਆ ਹੈ। ਉਨਾਂ ਆਪਣੇ ਫੇਸਬੁੱਕ ਪੇਜ 'ਤੇ ਲਿਖਿਆ ਹੈ ਕਿ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਸਰਕਾਰੀ ਕੋਠੀ ਵਿੱਚੋਂ ਗੁੰਮ ਹੋਏ ਸਾਮਾਨ ਦੇ ਪੈਸੇ ਉਨਾਂ ਜਮਾ ਕਰਵਾ ਦਿੱਤੇ ਹਨ। ਜੌਹਲ ਨੇ ਲਿਖਿਆ ਹੈ ਕਿ ਗੁੰਮ ਹੋਇਆ ਸਾਮਾਨ ਪੰਦਰਾਂ ਸਾਲ ਪੁਰਾਣਾ ਸੀ ਅਤੇ ਹੁਣ ਪੀਡਬਲਯੂਡੀ ਵਿਭਾਗ ਵੱਲੋਂ ਦਿੱਤੀ ਗਈ ਕੀਮਤ ਦੇ ਅਨੁਸਾਰ ਉਸ ਦਾ ਭੁਗਤਾਨ ਕੀਤਾ ਗਿਆ ਹੈ। ਉਨਾਂ ਵਿਭਾਗ ਦੇ ਨਾਮ 24 ਮਾਰਚ ਦਾ 1 ਲੱਖ 84 ਹਜ਼ਾਰ ਰੁਪਏ ਦੇ ਚੈੱਕ ਦੀ ਕਾਪੀ ਅਤੇ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਪੱਤਰ ਵੀ ਪੋਸਟ ਕੀਤਾ ਹੈ।

ਦੂਜੇ ਪਾਸੇ ਸਾਬਕਾ ਵਿੱਤ ਮੰਤਰੀ ਦੀ ਸਰਕਾਰੀ ਕੋਠੀ ਵਿੱਚੋਂ ਸਾਮਾਨ ਗਾਇਬ ਹੋਣ ਦੇ ਮਾਮਲੇ ਵਿਚ ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਮਨਪ੍ਰੀਤ ਬਾਦਲ ਵਿਰੁੱਧ ਤਰਾਂ-ਤਰਾਂ ਦੀਆਂ ਸਖਤ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਲੋਕਾਂ ਵੱਲੋਂ ਸੋਸ਼ਲ ਮੀਡੀਆ 'ਤੇ ਕਿਹਾ ਜਾ ਰਿਹਾ ਹੈ ਕਿ ਸਾਬਕਾ ਵਿੱਤ ਮੰਤਰੀ ਨੇ ਗਾਇਬ ਹੋਏ ਸਰਕਾਰੀ ਸਾਮਾਨ ਦੀ ਖੁਦ ਹੀ ਬੋਲੀ ਲਗਾ ਦਿੱਤੀ ਜਦੋਂ ਕਿ ਵਿਭਾਗ ਵੱਲੋਂ ਗਾਇਬ ਹੋਏ ਸਾਮਾਨ ਦੀ ਕੀਮਤ ਪਾਈ ਜਾਂਦੀ ਹੈ। ਭਾਵੇਂ ਸਾਬਕਾ ਵਿੱਤ ਮੰਤਰੀ ਦੇ ਕਰੀਬੀ ਰਿਸ਼ਤੇਦਾਰ ਨੇ ਗਾਇਬ ਹੋਏ ਸਾਮਾਨ ਦੀ ਵਿਭਾਗ ਨੂੰ ਕੀਮਤ ਅਦਾ ਕਰਨ ਬਾਰੇ ਸਪੱਸ਼ਟ ਕਰ ਦਿੱਤਾ ਹੈ ਪਰ ਇਸ ਦੇ ਬਾਵਜੂਦ ਸੋਸ਼ਲ ਮੀਡੀਆ 'ਤੇ ਇਸ ਮਾਮਲੇ ਨੂੰ ਲੈ ਕੇ ਕਈ ਤਰਾਂ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਬਹੁਤੇ ਲੋਕ ਇਸ ਮਾਮਲੇ ਨੂੰ ਅਤੀ ਗੰਭੀਰ ਦੱਸਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਜਾਂਚ ਕਰਵਾਉਣ ਦੀ ਮੰਗ ਕਰ ਰਹੇ ਹਨ।

ਸਮਾਜ ਸੇਵੀ ਜਗਸੀਰ ਸਿੰਘ ਦਾ ਕਹਿਣਾ ਸੀ ਕਿ ਸਰਕਾਰ ਇਹ ਦੇਖੇ ਕਿ ਗਾਇਬ ਹੋਏ ਸਮਾਨ ਦੀ ਕੀਮਤ ਕਿੰਨੀ ਬਣੀ ਹੈ ਅਤੇ ਕੀ ਸਾਬਕਾ ਮੰਤਰੀ ਨੇ ਓਨੀ ਹੀ ਕੀਮਤ ਜਮਾਂ ਕਰਵਾਈ ਹੈ। ਉਨਾਂ ਕਿਹਾ ਕਿ ਇਹ ਵੀ ਜਾਂਚ ਹੋਣੀ ਚਾਹੀਦੀ ਹੈ ਕਿ ਐਨੀ ਸੁਰੱਖਿਆ ਵਾਲੀ ਸਰਕਾਰੀ ਰਿਹਾਇਸ਼ ਵਿੱਚੋਂ ਸਾਮਾਨ ਕਿਵੇਂ ਗਾਇਬ ਹੋ ਗਿਆ। ਉਨਾਂ ਕਿਹਾ ਕਿ ਜੇਕਰ ਕਿਸੇ ਰਵਾਇਤੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਬਣ ਜਾਂਦੀ ਤਾਂ ਇਹ ਮਾਮਲਾ ਉਜਾਗਰ ਨਹੀਂ ਹੋਣਾ ਸੀ।


